Reo-Bankowned Properties
From San Jose to Sacramento
JASSI GILL Broker/Owner
510-304-9292
Refinance Now
@LOW COST
Call Sukhi Gill:510-207-9067
CA DRE Lic.#01180969
Jassi Gill
CA DRE# 00966763

Hardeep S.Rai
ਇੰਮੀਗਰੇਸ਼ਨ ਵਕੀਲ
Attorney-at-Law
• ਨੌਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾਂ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO
TEL: 415.693.9131
FAX. 415.693.9135
rai@hsrai.com
www.hsrai.com
SAN JOSE
TEL: 408.280.1111
FAX. 408.280.1212

Kuldip Singh Dhariwal
Attorney At Law
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Tel : (510) 744-1280
Fax: (510) 744-4192
ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com

Twelfth Year in Publication
ਕੈਲੇਫੋਰਨੀਆ ਐਡੀਸ਼ਨ
Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 12, Issue 35, August 27, 2011
20451 N Plum Grove Rd. Palatine, IL 60074
Ph:847-359-0746, Fax:847-705-9388

## ਅੰਨਾ ਦੇ ਅੰਦੋਲਨ ਅੱਗੇ ਬੇਵੱਸ ਹੋਈ ਯੂ.ਪੀ.ਏ. ਸਰਕਾਰ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਸਮਾਜ ਸੁਧਾਰਕ ਅੰਨਾ ਹਜ਼ਾਰੇ ਵੱਲੋਂ ਭ੍ਰਿਸ਼ਟਾਚਾਰ ਖ਼ਿਲਾਫ਼ ਵਿੱਢੇ ਅੰਦੋਲਨ ਨੂੰ ਦੇਸ਼ ਦੇ ਕੋਨੇ-ਕੋਨੇ ਤੋਂ ਜ਼ਬਰਦਸਤ ਹਮਾਇਤ ਮਿਲਣ ਕਰਕੇ ਯੂ.ਪੀ.ਏ. ਸਰਕਾਰ ਨੂੰ ਝੁਕਣਾ ਪਿਆ ਹੈ। ਅੰਦੋਲਨ ਲੰਮਾ ਹੋ ਜਾਣ ਦੇ ਡਰੋਂ ਅੰਨਾ ਹਜ਼ਾਰੇ ਟੀਮ ਵੀ ਕੁਝ ਨਰਮ ਪੈ ਗਈ ਹੈ ਅਤੇ ਇਸ ਨੇ ਕਿਸੇ 'ਸਮਝੌਤੇ' ਲਈ ਗੱਲਬਾਤ ਦਾ ਰਾਹ ਫੜ ਲਿਆ ਹੈ। ਉਂਜ, ਅੰਨਾ ਹਜ਼ਾਰੇ ਨੇ ਸਪਸ਼ਟ ਕੀਤਾ ਹੈ ਕਿ ਜਨ ਲੋਕਪਾਲ ਬਿੱਲ ਬਾਰੇ ਲਿਖਤੀ ਭਰੋਸੇ ਪਿੱਛੋਂ ਹੀ ਉਹ ਅਗਾਂਹ ਕਦਮ ਵਧਾਉਣਗੇ। ਉਧਰ, ਇਸ ਵੇਲੇ ਪੂਰਾ ਦੇਸ਼ 'ਅੰਨਾ ਰੰਗ' ਵਿਚ ਰੰਗਿਆ ਗਿਆ ਹੈ। ਮੀਡੀਆ ਨੇ ਵੀ ਇਸ ਗਾਂਧੀਵਾਦੀ ਨੇਤਾ ਨੂੰ 'ਨਾਇਕ' ਵਜੋਂ ਪੇਸ਼ ਕੀਤਾ ਹੈ। ਅੰਨਾ ਦੇ ਅੰਦੋਲਨ ਨੇ ਸਿਆਸੀ ਪਾਰਟੀਆਂ ਦੀਆਂ ਵੀ ਅੱਖਾਂ ਖੋਲ੍ਹ ਦਿੱਤੀਆਂ ਹਨ ਕਿ ਜਨਤਾ ਭ੍ਰਿਸ਼ਟਾਚਾਰ ਤੋਂ ਬੇਹੱਦ ਤੰਗ ਹੈ। ਇਸੇ ਕਾਰਨ ਸਾਰੀਆਂ ਖੇਤਰੀ ਅਤੇ ਕੌਮੀ ਸਿਆਸੀ ਪਾਰਟੀਆਂ ਨੇ ਭ੍ਰਿਸ਼ਟਾਚਾਰ ਖ਼ਿਲਾਫ਼ ਝੰਡਾ ਚੁੱਕ ਲਿਆ ਹੈ, ਭਾਵੇਂ ਉਨ੍ਹਾਂ ਦਾ ਆਪਣਾ ਅਕਸ ਵੀ ਭ੍ਰਿਸ਼ਟਾਚਾਰ ਨਾਲ ਦਾਗਦਾਰ ਹੈ।



ਕੇਂਦਰ ਸਰਕਾਰ ਪਹਿਲਾਂ ਅੰਨਾ ਹਜ਼ਾਰੇ ਨੂੰ ਬਾਬਾ ਰਾਮਦੇਵ ਵਾਂਗ ਹੀ ਦਿੱਲੀ ਤੋਂ ਭਜਾ ਕੇ ਇਸ ਸੰਘਰਸ਼ ਨੂੰ ਕੁਚਲਣ ਦੇ ਰੌਂਅ 'ਚ ਸੀ ਪਰ ਦੇਸ਼ ਭਰ 'ਚ ਭ੍ਰਿਸ਼ਟਾਚਾਰ ਖ਼ਿਲਾਫ਼ ਉੱਠੀ 'ਲੋਕ ਆਵਾਜ਼' ਅੱਗੇ ਮਨਮੋਹਨ ਸਰਕਾਰ ਦੀ ਇਕ ਨਾ ਚੱਲੀ। ਅੰਨਾ ਹਜ਼ਾਰੇ ਦੀ ਗ੍ਰਿਫ਼ਤਾਰੀ ਦੇ ਜ਼ਬਰਦਸਤ ਵਿਰੋਧ ਨੂੰ ਦੇਖਦਿਆਂ ਸਰਕਾਰ ਨੇ ਪੈਰ ਪਿੱਛੇ ਖਿੱਚਣੇ ਸ਼ੁਰੂ ਕਰ ਦਿੱਤੇ। ਅੰਨਾ ਹਜ਼ਾਰੇ ਨੇ ਜੇਲ੍ਹ 'ਚੋਂ ਬਾਹਰ ਆ ਕੇ ਤਰੰਤ ਮਰਨ ਵਰਤ ਸ਼ੁਰੂ ਕਰ ਦਿੱਤਾ ਅਤੇ ਇਹ ਅੰਦੋਲਨ ਦੇਸ਼ ਦੇ ਕੋਨੇ-ਕੋਨੇ ਤੱਕ ਫੈਲ ਗਿਆ। ਇਸ ਹਾਲਤ ਦਾ ਲਾਹਾ ਲੈਂਦਿਆਂ ਵਿਰੋਧੀ ਧਿਰਾਂ ਵੀ ਮੈਦਾਨ 'ਚ ਕੁੱਦ ਪਈਆਂ। ਵਿਰੋਧੀ ਧਿਰ ਵੱਲੋਂ ਅਪਣਾਏ ਇਸ ਤਿੱਖੇ ਰੁਖ਼ ਨੇ ਵੀ ਸਰਕਾਰ ਨੂੰ ਅੰਨਾ ਨਾਲ ਰੇੜਕਾ ਮੁਕਾਉਣ ਦੇ ਯਤਨਾਂ ਲਈ ਹਲੂਣਿਆ। ਵਿਰੋਧੀ ਧਿਰ ਭਾਜਪਾ ਦੀ ਆਗੂ ਸੁਸ਼ਮਾ ਸਵਰਾਜ ਨੇ ਸਦਨ 'ਚ ਕਿਹਾ ਕਿ ਸਰਕਾਰ ਵਿਚ ਵਿਆਪਕ ਪੱਧਰ 'ਤੇ ਭ੍ਰਿਸ਼ਟਾਚਾਰ ਫੈਲਿਆ ਪਿਆ ਹੈ ਤੇ ਇਸ ਮਾਮਲੇ 'ਤੇ ਸਰਕਾਰ ਆਪਣੀ ਜ਼ਿੰਮੇਵਾਰੀ ਤੋਂ ਭੱਜ ਨਹੀਂ ਸਕਦੀ। ਉਨ੍ਹਾਂ ਕਿਹਾ ਕਿ ਪਿਛਲੇ ਇਕ ਸਾਲ ਵਿਚ ਇੰਨੇ ਵੱਡੇ ਘੁਟਾਲੇ ਸਾਹਮਣੇ ਆਏ ਹਨ ਜਿਨ੍ਹਾਂ ਨੇ ਦੇਸ਼ ਨੂੰ ਹਿਲਾ ਕੇ ਰੱਖ ਦਿੱਤਾ ਹੈ ਅਤੇ ਪਹਿਲਾਂ ਹੋਏ ਘਪਲਿਆਂ ਨੂੰ ਵੀ ਮਾਤ ਪਾ ਦਿੱਤੀ ਹੈ। ਇਕ ਪਾਸੇ ਵੱਡੇ-ਵੱਡੇ ਘੁਟਾਲੇ ਹੋ ਰਹੇ ਹਨ, ਦੂਜੇ ਪਾਸੇ ਪਿੰਡਾਂ ਵਿਚ ਸੜਕਾਂ ਬਣਾਉਣ ਤੇ ਮੁੱਢਲੀਆਂ ਸਹੂਲਤਾਂ ਦੇਣ ਲਈ ਪੈਸਾ ਨਹੀਂ ਹੈ। ਸਰਕਾਰ ਨੇ ਭ੍ਰਿਸ਼ਟਾਚਾਰ ਰੋਕਣ ਬਾਰੇ ਬਹੁਤ ਹੀ ਕਮਜ਼ੋਰ ਬਿੱਲ ਪੇਸ਼ ਕੀਤਾ ਹੈ, ਇਹ ਬਿੱਲ ਪਾਸ

*(ਬਾਕੀ ਸਫਾ 12 'ਤੇ)*

# ਸ਼੍ਰੋਮਣੀ ਕਮੇਟੀ ਚੋਣਾਂ: ਬਾਦਲ ਨੇ ਪੰਥਕ ਮੋਰਚੇ ਦੇ ਵਿਹੜੇ ਸੰਨ੍ਹ ਲਾਈ

## ਐਤਕੀਂ ਨਸ਼ੇ ਵੰਡਣ ਵਾਲੇ ਉਮੀਦਵਾਰਾਂ ਦੀ ਖੈਰ ਨਹੀਂ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ ਦਾ ਅਖਾੜਾ ਇਸ ਵੇਲੇ ਪੂਰੀ ਤਰ੍ਹਾਂ ਭਖ ਚੁੱਕਾ ਹੈ। ਉਮੀਦਵਾਰ ਚੋਣ ਪ੍ਰਚਾਰ 'ਚ ਜੁਟੇ ਹੋਏ ਹਨ ਅਤੇ ਸ਼੍ਰੋਮਣੀ ਅਕਾਲੀ ਦਲ (ਬ) ਨੇ ਜਿੱਤ ਪੱਕੀ ਕਰਨ ਲਈ ਰੁੱਸਿਆਂ ਨੂੰ ਮਨਾਉਣ ਦੀ ਕਵਾਇਦ ਵਿੱਢੀ ਹੋਈ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਇਸ ਕਵਾਇਦ ਨੂੰ ਚੰਗਾ ਹੁੰਗਾਰਾ ਵੀ ਮਿਲਿਆ ਹੈ। ਉਨ੍ਹਾਂ ਨੇ ਪੰਥਕ ਮੋਰਚੇ 'ਚ ਚੰਗੀ ਸੰਨ੍ਹ ਲਾ ਲਈ ਹੈ। ਸ਼ੁਰੂ ਤੋਂ ਹੀ ਵੱਖ-ਵੱਖ ਸੁਰਾਂ ਅਲਾਪਣ ਵਾਲਾ ਪੰਥਕ ਮੋਰਚਾ ਹੁਣ ਖਿਲਰਨ ਲੱਗਾ ਹੈ। ਪੰਥਕ ਮੋਰਚੇ ਦੇ 28 ਆਗੂਆਂ ਸਮੇਤ ਕਈ ਹੋਰਾਂ ਨੇ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ ਹੈ। ਇਨ੍ਹਾਂ 'ਚ ਪੰਥਕ ਮੋਰਚੇ ਦੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲੜ ਰਹੇ ਚਾਰ ਉਮੀਦਵਾਰ ਵੀ ਸ਼ਾਮਲ ਹਨ। ਇਨ੍ਹਾਂ ਵਿਚੋਂ ਸਰਬਰਜੀਤ ਸਿੰਘ ਸੋਹਲ (ਗੁਰੂ ਕਾ ਬਾਗ), ਤਰਲੋਕ ਸਿੰਘ (ਮੱਤੇਵਾਲ), ਸ਼ਵਿੰਦਰ ਸਿੰਘ ਕੋਟ ਖਾਲਸਾ (ਅੰਮ੍ਰਿਤਸਰ ਪੱਛਮੀ) ਤੇ ਅਵਤਾਰ ਸਿੰਘ (ਅੰਮ੍ਰਿਤਸਰ ਦੱਖਣੀ) ਤੋਂ ਮੋਰਚੇ ਦੇ ਉਮੀਦਵਾਰ ਹਨ।



*ਪੰਥਕ ਮੋਰਚੇ ਦੇ ਆਗੂ ਸ਼੍ਰੋਮਣੀ ਅਕਾਲੀ ਦਲ (ਬ) ਵਿਚ ਸ਼ਾਮਲ ਹੋਣ ਤੋਂ ਬਾਅਦ ਚੰਡੀਗੜ੍ਹ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨਾਲ।*

ਉਧਰ, ਇਨ੍ਹਾਂ ਚੋਣਾਂ 'ਚ ਸ਼ੁਭ ਸ਼ਗਨ ਇਹ ਹੈ ਕਿ ਇਸ ਵਾਰ ਵੋਟਾਂ ਲਈ ਨਸ਼ੇ ਵੰਡਣ ਵਾਲੇ ਉਮੀਦਵਾਰ 'ਤੇ ਸ਼ਿਕੰਜਾ ਕੱਸਿਆ ਜਾ ਰਿਹਾ ਹੈ। ਇਨ੍ਹਾਂ ਧਾਰਮਿਕ ਚੋਣਾਂ ਨੂੰ ਹੁਣ ਤੱਕ ਦੂਜੀਆਂ ਚੋਣਾਂ ਵਾਂਗ ਹੀ ਹਰ ਹਰਬਾ ਵਰਤ ਕੇ ਲੜਿਆ ਜਾਂਦਾ ਰਿਹਾ ਹੈ ਅਤੇ ਵੋਟਰਾਂ ਨੂੰ ਭਰਮਾਉਣ ਲਈ ਨਸ਼ਿਆਂ ਦੀ ਵੀ ਖੁੱਲ੍ਹ ਕੇ ਵਰਤੋਂ ਕੀਤੀ ਜਾਂਦੀ ਹੈ। ਇਸ ਰੁਝਾਨ ਦੀ ਆਲੋਚਨਾ ਭਾਵੇਂ ਹਰ ਵਾਰ ਹੁੰਦੀ ਹੈ ਪਰ ਜਥੇਬੰਦਕ ਰੂਪ 'ਚ ਇਸ ਖ਼ਿਲਾਫ਼ ਕੋਈ ਉਪਰਾਲਾ ਨਹੀਂ ਕੀਤਾ ਜਾਂਦਾ ਰਿਹਾ। ਇਸ ਵਾਰ ਸੁਪਰੀਮ ਕੋਰਟ ਦੇ ਵਕੀਲ ਐਚ.ਐਸ. ਫੂਲਕਾ ਨੇ ਪਹਿਲਕਦਮੀ ਕਰਦਿਆਂ ਚੋਣਾਂ 'ਚ ਨਸ਼ੇ ਵੰਡਣ ਖ਼ਿਲਾਫ਼ ਮੁਹਿੰਮ ਵਿੱਢੀ ਹੈ। ਇਸ ਮੁਹਿੰਮ ਨੂੰ ਉਸ ਵੇਲੇ ਹੋਰ ਹੁਲਾਰਾ ਮਿਲਿਆ ਜਦੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਹਦਾਇਤ ਜਾਰੀ ਕੀਤੀ ਹੈ ਕਿ ਚੋਣਾਂ 'ਚ ਨਸ਼ਿਆਂ ਦਾ ਸਹਾਰਾ ਨਾ ਲਿਆ ਜਾਵੇ। ਨਸ਼ਿਆਂ ਖ਼ਿਲਾਫ਼ ਇਸ ਮੁਹਿੰਮ ਨੇ ਚੋਣ ਲੜਨ ਵਾਲੇ ਉਮੀਦਵਾਰਾਂ ਨੂੰ ਚੌਕਸ ਕਰ ਦਿੱਤਾ ਹੈ। ਹੁਣ ਭਾਵੇਂ ਅੰਦਰਖਾਤੇ ਨਸ਼ੇ ਵੰਡੇ ਜਾਣ ਪਰ ਸ਼ਰ੍ਹੇਆਮ ਇਸ ਦੀ ਵਰਤੋਂ ਕਰਨੀ ਔਖੀ ਹੀ ਹੋਵੇਗੀ।

ਇਸ ਮੁਹਿੰਮ ਬਾਰੇ ਸ. ਐਚ.ਐਸ. ਫੂਲਕਾ ਨੇ ਦੱਸਿਆ ਕਿ ਤਕਰੀਬਨ 40 ਧਾਰਮਿਕ ਸੰਸਥਾਵਾਂ ਵੱਲੋਂ ਸਾਂਝੇ ਰੂਪ 'ਚ ਬਣਾਈ ਗਈ ਪੰਥਕ ਤਾਲਮੇਲ ਕਮੇਟੀ ਸ਼੍ਰੋਮਣੀ ਕਮੇਟੀ ਚੋਣਾਂ

*(ਬਾਕੀ ਸਫਾ 6 'ਤੇ)*

REAL ESTATE & HOME LOANS
Low Interest Rate
3.5% Down Payment
Free Credit Report
Free Pre-Approval
Successful Shortsale ਲਈ ਅੱਜ ਹੀ ਕਾਲ ਕਰੋ !
AMAN HUNDAL
Broker / Associate
209.918.6464
ahundal@c21mm.com
Century 21
M&M and Associates

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja SWEETS & CATERING
AUTHORIZED CATERER FOR MAJOR 5-STAR HOTELS
Follow us on:
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
Call Makhan Bains or Ravinder Singh for your next Party 1-866-FOR RAJA www.RajaSweets.com

Law Offices Of
Manpreet S. Gahra
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
ਬਿਜ਼ਨਸ ਲਾਅ
Manpreet S.Gahra
Attorney At Law
Berkeley Office
2161 Shattuck Ave. #304, Berkeley
Ph. 510-841-4582, Fax: 510-217-6847
Sacramento Office
Call For Appointments
Ph. 916-924-1617
Email:manpreet@gahralaw.com



ਸ. ਸੁਖਪਾਲ ਸਿੰਘ ਖਹਿਰਾ



ਕੈਪਟਨ ਅਮਰਿੰਦਰ ਸਿੰਘ



ਸ. ਜੱਸੀ ਖੰਗੂੜਾ

# ਪੰਜਾਬ ਦੇ ਅਸਲੀ ਹਮਦਰਦ, ਪੰਜਾਬ ਦੇ ਪਾਣੀਆਂ ਦੇ ਰਾਖੇ, ਪ੍ਰਤਿਭਾਸ਼ੀਲ ਅਸੂਲੀ ਆਗੂ ਪੰਜਾਬ ਪ੍ਰਦੇਸ਼ ਕਾਂਗਰਸ ਦੇ ਮੁਖੀ ਕੈਪਟਨ ਅਮਰਿੰਦਰ ਸਿੰਘ ਪਰਵਾਸੀ ਪੰਜਾਬੀਆਂ ਦੇ ਪੰਜਾਬ ਪ੍ਰਤੀ ਫਿਕਰ ਸੁਣਨ ਜਲਦ ਅਮਰੀਕਾ ਆ ਰਹੇ ਹਨ।

Fax : 91-172-2548466 Phone : 0172-2781408

**PUNJAB PRADESH CONGRESS COMMITTEE**

Punjab Congress Bhawan, Sector 15-A, CHANDIGARH - 160 015

ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ
ਸੈਕਟਰ 15-ਏ, ਚੰਡੀਗੜ੍ਹ

पंजाब प्रदेश कॉंग्रेस कमेटी
सैक्टर 15 – ऐ, चन्डीगढ़

*Capt. Amarinder Singh*
*President*

Ref. No. 2824/11 Dated : 16.08.2011

Dear Sukhpal

In reference to your overseas visit in the next fortnight, I would request you to utilize this trio for the benefit of the party, keeping the Assembly Elections in mind. You are requested to initiate a interaction with various NRI's and NRI organizations, which can act as a prelude to my visit abroad around Diwali this year. Both you and Jassi Khangura will act as representatives of the PCC in setting up an agenda for my overseas trip.

You are requested to make the NRI Community aware of our initiatives and intentions of taking them along, after the Congress Party is voted to power.

With best wishes,

Yours sincerely,

(AMARINDER SINGH)

S. Sukhpal Singh Khaira, MLA
# 6, Sector – 5,
Chandigarh



ਸ. ਅਮੋਲਕ ਸਿੰਘ ਗਾਖਲ



ਸ. ਮੰਗਲ ਸਿੰਘ ਭੰਡਾਲ

## For More Information

**Amolak Singh Gakhal**
**Ph:831-247-4637**
**Mangal Singh Bhandal**
**Ph:831-588-0724**
**sukhpalkhaira@gmail.com**

Ad Paid By:Gakhal Brothers & Mangal S. Bhandal

# ਮਨਦੀਪ ਅਤੇ ਸਨਦੀਪ ਨੂੰ ਵਿਆਹ ਦੀਆਂ

# ਵਧਾਈਆਂ ਜੀ ਵਧਾਈਆਂ

## ਜੰਮੂ ਪਰਿਵਾਰ ਨੂੰ

## ਵਧਾਈਆਂ

ਬੀਬੀ ਸੁਰਜੀਤ ਕੌਰ, ਅਮੋਲਕ ਸਿੰਘ ਗਾਖਲ, ਮੰਗਲ ਸਿੰਘ ਭੰਡਾਲ, ਬਲਬੀਰ ਸਿੰਘ ਭਾਟੀਆ, ਭਾਈ ਗੁਰਮੀਤ ਸਿੰਘ ਖਾਲਸਾ, ਜਸਵਿੰਦਰ (ਜੱਸੀ) ਸਿੰਘ ਗਿੱਲ, ਐਸ ਪੀ ਸਿੰਘ, ਕੁਲਜੀਤ ਸਿੰਘ, ਪਲਵਿੰਦਰ ਸਿੰਘ, ਸਰਬਜੋਤ ਸਿੰਘ ਸਵੱਦੀ, ਅਸ਼ੋਕ ਭੌਰਾ, ਤਰਲੋਚਨ ਸਿੰਘ ਦੁਪਾਲਪੁਰ, ਮੱਖਣ ਸਿੰਘ ਬੈਂਸ, ਗੁਰਦਾਵਰ ਸਿੰਘ ਮਹੇੜੂ, ਗੁਰਚਰਨ ਸਿੰਘ ਮਾਨ, ਭੁਪਿੰਦਰ ਸਿੰਘ ਢਿੱਲੋਂ, ਪ੍ਰੀਤਮ ਸਿੰਘ ਗਰੇਵਾਲ, ਹਰਜਿੰਦਰ ਦੋਸਾਂਝ, ਹੈਰੀ ਗਿੱਲ, ਸਰਬਜੀਤ ਸਿੰਘ ਥਿਆੜਾ, ਦਲਬੀਰ ਸਿੰਘ ਗਿੱਲ, ਮੱਖਣ ਲੁਹਾਰਾਂ ਵਾਲਾ, ਬੱਬੂ ਗੁਰਪਾਲ, ਮਾਨ ਮਨਦੀਪ, ਚਰਨਜੀਤ ਸਿੰਘ ਪੰਨੂ, ਹਰਵਿੰਦਰ ਸਿੰਘ, ਬਹਾਦਰ ਸਿੰਘ ਸੈਲਮ (ਓਰੇਗਾਨ),

ਅਵਤਾਰ ਸਿੰਘ ਸਪਰਿੰਗਫੀਲਡ, ਮੁਖਤਿਆਰ ਸਿੰਘ ਸੇਖੋਂ, ਗੁਰਿੰਦਰ ਸਿੰਘ ਢਿੱਲੋਂ, ਜਗਰੂਪ ਤੂਰ, ਸੁਖਵੀਰ ਸੁੱਖੀ, ਸਤਿੰਦਰ ਘੁੰਮਣ, ਹਰਵਿੰਦਰ ਸਿੰਘ ਵਾਲੀਆ, ਸੁਰਜੀਤ ਸਿੰਘ ਮਾਵੀ, ਨਿੰਮਾ ਡੱਲੇਵਾਲ

ਬੇਅੰਤ ਸਿੰਘ ਬੋਪਾਰਾਏ, ਕੁਲਵਿੰਦਰ ਸਿੰਘ ਧਾਲੀਵਾਲ, ਹਰਵਿੰਦਰ ਸਿੰਘ ਆਹੂਜਾ, ਜਗਦੀਸ਼ਰ ਸਿੰਘ ਕਲੇਰ, ਬਿਕਰਮਜੀਤ ਸਿੰਘ ਸੇਖੋਂ, ਲਾਲੀ ਸਿੱਧੂ।



## ਵਾਹਿਗੁਰੂ ਨਵੀਂ ਜੋੜੀ ਦੀ ਝੋਲੀ ਖੁਸ਼ੀਆਂ ਨਾਲ ਭਰੇ

## ਥਿੰਦ ਪਰਿਵਾਰ ਨੂੰ

## ਵਧਾਈਆਂ

ਸੁਰਿੰਦਰ ਸਿੰਘ ਗਰਚਾ, ਹਰਪ੍ਰੀਤ ਸਿੰਘ, ਰਾਜਿੰਦਰ ਸਿਆਨ, ਬਲਜੀਤ ਸਿੰਘ ਬਾਸੀ, ਰਾਜਬੀਰ ਸਿੰਘ ਬੋਪਾਰਾਏ, ਦਰਬਾਰਾ ਸਿੰਘ ਮਾਂਗਟ, ਨਰਿੰਦਰ ਸਿੰਘ ਮੁੰਦਰ, ਹਰਪਾਲ ਸਿੰਘ ਪੰਮਾ, ਮਨਜੀਤ ਸਿੰਘ ਨੰਨਣ, ਜਥੇਦਾਰ ਗੁਰਦੇਵ ਸਿੰਘ, ਜਗਰਾਜ ਸਿੰਘ ਅਟਵਾਲ, ਜਗਬੀਰ ਸਿੰਘ ਸਰਾਂ, ਜਸਵੀਰ ਸਿੰਘ ਸਰਾਂ, ਬਾਬ ਖਹਿਰਾ


ਦਰਸ਼ਨ ਦਰੜ, ਰੇਸ਼ਮ ਸਿੰਘ ਖਾਲਸਾ, ਪ੍ਰਿਥਪਾਲ ਸਿੰਘ ਘੋਤੜਾ, ਮਨਜੀਤ ਸਿੰਘ ਨਾਗਰਾ, ਹਰਜੀਤ ਸਿੰਘ ਸਾਹੀ, ਗੁਰਨਾਮ ਸਿੰਘ ਸਿੱਧੂ, ਰਾਜਿੰਦਰ ਸਿੰਘ ਬੈਂਸ, ਸਰਵਣ ਸਿੰਘ ਟਿਵਾਣਾ, ਮਨਦੀਪ ਸਿੰਘ ਭੂਰਾ, ਗੁਰਿੰਦਰ ਗਿੱਲ, ਯਾਦਵਿੰਦਰ ਸਿੰਘ ਖਟੜਾ, ਧਰਮਿੰਦਰ ਸਿੰਘ ਖਟੜਾ, ਜਸਵੀਰ ਸਿੰਘ ਪਾਲੀਆ, ਸ਼ਮਸ਼ੇਰ ਸਿੰਘ ਬੋਪਾਰਾਏ, ਕੁਲਦੀਪ ਸਿੰਘ ਲੰਗ, ਕਮਲਜੀਤ ਸਿੰਘ ਵਿਰਕ, ਰਾਣਾ ਵਿਰਕ, ਰਵਿੰਦਰ ਸਿੰਘ ਪੰਨੂ, ਕਿਰਨਜੀਤ ਸਿੰਘ ਖਾਲਸਾ, ਪਾਲ ਖਲੀਲ, ਡਾ. ਜਸਵਿੰਦਰ ਸਿੰਘ ਖਹਿਰਾ (ਫਲੋਰਿਡਾ)

ਜਸਵੰਤ ਸਿੰਘ ਜੱਸਾ, ਇਕਬਾਲ ਸਿੰਘ ਜੱਬੋਵਾਲ, ਹਰਬੰਸ ਸਿੰਘ ਬੱਧਣ, ਧਰਮ ਸਿੰਘ ਗੋਰਾਇਆ, ਦਵਿੰਦਰ ਕੌਰ, ਹਰਿੰਦਰ ਸਿੰਘ ਢਿਲੋਂ

ਸਵਰਨਜੀਤ ਸਿੰਘ ਢਿੱਲੋਂ, ਦਰਸ਼ਨ ਸਿੰਘ ਗਰੇਵਾਲ (ਮਿਸ਼ੀਗਨ), ਗੁਰਮੇਲ ਸਿੰਘ ਕੰਗ (ਵਰਜੀਨੀਆ), ਡਾ. ਗੁਰਦਿਆਲ ਸਿੰਘ ਬਸਰਾਨ, ਹਰਦਿਆਲ ਸਿੰਘ ਦਿਓਲ, ਡਾ. ਹਰਗੁਰਮੁਖਪਾਲ ਸਿੰਘ, ਪ੍ਰੋ. ਜੋਗਿੰਦਰ ਸਿੰਘ ਰਮਦੇਵ, ਜਸਵਿੰਦਰ ਕੌਰ ਗਿੱਲ (ਕੈਨੇਡਾ), ਡਾ. ਗੁਰਨਾਮ ਕੌਰ (ਕੈਨੇਡਾ), ਬਲਵਿੰਦਰ ਸਿੰਘ ਸੰਧੂ, ਮਨਜਿੰਦਰ ਭੰਵਰਾ, ਜੈਦੇਵ ਸਿੰਘ ਭੱਠਲ, ਮੇਜਰ ਗੁਰਚਰਨ ਸਿੰਘ ਝੱਜ, ਸੁਖਰਾਜ, ਅਯੋਧਿਆ ਸਲਵਾਨ, ਬਾਬਾ ਦਲਜੀਤ ਸਿੰਘ, ਕਰਨਲ ਸਿੰਘਾ, ਦਰਸ਼ਨ ਬਸਰਾਓ, ਸਵਰਨ ਸਿੰਘ ਸੇਖੋਂ, ਦਰਸ਼ਨ ਸਿੰਘ, ਅੰਮ੍ਰਿਤਪਾਲ ਸਿੰਘ ਸੰਘਾ, ਕਿਰਪਾਲ ਸਿੰਘ ਰੰਧਾਵਾ, ਹਰਜਿੰਦਰ ਸਿੰਘ ਸੰਧੂ, ਭੁਪਿੰਦਰ ਹੁੰਦਲ, ਜਸਵਿੰਦਰ ਸਿੰਘ ਸੰਧੂ, ਦਵਿੰਦਰ ਸਿੰਘ ਰੰਗੀ, ਸਤਨਾਮ ਸਿੰਘ ਔਲਖ, ਮਨਜੀਤ ਸਿੰਘ ਧਨੋਆ, ਜਗਜੀਤ ਸਿੰਘ ਢੀਂਡਸਾ, ਬਲਕਾਰ ਸਿੰਘ ਢਿੱਲੋਂ, ਮਤ ਸਿੰਘ ਢਿਲੋਂ, ਹਰਵਿੰਦਰ ਸਿੰਘ ਕੰਗ, ਨਿੱਕ ਗਾਖਲ, ਸਤਨਾਮ ਸਿੰਘ ਗਿੱਲ, ਡਾ. ਜਸਵਿੰਦਰ ਸਿੰਘ ਚਾਵਲਾ, ਗੁਲਜ਼ਾਰ ਸਿੰਘ ਮੁਲਤਾਨੀ, ਇੰਦਰ ਹੁੰਝਣ, ਜਗਮੀਤ ਸਿੰਘ, ਹਰਜਿੰਦਰ ਸਿੰਘ ਖਹਿਰਾ, ਸਰਬਜੀਤ ਭੰਡਾਲ, ਜੈਰਾਮ ਸਿੰਘ ਕਾਹਲੋਂ, ਗੁਰਮੁਖ ਸਿੰਘ ਭੁਲਰ, ਲਖਵਿੰਦਰ ਸਿੰਘ ਸੰਧੂ, ਸੰਨੀ ਕੁਲਾਰ, ਰੌਨੀ ਕੁਲਾਰ, ਬਲਵਿੰਦਰ ਸਿੰਘ ਗਿਰਨ, ਬਲਜੀਤ ਸਿੰਘ ਸਿੱਧੂ, ਓਂਕਾਰ ਸਿੰਘ ਸੰਘਾ, ਮੇਜਰ ਸਿੰਘ ਮੌਜੀ, ਹੈਪੀ ਹੀਰ, ਸੰਤੋਖ ਸਿੰਘ ਡੀ ਸੀ, ਨਰਿੰਦਰ ਸਿੰਘ ਸਰਾਂ, ਗਿਆਨ ਸਿੰਘ ਸੀਹਰਾ, ਅਮਰਦੇਵ ਸਿੰਘ ਬਦੇਸ਼ਾ, ਹਰਦੀਪ ਗਿੱਲ, ਜੱਸੀ ਸਹੋਤਾ, ਜਸਵਿੰਦਰ ਗਿੱਲ, ਜਿੰਦਰ ਸਿੰਘ ਬੈਣੀਪਾਲ, ਅਜਮੇਰ ਸਿੰਘ ਪੰਨੂ, ਜਿੰਦੀ ਦਿਆਲ, ਪਰਮਿੰਦਰ ਵਾਲੀਆ, ਜਿੰਦੀ ਖੰਗੂੜਾ, ਗੁਰਬਚਨ ਸਿੰਘ, ਜੋਧ ਸਿੰਘ, ਅਜੈਬ ਸਿੰਘ ਲੱਖਣ, ਲਵਦੀਪ ਸਿੰਘ ਦੂੱਲਤ, ਦੀਪਾ ਬਦੇਸ਼ਾ, ਲਖਵੰਤ ਸਿੰਘ ਕੋਮਲ, ਸੁਰਿੰਦਰ ਸਿੰਘ ਭਾਟੀਆ, ਬਲਵਿੰਦਰ ਸਿੰਘ (ਫਸਟ ਚੁਆਇਸ ਕਾਰਪੈਟਸ), ਸਤਵੰਤ ਸਿੰਘ ਅਟੱਲ, ਸੋਖੀ ਸਿੰਘ, ਮੱਖਣ ਸਿੰਘ ਕਲੇਰ, ਸਤਿੰਦਰ ਸੁਸਾਣਾ, ਸੰਤ ਬਲਬੀਰ ਸਿੰਘ, ਅਮਰੀਕ ਸਿੰਘ (ਏਵਨ ਕਾਰਪੈਟਸ), ਰਵਿੰਦਰ ਰਵੀ (ਆਰ ਕੇ ਕਾਰਪੈਟਸ), ਇਕਬਾਲ ਸਿੰਘ ਜੱਜ, ਇਕਬਾਲ ਸਿੰਘ ਰੰਧਾਵਾ, ਜੱਸ ਰੰਧਾਵਾ, ਜੀਤ ਸਿੰਘ (ਡੇਵਨਪੋਰਟ), ਅਮੋਲਕ ਸਿੰਘ ਗਿੱਧਾ, ਨਰਿੰਦਰ ਸੂਦ, ਬਾਬ ਵੋਲਫ, ਸੇਵਾ ਸਿੰਘ ਵਿਰਦੀ, ਕੰਵਲਜੀਤ ਸਿੰਘ ਵਿਰਦੀ, ਗੁਰਮੀਤ ਸਿੰਘ ਬੈਂਸ, ਜਸਬੀਰ ਕੌਰ ਮਾਨ, ਇੰਦਰਮੋਹਨ ਸਿੰਘ ਛਾਬੜਾ, ਮਹਿੰਦਰ ਸਿੰਘ ਰਕਾਲਾ, ਸੁਖਮੇਲ ਸਿੰਘ ਅਟਵਾਲ ਤੇਜਿੰਦਰ ਸਿੰਘ ਮਿਨਹਾਸ, ਰਾਘਵਿੰਦਰ ਸਿੰਘ ਮਾਹਲ, ਕਮਲਜੀਤ ਸਿੰਘ ਮਾਹਲ, ਦਰਸ਼ਨ ਸਿੰਘ ਪੰਮਾ, ਕੇ ਕੇ ਪੰਮਾ, ਹੀਰਾ ਲਾਲ ਸਿੰਘ, ਸੰਨੀ ਬਜਾਜ, ਰੂਪ ਢਿਲੋਂ।

# ਸਿੱਖਿਆ ਸ਼ਾਸਤਰੀ ਤੇ ਸ਼ਾਇਰ ਹਰੀ ਸਿੰਘ ਐਵਰੈਸਟ ਸੁਰਗਵਾਸ

**ਯੂਬਾ ਸਿਟੀ (ਬਿਊਰੋ):** ਉਘੇ ਸਿੱਖਿਆ ਸ਼ਾਸਤਰੀ, ਸ਼ਾਇਰ ਤੇ ਲੇਖਕ ਸ. ਹਰੀ ਸਿੰਘ ਐਵਰੈਸਟ ਲੰਘੀ 18 ਅਗਸਤ ਨੂੰ ਸਵਰਗਵਾਸ ਹੋ ਗਏ। ਉਹ 95 ਵਰ੍ਹਿਆਂ ਦੇ ਸਨ ਅਤੇ ਆਪਣੇ ਪਿਛੇ ਪੁੱਤਰ ਪਰਮਜੀਤ ਸਿੰਘ, ਨੂੰਹ ਸੁਰਿੰਦਰ ਕੌਰ, ਧੀ ਮਨਜੀਤ ਕੌਰ ਤੇ ਦਾਮਾਦ ਹਰਭਜਨ ਸਿੰਘ ਤੋਂ ਇਲਾਵਾ ਪੋਤਰਿਆਂ-ਦੋਹਤਰਿਆਂ ਦਾ ਭਰਿਆ ਪਰਿਵਾਰ ਛੱਡ ਗਏ ਹਨ। ਉਨ੍ਹਾਂ ਦੀ ਸੁਪਤਨੀ ਬੀਬੀ ਅਮਰ ਕੌਰ ਸੰਨ 2008 ਵਿਚ ਗੁਜਰ ਗਏ ਸਨ। ਵਿਛੜੀ ਰੂਹ ਨਮਿੱਤ ਅੰਤਿਮ ਅਰਦਾਸ ਆਉਂਦੇ ਐਤਵਾਰ ਗੁਰਦੁਆਰਾ ਟਾਇਰਾ ਬਿਊਨਾ ਵਿਖੇ ਬਾਅਦ ਦੁਪਹਿਰ 2 ਵਜੇ ਹੋਵੇਗੀ।



ਲਾਇਲਪੁਰ (ਹੁਣ ਪਾਕਿਸਤਾਨ) ਵਿਚ 16 ਜਨਵਰੀ 1916 ਨੂੰ ਜਨਮੇ ਸ. ਐਵਰੈਸਟ ਪਿਛਲੇ 50 ਸਾਲ ਤੋਂ ਯੂਬਾ ਸਿਟੀ ਵਿਚ ਰਹਿ ਰਹੇ ਸਨ। ਉਹ 1955 ਵਿਚ ਅਮਰੀਕਾ ਆ ਗਏ ਸਨ। ਉਹ 5 ਜ਼ੁਬਾਨਾਂ ਬਹੁਤ ਚੰਗੀ ਤਰ੍ਹਾਂ ਲਿਖ ਅਤੇ ਬੋਲ ਲੈਂਦੇ ਸਨ ਅਤੇ ਉਨ੍ਹਾਂ ਭਾਰਤ ਤੇ ਪਾਕਿਸਤਾਨ ਦੀਆਂ ਦੋ ਯੂਨੀਵਰਸਿਟੀਆਂ ਤੋਂ ਡਿਗਰੀਆਂ ਹਾਸਲ ਕੀਤੀਆਂ। 1957 ਵਿਚ ਉਨ੍ਹਾਂ ਅਮਰੀਕਾ ਦੀ ਸਟੈਨਫੋਰਡ ਯੂਨੀਵਰਸਿਟੀ ਤੋਂ ਕਮਿਊਨੀਕੇਸ਼ਨ ਵਿਚ ਮਾਸਟਰ'ਜ਼ ਡਿਗਰੀ ਹਾਸਲ ਕੀਤੀ। ਯੂਬਾ-ਸਟਰ ਕਾਊਂਟੀ ਸਕੂਲ ਸਿਸਟਮ ਵਿਚ ਪੜ੍ਹਾਉਣ ਵਾਲੇ ਏਸ਼ੀਆਈ ਮੂਲ ਦੇ ਉਹ ਪਹਿਲੇ ਵਿਅਕਤੀ ਸਨ ਅਤੇ 1981 ਵਿਚ ਰਿਟਾਇਰ ਹੋਣ ਤੱਕ ਉਹ ਵੀਹ ਸਾਲ ਬੱਚਿਆਂ ਨੂੰ ਪੜ੍ਹਾਉਂਦੇ ਰਹੇ। ਉਨ੍ਹਾਂ ਕੈਲੀਫੋਰਨੀਆ ਦੇ ਸਿੱਖਿਆ ਸਿਸਟਮ ਵਿਚ ਵਖ ਵਖ ਅਹੁਦਿਆਂ ਅਤੇ ਬੋਰਡਾਂ ਵਿਚ ਵਾਲੰਟੀਅਰ ਦੇ ਤੌਰ 'ਤੇ ਕੰਮ ਕੀਤਾ। ਉਨ੍ਹਾਂ ਦੇ ਲੇਖ ਵਖ ਵਖ ਸਥਾਨਕ ਅਖਬਾਰਾਂ ਵਿਚ ਛਪਦੇ ਰਹਿੰਦੇ। ਦਰਅਸਲ ਸਿੱਖਿਆ ਦੇ ਵਿਸ਼ੇ ਉਤੇ ਲਿਖਣਾ ਉਨ੍ਹਾਂ ਲਾਹੌਰ ਰਹਿੰਦਿਆਂ ਹੀ ਸ਼ੁਰੂ ਕਰ ਲਿਆ ਸੀ। ਸ਼ਾਇਰੀ ਵਿਚ ਕਲਮ ਚਲਾਉਣ ਕਰਕੇ ਉਨ੍ਹਾਂ ਆਪਣਾ ਕਲਮੀ ਨਾਂ ਐਵਰੈਸਟ ਰੱਖਿਆ।


ਸ. ਐਵਰੈਸਟ ਨੇ ਆਪਣਾ ਬਹੁਤਾ ਜੀਵਨ ਸਿੱਖੀ ਜੀਵਨ ਜਾਚ ਨੂੰ ਸਮਰਪਿਤ ਕਰੀ ਰੱਖਿਆ। ਯੂਬਾ ਸਿਟੀ ਵਿਚ ਗੁਰੂ ਘਰ ਬਣਾਉਣ ਵਿਚ ਉਨ੍ਹਾਂ ਬੜੀ ਅਹਿਮ ਭੂਮਿਕਾ ਨਿਭਾਈ ਅਤੇ ਟਾਇਰਾ ਬਿਊਨਾ ਗੁਰੂ ਘਰ ਦੇ ਉਹ ਪਹਿਲੇ ਸਟੇਜ ਸਕੱਤਰ ਸਨ। ਉਹ ਯੂਨਾਈਟਿਡ ਸਿੱਖਸ ਫਾਰ ਹਿਊਮਨ ਰਾਈਜਸ ਨਾਂ ਦੀ ਜਥੇਬੰਦੀ ਦੇ ਪ੍ਰਧਾਨ ਰਹੇ। ਸਿੱਖ ਰਿਵੀਊ ਨਾਂ ਦੇ ਪਰਚੇ ਲਈ ਉਹ ਅਮਰੀਕਾ ਤੋਂ ਪ੍ਰਤੀਨਿਧ ਰਹੇ ਅਤੇ ਸਿੱਖ ਸੰਸਾਰ ਨਾਂ ਦੇ ਇਕ ਰਸਾਲੇ ਦੇ ਸੰਪਾਦਕ ਵੀ ਰਹੇ। ਉਨ੍ਹਾਂ ਅਮਰੀਕਾ ਵਿਚ ਸਿੱਖਾਂ ਦੀ ਡਾਇਰੈਕਟਰੀ ਬਣਾਉਣ ਵਿਚ ਵੀ ਅਹਿਮ ਭੂਮਿਕਾ ਨਿਭਾਈ। ਇੰਡੀਆ ਰਹਿੰਦਿਆਂ ਉਨ੍ਹਾਂ ਪ੍ਰੇਮ ਪੁਜਾਰੀ ਨਾਂ ਦਾ ਇਕ ਮੈਗਜ਼ੀਨ ਵੀ ਕੱਢਿਆ। ਰਿਟਾਇਰਮੈਂਟ ਉਪਰੰਤ ਉਹ ਅੰਤਰ ਸਭਿਆਚਾਰ ਤਾਲਮੇਲ ਪੈਦਾ ਕਰਨ ਲਈ ਟਾਇਰਾ ਬਿਊਨਾ ਗੁਰੂ ਘਰ ਦੇ ਮੁੱਖ ਬੁਲਾਰੇ ਰਹੇ।

# ਸਿਆਟਲ ਵਿਚ ਕੌਮਾਂਤਰੀ ਸਿੱਖ ਯੂਥ ਸਿੰਪੋਜ਼ੀਅਮ

**ਸਿਆਟਲ (ਬਿਊਰੋ):** ਸਾਲਾਨਾ ਕੌਮਾਂਤਰੀ ਸਿੱਖ ਯੂਥ ਸਿੰਪੋਜ਼ੀਅਮ ਇਸ ਸਾਲ ਲੰਘੀ 4 ਤੋਂ 7 ਅਗਸਤ ਤੱਕ ਇਥੇ ਗੁਰਦੁਆਰਾ ਸਿੰਘ ਸਭਾ, ਰੈਂਟਨ ਵਿਖੇ ਕਰਵਾਇਆ ਗਿਆ। ਅਮਰੀਕਾ ਦੇ ਬਾਰਾਂ ਵੱਖ ਵੱਖ ਇਲਾਕਿਆਂ ਤੋਂ ਖੇਤਰੀ ਪੱਧਰ ਦੇ ਜੇਤੂਆਂ ਨੇ 6 ਤੋਂ 22 ਸਾਲ ਦੇ ਉਮਰ ਦੇ 5 ਵੱਖ ਵੱਖ ਗਰੁਪਾਂ ਵਿਚ ਮੁਕਾਬਲਾ ਕੀਤਾ।

ਪੰਜਵੇਂ ਗਰੁਪ ਲਈ ਮਾਡਰੇਟਰ ਬਫਲੋ ਤੋਂ ਡਾ. ਸਤਪਾਲ ਸਿੰਘ ਸਨ ਜਿਨ੍ਹਾਂ ਨੇ ਯੂ ਟਿਊਬ ਕਲਿਪਾਂ ਦੇ ਜ਼ਰੀਏ ਬਹੁਤ ਵਧੀਆ ਵਿਚਾਰ ਚਰਚਾ ਕਰਵਾਈ। ਵਿਸ਼ਾ ਸੀ ਸ਼ਬਦ ਗੁਰੂ ਅਤੇ ਝੂਠੀ ਗੁਰੂਡੰਮ। ਵੱਖ ਵੱਖ ਗਰੁਪਾਂ ਨੇ ਪੰਜਾਬ ਵਿਚ ਵਧ ਰਹੇ ਡੇਰਾਵਾਦ ਉਤੇ ਚਰਚਾ ਕੀਤੀ। ਸ਼ੁਕਰਵਾਰ 5 ਅਗਸਤ ਨੂੰ ਬੱਚਿਆਂ ਨੂੰ ਫੈਮਿਲੀ ਫਨ ਸੈਂਟਰ







ਪਹਿਲੇ ਗਰੁਪ ਵਿਚ ਜੇਤੂ ਸਿਮਰਨਪ੍ਰੀਤ ਕੌਰ (ਖਾਲਸਾ ਸਕੂਲ), ਰਵਕਿਰਨ ਕੌਰ (ਡੈਲਸ) ਅਤੇ ਸਹਿਜ ਕੌਰ (ਸਿਆਟਲ), ਦੂਜੇ ਗਰੁਪ ਵਿਚ ਜਾਰਜੀਆ ਤੋਂ ਸਿਮਰਨ ਕੌਰ, ਡੈਲਸ ਤੋਂ ਜਸਕਰਨ ਸਿੰਘ ਤੇ ਬੋਸਟਨ ਤੋਂ ਸਿਮਰਨ ਕੌਰ, ਤੀਜੇ ਗਰੁਪ ਵਿਚ ਜੇਤੂ ਨਿਆਗਰਾ ਫਾਲਜ਼ ਤੋਂ ਅਰਜਨ ਸਿੰਘ, ਬੇਕਰਜ਼ਫੀਲਡ ਤੋਂ ਰੌਬਿਨ ਕੌਰ ਤੇ ਸਿਆਟਲ ਤੋਂ ਜਸਲੀਨਾ ਕੌਰ, ਚੌਥੇ ਗਰੁਪ ਵਿਚ ਮਿਡਵੈਸਟ ਤੋਂ ਜਪਮਾਨ ਕੌਰ, ਖਾਲਸਾ ਸਕੂਲ ਤੋਂ ਜਸਵਿੰਦਰ ਕੌਰ ਤੇ ਡੈਲਸ ਤੋਂ ਮਨੀਰਾ ਕੌਰ ਅਤੇ ਪੰਜਵੇਂ ਗਰੁਪ ਵਿਚ ਨਿਆਗਰਾ ਫਾਲਜ਼ ਤੋਂ ਮਨਦੀਪ ਸਿੰਘ, ਬੇਕਰਜ਼ਫੀਲਡ ਤੋਂ ਰੌਬੀ ਸਿੰਘ ਤੇ ਮਿਡਵੈਸਟ ਤੋਂ ਬਲਪ੍ਰੀਤ ਕੌਰ ਜੇਤੂ ਰਹੇ।

ਮੌਜ ਮੇਲੇ ਲਈ ਲਿਜਾਇਆ ਗਿਆ। ਸ਼ਾਮ ਨੂੰ ਗਤਕਾ, ਨਾਟਕ ਅਤੇ ਤਕਰੀਰਾਂ ਹੋਈਆਂ। ਪ੍ਰੋਗਰਾਮ ਦੇ ਕੌਮੀ ਕਨਵੀਨਰ ਕੁਲਦੀਪ ਸਿੰਘ ਨੇ ਸਿੱਖ ਇਤਿਹਾਸ ਬਾਰੇ ਤਕਰੀਰ ਕੀਤੀ। ਬੀਬੀ ਜਸਬੀਰ ਕੌਰ ਨੇ ਆਏ ਲੋਕਾਂ ਦਾ ਧੰਨਵਾਦ ਕੀਤਾ। ਐਤਵਾਰ 7 ਅਗਸਤ ਨੂੰ ਸਮੂਹ ਜੇਤੂਆਂ ਨੂੰ ਟਰਾਫੀਆਂ ਅਤੇ ਇਨਾਮਾਂ ਦੀ ਵੰਡ ਕੀਤੀ ਗਈ। ਪੰਜਾਬੀ ਵਿਚ ਬੋਲਣ ਵਾਲਿਆਂ ਨੂੰ ਵਿਸ਼ੇਸ਼ ਇਨਾਮ ਦਿੱਤੇ ਗਏ। ਹਰ ਰੋਜ਼ ਤਕਰੀਰਾਂ ਸ਼ੁਰੂ ਹੋਣ ਤੋਂ ਪਹਿਲਾਂ ਸ਼ਬਦ ਕੀਰਤਨ ਹੁੰਦਾ। ਬਫਲੋ ਤੋਂ ਆਏ ਡਾ. ਅਮਰਜੀਤ ਸਿੰਘ ਅਰਦਾਸ ਕਰਦੇ। ਕੌਮਾਂਤਰੀ ਪੱਧਰ ਦਾ ਅਗਲਾ ਸਿੰਪੋਜ਼ੀਅਮ ਵਾਸ਼ਿੰਗਟਨ, ਡੀ ਸੀ ਵਿਚ ਹੋਵੇਗਾ।

# ਪੰਜਾਬੀ ਸਾਹਿਤ ਸਭਾ ਵਲੋਂ ਪੁਸਤਕ ਗੋਸ਼ਟੀ ਤੇ ਕਵੀ ਦਰਬਾਰ

**ਯੂਨੀਅਨ ਸਿਟੀ (ਬਿਊਰੋ):** ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੀ ਬੇਏਰੀਆ ਇਕਾਈ ਵਲੋਂ ਪ੍ਰੋ. ਸੁਰਜੀਤ ਸਿੰਘ ਨਨੂਆ ਦੀ ਪੁਸਤਕ "ਸਿੱਖ ਰਹਿਤ ਮਰਿਆਦਾ" 'ਤੇ ਗੋਸ਼ਟੀ ਅਤੇ ਕਵੀ ਦਰਬਾਰ ਕਰਵਾਇਆ ਗਿਆ। ਪ੍ਰਧਾਨਗੀ ਮੰਡਲ ਵਿਚ ਸ· ਬਿਕਰਮ ਸਿੰਘ ਅਤੇ ਡਾ· ਆਲਾ ਸਿੰਘ ਸ਼ਾਮਲ ਸਨ।

ਪਰਚਾ-ਪਾਠ ਆਰੰਭ ਕਰਦਿਆਂ ਮੰਚ ਸੰਚਾਲਕ ਪ੍ਰਮਿੰਦਰ ਸਿੰਘ ਪਰਵਾਨਾ ਨੇ ਪੁਸਤਕ ਦੇ ਵਿਸ਼ੇ 'ਤੇ ਕੁੱਝ ਅੰਸ਼ ਪੇਸ਼ ਕੀਤੇ। ਪੁਸਤਕ 'ਤੇ ਪਰਚਾ ਪੇਸ਼ ਕਰਦਿਆਂ ਡਾ· ਗੁਰਮੀਤ ਸਿੰਘ ਬਰਸਾਲ ਨੇ ਕਿਹਾ ਕਿ ਪ੍ਰੋ. ਨਨੂਆ ਨੇ ਵੱਖ ਵੱਖ ਤਰ੍ਹਾਂ ਦੀਆਂ ਰਹਿਤ ਮਰਿਆਦਾ ਨੂੰ ਇਕੱਠਾ ਅਤੇ ਸੰਪਾਦਿਤ ਕਰਕੇ ਪਾਠਕਾਂ ਨੂੰ ਭਰਭੂਰ ਜਾਣਕਾਰੀ ਦਿੱਤੀ ਹੈ। ਹੁਣ ਪ੍ਰੋ. ਨਨੂਆ ਦੀ ਮਿਹਨਤ ਦੇ ਇਸ ਕਾਰਜ ਨੂੰ ਅਗਾਂਹ ਤੋਰਨ ਦੀ ਲੋੜ ਹੈ। ਬੀਬੀ ਹਰਸਿਮਰਤ ਕੌਰ ਖਾਲਸਾ ਨੇ ਕਿਹਾ ਕਿ ਸਹੀ ਰਹਿਤ ਮਰਿਆਦਾ ਇਹੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਗਿਆਨ ਪ੍ਰਾਪਤ ਕਰਕੇ ਉਸ 'ਤੇ ਅਮਲ ਕੀਤਾ ਜਾਵੇ। ਡਾ. ਆਲਾ ਸਿੰਘ ਨੇ ਕਿਹਾ ਕਿ ਗੁਰਦਵਾਰੇ ਕੀ ਕਰਦੇ ਹਨ ਜਾਂ ਕਿਹੋ ਜਿਹਾ ਪ੍ਰਬੰਧ ਹੈ, ਤੋਂ ਧਿਆਨ ਹਟਾ ਕੇ ਆਪ ਗਿਆਨ ਪ੍ਰਾਪਤ ਕਰੋ, ਸਿਮਰਨ ਕਰੋ। ਆਪ ਗੁਰਬਾਣੀ 'ਤੇ ਅਮਲ ਕਰਕੇ ਇਕੋ ਹੀ ਰਹਿਤ ਮਰਯਾਦਾ 'ਤੇ ਟੇਕ ਰੱਖੋ। ਚਰਨਜੀਤ ਸਿੰਘ ਪਨੂੰ ਨੇ ਕਿਹਾ ਕਿ ਪ੍ਰੋ. ਨਨੂਆ ਨੇ ਇਹ ਬੜਾ ਜੋਖ਼ਮ ਭਰਿਆ ਵਿਸ਼ਾ ਛੇੜਿਆ ਹੈ ਕਿਉਂਕਿ ਇਹ ਵਿਸ਼ਾ ਹਮੇਸ਼ਾ ਹੀ ਵਿਵਾਦਪੂਰਨ ਰਿਹਾ ਹੈ। ਸਭਾ ਦੇ ਪ੍ਰਧਾਨ ਕੁਲਦੀਪ ਸਿੰਘ ਢੀਂਡਸਾ ਨੇ ਕਿਹਾ ਕਿ ਜੇਕਰ ਗੁਰੂ ਗ੍ਰੰਥ ਸਾਹਿਬ ਇੱਕ ਹੈ ਤਾਂ ਰਹਿਤ ਮਰਯਾਦਾ ਵੀ ਇੱਕ ਹੋਣੀ ਚਾਹੀਦੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਇਹ ਕੰਮ ਧਾਰਮਿਕ ਜਥੇਬੰਦੀਆਂ ਅਤੇ



ਅਕਾਲ ਤਖਤ ਦਾ ਹੈ। ਬਿਕਰਮ ਸਿੰਘ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ।

ਪ੍ਰੋ. ਨਨੂਆ ਨੇ ਸੁਆਲਾਂ ਦਾ ਜੁਆਬ ਦਿੰਦਿਆਂ ਕਿਹਾ ਕਿ ਭਾਵੇਂ ਰਹਿਤ ਮਰਯਾਦਾ ਦਾ ਸਹੀ ਸੋਮਾ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਹੈ ਪਰ ਸਮੇਂ-ਸਮੇਂ ਉਤਪੰਨ ਹੋਏ ਵਿਵਾਦਾਂ ਦੇ ਹੱਲ ਲਈ ਰਹਿਤ ਮਰਯਾਦਾ ਦੀ ਪੁਨਰ ਸਿਰਜਣਾ ਹੋਣੀ ਜ਼ਰੂਰੀ ਹੈ। ਗੁਰਮੀਤ ਸਿੰਘ ਸੰਧੂ ਨੇ ਵਿਚਾਰ ਪੇਸ਼ ਕੀਤਾ ਕਿ ਧਰਮ ਦੇ ਅਜਿਹੇ ਵਿਵਾਦਾਂ ਦੇ ਨਿਪਟਾਰੇ ਲਈ ਕੋਈ ਧਾਰਮਿਕ ਯੂਨੀਵਰਸਿਟੀ ਹੋਣੀ ਚਾਹੀਦੀ ਹੈ।

ਪ੍ਰੋਗਰਾਮ ਦੇ ਦੂਸਰੇ ਸ਼ੈਸ਼ਨ ਵਿਚ ਕਵੀ ਦਰਬਾਰ ਹੋਇਆ ਜਿਸ ਵਿਚ ਦਵਿੰਦਰ ਸੈਣੀ, ਬਿਕਰਮ ਸਿੰਘ, ਚਰਨਜੀਤ ਪਨੂੰ, ਕੁਲਦੀਪ ਸਿੰਘ ਢੀਂਡਸਾ, ਸੁਰਜੀਤ ਨਨੂਆ, ਤਾਰਾ ਸਾਗਰ, ਪ੍ਰਮਿੰਦਰ ਸਿੰਘ ਪਰਵਾਨਾ, ਪਰਮਜੀਤ ਸਿੰਘ ਦਾਖਾ ਅਤੇ ਤਰਸੇਮ ਸਿੰਘ ਸੁਮਨ ਨੇ ਆਪਣਾ ਕਲਾਮ ਸੁਣਾਇਆ।

ਇਸੇ ਦੌਰਾਨ ਪੰਜਾਬੀ ਸਾਹਿਤ ਸਭਾ ਨੇ ਅਮਰੀਕਾ ਵਿਚ ਵੱਸਦੇ ਕਵੀਆਂ ਦੀਆਂ ਚੋਣਵੀਂਆਂ ਰਚਨਾਵਾਂ ਦਾ ਇੱਕ ਕਾਵਿ ਸੰਗ੍ਰਿਹ ਛਪਵਾਉਣ ਦਾ ਫ਼ੈਸਲਾ ਲਿਆ ਹੈ। ਕਵੀ ਸੱਜਣ ਆਪਣੀਆਂ ਰਚਨਾਵਾਂ ਫੈਕਸ 866-610-5440 ਜਾਂ ਪੋਸਟ ਬਾਕਸ 1154, ਫਰੀਮਾਂਟ, ਕੈਲੀਫੋਰਨੀਆ, 94538 'ਤੇ 31 ਅਗਸਤ 2011 ਤੱਕ ਭੇਜ ਸਕਦੇ ਹਨ।

# ਭਾਰਤੀ ਮੂਲ ਦੇ ਨੌਜਵਾਨ ਵੱਲੋਂ ਪਿਤਾ ਦੀ ਹੱਤਿਆ

**ਸ਼ਿਕਾਗੋ:** ਸ਼ਿਕਾਗੋ ਦੇ ਇਕ ਉਪ ਨਗਰ ਵਿਚ ਆਪਣੇ ਪਿਤਾ ਨੂੰ ਸੋਟੀ ਨਾਲ ਕੁੱਟ-ਕੁੱਟ ਕੇ ਮਾਰ ਦੇਣ ਦੇ ਦੋਸ਼ ਵਿਚ 21 ਸਾਲ ਦੇ ਭਾਰਤੀ ਮੂਲ ਦੇ ਨੌਜਵਾਨ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਪੁਲਿਸ ਨੇ 14 ਅਗਸਤ ਨੂੰ ਸਥਾਨਕ ਸਮੇਂ ਮੁਤਾਬਕ ਰਾਤ 3 ਵਜੇ ਵੁੱਡਰਿਜ ਉਪ ਨਗਰ ਤੋਂ ਮਾਨਸਿਕ ਰੋਗੀ ਯਸ਼ੇਸ਼ ਨੂੰ ਪਿਤਾ 47 ਸਾਲਾ ਸੰਜੀਵ ਦੇਸਾਈ ਦੀ ਹੱਤਿਆ ਕਰਨ ਦੇ ਦੋਸ਼ ਵਿਚ ਗ੍ਰਿਫਤਾਰ ਕੀਤਾ।

ਪੁਲਿਸ ਨੂੰ ਸੱਦਣ ਵਾਲੇ ਯਸ਼ੇਸ਼ ਦੇ ਛੋਟੇ ਭਰਾ ਨੇ ਕਿਹਾ ਕਿ ਉਸ ਦੇ ਭਰਾ ਨੇ ਪਿਤਾ ਦੀ ਹੱਤਿਆ ਕਰ ਦਿੱਤੀ ਹੈ। ਸਟੇਟ ਅਟਾਰਨੀ ਰੌਬਰਟ ਬਰਲਿਨ ਦੇ ਹਵਾਲੇ ਨਾਲ ਪ੍ਰਾਪਤ ਜਾਣਕਾਰੀ ਮੁਤਾਬਕ ਜਦੋਂ ਪੁਲਿਸ ਮੌਕੇ 'ਤੇ ਪੁੱਜੀ ਤਾਂ ਦੋਵੇਂ ਭਰਾ ਤੇ ਉਨ੍ਹਾਂ ਦੀ ਮਾਂ ਘਰ ਤੋਂ ਬਾਹਰ ਖੜ੍ਹੇ ਸਨ ਜਦਕਿ ਯਸ਼ੇਸ਼ ਦੇ ਹੱਥਾਂ ਤੇ ਕੱਪੜਿਆਂ 'ਤੇ ਖੂਨ ਲੱਗਾ ਹੋਇਆ ਸੀ। ਨੌਜਵਾਨ ਨੇ ਆਪਣੇ ਪਿਤਾ ਦੀ ਹੱਤਿਆ ਉਦੋਂ ਕੀਤੀ ਜਦੋਂ ਉਹ ਸੌਂ ਰਹੇ ਸਨ। ਹਮਲੇ ਦੌਰਾਨ ਸੰਜੀਵ ਦੇ ਸਿਰ ਉਪਰ ਗੰਭੀਰ ਸੱਟਾਂ ਲੱਗੀਆਂ।


ATM's & Credit Card Terminals at Lowest Prices! No Hidden Fees.

Merchant Accounts-Grocery, Motels, Limos/Taxis, Gas stations.

Credit card terminals -Verifone, Hypercom...

Transfer existing CC processing to us for lower rates.

99% approved same day. We specialize in high risk businesses.

ATMs – TRANAX/TRITON/WRG, starting at $69/mo.*
(Perfect for retail stores, hotels, gas stations, etc.)

Need Money? We provide cash advance against credit card processing with NO collateral or personal guarantee.

Online Data Corp. is a registered ISO/MSP of Wells Fargo Bank N.A.
*Credit restrictions apply.




FREE CREDIT CARD TERMINAL!

Call SAGAR HANDA at: 773-416-8526
or 773-935-VISA, SagarATM@yahoo.com

www.GoldCoastATM.com



ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ

ਜਸਪ੍ਰੀਤ ਸਿੰਘ

ਅਟਾਰਨੀ ਐਟ ਲਾਅ

*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ
ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ



Attorny At Law

Law Offices Of Jaspreet Singh

4491 W. Shaw Ave., Suite 300 B (Near Costco) Fresno, CA 93722 Ph: 559-271-5511

44790 S. Grimmer Blvd. #204 Fremont CA-94538 Ph:510-657-6444 Fax: 510-657-6443


2945 W. Capitol Ave, Sacramento CA-95691 Ph: 916-372-4448 Fax: 916-372-4440

# ਏ ਐਲ ਐਸ ਰੋਗ ਦੇ ਇਲਾਜ ਵੱਲ ਅਹਿਮ ਖੋਜ

**ਸ਼ਿਕਾਗੋ (ਬਿਊਰੋ):** ਨਾੜੀਆਂ ਅਤੇ ਪੱਠਿਆਂ ਦੇ ਘਾਤਕ ਰੋਗ ਅਮਾਇਓਟਰੋਫਿਕ ਲੇਟਰਲ ਸਕਲਰੋਸਿਸ (ਏ ਐਲ ਐਸ) ਦੀਆਂ ਸਾਰੀਆਂ ਕਿਸਮਾਂ ਦਾ ਕਾਰਨ ਬਣਨ ਵਾਲੇ ਸਾਂਝੇ ਤੱਤਾਂ ਦੀ ਖੋਜ ਦੇ ਸਿਲਸਿਲੇ ਵਿਚ ਅਹਿਮ ਪ੍ਰਗਤੀ ਹੋਈ ਹੈ ਜਿਸ ਨਾਲ ਇਸ ਮਾਰੂ ਰੋਗ ਦੇ ਇਲਾਜ ਦੇ ਸਿਲਸਿਲੇ ਵਿਚ ਅਹਿਮ ਪ੍ਰਗਤੀ ਹੋਣ ਦੀ ਆਸ ਬੱਝੀ ਹੈ। ਜ਼ਿਕਰਯੋਗ ਹੈ ਕਿ ਵਿਗਿਆਨੀ ਏ ਐਲ ਐਸ, ਜਿਸ ਨੂੰ ਲੂ ਗੈਰਿਗ'ਜ਼ ਡਿਜ਼ੀਜ਼ ਕਰਕੇ ਵੀ ਜਾਣਿਆ ਜਾਂਦਾ ਹੈ, ਦਾ ਮੂਲ ਕਾਰਨ ਲੱਭਣ ਲਈ ਇਕ ਲੰਮੇ ਸਮੇਂ ਤੋਂ ਸੰਘਰਸ਼ ਕਰਦੇ ਆ ਰਹੇ ਹਨ। ਵਿਗਿਆਨੀਆਂ ਨੂੰ ਹੁਣ ਤੱਕ ਇਹ ਪਤਾ ਹੀ ਨਹੀਂ ਸੀ ਲੱਗ ਰਿਹਾ ਕਿ ਬੰਦੇ ਦੇ ਪੱਠੇ ਯਾਨਿ ਮੱਸਲ ਖਤਮ ਕਰਕੇ ਉਸ ਨੂੰ ਨਕਾਰਾ ਕਰ ਦੇਣ ਵਾਲੇ ਇਸ ਮਾਰੂ ਰੋਗ ਦਾ ਅਸਲ ਕਾਰਨ ਕੀ ਹੈ?

ਸਥਾਨਕ ਨਾਰਥ ਵੈਸਟਰਨ ਯੂਨੀਵਰਸਿਟੀ ਦੇ ਖੋਜ ਵਿਗਿਆਨੀਆਂ ਵਲੋਂ ਕੀਤੇ ਗਏ ਨਵੇਂ ਅਧਿਅਨ ਅਨੁਸਾਰ ਏ ਐਲ ਐਸ ਰੋਗ ਦਾ ਆਧਾਰ ਦਿਮਾਗ ਅਤੇ ਕੰਗਰੋੜ ਦੇ ਨਿਊਰੋਨ ਵਿਚ ਕੰਮ ਕਰਦੇ ਪ੍ਰੋਟੀਨ ਦੀ ਖਰਾਬੀ ਹੋਣ ਕਰਕੇ ਬਣਦਾ ਹੈ। ਨਿਊਰੋਨ ਜੋ ਕਿ ਦਿਮਾਗ ਤੋਂ ਵਖ ਵਖ ਅੰਗਾਂ ਨੂੰ ਸੰਕੇਤ ਲੈ ਕੇ ਜਾਂਦੇ ਹਨ, ਦੀ ਵਾਹਕ ਪ੍ਰੋਟੀਨ ਵਿਚ ਖਰਾਬੀ ਹੀ ਇਸ ਰੋਗ ਦਾ ਆਧਾਰ ਬਣਦੀ ਹੈ। ਪ੍ਰੋਟੀਨ ਦੇ ਨੁਕਸ ਕਾਰਨ ਨਿਊਰੋਨ ਵਿਚ ਵਿਗਾੜ ਪੈਦਾ ਹੋ ਜਾਂਦਾ ਹੈ ਅਤੇ ਇਹ ਆਪਣੇ ਆਪ ਨੂੰ ਸਹੀ ਨਹੀਂ ਕਰ ਪਾਉਂਦੇ ਜਿਸ ਕਰਕੇ ਸਰੀਰ ਦੇ ਪੱਠਿਆਂ ਤੱਕ ਸੰਕੇਤ ਨਹੀਂ ਪਹੁੰਚਦਾ ਅਤੇ ਪੱਠੇ ਹਿਲ ਨਹੀਂ ਪਾਉਂਦੇ। ਬੇਕਾਰ ਪਏ ਰਹਿਣ ਕਰਕੇ ਪੱਠੇ ਯਾਨਿ ਮੱਸਲ ਖਤਮ ਹੋ ਜਾਂਦੇ ਹਨ ਅਤੇ ਸਰੀਰ ਨਕਾਰਾ ਹੋ ਜਾਂਦਾ ਹੈ।

ਵਿਗਿਆਨੀਆਂ ਵਲੋਂ ਕੀਤੀ ਗਈ ਤਾਜ਼ਾ ਖੋਜ ਅਨੁਸਾਰ ਪ੍ਰੋਟੀਨ ਦੀ ਖਰਾਬੀ ਏ ਐਲ ਐਸ ਦੀਆਂ ਤਿੰਨੇ ਕਿਸਮਾਂ ਯਾਨਿ ਖਾਨਦਾਨੀ, ਵਿਕੋਲਿਤਰੀ



ਡਾ. ਟੀਪੂ ਸਿੱਦੀਕ

ਅਤੇ ਦਿਮਾਗ ਵਿਚ ਖਰਾਬੀ ਲਈ ਜ਼ਿੰਮੇਵਾਰ ਹੈ।

'ਨੇਚਰ' ਨਾਂ ਦੇ ਡਾਕਟਰੀ ਪਰਚੇ ਦੇ 21 ਅਗਸਤ ਦੇ ਅੰਕ ਵਿਚ ਛਪੇ ਖੋਜ ਪਰਚੇ ਅਨੁਸਾਰ ਏ ਐਲ ਐਸ ਦੀਆਂ ਸਾਰੀਆਂ ਕਿਸਮਾਂ ਦੇ ਪਿਛੇ ਮੂਲ ਕਾਰਨ ਇਕੋ ਹੈ। ਇਹ ਕਾਰਨ ਲੱਭੇ ਜਾਣ ਉਪਰੰਤ ਇਸ ਲਈ ਢੁਕਵੀਂ ਦਵਾਈ ਲੱਭਣ ਲਈ ਰਾਹ ਪੱਧਰਾ ਹੋ ਗਿਆ ਹੈ। ਪਾਕਿਸਤਾਨੀ ਪੰਜਾਬ ਦੀ ਰਾਜਧਾਨੀ ਲਾਹੌਰ ਦੇ ਜੰਮਪਲ ਅਤੇ ਨਾਰਥ ਵੈਸਟਰਨ ਫੀਨਬਰਗ ਸਕੂਲ ਆਫ ਮੈਡੀਸਨ ਵਿਚ ਨਿਊਰੋਲੋਜੀ ਤੇ ਕਲੀਨਿਕਲ ਨਿਊਰੋਸਾਇੰਸ ਵਿਭਾਗ ਵਿਚ ਸੀਨੀਅਰ ਅਧਿਆਪਕ ਤੇ ਖੋਜਕਾਰ ਡਾ. ਟੀਪੂ ਸਿੱਦੀਕ, ਜਿਨ੍ਹਾਂ ਨੇ ਕਿ ਇਹ ਖੋਜ ਕੀਤੀ ਹੈ, ਦਾ ਕਹਿਣਾ ਹੈ ਕਿ ਹੁਣ ਅਸੀਂ ਇਸ ਰੋਗ ਦੇ ਇਲਾਜ ਲਈ ਅਜਿਹੀਆਂ ਦਵਾਈਆਂ ਦੀ ਪਰਖ ਕਰਨ ਵੱਲ ਤੁਰ ਸਕਦੇ ਹਾਂ ਜਿਨ੍ਹਾਂ ਰਾਹੀਂ ਪ੍ਰੋਟੀਨ ਦਾ ਨੁਕਸ ਦੂਰ ਹੋ ਸਕੇ ਅਤੇ ਦਿਮਾਗ ਤੋਂ ਸੰਕੇਤ ਸਹੀ ਤਰੀਕੇ ਨਾਲ ਜਾ ਸਕੇ। ਏ ਐਲ ਐਸ ਵਿਚ ਪ੍ਰੋਟੀਨ ਦੀ ਰੀਸਾਇਕਲਿੰਗ ਬਾਰੇ ਇਹ ਖੋਜ ਆਲਜ਼ਾਈਮਰਜ਼ ਅਤੇ ਨਾੜੀ ਪ੍ਰਬੰਧ ਦੇ ਹੋਰ ਅਜਿਹੇ ਰੋਗਾਂ ਦੇ ਇਲਾਜ ਲਈ ਵੀ ਬਹੁਤ ਸਹਾਈ ਸਾਬਤ ਹੋ ਸਕਦੀ ਹੈ।

ਇਥੇ ਜ਼ਿਕਰਯੋਗ ਹੈ ਕਿ ਵਿਸ਼ਵ ਵਿਚ ਕੋਈ ਸਾਢੇ ਤਿੰਨ ਲੱਖ ਲੋਕ ਇਸ ਰੋਗ ਦੇ ਮਰੀਜ ਹਨ। ਅੱਧੇ ਮਰੀਜ ਰੋਗ ਦੇ ਪਹਿਲੇ ਲੱਛਣ ਸਾਹਮਣੇ ਆਉਣ ਦੇ ਤਿੰਨ ਸਾਲਾਂ ਦੇ ਅੰਦਰ ਹੀ ਮੌਤ ਦੇ ਮੂੰਹ ਜਾ ਪੈਂਦੇ ਹਨ। ਮਰੀਜ ਦੀ ਪੱਠਿਆਂ ਦੀ ਤਾਕਤ ਹੌਲੀ ਹੌਲੀ ਜਾਂਦੀ ਰਹਿੰਦੀ ਹੈ ਅਤੇ ਉਹ ਬਿਲਕੁਲ ਨਕਾਰਾ ਹੋ ਜਾਂਦਾ ਹੈ। ਉਹ ਨਾ ਬੋਲ ਸਕਦਾ ਹੈ, ਨਾ ਕੁਝ ਨਿਗਲ ਸਕਦਾ ਹੈ ਅਤੇ ਨਾ ਅਖੀਰ ਸਾਹ ਹੀ ਲੈ ਸਕਦਾ ਹੈ।

## 24 ਸਤੰਬਰ ਦਾ ਕਬੱਡੀ ਕੱਪ ਮੁਲਤਵੀ

**ਹੇਵਰਡ (ਬਿਊਰੋ):** ਯੂਨਾਈਟਿਡ ਸਪੋਰਟਸ ਕਲੱਬ, ਕੈਲੀਫੋਰਨੀਆ ਵਲੋਂ ਇਥੇ 24 ਸਤੰਬਰ ਨੂੰ ਕਰਵਾਇਆ ਜਾਣ ਵਾਲਾ ਕਬੱਡੀ ਕੱਪ ਟੂਰਨਾਮੈਂਟ ਅਣਮਿਥੇ ਸਮੇਂ ਲਈ ਮੁਲਤਵੀ ਕਰ ਦਿੱਤਾ ਗਿਆ ਹੈ। ਇਸ ਸਬੰਧੀ ਫੈਸਲਾ ਯੂਨੀਅਨ ਸਿਟੀ ਦੇ ਰਾਜਾ ਸਵੀਟਸ ਰੈਸਟੋਰੈਂਟ ਵਿਚ ਹੋਈ ਕਲੱਬ ਦੀ ਇਕ ਮੀਟਿੰਗ ਵਿਚ ਲਿਆ ਗਿਆ। ਮੈਂਬਰਾਂ ਨੇ ਮਹਿਸੂਸ ਕੀਤਾ ਕਿ ਢੁਕਵੀਆਂ ਗਰਾਊਂਡਾਂ ਨਹੀਂ ਮਿਲ ਰਹੀਆਂ ਜਿਸ ਕਰਕੇ ਸਕਿਓਰਿਟੀ ਦਾ ਬੇਹਿਸਾਬ ਤੇ ਬੇਲੋੜਾ ਖਰਚਾ ਕਰਨਾ ਪੈ ਸਕਦਾ ਹੈ ਜੋ ਕਿ ਪੰਜਾਬੀ ਭਾਈਚਾਰੇ ਉਤੇ ਵਾਧੂ ਦਾ ਬੋਝ ਹੋਵੇਗਾ। ਇਨ੍ਹਾਂ ਹਾਲਾਤ ਨੂੰ ਮੁੱਖ ਰੱਖ ਕੇ ਫੈਸਲਾ ਕੀਤਾ ਗਿਆ ਕਿ ਇਸ ਸਾਲ ਕਬੱਡੀ ਕੱਪ ਨਾ ਕਰਵਾਇਆ ਜਾਵੇ। ਮੀਟਿੰਗ ਵਿਚ ਇਹ ਕਬੱਡੀ ਕੱਪ ਅਗਲੇ ਸਾਲ ਜੂਨ ਜੁਲਾਈ ਵਿਚ ਕਰਵਾਉਣ ਸਬੰਧੀ ਫੈਸਲਾ ਲਿਆ ਗਿਆ।

ਕਲੱਬ ਦੇ ਚੇਅਰਮੈਨ ਸ. ਅਮੋਲਕ ਸਿੰਘ ਗਾਖਲ ਨੇ ਕਿਹਾ ਕਿ ਅਸੀਂ ਸਾਰੇ ਖਿਡਾਰੀਆਂ ਤੇ ਖੇਡ ਪ੍ਰੇਮੀਆਂ ਤੋਂ ਖਿਮਾ ਚਾਹੁੰਦੇ ਹਾਂ ਕਿ ਅਸੀਂ ਉਨ੍ਹਾਂ ਨੂੰ ਵਧੀਆ ਕਬੱਡੀ ਮੁਕਾਬਲਿਆਂ ਤੋਂ ਵਾਂਝੇ ਰੱਖ ਰਹੇ ਹਾਂ। ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਬਲਬੀਰ ਸਿੰਘ ਭਾਟੀਆ, ਮੱਖਣ ਸਿੰਘ ਬੈਂਸ, ਜੁਗਰਾਜ ਸਿੰਘ ਸਹੋਤਾ, ਇਕਬਾਲ ਸਿੰਘ ਗਾਖਲ, ਦਲਵਿੰਦਰ ਸਿੰਘ ਪੱਡਾ, ਕੁਲਦੀਪ ਸਿੰਘ ਮਾਨ, ਪਲਵਿੰਦਰ ਸਿੰਘ ਗਾਖਲ, ਪਰਮਜੀਤ ਸਿੰਘ ਸੰਧੂ ਅਤੇ ਨਰਿੰਦਰ ਸਿੰਘ ਸਹੋਤਾ ਸ਼ਾਮਲ ਹੋਏ।


## ਘਰ ਕਿਰਾਏ ਲਈ ਖਾਲੀ ਹਨ

**ਲੈਥਰੋਪ, ਕੈਲੀਫੋਰਨੀਆ ਵਿਚ ਦੋ ਘਰ ਕਿਰਾਏ ਲਈ ਉਪਲਬਧ ਹਨ। 2 ਬੈਡਰੂਮ, 2 ਬਾਥ, ਖੂਬਸੂਰਤ ਯਾਰਡ, ਬਹੁਤ ਵਧੀਆ ਲੋਕੇਸ਼ਨ, ਫਰੀਵੇ ਅਤੇ ਗਰੌਸਰੀ ਸਟੋਰਾਂ ਦੇ ਬਿਲਕੁਲ ਕਰੀਬ**

**ਕਾਲ ਕਰੋ: 408-314-2975**


## ਪੰਜਾਬੀ ਸ਼ਾਇਰ ਰਣਧੀਰ ਸਿੰਘ ਨਿਊ ਯਾਰਕ ਨਹੀਂ ਰਹੇ

**ਨਿਊ ਯਾਰਕ (ਸੁਰਿੰਦਰ ਸੋਹਲ):** ਪੰਜਾਬੀ ਸ਼ਾਇਰ ਅਤੇ ਪੰਜਾਬੀ ਸਾਹਿਤ ਅਕੈਡਮੀ ਦੇ ਸਾਬਕਾ ਪ੍ਰਧਾਨ ਰਣਧੀਰ ਸਿੰਘ ਨਿਊ ਯਾਰਕ ਦਾ ਬੀਤੇ ਐਤਵਾਰ 21 ਅਗਸਤ ਨੂੰ ਦਿਹਾਂਤ ਹੋ ਗਿਆ। ਉਹ ਘਰੋਂ ਪਾਰਕ ਵਿਚ ਸੈਰ ਕਰਨ ਗਏ ਅਤੇ ਉਥੇ ਹੀ ਦਿਲ ਦੀ ਧੜਕਣ ਬੰਦ ਹੋਣ ਨਾਲ ਪੂਰੇ ਹੋ ਗਏ।



ਉਹ 73 ਸਾਲਾਂ ਦੇ ਸਨ। ਉਨ੍ਹਾਂ ਪ੍ਰਮੁੱਖ ਰੂਪ ਵਿਚ ਗ਼ਜ਼ਲ ਹੀ ਲਿਖੀ। ਉਂਝ ਉਨ੍ਹਾਂ ਨੇ ਲੰਬੀਆਂ ਨਜ਼ਮਾਂ ਵੀ ਲਿਖੀਆਂ ਪਰ ਉਨ੍ਹਾਂ ਦਾ ਅਕਸ ਛੋਟੀ ਬਹਿਰ ਦੇ ਗ਼ਜ਼ਲਗੋਅ ਵਜੋਂ ਸਥਾਪਤ ਹੋਇਆ। ਉਰਦੂ ਸ਼ਾਇਰ ਜੌਹਰ ਮੀਰ ਹੋਰਾਂ ਉਨ੍ਹਾਂ ਨੂੰ 'ਛੋਟੀ ਬਹਿਰ ਦਾ ਵੱਡਾ ਕਵੀ' ਕਹਿ ਕੇ ਨਿਵਾਜਿਆ।

ਮਰਹੂਮ ਰਣਧੀਰ ਸਿੰਘ ਦਾ ਜਨਮ 9 ਅਪਰੈਲ 1938 ਨੂੰ ਪਿੰਡ ਸਿਵੀਆ (ਬਠਿੰਡਾ) ਵਿਚ ਹੋਇਆ। ਉਨ੍ਹਾਂ ਨੇ 'ਤ੍ਰੇਲ ਨੂੰ ਤ੍ਰੇਲੀਆਂ' 'ਕਿਣਮਿਣੀਆਂ ਕਿੰਨ ਮਿਣੀਆਂ', 'ਚਾਨਣ ਸਿਆਹੀ ਦਾ', 'ਸੋਚੋ ਬੁੱਝੋ ਸਿਰਜੋ ਕਵਿਤਾ', 'ਮਾਂ ਮੁਹੱਬਤ', 'ਸੌ ਕਵਿਤਾਵਾਂ ਪੰਜ ਸਫ਼ਿਆਂ 'ਤੇ' ਕਾਵਿ-ਸੰਗ੍ਰਹਿ ਪੰਜਾਬੀ ਜਗਤ ਨੂੰ ਦਿੱਤੇ। ਰਣਧੀਰ ਸਿੰਘ ਨਿਊ ਯਾਰਕ ਅਕਾਦਮਿਕ ਖੇਤਰ ਵਿਚ ਵੀ ਪਰਵਾਨਿਆ ਗਿਆ ਹੈ। ਡਾ. ਬਲਜੀਤ ਕੌਰ ਦੀ ਨਿਗਰਾਨੀ ਹੇਠ ਉਸਦੇ ਸਮੁੱਚੇ ਕਾਰਜ 'ਤੇ ਐਮ ਫਿਲ ਹੋ ਚੁੱਕੀ ਹੈ। ਉਨ੍ਹਾਂ ਦਾ ਇਕ ਕਾਵਿ-ਸੰਗ੍ਰਹਿ 'ਗਾਗਰ ਤੋਂ ਸਾਗਰ' ਸ਼ਾਹਮੁਖੀ ਵਿਚ ਪਾਕਿਸਤਾਨ ਵਿਚ ਪ੍ਰਕਾਸ਼ਿਤ ਹੋਇਆ। ਉਹ ਆਪਣੇ ਪਿੱਛੇ ਪਤਨੀ ਅਤੇ ਦੋ ਬੇਟੇ ਛੱਡ ਗਏ ਹਨ।

## ਅਕਾਲ ਤਖ਼ਤ ਵੱਲੋਂ ਵੀ ਅੰਨਾ ਦੀ ਹਮਾਇਤ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ (ਬ) ਵੱਲੋਂ ਅੰਨਾ ਦੀ ਹਮਾਇਤ ਕਰਨ ਤੋਂ ਬਾਅਦ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਵੀ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਦੀ ਹਮਾਇਤ ਕਰ ਦਿੱਤੀ ਹੈ। ਜਥੇਦਾਰ ਨੇ ਕਿਹਾ, "ਅਸੀਂ ਸ੍ਰੀ ਅੰਨਾ ਹਜ਼ਾਰੇ ਵੱਲੋਂ ਸ਼ੁਰੂ ਕੀਤੀ ਮੁਹਿੰਮ ਦੀ ਹਮਾਇਤ ਕਰਦੇ ਹਾਂ ਅਤੇ ਪ੍ਰਧਾਨ ਮੰਤਰੀ ਨੂੰ ਵੀ ਅਜਿਹਾ ਹੀ ਕਰਨ ਲਈ ਕਹਿੰਦੇ ਹਾਂ।"




Amandeep Singh
Ph:916-712-2735
DRE#01357217

## Buy a Home With Zero Cash! No Money Down!

For FREE list of properties and pre-recorded information on how "NO MONEY DOWN" Program Work. Govt. Loans, USDA, VA, Down Assistance Program and many more. Call Toll Free:1-888-450-6603 ID#4074



**$169,000**
**Rancho Cordova - $645 Payment**
Quite street. Bright living & family room. Perfect home. Private Shaded backyard. Cozy fireplace.
**FREE INFO: 1-888-450-6603**
ID#4230



**$199,000**
**Elk Grove - $806 Payment**
Great School. Cul-de-sac. Ready to move. Clean. Family Home. Safe Neighborhood
**FREE INFO: 1-888-450-6603**
ID#4243



**$149,000**
**Sacramento – $604 Payment**
Open floor plan. First time homebuyer. Bank Owned. Clean. Less than Rent. Beautiful
**FREE INFO: 1-888-450-6603**
ID#4241



**$139,900**
**Vintage – $566 Payment**
Great deal for home buyer. Walking distance to school, park, shopping plazas. Desirable location. Family Home.
**FREE INFO: 1-888-450-6603**
ID#4234



**179,900**
**Vintage – $728 Payment**
4 Beds. 3 Car garage. Quite Street. Private backyard. Eat in Kitchen. Near school & par. Great Home. Bright rooms
**FREE INFO: 1-888-450-6603**
ID#4242



**$99,000**
**Sacramento – $405 Payment**
Safe Neighborhood. Investor dream. Easy access to highway. Great School. Open floor plan. RV access.
**FREE INFO: 1-888-450-6603**
ID#4247



**$189,000**
**Elk Grove – $765 Payment**
2 story. Separate family living room. Desirable location. Great Area. Beautiful. Tree lined streets.
**FREE INFO: 1-888-450-6603**
ID#4240



**$120,000**
**Sacramento – $479**
Nice 4 bedroom 2 bath house. Clean. Family room. Desirable location. Private back yard.
**FREE INFO: 1-888-450-6603**
ID#4244



**$149,000**
**Sacramento**
Preferable area. Quite Street. Open lay out. Good neighborhood. Lively, Walking distance to park.
**FREE INFO: 1-888-450-6603**
ID#4246



**$240,000**
**Elk Grove – $953**
5 Beds. Preferable location. Quite area. Tree lined street. Hardwood Floors. Formal Dining. Granite Counters
**FREE INFO: 1-888-450-6603**
ID#4238



**$168,000**
**Natomas - $667**
2 Story. Beautiful area. Newer homes. Club house. Walking trails. Remodel kitchen. Bright rooms.
**FREE INFO: 1-888-450-6603**
ID#4245




**For Short Sale I received over $4,500 FREE** cash back money when we did our short sale. Both my first, second loans, utility bills and property taxes were forgiven by the lenders. Mike and family

**Get Free list of Homes at www.statewideteam.net**

**Punjab Times**
**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California Bureau:**
Mann Mandeep
Bureau Chief
661-889-1927
Shiara Dhindsa
Photographer
661-703-6664
Charanjit Singh Pannu
408-608-4961
Gurbarinder Singh Raja
916-533-2678

**Honorary Directors**
**Community Relations:**
Pritam S. Grewal
408-406-0703
Kuljeet Singh
510-284-9580

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, New York, Missouri

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 85 ਡਾਲਰ,**
**ਪੰਜ ਸਾਲ ਲਈ: 400 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜरूਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਜੰਮੂ-ਕਸ਼ਮੀਰ 'ਚ 2156 ਮੁੰਡੇ ਅਣਪਛਾਤੇ ਕਹਿ ਕੇ ਦਫਨਾ ਦਿੱਤੇ ਗਏ




*ਧਰਨਾ ਦੇ ਰਹੇ ਲਾਪਤਾ ਨੌਜਵਾਨਾਂ ਦੇ ਵਿਲਕ ਰਹੇ ਮਾਪੇ*

**ਸ੍ਰੀਨਗਰ (ਪੰਜਾਬ ਟਾਈਮਜ਼ ਬਿਊਰੋ):** ਜੰਮੂ-ਕਸ਼ਮੀਰ ਵਿਚ 1990 'ਚ ਦਹਿਸ਼ਤਪਸੰਦੀ ਦਾ ਦੌਰਾ ਸ਼ੁਰੂ ਹੋਣ ਤੋਂ ਬਾਅਦ ਪਹਿਲੀ ਵਾਰ ਸਰਕਾਰੀ ਪੱਧਰ 'ਤੇ ਇਹ ਸਵੀਕਾਰ ਕੀਤਾ ਗਿਆ ਹੈ ਕਿ ਘਾਟੀ 'ਚ 38 ਥਾਂਵਾਂ ਉਤੇ 2156 ਅਣਪਛਾਤੇ ਨੌਜਵਾਨਾਂ ਨੂੰ ਦਫ਼ਨਾਇਆ ਗਿਆ ਹੈ। ਇਹ ਅੰਕੜੇ ਜੰਮੂ-ਕਸ਼ਮੀਰ ਮਨੁੱਖੀ ਅਧਿਕਾਰ ਕਮਿਸ਼ਨ ਦੇ ਜਾਂਚ ਵਿੰਗ ਨੇ ਸਾਹਮਣੇ ਲਿਆਂਦੇ ਹਨ। ਗੌਰਤਲਬ ਹੈ ਕਿ ਸੂਬੇ 'ਚ 1990 ਤੋਂ ਲੈ ਕੇ ਹੁਣ ਤੱਕ ਅਣਗਿਣਤ ਨੌਜਵਾਨ ਲਾਪਤਾ ਹੋਏ ਹਨ। ਇਨ੍ਹਾਂ ਨੌਜਵਾਨਾਂ ਦੇ ਵਾਰਸ ਥਾਂ-ਥਾਂ ਟੱਕਰਾਂ ਮਾਰ ਕੇ ਅੱਕ-ਥੱਕ ਗਏ ਹਨ ਪਰ ਅਜੇ ਤੱਕ ਉਨ੍ਹਾਂ ਬਾਰੇ ਕੋਈ ਸੁਰਾਗ ਨਹੀਂ ਮਿਲਿਆ।

ਮਨੁੱਖੀ ਅਧਿਕਾਰ ਕਮਿਸ਼ਨ ਨੇ ਸਰਕਾਰ ਨੂੰ ਇਹ ਸੁਝਾਅ ਦਿੱਤਾ ਹੈ ਕਿ ਲਾਸ਼ਾਂ ਦੇ ਨਮੂਨੇ ਲੈ ਕੇ ਲਾਪਤਾ ਨੌਜਵਾਨਾਂ ਦੇ ਵਾਰਸਾਂ ਨਾਲ ਮਿਲਾਏ ਜਾਣ ਤਾਂ ਕਿ ਉਨ੍ਹਾਂ ਬਾਰੇ ਪਤਾ ਲਾਇਆ ਜਾ ਸਕੇ। ਚੇਤੇ ਰਹੇ ਕਿ ਮਨੁੱਖੀ ਅਧਿਕਾਰ ਕਮਿਸ਼ਨ ਦੇ ਜਾਂਚ ਵਿੰਗ ਵੱਲੋਂ ਇਹ ਜਾਂਚ 3 ਸਾਲ ਪਹਿਲਾਂ ਸ਼ੁਰੂ ਕੀਤੀ ਗਈ ਸੀ। ਵਿੰਗ ਦੀ ਇਸ 11 ਮੈਂਬਰੀ ਜਾਂਚ ਟੀਮ ਦੇ ਮੁਖੀ ਐਸ.ਐਸ.ਪੀ. ਬਸ਼ੀਰ ਅਹਿਮਦ ਯਾਤੂ ਸਨ। ਇਸ ਟੀਮ ਨੇ ਅਣਪਛਾਤੀਆਂ ਲਾਸ਼ਾਂ ਬਾਰੇ ਪਤਾ ਲਾਉਣ ਲਈ ਸਭ ਤੋਂ ਪਹਿਲਾਂ ਤਾਂ ਪੁਲਿਸ ਰਿਕਾਰਡ ਦੀ ਪੁਣ-ਛਾਣ ਕੀਤੀ। ਇਸ ਤੋਂ ਬਾਅਦ ਇਹ ਟੀਮ ਪਿੰਡਾਂ 'ਚ ਬਣਾਈਆਂ ਕਮੇਟੀਆਂ, ਸਰਪੰਚਾਂ, ਪਿੰਡਾਂ ਦੇ ਬਜ਼ੁਰਗਾਂ, ਮਸੀਤ ਕਮੇਟੀਆਂ, ਕਬਰ-ਪੁੱਟਾਂ ਨੂੰ ਜਾ ਕੇ ਮਿਲੀ। ਇਨ੍ਹਾਂ ਸਾਰਿਆਂ ਨੇ ਇਸ ਸਾਰੇ ਤੱਥ ਇਸ ਸ਼ਰਤ 'ਤੇ ਦੱਸੇ ਹਨ ਕਿ ਉਨ੍ਹਾਂ ਦੇ ਨਾਂ ਕਿਤੇ ਨਸ਼ਰ ਨਹੀਂ ਕੀਤੇ ਜਾਣਗੇ।

ਕਮਿਸ਼ਨ ਦੀ ਰਿਪੋਰਟ ਅਨੁਸਾਰ ਬਾਰਾਮੁੱਲਾ ਜ਼ਿਲ੍ਹੇ 'ਚ 21, ਬਾਂਦੀਪੁਰਾ ਤੇ ਹੰਦਵਾੜਾ 'ਚ 3-3 ਅਤੇ ਕੁਪਵਾੜਾ ਜ਼ਿਲ੍ਹੇ 'ਚ ਅਜਿਹੀਆਂ 21 ਕਬਰਾਂ ਲੱਭੀਆਂ ਹਨ ਜਿੱਥੇ ਅਣਪਛਾਤੀਆਂ ਲਾਸ਼ਾਂ ਦਫਨਾਈਆਂ ਗਈਆਂ। ਇਨ੍ਹਾਂ ਵਿਚੋਂ ਬਾਰਾਮੁੱਲਾ 'ਚ 851, ਬਾਂਦੀਪੁਰਾ ਤੇ ਹੰਦਵਾੜਾ ਵਿਚ 14-14 ਅਤੇ ਕੁਪਵਾੜਾ ਵਿਚ 1277 ਅਣਪਛਾਤੀਆਂ ਲਾਸ਼ਾਂ ਮਿਲੀਆਂ ਹਨ। ਰਿਪੋਰਟ ਅਨੁਸਾਰ ਪੁਲਿਸ ਨੇ ਇਹ ਲਾਸ਼ਾਂ ਅਣਪਛਾਤੇ ਦਹਿਸ਼ਤਪਸੰਦਾਂ ਦੀਆਂ ਕਹਿ ਕੇ ਦਫ਼ਨਾਈਆਂ ਸਨ ਪਰ ਇਨ੍ਹਾਂ 2730 ਲਾਸ਼ਾਂ ਵਿਚੋਂ 574 ਲਾਸ਼ਾਂ ਤਾਂ ਅਜਿਹੇ ਬੰਦਿਆਂ ਦੀਆਂ ਸਨ ਜਿਨ੍ਹਾਂ ਦੀ ਸਥਾਨਕ ਲੋਕਾਂ ਨੇ ਬਾਕਾਇਦਾ ਸ਼ਨਾਖ਼ਤ ਕਰ ਲਈ।

ਮਨੁੱਖੀ ਅਧਿਕਾਰ ਕਮਿਸ਼ਨ ਵੱਲੋਂ ਇਹ ਰਿਪੋਰਟ 'ਐਸੋਸੀਏਸ਼ਨ ਆਫ ਪੇਰੈਂਟਸ ਆਫ ਡਿਸਅਪੀਅਰਡ ਪਰਸਨਜ਼' (ਲਾਪਤਾ ਬੰਦਿਆਂ ਦੇ ਮਾਪਿਆਂ ਦੀ ਸੰਸਥਾ) ਵੱਲੋਂ ਮਾਰਚ 2008 ਵਿਚ ਜਾਰੀ ਕੀਤੀ ਰਿਪੋਰਟ ਤੋਂ ਬਾਅਦ ਸਾਹਮਣੇ ਲਿਆਂਦੀ ਗਈ ਹੈ। ਸੰਸਥਾ ਦੀ ਰਿਪੋਰਟ 'ਚ ਦੋਸ਼ ਲਾਇਆ ਗਿਆ ਸੀ ਕਿ ਕਈ ਥਾਂਵਾਂ 'ਤੇ ਅਣਪਛਾਤੀਆਂ ਕਹਿ ਕੇ ਲਾਸ਼ਾਂ ਦਫ਼ਨਾਈਆਂ ਗਈਆਂ ਹਨ। ਇਸ ਤੋਂ ਤੁਰੰਤ ਬਾਅਦ ਅਪਰੈਲ 2008 'ਚ ਮਨੁੱਖੀ ਅਧਿਕਾਰ ਕਮਿਸ਼ਨ ਨੇ ਕਾਂਗਰਸ-ਪੀ.ਡੀ.ਪੀ. ਗਠਜੋੜ ਦੀ ਸਰਕਾਰ ਨੂੰ ਇਸ ਸਬੰਧੀ ਨੋਟਿਸ ਜਾਰੀ ਕੀਤਾ ਅਤੇ ਨਾਲ ਹੀ ਜਾਂਚ ਲਈ ਕਮੇਟੀ ਵੀ ਬਣਾ ਦਿੱਤੀ। ਦਸੰਬਰ 2009 ਵਿਚ ਇਕ ਹੋਰ ਮਨੁੱਖੀ ਅਧਿਕਾਰ ਸੰਸਥਾ 'ਇੰਟਰਨੈਸ਼ਨਲ ਪੀਪਲਜ਼ ਟ੍ਰਿਬਿਊਨਲ ਆਨ ਹਿਊਮਨ ਰਾਈਟਸ' ਨੇ ਵੀ ਰਿਪੋਰਟ ਜਾਰੀ ਕੀਤੀ। ਇਸ ਵਿਚ ਵੀ ਉਹੀ ਖੁਲਾਸਾ ਕੀਤਾ ਗਿਆ ਸੀ ਕਿ ਕੁਝ ਥਾਂਵਾਂ 'ਤੇ ਅਣਪਛਾਤੀਆਂ ਲਾਸ਼ਾਂ ਦਫ਼ਨਾਈਆਂ ਗਈਆਂ ਹਨ।

ਜੰਮੂ-ਕਸ਼ਮੀਰ ਮਨੁੱਖੀ ਅਧਿਕਾਰ ਕਮਿਸ਼ਨ ਨੇ ਆਪਣੀ ਰਿਪੋਰਟ 'ਚ 'ਆਰਮਡ ਫੋਰਸਸ ਸਪੈਸ਼ਲ ਪਾਵਰਜ਼ ਐਕਟ (ਅਫ਼ਸਪਾ) ਅਤੇ ਡਿਸਟਰਬਡ ਏਰੀਆ ਐਕਟ ਦੀ ਦੁਰਵਰਤੋਂ ਰੋਕਣ ਲਈ ਕੁਝ ਸਝਾਅ ਵੀ ਦਿੱਤੇ ਹਨ। ਇਸ ਵਿਚ ਇਹ ਸੁਝਾਅ ਵੀ ਸ਼ਾਮਲ ਹੈ ਕਿ ਜੇਕਰ ਸੁਰੱਖਿਆ ਬਲ ਕਿਸੇ ਨੂੰ ਮਾਰਦੇ ਹਨ, ਤਾਂ ਉਹ ਭਾਵੇਂ ਦਹਿਸ਼ਤਪਸੰਦ ਹੋਵੇ ਜਾਂ ਆਮ ਨਾਗਰਿਕ, ਉਸ ਦੀ ਸ਼ਨਾਖ਼ਤ ਜ਼ਰੂਰ ਦਰਜ ਕੀਤੀ ਜਾਵੇ ਜਾਂ ਉਸ ਦਾ ਡੀ.ਐਨ.ਏ. ਸੈਂਪਲ ਲਿਆ ਜਾਵੇ।

ਛੱਬੀ ਸਾਲਾ ਮੁਟਿਆਰ ਬਿਲਕੀਸ ਮਨਜ਼ੂਰ ਨੂੰ 9 ਸਾਲ ਪਹਿਲਾਂ ਦਾ ਉਹ ਵਕਤ ਭੁਲਾਇਆਂ ਵੀ ਨਹੀਂ ਭੁੱਲਦਾ ਜਦੋਂ 18 ਜਨਵਰੀ ਦੀ ਠੰਢੀ ਸਰਦ ਰਾਤ ਨੂੰ ਪਿੰਡ ਰਾਵਲਪੁਰਾ 'ਚ ਉਸ ਦੇ ਘਰ ਦਾ ਬੂਹਾ ਖੜਕਾਇਆ ਗਿਆ ਸੀ। ਦਰਵਾਜ਼ਾ ਖੋਲ੍ਹਿਆ ਤਾਂ ਸਾਹਮਣੇ ਫੌਜੀ ਖੜ੍ਹੇ ਸਨ। ਬਿਲਕੀਸ ਮੁਤਾਬਕ ਫੌਜੀਆਂ ਨੇ ਉਨ੍ਹਾਂ ਨੂੰ ਪਾਸੇ ਧੱਕਿਆ ਅਤੇ ਘਰ ਦੀ ਤਲਾਸ਼ੀ ਸ਼ੁਰੂ ਕਰ ਦਿੱਤੀ। ਜਾਂਦੇ ਹੋਏ ਉਹ ਉਸ ਦੇ ਅੱਬਾ ਮਨਜ਼ੂਰ ਅਹਿਮਦ ਡਾਰ ਨੂੰ ਨਾਲ ਲੈ ਗਏ। ਅੱਬਾ ਕੁਝ ਘੰਟੇ ਪਹਿਲਾਂ ਹੀ ਆਪਣੀ ਦਵਾਈਆਂ ਦੀ ਦੁਕਾਨ ਬੰਦ ਕਰਕੇ ਘਰ ਮੁੜੇ ਸਨ। ਬਿਲਕੀਸ ਜੋ ਉਦੋਂ 17 ਸਾਲ ਦੀ ਸੀ, ਦੱਸਦੀ ਹੈ ਕਿ ਇਸ ਤੋਂ ਬਾਅਦ ਅੱਬਾ ਦੀ ਤਲਾਸ਼ ਸ਼ੁਰੂ ਹੋ ਗਈ। ਉਹ ਆਰਮੀ ਕੈਂਪ ਗਏ, ਉਥੇ ਮੇਜਰ ਮਲਹੋਤਰਾ ਨੇ ਉਨ੍ਹਾਂ ਨੂੰ ਦੱਸਿਆ ਕਿ ਉਸ ਦੇ ਅੱਬਾ ਨੂੰ ਪੁੱਛਗਿੱਛ ਲਈ ਲਿਆਂਦਾ ਗਿਆ ਹੈ, ਛੇਤੀ ਹੀ ਛੱਡ ਦਿੱਤਾ ਜਾਵੇਗਾ। ਉਸ ਨੇ ਦੱਸਿਆ ਕਿ ਜਿਹੜੇ ਫੌਜੀ ਉਸ ਦੇ ਅੱਬਾ ਨੂੰ ਚੁੱਕ ਕੇ ਲਿਆਏ ਸਨ ਉਨ੍ਹਾਂ ਦੀ ਅਗਵਾਈ ਮੇਜਰ ਮਲਹੋਤਰਾ ਹੀ ਕਰ ਰਹੇ ਸਨ। ਇਸ ਤੋਂ ਬਾਅਦ ਉਸ ਦੇ ਅੱਬਾ ਬਾਰੇ ਕੁਝ ਵੀ ਪਤਾ ਨਹੀਂ ਲੱਗਾ।

ਮਗਰੋਂ ਪੈਰਵੀ ਕਰਨ 'ਤੇ ਸ੍ਰੀਨਗਰ ਦੇ ਚੀਫ਼ ਜੁਡੀਸ਼ੀਅਲ ਮੈਜਿਸਟਰੇਟ ਨੇ ਸਦਰ ਥਾਣੇ ਨੂੰ ਹੁਕਮ ਦਿੱਤਾ ਕਿ ਮੇਜਰ ਮਲਹੋਤਰਾ ਅਤੇ ਉਸ ਦੀ ਰਾਸ਼ਟਰੀ ਰਾਈਫ਼ਲਜ਼ ਦੇ 35 ਫੌਜੀਆਂ ਖਿਲਾਫ਼ ਕੇਸ ਦਰਜ ਕੀਤਾ ਜਾਵੇ। ਫਿਰ ਵੀ ਕੁਝ ਨਹੀਂ ਹੋਇਆ। ਫਿਰ ਪਰਿਵਾਰ ਨੇ ਜੰਮੂ-ਕਸ਼ਮੀਰ ਹਾਈ ਕੋਰਟ ਦਾ ਦਰਵਾਜ਼ਾ ਖੜਕਾਇਆ। ਅਦਾਲਤ ਦੇ ਹੁਕਮਾਂ 'ਤੇ ਪੁਲਿਸ ਮੁਖੀ ਨੇ ਕੇਸ ਦੀ ਜਾਂਚ ਲਈ ਵਿਸ਼ੇਸ਼ ਟੀਮ ਬਣਾ ਦਿੱਤੀ। ਪੁਲਿਸ ਨੇ ਫੌਜ ਨੂੰ ਕਈ ਪੱਤਰ ਲਿਖੇ ਅਤੇ ਮੇਜਰ ਮਲਹੋਤਰਾ ਤੇ ਹੋਰ ਫੌਜੀਆਂ ਨੂੰ ਪੇਸ਼ ਹੋਣ ਲਈ ਕਿਹਾ ਪਰ ਫੌਜ ਨੇ ਕੋਈ ਹੁੰਗਾਰਾ ਨਹੀਂ ਭਰਿਆ। ਇਸੇ ਦੌਰਾਨ ਮੇਜਰ ਮਹਲੋਤਰਾ ਦੀ ਬਦਲੀ ਹੋ ਗਈ ਅਤੇ ਉਸ ਨੂੰ ਕਰਨਲ ਵਜੋਂ ਤਰੱਕੀ ਵੀ ਦੇ ਦਿੱਤੀ ਗਈ। ਬਿਲਕੀਸ ਨੂੰ ਮਨੁੱਖੀ ਅਧਿਕਾਰ ਕਮਿਸ਼ਨ ਦੀ ਜਾਂਚ ਰਿਪੋਰਟ ਤੋਂ ਬਾਅਦ ਹੁਣ ਕੁਝ ਆਸ ਬੱਝੀ ਹੈ। ਉਸ ਮੁਤਾਬਕ 3 ਸਾਲ ਤੋਂ ਉਹ ਆਪਣੇ ਅੱਬਾ ਨੂੰ ਉਡੀਕ ਰਹੇ ਹਨ। ਹੁਣ ਘਰ ਮੁੜਨ ਦੀ ਉਡੀਕ ਤਾਂ ਭਾਵੇਂ ਮਰ-ਮੁੱਕ ਗਈ ਹੈ, ਪਰ ਇਹ ਪਤਾ ਤਾਂ ਲੱਗੇਗਾ ਕਿ ਅੱਬਾ ਨੂੰ ਖ਼ਤਮ ਕਰ ਦਿੱਤਾ ਗਿਆ ਹੈ।

ਸਰਦੀ ਦੇ ਹਰ ਮੌਸਮ ਦੌਰਾਨ 42 ਸਾਲਾ ਤਾਹਿਰਾ ਦਾ ਖਾਵੰਦ ਤਾਰਿਕ ਅਹਿਮਦ, ਬੁਨਿਆੜ ਵਿਖੇ ਆਪਣੇ ਘਰ ਤੋਂ ਦਿੱਲੀ ਲਈ ਰਵਾਨਾ ਹੋ ਜਾਂਦਾ ਸੀ ਪਰ 2002 ਦੀਆਂ ਸਰਦੀਆਂ ਨੂੰ ਉਹ ਘਰੋਂ ਗਿਆ ਵਾਪਸ ਨਹੀਂ ਆਇਆ। ਨੌਂ ਸਾਲਾਂ ਬਾਅਦ ਵੀ ਉਸ ਦੀ ਕੋਈ ਉਘ-ਸੁੱਘ ਨਹੀਂ ਹੈ। ਤਾਹਿਰਾ ਦੇ ਤਿੰਨ ਬੱਚੇ ਹਨ ਜਿਨ੍ਹਾਂ ਦੀ ਉਮਰ 16, 14 ਅਤੇ 11 ਸਾਲ ਹੈ। ਸਭ ਤੋਂ ਛੋਟਾ ਪੁੱਤਰ ਸਾਹਿਲ ਜਦੋਂ ਆਪਣੇ ਅੱਬਾ ਬਾਰੇ ਪੁੱਛਦਾ ਹੈ ਤਾਂ ਮਾਂ ਕੋਲ ਕੋਈ ਜਵਾਬ ਨਹੀਂ ਹੁੰਦਾ। ਅੱਬਾ ਦੇ ਲਾਪਤਾ ਹੋਣ ਵੇਲੇ ਸਾਹਿਲ ਸਿਰਫ਼ 2 ਸਾਲ ਦਾ ਸੀ। ਤਾਹਿਰਾ ਨੇ ਆਪਣੇ ਖਾਵੰਦ ਨੂੰ ਲੱਭਣ ਲਈ ਥਾਂ-ਥਾਂ ਟੱਕਰਾਂ ਮਾਰੀਆਂ ਪਰ ਕਿਤੋਂ ਵੀ ਕੋਈ ਜਾਣਕਾਰੀ ਨਾ ਮਿਲੀ। ਉਸ ਨੇ ਕਿਹਾ ਕਿ ਹੁਣ ਜੇਕਰ ਡੀ.ਐਨ.ਏ. ਟੈਸਟ ਰਾਹੀਂ ਲਾਸ਼ ਦੀ ਸ਼ਨਾਖ਼ਤ ਹੋ ਜਾਂਦੀ ਹੈ ਤਾਂ ਘੱਟੋ-ਘੱਟ ਉਨ੍ਹਾਂ ਨੂੰ ਇਹ ਸਬਰ ਤਾਂ ਹੋ ਜਾਵੇਗਾ ਕਿ ਉਸ ਦਾ ਖਾਵੰਦ ਮਾਰਿਆ ਜਾ ਚੁੱਕਿਆ ਹੈ।

ਇਸ ਤੋਂ ਇਲਾਵਾ ਹੋਰ ਬਹੁਤ ਸਾਰੇ ਕੇਸ ਹਨ ਜਿਨ੍ਹਾਂ ਦੇ ਵੇਰਵੇ ਜੰਮੂ-ਕਸ਼ਮੀਰ ਮਨੁੱਖੀ ਅਧਿਕਾਰ ਕਮਿਸ਼ਨ ਵਿਚ ਦਰਜ ਕੀਤੇ ਗਏ ਹਨ। ਇਨ੍ਹਾਂ ਬਾਰੇ ਵਾਰਸਾਂ ਨੂੰ ਅਜੇ ਤੱਕ ਕੁਝ ਵੀ ਪਤਾ ਨਹੀਂ ਹੈ।

ਜ਼ਿਕਰਯੋਗ ਹੈ ਕਿ ਬਿਲਕੁਲ ਅਜਿਹਾ ਹੀ ਪੰਜਾਬ ਵਿਚ ਵੀ ਹੋਇਆ। ਇਕੱਲੇ ਤਰਨ ਤਾਰਨ ਜਿਲ੍ਹੇ ਵਿਚ ਹੀ ਪੁਲਿਸ ਨੇ ਕੋਈ ਢਾਈ ਹਜ਼ਾਰ ਲਾਸ਼ਾਂ ਲਾਵਾਰਸ ਕਹਿ ਕੇ ਬਿਲੇ ਲਾਈਆਂ। ਮਨੁੱਖੀ ਅਧਿਕਾਰ ਕਾਰਕੁਨ ਜਸਵੰਤ ਸਿੰਘ ਖਾਲੜਾ ਨੇ ਪੂਰੀ ਜਾਂਚ ਪਿਛੋਂ ਇਹ ਇੰਕਸ਼ਾਫ ਕੀਤਾ ਸੀ ਪਰ ਬਾਅਦ ਵਿਚ ਖੁਦ ਉਸ ਨੂੰ ਹੀ ਲਾਪਤਾ ਲਾਸ਼ ਬਣਾ ਦਿੱਤਾ ਗਿਆ।

## ਅਜੇ ਅੰਤਿਮ ਰਿਪੋਰਟ ਜਾਰੀ ਨਹੀਂ ਕੀਤੀ: ਕਮਿਸ਼ਨ

**ਸ੍ਰੀਨਗਰ:** ਜੰਮੂ-ਕਸ਼ਮੀਰ ਮਨੁੱਖੀ ਅਧਿਕਾਰ ਕਮਿਸ਼ਨ ਦੇ ਸਕੱਤਰ ਨੇ ਇਹ ਕਹਿ ਕੇ ਇਸ ਮਾਮਲੇ ਨੂੰ ਬਿਲਕੁੱਲ ਨਵਾਂ ਮੋੜ ਦੇ ਦਿੱਤਾ ਕਿ ਅਣਪਛਾਤੀਆਂ ਲਾਸ਼ਾਂ ਦਫਨਾਉਣ ਬਾਰੇ ਕਮਿਸ਼ਨ ਨੇ ਅਜੇ ਕੋਈ ਰਿਪੋਰਟ ਜਾਰੀ ਨਹੀਂ ਕੀਤੀ। ਅਜੇ ਤਾਂ ਮਾਮਲੇ ਦੀ ਜਾਂਚ ਚੱਲ ਰਹੀ ਹੈ। ਇਸ ਮਾਮਲੇ ਬਾਰੇ ਭਾਵੇਂ ਕਮਿਸ਼ਨ ਦੇ ਜਾਂਚ ਵਿੰਗ ਦੇ ਐਸ.ਐਸ.ਪੀ. ਬਸ਼ੀਰ ਅਹਿਮਦ ਯਾਤੂ ਨੇ ਰਿਪੋਰਟ ਦੇ ਦਿੱਤੀ ਹੈ ਪਰ ਇਸ ਬਾਰੇ ਪੜਚੋਲ ਕੀਤੀ ਜਾ ਰਹੀ ਹੈ। ਇਸ ਮਾਮਲੇ ਦੀ ਸੁਣਵਾਈ ਕਮਿਸ਼ਨ ਦੇ ਮੁਖੀ ਜਸਟਿਸ ਸਈਦ ਬਸ਼ੀਰ-ਉਦ-ਦੀਨ ਵੱਲੋਂ ਕੀਤੀ ਜਾ ਰਹੀ ਹੈ। ਅਗਲੀ ਸੁਣਵਾਈ 16 ਸਤੰਬਰ ਨੂੰ ਹੋਣੀ ਹੈ।

ਯਾਦ ਰਹੇ ਕਿ ਐਸ.ਐਸ.ਪੀ. ਬਸ਼ੀਰ ਅਹਿਮਦ ਯਾਤੂ ਵੱਲੋਂ ਤਿਆਰ 17 ਸਫਿਆਂ ਦੀ ਰਿਪੋਰਟ ਨੇ ਸੂਬੇ ਦੀ ਸਿਆਸਤ ਨੂੰ ਹਲੂਣ ਕੇ ਰੱਖ ਦਿੱਤਾ ਹੈ। ਇਸ ਬਾਰੇ ਚਰਚਾ ਸਭ ਤੋਂ ਪਹਿਲਾਂ ਮੀਡੀਆ ਵਿਚ ਸ਼ੁਰੂ ਹੋਈ ਸੀ। ਹੁਣ ਇਸ ਰਿਪੋਰਟ ਦੇ ਆਧਾਰ 'ਤੇ ਸਿਆਸੀ ਪੇਸ਼ਕਦਮੀਆਂ ਸ਼ੁਰੂ ਹੋ ਗਈਆਂ ਹਨ।

## ਸਪੀਕਰ ਨੇ ਇਨੈਲੋ ਦੇ 31 ਵਿਧਾਇਕ ਝਟਕਾਏ

**ਚੰਡੀਗੜ੍ਹ:** ਹਰਿਆਣਾ ਵਿਧਾਨ ਸਭਾ ਦੇ ਮੌਨਸੂਨ ਸੈਸ਼ਨ ਦੌਰਾਨ ਹੋਏ ਹੰਗਾਮਾ ਕਾਰਨ ਸਪੀਕਰ ਕੁਲਦੀਪ ਸ਼ਰਮਾ ਨੂੰ ਇੰਡੀਅਨ ਨੈਸ਼ਨਲ ਲੋਕ ਦਲ ਦੇ ਵਿਧਾਇਕਾਂ ਨੂੰ ਰਹਿੰਦੇ ਸੈਸ਼ਨ ਲਈ ਮੁਅੱਤਲ ਕਰਨਾ ਪਿਆ। ਦਲ ਦੇ ਪ੍ਰਧਾਨ ਤੇ ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ ਨੂੰ ਮੁਅੱਤਲ ਨਹੀਂ ਕੀਤਾ ਗਿਆ ਪਰ ਉਹ ਆਪਣੇ ਸਾਥੀਆਂ ਦੇ ਨਾਲ ਹੀ ਸਦਨ ਵਿਚੋਂ ਬਾਹਰ ਨਿਕਲ ਗਏ। ਇਨੈਲੋ ਦੇ 31 ਵਿਧਾਇਕਾਂ 'ਤੇ ਸਦਨ ਦੀ ਕਾਰਵਾਈ ਵਿਚ ਵਿਘਨ ਪਾਉਣ ਤੇ ਰੌਲਾ ਰੱਪਾ ਪਾਉਣ ਦਾ ਦੋਸ਼ ਹੈ।

ਇਸ ਤੋਂ ਪਹਿਲਾਂ ਭਾਰਤੀ ਜਨਤਾ ਪਾਰਟੀ ਦੇ ਵਿਧਾਇਕ ਅਨਿਲ ਵਿੱਜ ਵੱਲੋਂ ਜਨ ਲੋਕਪਾਲ ਬਿੱਲ 'ਤੇ ਬਹਿਸ ਕਰਨ ਦੀ ਮੰਗ ਨੂੰ ਲੈ ਕੇ ਰੌਲਾ ਪਾਉਣ 'ਤੇ ਸਪੀਕਰ ਨੇ ਉਸ ਨੂੰ ਵੀ ਇਕ ਦਿਨ ਲਈ ਮੁਅੱਤਲ ਕਰ ਦਿੱਤਾ। ਭਾਜਪਾ ਦੇ ਤਿੰਨ ਵਿਧਾਇਕ ਕ੍ਰਿਸ਼ਨ ਪਾਲ ਗੁੱਜਰ, ਘਨਸ਼ਾਮ ਸਰਾਫ਼ ਤੇ ਕਵਿਤਾ ਜੈਨ ਆਪਣੇ ਸਾਥੀ ਦੀ ਹਮਾਇਤ ਵਿਚ ਸਦਨ ਵਿੱਚੋਂ ਬਾਹਰ ਚਲੇ ਗਏ। ਪਿੱਛੋਂ ਇਹ ਤਿੰਨੋਂ ਜਣੇ ਆਪ ਹੀ ਸਦਨ ਵਿਚ ਵਾਪਸ ਆ ਗਏ ਤੇ ਆਪਣੇ ਸਾਥੀ ਨੂੰ ਵਾਪਸ ਲਿਆਉਣ ਦੀ ਮੰਗ ਕੀਤੀ। ਸਪੀਕਰ ਨੇ ਮੁੜ ਨਾਅਰੇਬਾਜ਼ੀ ਨਾ ਕਰਨ ਦਾ ਭਰੋਸਾ ਲੈਣ ਤੋਂ ਬਾਅਦ ਅਨਿਲ ਵਿੱਜ ਦੀ ਮੁਅੱਤਲੀ ਦੇ ਹੁਕਮ ਵਾਪਸ ਲੈ ਲਏ। ਭਾਜਪਾ ਦੇ ਵਿਧਾਇਕਾਂ ਵੱਲੋਂ ਜਨ ਲੋਕਪਾਲ ਬਿੱਲ ਦੇ ਮੁੱਦੇ 'ਤੇ ਸਦਨ ਦੇ ਸ਼ੁਰੂ ਵਿਚ ਹੀ ਬਹਿਸ ਦੀ ਮੰਗ ਕੀਤੀ ਗਈ ਸੀ। ਇਨੈਲੋ ਦੇ ਵਿਧਾਇਕ ਰਾਮ ਪਾਲ ਮਾਜਰਾ ਨੇ ਪ੍ਰਸ਼ਨ ਕਾਲ ਖ਼ਤਮ ਹੁੰਦਿਆਂ ਹੀ ਜਨ ਲੋਕਪਾਲ ਬਿੱਲ ਦੇ ਹੱਕ ਵਿਚ ਮਤਾ ਪਾਸ ਕਰਨ ਦੀ ਮੰਗ ਸ਼ੁਰੂ ਕਰ ਦਿੱਤੀ।

## ਸ਼੍ਰੋਮਣੀ ਕਮੇਟੀ ਚੋਣਾਂ

*(ਸਫਾ ਇਕ ਦੀ ਬਾਕੀ)*

ਵਿਚ ਨਸ਼ੇ ਵੰਡਣ ਵਾਲਿਆਂ 'ਤੇ ਸਖਤ ਨਜ਼ਰ ਰੱਖੇਗੀ। ਪੰਥਕ ਤਾਲਮੇਲ ਕਮੇਟੀ ਸ਼੍ਰੋਮਣੀ ਕਮੇਟੀ ਚੋਣਾਂ 'ਚ ਨਸ਼ੇ ਵੰਡਣ ਵਾਲੇ ਉਮੀਦਵਾਰਾਂ ਦਾ ਸਟਿੰਗ ਓਪਰੇਸ਼ਨ ਵੀ ਕਰੇਗੀ। ਜੇਕਰ ਕਿਸੇ ਉਮੀਦਵਾਰ ਦੇ ਖ਼ਿਲਾਫ਼ ਨਸ਼ੇ ਵੰਡਣ ਦੀ ਸ਼ਿਕਾਇਤ ਮਿਲੀ ਤਾਂ ਸਿੱਖ ਸੰਗਤਾਂ ਨੂੰ ਅਪੀਲ ਵੀ ਕੀਤੀ ਜਾਵੇਗੀ ਕਿ ਉਹ ਅਜਿਹੇ ਉਮੀਦਵਾਰਾਂ ਦਾ ਬਾਈਕਾਟ ਕਰਨ। ਉਨ੍ਹਾਂ ਕਿਹਾ ਕਿ ਸਿੱਖਾਂ ਦੀ ਸਰਵਉੱਚ ਸੰਸਥਾ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਵੀ ਅਪੀਲ ਕਰਾਂਗੇ ਕਿ ਚੋਣਾਂ 'ਚ ਨਸ਼ੇ ਵੰਡਣ ਵਾਲੇ ਉਮੀਦਵਾਰਾਂ ਨੂੰ ਸਿੱਖ ਪੰਥ ਵਿਚੋਂ ਛੇਕਿਆ ਜਾਵੇ। ਇਸ ਤੋਂ ਇਲਾਵਾ ਮੁੱਖ ਚੋਣ ਕਮਿਸ਼ਨ ਕੋਲ ਨਸ਼ੇ ਵੰਡਣ ਵਾਲੇ ਉਮੀਦਵਾਰ ਦੇ ਨਾਮਜ਼ਦਗੀ ਕਾਗਜ਼ ਰੱਦ ਕਰਵਾਉਣ ਦੀ ਮੰਗ ਵੀ ਕੀਤੀ ਜਾਵੇਗੀ ਤੇ ਜੇਕਰ ਲੋੜ ਪਈ ਤਾਂ ਉਹ ਅਜਿਹੇ ਉਮੀਦਵਾਰਾਂ ਖ਼ਿਲਾਫ਼ ਪੰਜਾਬ ਤੇ ਹਰਿਆਣਾ ਹਾਈ ਕੋਰਟ ਜਾਂ ਸੁਪਰੀਮ ਕੋਰਟ ਵੀ ਜਾਣਗੇ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਹਰਜੀਤ ਸਿੰਘ ਸਾਹੀ
ਸ੍ਰੀ ਸਰਵਣ ਸਿੰਘ ਟਿਵਾਣਾ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ੍ਰੀ ਗੁਰਿੰਦਰ ਸਿੰਘ ਗਿੱਲ
ਸ੍ਰੀ ਹੈਪੀ ਹੀਰ

FARMERS INSURANCE GROUP
Symbol of Superior Service
FARMERS®

Now at new location: 2774 Aborn Road , San Jose, CA 95121

ਆਪਣੀ ਕਾਰ ਜਾਂ ਆਪਣੇ ਘਰ ਦੀ ਇੰਸ਼ੋਰੈਂਸ ਕਵਰੇਜ ਬਾਰੇ ਤੁਹਾਡੇ ਮਨ ਵਿਚ ਕੋਈ ਸਵਾਲ ਹੈ? ਬਿਨਾਂ ਝਿਜਕ ਸਾਨੂੰ ਕਾਲ ਕਰੋ।

*"Call for a review of any of your insurance policies or to get a quote"*
*Totally Free and No Obligation to buy from us!!*



Satwant Singh
Insurance Agent
License # OH11256

*Auto *Home *Life *Business
*Workers Compensation

Call for consultation
**Ph: 408-771-2438**
*408-580-6063, 408-687-7566*
Fax: 408-273-6001
*SSINGH6@FARMERSAGENT.COM*

ਪਾਲਿਸੀ (ਅਤੇ ਪ੍ਰਾਸਪੈਕਟਸ, ਜਿਥੇ ਲਾਗੂ ਹੋਵੇ) ਸਿਰਫ ਅੰਗ੍ਰੇਜ਼ੀ ਵਿਚ ਉਪਲਬਧ ਹੈ। ਝਗੜੇ ਦੀ ਸੂਰਤ ਵਿਚ ਇਹੋ ਰੂਪ ਸਹੀ ਮੰਨਿਆ ਜਾਏਗਾ।

*Call us to know about special discounts for nurses, teachers, engineers, pharmacists, doctors and more professionals to get low prices.**

*"Discounts apply to selected property and casualty coverages, perils, and policy types only and may vary by state and eligibility. To the extent permitted by law, applicants are individually underwritten; not all applicants may qualify."

**Reliable and Experienced Real Estate Professional**

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ ਫੋਨ: 209-815-1869

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay

We Specialize in Bankowned, Foreclosure and Short Sale Homes

ਜੇ ਤੁਸੀਂ ਆਪਣਾ ਘਰ ਸ਼ਾਰਟਸੇਲ 'ਤੇ ਵੇਚਣਾ ਚਾਹੁੰਦੇ ਹੋ

If you want to sell your house in shortsale, first call 209-815-1869
*We are certified Home Afordable Foreclosure Alternative (HAFA) specilist in shortsale of homes.*



Gurbans Singh Gill
Realtor
13 Years Experiance in Real Estate
e-mail: gurbans@gotracy.com
Fax: 209-836-0706
www.gotracy.com

Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ

REALTY WORLD®
Millennium

**Gurbans Gill 209-815-1869**

ਅੱਜ ਹੀ ਸਾਨੂੰ ਕਾਲ ਕਰੋ!
**1.888.888.9914**

oraa

ਕਰੈਡਿਟ ਕਾਰਡ ਪੇਮੈਂਟਾਂ ਨੇ ਪ੍ਰੇਸ਼ਾਨ ਕੀਤਾ ਹੈ?
ਹਜ਼ਾਰਾਂ ਡਾਲਰ ਘਟਾਓ ਅਤੇ ਜਾਨ ਸੁਖੀ ਕਰੋ
ਤੁਸੀ ਆਪਣੀ ਰਹਿੰਦੀ ਪੇਮੈਂਟ 70% ਤੱਕ ਘਟਾ ਸਕਦੇ ਹੋ
ਲੇਟ ਫੀਸ ਅਤੇ ਓਵਰ ਲਿਮਿਟ ਫੀਸ ਖਤਮ ਕਰ ਸਕਦੇ ਹੋ
ਆਪਣਾ ਕਰੈਡਿਟ ਬਹਾਲ ਕਰਾਓ,
ਬੈਂਕਰਪਸੀ ਤੋਂ ਬਚੋ!

WE WORK IN ALL 50 STATES & CANADA




WE CAN HELP YOU TO RESOLVE YOUR IRS TAX DEBT TODAY
» #1 Ranked By Numerous Organizations
» Achieve Financial Peace of Mind
» Get The Fastest Possible Solution
» 100% Confidential
» Help Stop Wage Garnishments And Bank Levies
» Help You Have Peace Of Mind

# ਪੰਜਾਬ ਸਰਕਾਰ ਵੱਲੋਂ ਕਰਜ਼ਾ ਲੈ ਕੇ 'ਆਖਰੀ ਹੱਲਾ' ਮਾਰਨ ਦੀ ਤਿਆਰੀ

## ਕੇਂਦਰ ਨੇ ਕਰਜ਼ਾ ਯੋਜਨਾ ਨੂੰ ਲਾਈਆਂ ਬਰੇਕਾਂ



**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਵਿਧਾਨ ਸਭਾ ਚੋਣਾਂ ਸਿਰ 'ਤੇ ਹਨ ਪਰ ਸਰਕਾਰੀ ਖ਼ਜ਼ਾਨੀ ਖਾਲੀ ਹੈ। ਅਕਾਲੀ-ਭਾਜਪਾ ਸਰਕਾਰ ਵੱਲੋਂ ਹੁਣ ਕਰਜ਼ਾ ਲੈ ਕੇ 'ਆਖਰੀ ਹੱਲਾ' ਮਾਰਨ ਦੀ ਤਿਆਰੀ ਕੀਤੀ ਗਈ ਹੈ। ਪੰਜਾਬ ਸਰਕਾਰ ਨੇ ਸ਼ਹਿਰੀ ਵਿਕਾਸ ਲਈ 750 ਕਰੋੜ ਰੁਪਏ ਕਰਜ਼ੇ ਦੀ ਯੋਜਨਾ ਬਣਾ ਕੇ ਕੇਂਦਰ ਸਰਕਾਰ ਕੋਲ ਭੇਜੀ ਹੈ ਪਰ ਕੇਂਦਰੀ ਸ਼ਹਿਰੀ ਵਿਕਾਸ ਮੰਤਰਾਲਾ ਇਸ ਬਾਰੇ ਖਾਮੋਸ਼ ਹੈ। ਅਜਿਹੀ ਹਾਲਤ 'ਚ ਪੰਜਾਬ ਸਰਕਾਰ ਸੰਕਟ 'ਚ ਘਿਰ ਗਈ ਹੈ ਕਿਉਂਕਿ ਉਸ ਨੇ ਜਨਤਾ ਨਾਲ ਵੱਡੇ-ਵੱਡੇ ਵਾਅਦੇ ਤਾਂ ਕਰ ਲਏ ਹਨ ਪਰ ਪੱਲੇ ਧੇਲਾ ਵੀ ਨਹੀਂ।

ਸੂਤਰਾਂ ਅਨੁਸਾਰ ਰਾਜ ਸਰਕਾਰ ਵੱਲੋਂ ਹੁਡਕੋ ਤੋਂ ਲਏ ਜਾਣ ਵਾਲੇ 750 ਕਰੋੜ ਰੁਪਏ ਦੀ ਅੰਤਿਮ ਪ੍ਰਵਾਨਗੀ ਕੇਂਦਰੀ ਸ਼ਹਿਰੀ ਵਿਕਾਸ ਮੰਤਰਾਲੇ ਨੇ ਦੇਣੀ ਹੈ ਪਰ ਕੇਂਦਰ ਵੱਲੋਂ ਕਰਜ਼ਾ ਦੀ ਪ੍ਰਵਾਨਗੀ ਨੂੰ ਮੱਠਾ ਹੁੰਗਾਰਾ ਭਰਿਆ ਜਾ ਰਿਹਾ ਹੈ। ਕੇਂਦਰ ਸਰਕਾਰ ਦੇ ਇਸ ਰੁਖ਼ ਕਾਰਨ ਪੰਜਾਬ ਸਰਕਾਰ ਕਾਫੀ ਪ੍ਰੇਸ਼ਾਨ ਹੈ। ਕੇਂਦਰੀ ਮੰਤਰਾਲੇ ਦੇ ਨਾਂ-ਪੱਖੀ ਰੁਖ਼ ਤੋਂ ਬਾਅਦ ਪੰਜਾਬ ਸਰਕਾਰ ਨੇ ਇਸ ਮੁੱਦੇ 'ਤੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਤੱਕ ਪਹੁੰਚ ਕਰਨ ਦਾ ਫੈਸਲਾ ਕੀਤਾ ਹੈ। ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਦਾ ਸਮਾਂ ਨੇੜੇ ਹੋਣ ਕਾਰਨ ਕੇਂਦਰ ਸਰਕਾਰ ਦੇ ਰਵੱਈਏ ਨੂੰ ਸ਼੍ਰੋਮਣੀ ਅਕਾਲੀ ਦਲ ਵੱਲੋਂ ਰਾਜਸੀ ਨਜ਼ਰੀਏ ਤੋਂ ਵੀ ਦੇਖਿਆ ਜਾ ਰਿਹਾ ਹੈ ਕਿਉਂਕਿ ਇਹ 750 ਕਰੋੜ ਰੁਪਏ ਖਰਚ ਕੇ ਸ਼ਹਿਰਾਂ ਦੀ ਕਾਇਆ ਕਲਪ ਕਰਨ ਦਾ ਦਾਅਵਾ ਕਰਕੇ ਅਕਾਲੀ-ਭਾਜਪਾ ਸਰਕਾਰ ਵਿਧਾਨ ਸਭਾ ਚੋਣਾਂ ਦੌਰਾਨ ਇਨ੍ਹਾਂ ਵਿਕਾਸ ਕਾਰਜਾਂ ਨੂੰ ਮੁੱਖ ਮੁੱਦੇ ਵਜੋਂ ਉਭਾਰੇਗੀ।

ਸੂਤਰਾਂ ਅਨੁਸਾਰ ਕੇਂਦਰ ਸਰਕਾਰ ਵੱਲੋਂ ਆਨੇ ਬਹਾਨੇ ਇਸ ਕਰਜ਼ੇ ਦੀ ਪ੍ਰਵਾਨਗੀ ਬਾਰੇ ਅੜਿੱਕੇ ਖੜ੍ਹੇ ਕੀਤੇ ਜਾ ਰਹੇ ਹਨ। ਕੇਂਦਰ ਸਰਕਾਰ ਨੇ ਸਭ ਤੋਂ ਪਹਿਲਾਂ ਤਾਂ ਰਾਜ ਸਰਕਾਰ ਦੀ ਕਰਜ਼ਾ ਲੈਣ ਦੀ ਹੱਦ ਖ਼ਤਮ ਹੋਣ ਦਾ ਦਾਅਵਾ ਕਰਕੇ ਕਰਜ਼ੇ ਦੀ ਪ੍ਰਵਾਨਗੀ ਤੋਂ ਨਾਂਹ ਨੁੱਕਰ ਕੀਤੀ। ਉਸ ਤੋਂ ਬਾਅਦ ਜਦੋਂ ਰਾਜ ਸਰਕਾਰ ਨੇ ਮਿਊਂਸਪਲ ਕਮੇਟੀਆਂ ਨੂੰ ਵੈਟ 'ਚੋਂ ਦਿੱਤੇ ਜਾਂਦੇ ਹਿੱਸੇ ਦੀ ਆਮਦਨ ਦੇ ਆਧਾਰ 'ਤੇ ਕਰਜ਼ਾ ਲੈਣ ਦੀ ਗੱਲ ਕਹੀ ਤਾਂ ਕੇਂਦਰ ਸਰਕਾਰ ਨੇ ਇਹੀ ਕਿਹਾ ਕਿ ਵੈਟ ਦੀ ਥਾਂ 'ਤੇ ਜੇਕਰ ਜੀ.ਐਸ.ਟੀ. ਲੱਗ ਗਿਆ ਤਾਂ ਇਸ ਕਰਜ਼ੇ ਦੀ ਅਦਾਇਗੀ ਕਿਵੇਂ ਹੋ ਸਕੇਗੀ। ਸੂਤਰਾਂ ਮੁਤਾਬਕ ਕੇਂਦਰ ਸਰਕਾਰ ਦੇ ਇਸ ਰੁਖ਼ ਤੋਂ ਬਾਅਦ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਵੀ ਕਰਜ਼ੇ ਦੀ ਪ੍ਰਵਾਨਗੀ ਲਈ ਕੇਂਦਰ ਸਰਕਾਰ ਨਾਲ ਸਬੰਧਤ ਸੀਨੀਅਰ ਆਗੂ ਨਾਲ ਗੱਲ ਕੀਤੀ ਤਾਂ ਇਸ ਵਿਅਕਤੀ ਦਾ ਹੁੰਗਾਰਾਵੀ ਨਾਂ ਪੱਖੀ ਹੀ ਸੀ।

ਪੰਜਾਬ ਸਰਕਾਰ ਲਈ ਇਹ ਨਮੋਸ਼ੀ ਵਾਲੀ ਗੱਲ ਇਸ ਕਰਕੇ ਵੀ ਹੈ ਕਿਉਂਕਿ ਰਾਜ ਸਰਕਾਰ ਨੇ 750 ਕਰੋੜ ਰੁਪਏ ਦਾ ਕਰਜ਼ਾ ਮਿਲਣ ਤੋਂ ਪਹਿਲਾਂ ਹੀ ਪੈਸੇ ਦੀ ਵਰਤੋਂ ਦੇ ਸਾਰੇ ਪ੍ਰਸਤਾਵ ਤਿਆਰ ਕਰ ਲਏ ਸਨ। ਸਥਾਨਕ ਸਵੈ ਸ਼ਾਸਨ ਵਿਭਾਗ ਨੇ ਤਾਂ ਟੈਂਡਰ ਕੱਢਣ ਤੱਕ ਦੀ ਪ੍ਰਕਿਰਿਆ ਨੇੜੇ ਲਾ ਲਈ ਸੀ।

ਮੁੱਖ ਮੰਤਰੀ ਦਫ਼ਤਰ ਦੇ ਤਕਨੀਕੀ ਸਲਾਹਕਾਰ ਨੇ ਸਾਰੇ ਐਸਟੀਮੇਟ ਮੰਗਵਾ ਕੇ ਪ੍ਰਵਾਨ ਵੀ ਕਰ ਦਿੱਤੇ ਸਨ। ਮੁੱਖ ਮੰਤਰੀ ਨੇ ਦੋਹਾਂ ਪਾਰਟੀਆਂ ਦੇ ਆਗੂਆਂ ਨਾਲ ਜ਼ਿਲ੍ਹਾ ਪੱਧਰੀ ਮੀਟਿੰਗਾਂ ਕਰਕੇ ਹਰ ਜ਼ਿਲ੍ਹੇ ਤੇ ਮਿਊਂਸਪਲ ਕਮੇਟੀ ਨੂੰ ਫੰਡਾਂ ਦੀ ਵੰਡ ਵੀ ਕਰ ਦਿੱਤੀ ਸੀ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਤਾਂ ਜਲੰਧਰ ਸ਼ਹਿਰ ਵਿਚ ਵੱਡਾ ਸਮਾਗਮ ਕਰਕੇ ਸ਼ਹਿਰੀ ਖੇਤਰ ਵਿਚ ਵਿਕਾਸ ਕਾਰਜਾਂ ਦੀ ਕ੍ਰਾਂਤੀ ਲਿਆਉਣ ਦੇ ਦਾਅਵੇ ਕੀਤੇ ਸਨ।

# ਪਿੰਡਾਂ ਦੀਆਂ ਸੜਕਾਂ ਬਣਾਉਣ ਲਈ ਮਾਰਕੀਟ ਕਮੇਟੀਆਂ ਗਹਿਣੇ ਪਾਈਆਂ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਆਖਰੀ ਦਾਅ ਖੇਡਦਿਆਂ ਮਾਰਕੀਟ ਕਮੇਟੀਆਂ ਨੂੰ ਵੀ ਗਹਿਣੇ ਰੱਖਣ ਦਾ ਫ਼ੈਸਲਾ ਕੀਤਾ ਹੈ। ਇਸ ਤਰ੍ਹਾਂ ਹਾਸਲ ਕਰਜ਼ੇ ਨਾਲ ਪੇਂਡੂ ਖੇਤਰ ਦੀਆਂ ਸੜਕਾਂ ਦੀ ਮੁਰੰਮਤ ਕਰਵਾਈ ਜਾਵੇਗੀ। ਪੰਜਾਬ ਮੰਡੀ ਬੋਰਡ ਦੇ ਪ੍ਰਸਤਾਵ ਮੁਤਾਬਕ 263.52 ਕਰੋੜ ਰੁਪਏ ਦਾ ਕਰਜ਼ਾ ਦਿਹਾਤੀ ਸੜਕਾਂ ਦੀ ਮੁਰੰਮਤ ਲਈ ਲਿਆ ਜਾਣਾ ਹੈ। ਸਰਕਾਰ ਦੇ ਇਸ ਕਦਮ ਨਾਲ ਰਾਜ ਦੀਆਂ ਕੁੱਲ 146 ਮਾਰਕੀਟ ਕਮੇਟੀਆਂ ਵਿਚੋਂ 135 ਕਰਜ਼ੇ ਹੇਠ ਆ ਜਾਣਗੀਆਂ। ਇਹ ਕਰਜ਼ਾ ਓਰੀਐਂਟਲ ਬੈਂਕ ਆਫ ਕਾਮਰਸ ਤੋਂ ਲਿਆ ਜਾਣਾ ਹੈ। ਇਸ ਕਰਜ਼ੇ 'ਤੇ 10.50 ਫੀਸਦੀ ਦੇ ਹਿਸਾਬ ਨਾਲ ਵਿਆਜ ਲੱਗੇਗਾ ਤੇ ਮਾਰਕੀਟ ਕਮੇਟੀਆਂ ਪੰਜ ਸਾਲਾਂ ਦੇ ਅੰਦਰ ਕਰਜ਼ਾ ਵਾਪਸ ਕਰਨਗੀਆਂ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪੰਜਾਬ ਮੰਡੀ ਬੋਰਡ ਦੇ ਇਸ ਪ੍ਰਸਤਾਵ ਨੂੰ 20 ਜੂਨ ਨੂੰ ਪ੍ਰਵਾਨਗੀ ਦੇ ਦਿੱਤੀ ਸੀ। ਸਰਕਾਰ ਵੱਲੋਂ ਕਰਜ਼ੇ ਲਈ ਜ਼ਾਮਨੀ ਦਿੱਤੀ ਜਾਣੀ ਸੀ। ਇਸ ਲਈ ਇਹ ਮਾਮਲਾ ਵਿੱਤ ਵਿਭਾਗ ਨੂੰ ਭੇਜਿਆ ਗਿਆ। ਵਿੱਤ ਮੰਤਰੀ ਡਾ. ਉਪਿੰਦਰਜੀਤ ਕੌਰ ਦੀ ਸਹਿਮਤੀ ਤੋਂ ਬਾਅਦ ਵਿੱਤ ਵਿਭਾਗ ਨੇ ਕੁਝ ਸ਼ਰਤਾਂ ਤਹਿਤ 29 ਜੁਲਾਈ ਨੂੰ ਮਾਰਕੀਟ ਕਮੇਟੀਆਂ ਨੂੰ ਕਰਜ਼ਾ ਲੈਣ ਲਈ ਹਰੀ ਝੰਡੀ ਦੇ ਦਿੱਤੀ ਹੈ।

ਪੰਜਾਬ ਮੰਡੀ ਬੋਰਡ ਵੱਲੋਂ ਮੰਡੀਆਂ ਵਿਚ ਵਿਕਣ ਲਈ ਆਉਂਦੀ ਜਿਣਸ 'ਤੇ ਲਾਏ ਗਏ ਕਰਾਂ (ਮਾਰਕੀਟ ਫੀਸ ਤੇ ਦਿਹਾਤੀ ਵਿਕਾਸ ਫੰਡ) ਦੀ ਪਿਛਲੇ ਸਾਲ ਵਸੂਲੀ ਤਕਰੀਬਨ ਸਵਾ 1300 ਕਰੋੜ ਰੁਪਏ ਹੋਈ ਸੀ ਪਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਜੋ ਦਿਹਾਤੀ ਵਿਕਾਸ ਫੰਡ ਬੋਰਡ ਦੇ ਚੇਅਰਮੈਨ ਹਨ, ਵੱਲੋਂ ਇਸ ਫੰਡ ਦੀ ਵਰਤੋਂ ਸੰਗਤ ਦਰਸ਼ਨਾਂ ਦੌਰਾਨ ਕਰ ਦਿੱਤੀ ਹੈ। ਪੰਜਾਬ ਦੀਆਂ ਜਿਹੜੀਆਂ ਮਾਰਕੀਟ ਕਮੇਟੀਆਂ ਕਰਜ਼ੇ ਦੇ ਭਾਰ ਥੱਲੇ ਆ ਰਹੀਆਂ ਹਨ, ਉਨ੍ਹਾਂ ਵਿਚ ਅੰਮ੍ਰਿਤਸਰ ਦੀ ਮਾਰਕੀਟ ਕਮੇਟੀ 3.80 ਕਰੋੜ, ਲੁਧਿਆਣਾ ਦੀ 3.40, ਬਰਨਾਲਾ ਦੀ 3.94, ਜਲਾਲਾਬਾਦ ਦੀ 5.79, ਬਾਘਾ ਪੁਰਾਣਾ ਦੀ 6.3, ਖੰਨਾ ਦੀ ਮਾਰਕੀਟ ਕਮੇਟੀ 4.95 ਕਰੋੜ, ਮੁੱਲਾਂਪੁਰ ਦਾਖਾ ਦੀ 3, ਮਾਨਸਾ ਦੀ 3.06, ਮਲੋਟ ਦੀ 3.19, ਜਗਰਾਉਂ ਦੀ 3.18, ਰਾਮਪੁਰਾ ਫੂਲ ਦੀ 4.48, ਕੋਟਕਪੂਰਾ ਦੀ 4.85, ਫਾਜ਼ਿਲਕਾ ਦੀ 3.89 ਤੇ ਗੁਰੂ ਹਰਸਹਾਏ ਦੀ 5.79 ਕਰੋੜ ਰੁਪਏ ਦਾ ਕਰਜ਼ਾ ਲੈਣਗੀਆਂ। ਜਲੰਧਰ ਜ਼ਿਲ੍ਹੇ ਨਾਲ ਸਬੰਧਤ ਮਾਰਕੀਟ ਕਮੇਟੀਆਂ ਔਸਤਨ 2 ਕਰੋੜ ਰੁਪਏ ਦਾ ਕਰਜ਼ਾ ਲੈ ਰਹੀਆਂ ਹਨ। ਮੰਡੀ ਬੋਰਡ ਦੇ ਅਧਿਕਾਰੀਆਂ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਅਕਾਲੀ ਭਾਜਪਾ ਸਰਕਾਰ ਦੇ ਸਮੇਂ ਹੀ 1999 ਵਿਚ ਮਾਰਕੀਟ ਕਮੇਟੀਆਂ ਨੇ 135 ਕਰੋੜ ਰੁਪਏ ਦਾ ਕਰਜ਼ਾ ਲਿਆ ਸੀ। ਇਸ ਕਰਜ਼ੇ ਦੀਆਂ ਕਿਸ਼ਤਾਂ ਅਜੇ ਤੱਕ ਬਕਾਇਆ ਖੜ੍ਹੀਆਂ ਹਨ। ਕਰਜ਼ੇ ਨੇ ਕਈ ਮਾਰਕੀਟ ਕਮੇਟੀਆਂ ਨੂੰ ਵੀ ਡੋਬ ਦਿੱਤਾ ਤੇ ਇਹ ਹੁਣ ਆਪਣੇ ਮੁਲਾਜ਼ਮਾਂ ਨੂੰ ਤਨਖਾਹਾਂ ਦੇਣ ਜੋਗੀਆਂ ਵੀ ਨਹੀਂ ਰਹੀਆਂ।

ਸੂਤਰਾਂ ਅਨੁਸਾਰ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸਰਕਾਰ ਦਿਹਾਤੀ ਖੇਤਰ ਦੀਆਂ ਸੜਕਾਂ ਦੀ ਮੁਰੰਮਤ ਕਰਨਾ ਚਾਹੁੰਦੀ ਹੈ। ਮਾਰਕੀਟ ਕਮੇਟੀਆਂ ਕੋਲ ਫੰਡਾਂ ਦੀ ਕਮੀ ਹੋਣ ਕਾਰਨ ਕਰਜ਼ਾ ਲੈਣ 'ਤੇ ਵਿਚਾਰ ਕੀਤਾ ਗਿਆ। ਬੋਰਡ ਦੇ ਪ੍ਰਸਤਾਵ ਮੁਤਾਬਕ ਪੈਚਵਰਕ ਨਾਲ ਤਿਆਰ ਹੋਣੀਆਂ ਸੜਕਾਂ ਦੀ ਲੰਬਾਈ 26059 ਕਿਲੋਮੀਟਰ ਤੇ ਵਿਸ਼ੇਸ਼ ਮੁਰੰਮਤ ਵਾਲੀਆਂ ਸੜਕਾਂ ਦੀ ਲੰਬਾਈ 6743 ਕਿਲੋਮੀਟਰ ਹੈ। ਬੋਰਡ ਨੇ ਸੜਕਾਂ ਦੀ ਮੁਰੰਮਤ ਲਈ ਕੁੱਲ 886.54 ਕਰੋੜ ਰੁਪਏ ਖਰਚ ਆਉਣ ਦਾ ਅਨੁਮਾਨ ਲਾਇਆ ਸੀ। ਹੁਣ ਸਰਕਾਰ ਨੇ ਸਾਢੇ ਤਿੰਨ ਹਜ਼ਾਰ ਕਿਲੋਮੀਟਰ ਲੰਬੀਆਂ ਸੜਕਾਂ ਦੀ ਮੁਰੰਮਤ ਕਰਨ ਦਾ ਫੈਸਲਾ ਕੀਤਾ ਹੈ ਤੇ ਇਸ 'ਤੇ ਕੁੱਲ 395.28 ਕਰੋੜ ਰੁਪਏ ਖਰਚ ਆਉਣਗੇ। ਇਸ ਵਿਚੋਂ 131.76 ਕਰੋੜ ਰੁਪਏ ਮਾਰਕੀਟ ਕਮੇਟੀਆਂ ਪਾਉਣਗੀਆਂ ਤੇ 263.52 ਕਰੋੜ ਰੁਪਏ ਦਾ ਕਰਜ਼ਾ ਲਿਆ ਜਾਣਾ ਹੈ।

## ਮਨਪ੍ਰੀਤ ਵੱਲੋਂ ਸੁਖਬੀਰ ਨੂੰ ਚੁਣੌਤੀ

# 'ਵਿਦੇਸ਼ਾਂ 'ਚ 500 ਬੰਦੇ ਇਕੱਠੇ ਕਰਕੇ ਵਿਖਾਏ, ਸਿਆਸਤ ਛੱਡ ਦਿਆਂਗਾ'

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੀਪਲਜ਼ ਪਾਰਟੀ ਆਫ ਪੰਜਾਬ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਨੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਚੁਣੌਤੀ ਦਿੱਤੀ ਹੈ ਕਿ ਉਹ ਵਿਦੇਸ਼ਾਂ 'ਚ 500 ਦਾ ਇਕੱਠ ਕਰਕੇ ਵਿਖਾਏ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਵਿਦੇਸ਼ਾਂ ਵਿਚ ਇਕੱਠਾਂ ਬਾਰੇ ਕੀਤੀਆਂ ਟਿੱਪਣੀਆਂ ਦੇ ਜਵਾਬ ਵਿਚ ਮਨਪ੍ਰੀਤ ਨੇ ਕਿਹਾ ਕਿ ਉਪ ਮੁੱਖ ਮੰਤਰੀ ਕੈਨੇਡਾ ਤੇ ਅਮਰੀਕਾ ਦੇ ਕਿਸੇ ਸ਼ਹਿਰ ਵਿਚ 500 ਬੰਦਿਆਂ ਦਾ ਇਕੱਠ ਕਰ ਦੇਵੇ ਤਾਂ ਉਹ ਸਿਆਸਤ ਛੱਡ ਦੇਣਗੇ।

ਵਿਦੇਸ਼ ਦੌਰੇ ਤੋਂ ਪਰਤ ਕੇ ਉਨ੍ਹਾਂ ਸਿਆਸੀ ਪਾਰਟੀਆਂ ਵੱਲੋਂ ਵਿਦੇਸ਼ਾਂ ਤੋਂ ਫੰਡ ਲਿਆਉਣ ਨੂੰ ਵੱਡਾ ਅਪਰਾਧ ਕਰਾਰ ਦਿੰਦਿਆਂ ਦਾਅਵਾ ਕੀਤਾ ਕਿ ਪੀ.ਪੀ.ਪੀ. ਨੇ ਵਿਦੇਸ਼ਾਂ ਤੋਂ ਸਿਆਸੀ ਫੰਡ ਵਜੋਂ ਇਕ ਡਾਲਰ ਵੀ ਹਾਸਲ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਅਮਰੀਕਾ ਤੇ ਕੈਨੇਡਾ ਦੀ ਦੋ ਹਫ਼ਤਿਆਂ ਦੀ ਫੇਰੀ ਸਿਰਫ਼ ਪਰਵਾਸੀਆਂ ਨੂੰ ਹਲੂਣਾ ਦੇਣ ਲਈ ਹੀ ਸੀ ਤਾਂ ਜੋ ਪੰਜਾਬ ਨੂੰ ਡੁੱਬਣ ਤੋਂ ਬਚਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਅਮਰੀਕਾ ਦੇ ਕੈਨੇਡਾ ਦੇ 13 ਸ਼ਹਿਰਾਂ ਵਿਚ ਕੀਤੀਆਂ ਰੈਲੀਆਂ ਸਫਲ ਰਹੀਆਂ। ਆਗਾਮੀ ਵਿਧਾਨ ਸਭਾ ਚੋਣਾਂ ਦੌਰਾਨ ਇਕ ਲੱਖ ਪਰਵਾਸੀ ਭਾਰਤੀ ਪੰਜਾਬ ਵਿਚ ਆ ਕੇ ਪੀ.ਪੀ.ਪੀ. ਦੇ ਹੱਕ ਵਿੱਚ ਚੋਣ ਪ੍ਰਚਾਰ ਕਰਨਗੇ।

ਮਨਪ੍ਰੀਤ ਨੇ ਦਾਅਵਾ ਕੀਤਾ ਕਿ ਪਾਰਟੀ ਵੱਲੋਂ 18 ਲੱਖ ਮੈਂਬਰਾਂ ਦੀ ਭਰਤੀ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਇਕ ਮਹੀਨੇ ਦੇ ਅੰਦਰ-ਅੰਦਰ ਪਾਰਟੀ ਦੇ ਜਥੇਬੰਦਕ ਢਾਂਚੇ ਦਾ ਐਲਾਨ ਕਰ ਦਿੱਤਾ ਜਾਵੇਗਾ। ਪਰਿਵਾਰਵਾਦ ਦੇ ਦੋਸ਼ਾਂ ਨੂੰ ਨਿਰਮੂਲ ਕਰਾਰ ਦਿੰਦਿਆਂ ਉਨ੍ਹਾਂ ਕਿਹਾ ਕਿ ਅਜੇ ਤੱਕ ਤਾਂ ਪਾਰਟੀ ਪੂਰੀ ਤਰ੍ਹਾਂ ਹੋਂਦ ਵਿਚ ਹੀ ਨਹੀਂ ਆਈ ਫਿਰ ਪਰਿਵਾਰਵਾਦ ਦਾ ਮਾਮਲਾ ਕਿਵੇਂ ਆ ਗਿਆ।

ਆਪਣੇ ਪਿਤਾ ਬਾਰੇ ਉਨ੍ਹਾਂ ਕਿਹਾ ਉਹ ਤਾਂ

*ਵਿਦੇਸ਼ਾਂ ਤੋਂ ਫੰਡ ਨਹੀਂ, ਹਮਾਇਤ ਲਿਆਉਣ ਦਾ ਦਾਅਵਾ*



ਮੇਰੇ ਜਨਮ ਤੋਂ ਵੀ ਪਹਿਲਾਂ ਸਿਆਸਤ ਕਰ ਰਹੇ ਹਨ ਤੇ ਉਨ੍ਹਾਂ ਦੀ ਸਰਗਰਮੀ ਨੂੰ ਪਰਿਵਾਰਵਾਦ ਨਹੀਂ ਕਿਹਾ ਜਾ ਸਕਦਾ। ਉਨ੍ਹਾਂ ਇਹ ਗੱਲ ਮੁੜ ਦੁਹਰਾਈ ਕਿ ਆਗਾਮੀ ਵਿਧਾਨ ਸਭਾ ਚੋਣਾਂ ਦੌਰਾਨ ਲੰਬੀ ਵਿਧਾਨ ਸਭਾ ਹਲਕੇ ਤੋਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਮੁਕਾਬਲੇ ਉਨ੍ਹਾਂ ਦੇ ਪਿਤਾ ਗੁਰਦਾਸ ਸਿੰਘ ਬਾਦਲ ਹੀ ਪਾਰਟੀ ਦੇ ਉਮੀਦਵਾਰ ਹੋਣਗੇ ਤੇ ਗਿੱਦੜਬਾਹਾ ਤੋਂ ਉਹ ਖ਼ੁਦ ਚੋਣ ਲੜਨਗੇ। ਮਨਪ੍ਰੀਤ ਨੇ ਕਿਹਾ ਕਿ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਤਾਂ ਅਜੇ ਤਾਈਂ ਇਹ ਵੀ ਸਪੱਸ਼ਟ ਨਹੀਂ ਕਰ ਸਕੇ ਕਿ ਆਗਾਮੀ ਵਿਧਾਨ ਸਭਾ ਚੋਣ ਕਿਸ ਹਲਕੇ ਤੋਂ ਲੜਨਗੇ।

ਮਨਪ੍ਰੀਤ ਨੇ ਆਪਣੇ ਹਮਾਇਤੀਆਂ ਵਿਰੁੱਧ ਪੰਜਾਬ ਪੁਲੀਸ ਵੱਲੋਂ ਦਰਜ ਕੀਤੇ ਕੇਸਾਂ ਨੂੰ ਰਾਜ ਦੇ ਉਪ ਮੁੱਖ ਮੰਤਰੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਬੁਖਲਾਹਟ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਪੀ.ਪੀ.ਪੀ. ਨੇ ਸੂਬੇ ਦਾ ਨਿਜ਼ਾਮ ਬਦਲਣ ਦਾ ਬੀੜਾ ਚੁੱਕਿਆ ਹੈ। ਇਸ ਲਈ ਪੁਲੀਸ ਕੇਸ ਤਾਂ ਮਾਮੂਲੀ ਗੱਲ ਹਨ। ਨਿਜ਼ਾਮ ਬਦਲਣ ਦੀ ਮੁਹਿੰਮ ਦੀ ਅਗਵਾਈ ਕਰਨ ਵਾਲਿਆਂ ਦੇ ਤਾਂ ਕਤਲ ਵੀ ਹੋ ਜਾਂਦੇ ਹਨ। ਉਨ੍ਹਾਂ ਕਿਹਾ ਕਿ ਜਿਸ ਦਿਨ ਤੋਂ ਵੱਖਰੀ ਮੁਹਿੰਮ ਸ਼ੁਰੂ ਕੀਤੀ ਸੀ, ਉਦੋਂ ਤੋਂ ਹੀ ਸਰਕਾਰ ਦੇ ਮਨਸ਼ਿਆਂ ਦਾ ਖ਼ਦਸ਼ਾ ਸੀ। ਉਨ੍ਹਾਂ ਦਾ ਕਹਿਣਾ ਹੈ ਕਿ 'ਸਾਨੂੰ ਪਹਿਲਾਂ ਹੀ ਅਹਿਸਾਸ ਸੀ ਕਿ ਕੀਮਤ ਅਦਾ ਕਰਨੀ ਪੈਣੀ ਹੈ ਤੇ ਅਸੀਂ ਪੰਜਾਬ ਨੂੰ ਅੱਗੇ ਲਿਜਾਣ ਲਈ ਭਗਤ ਸਿੰਘ ਵਾਂਗ ਕੁਰਬਾਨੀ ਦੇਣ ਲਈ ਤਿਆਰ ਹਾਂ।' ਮਨਪ੍ਰੀਤ ਬਾਦਲ ਨੇ ਦੱਸਿਆ ਕਿ ਪੀ.ਪੀ.ਪੀ. ਨਾਲ ਸਬੰਧਤ 25 ਦੇ ਕਰੀਬ ਵਿਅਕਤੀਆਂ 'ਤੇ ਪੁਲਿਸ ਵੱਲੋਂ ਮਾਮਲੇ ਦਰਜ ਕੀਤੇ ਜਾ ਚੁੱਕੇ ਹਨ ਪਰ ਇਨ੍ਹਾਂ ਵਧੀਕੀਆਂ ਦਾ ਹਿਸਾਬ ਹਾਕਮ ਪਾਰਟੀ ਨੂੰ ਲੋਕਾਂ ਦੀ ਕਚਹਿਰੀ ਵਿਚ ਦੇਣਾ ਪਵੇਗਾ। ਉਨ੍ਹਾਂ ਕਿਹਾ ਕਿ ਸਿਆਸੀ ਬਦਲੇਖੋਰੀ ਦੇ ਮਾਮਲਿਆਂ ਪਿੱਛੇ ਸਿੱਧੇ ਤੌਰ 'ਤੇ ਸੁਖਬੀਰ ਸਿੰਘ ਬਾਦਲ ਦਾ ਹੱਥ ਹੈ। ਪਿਛਲੇ ਦਿਨਾਂ ਦੌਰਾਨ ਕੁਝ ਆਗੂਆਂ ਖਾਸ ਕਰ ਚਰਨਜੀਤ ਸਿੰਘ ਬਰਾੜ, ਵਰਿੰਦਰ ਸਿੰਘ ਬਾਜਵਾ ਦੇ ਪਾਰਟੀ ਛੱਡ ਕੇ ਅਕਾਲੀ ਦਲ ਵਿਚ ਸ਼ਾਮਲ ਹੋਣ 'ਤੇ ਪ੍ਰਤੀਕਿਰਿਆ ਪ੍ਰਗਟ ਕਰਦਿਆਂ ਉਨ੍ਹਾਂ ਕਿਹਾ ਕਿ ਆਗੂਆਂ ਦੀਆਂ ਕੀਮਤਾਂ ਲਾਈਆਂ ਜਾ ਰਹੀਆਂ ਹਨ ਤੇ ਵਿਕਣ ਵਾਲੇ ਵਿਕ ਰਹੇ ਹਨ। ਉਨ੍ਹਾਂ ਕਿਹਾ ਕਿ ਸੁਖਬੀਰ ਸਿੰਘ ਬਾਦਲ ਨੂੰ ਆਪਣਾ ਸਮੁੱਚਾ ਕਾਡਰ ਖੁੱਸਣ ਦਾ ਡਰ ਸਤਾ ਰਿਹਾ ਹੈ ਤੇ ਇਸੇ ਕਰਕੇ ਉਹ ਹੋਛੀ ਰਾਜਨੀਤੀ ਅਪਨਾ ਰਹੇ ਹਨ।

# ਮਲੇਸ਼ੀਆ 'ਚ ਬੱਬਰ ਖਾਲਸਾ ਦੇ ਤਿੰਨ ਖਾੜਕੂ ਗ੍ਰਿਫ਼ਤਾਰ



**ਕੁਆਲਾਲੰਪਰ:** ਬੱਬਰ ਖਾਲਸਾ ਇੰਟਰਨੈਸ਼ਨਲ ਦੇ ਤਿੰਨ ਸ਼ੱਕੀ ਖਾੜਕੂਆਂ ਨੂੰ ਮਲੇਸ਼ੀਆ ਪੁਲਿਸ ਨੇ ਕਈ ਮਹੀਨਿਆਂ ਦੀ ਨਿਗਰਾਨੀ ਪਿੱਛੋਂ ਗ੍ਰਿਫਤਾਰ ਕਰਕੇ ਪੰਜਾਬ ਪੁਲਿਸ ਦੇ ਹਵਾਲੇ ਕੀਤਾ ਹੈ। ਤਿੰਨਾਂ ਖਾੜਕੂਆਂ ਦੀ ਪਛਾਣ ਅਮਰਜੀਤ ਸਿੰਘ, ਦਲਜੀਤ ਸਿੰਘ ਤੇ ਕੇਵਲ ਸਿੰਘ ਸੋਢ ਵਜੋਂ ਹੋਈ ਹੈ। ਖਾੜਕੂਆਂ ਨੂੰ ਇਸ ਮਹੀਨੇ ਦੇ ਸ਼ੁਰੂ ਵਿਚ ਕੁਆਲਾਲੰਪਰ ਵਿਚ ਵੱਖ-ਵੱਖ ਥਾਵਾਂ ਤੋਂ ਗ੍ਰਿਫਤਾਰ ਕੀਤਾ ਸੀ ਤੇ ਉਨ੍ਹਾਂ ਨੂੰ ਪਿਛਲੇ ਦਿਨੀਂ ਭਾਰਤ ਹਵਾਲੇ ਕੀਤਾ ਗਿਆ।

ਮਲੇਸ਼ੀਆ ਦੀ ਫੈਡਰਲ ਸਪੈਸ਼ਲ ਟਾਸਕ ਫੋਰਸ ਦੇ ਮੁਖੀ ਮੁਹੰਮਦ ਫਿਊਜ਼ੀ ਹਰੂਨ ਨੇ ਦੱਸਿਆ ਕਿ ਤਿੰਨੇ ਖਾੜਕੂ ਸਥਾਨਕ ਸਿੱਖ ਭਾਈਚਾਰੇ ਵਿਚ ਚੰਗੇ ਘੁਲੇ-ਮਿਲੇ ਹੋਏ ਸਨ ਤੇ ਵੱਖ-ਵੱਖ ਤਰਾਂ ਦਾ ਕਾਰੋਬਾਰ ਕਰਦੇ ਸਨ। ਨੰਗਲ (ਰੋਪੜ) ਵਾਸੀ 30 ਸਾਲਾ ਅਮਰਜੀਤ ਸਿੰਘ ਬਰਿਕਫੀਲਡ ਵਿਚ ਭਾਰਤੀ ਇਨਕਲੇਵ ਜਾਂ ਲਿਟਲ ਇੰਡੀਆ ਵਿਚ ਆਪਣਾ ਰੈਸਟੋਰੈਂਟ ਹੈ। ਉਸ ਨੇ ਰੈਸਟੋਰੈਂਟ ਇਕ ਸਾਲ ਪਹਿਲਾਂ ਖਰੀਦਿਆ ਸੀ। 36 ਸਾਲਾ ਦਲਜੀਤ ਸਿੰਘ ਮੁੰਬਈ ਦਾ ਵਾਸੀ ਹੈ ਤੇ ਕੁਆਲਾਲੰਪਰ ਵਿਚ ਇਕ ਦੂਰਸੰਚਾਰ ਕੰਪਨੀ ਦੀ ਸਹਾਇਕ ਕੰਪਨੀ ਦਾ ਮੈਨੇਜਰ ਹੈ। ਪੰਜਾਬ ਦਾ 39 ਸਾਲਾ ਕੰਵਰ ਨੈਟਵਰਕ ਪ੍ਰੋਗਰਾਮਰ ਹੈ। ਸ੍ਰੀ ਫੂਜ਼ੀ ਮੁਤਾਬਕ ਇਕ ਤਿੰਨੇ ਭਾਰਤ ਵਿਚ ਖਾੜਕੂ ਕਾਰਵਾਈਆਂ 'ਚ ਸ਼ਾਮਲ ਸਨ ਤੇ ਉਥੋਂ ਦੀ ਪੁਲਿਸ ਨੂੰ ਲੋੜੀਂਦੇ ਸਨ। ਇਥੇ ਇਹ ਕੋਈ ਹਿੰਸਕ ਕਾਰਵਾਈ ਨਹੀਂ ਕਰ ਰਹੇ ਸਨ ਪਰ ਆਪਣੇ ਸਾਥੀਆਂ ਨੂੰ ਵਿੱਤੀ ਤੇ ਹੋਰ ਸਮਰਥਨ ਮੁਹੱਈਆ ਕਰਵਾ ਰਹੇ ਸਨ।

# ਕੈਨੇਡਾ ਦੇ ਭਗੌੜਿਆਂ 'ਚ ਦੋ ਪੰਜਾਬੀ ਸ਼ਾਮਲ

**ਚੰਡੀਗੜ੍ਹ:** ਕੈਨੇਡਾ ਦੀ ਬਾਰਡਰ ਸੇਵਾ ਏਜੰਸੀ ਵੱਲੋਂ ਮੁਲਕ ਵਿਚ ਜਾਰੀ ਭਗੌੜਿਆਂ ਦੀ ਨਵੀਂ ਸੂਚੀ ਵਿਚ ਦੋ ਪੰਜਾਬੀ ਚਿਹਰੇ ਵੀ ਸਾਹਮਣੇ ਆਏ ਹਨ। ਸਰਕਾਰ ਨੇ ਇਨ੍ਹਾਂ 32 ਭਗੌੜਿਆਂ ਨੂੰ ਫੜਨ ਲਈ ਲੋਕਾਂ ਨੂੰ ਪੁਲੀਸ ਦੀ ਮੱਦਦ ਕਰਨ ਲਈ ਕਿਹਾ ਹੈ। ਕੈਨੇਡਾ ਦੇ ਜਨਤਾ ਸੁਰੱਖਿਆ ਮੰਤਰੀ ਵਿਕ ਟੋਅਜ਼ ਨੇ ਦੱਸਿਆ ਕਿ ਇਨ੍ਹਾਂ ਬੰਦਿਆਂ ਦੀ ਜਾਣਕਾਰੀ ਤੇ ਫੋਟੋਆਂ ਕੈਨੇਡਾ ਬਾਰਡਰ ਸਰਵਿਸ ਏਜੰਸੀ ਦੀ ਵੈਬਸਾਈਟ 'ਤੇ ਨਸ਼ਰ ਕਰ ਦਿੱਤੀਆਂ ਗਈਆਂ ਹਨ। ਇਨ੍ਹਾਂ ਲੋੜੀਂਦੇ ਬੰਦਿਆਂ ਦੇ ਟੋਰਾਂਟੋ ਇਲਾਕੇ ਵਿਚ ਹੋਣ ਦੀ ਸੰਭਾਵਨਾ ਹੈ। ਇਸ ਭਗੌੜਾ ਸੂਚੀ ਵਿਚ 40 ਸਾਲਾ ਰਾਜੇਸ਼ ਕੁਮਾਰ ਕਲੇਰ ਤੇ 44 ਸਾਲਾ ਸਤਪਾਲ ਭਾਟੂ ਉਰਫ ਸਤਪਾਲ ਗਿੱਲ ਸ਼ਾਮਲ ਹਨ। ਦੋਵੇਂ ਕਤਲ ਤੇ ਜਿਣਸੀ ਅਪਰਾਧਾਂ ਦੇ ਮੁਲਜ਼ਮ ਹਨ। ਸੂਤਰਾਂ ਮੁਤਾਬਕ ਅਜਿਹੇ 1400 ਅਪਰਾਧੀ ਟੋਰਾਂਟੋ ਇਲਾਕੇ ਵਿਚ ਤੇ ਤਕਰੀਬਨ 2700 ਪੂਰੇ ਕੈਨੇਡਾ ਵਿਚ ਲੁਕੇ ਹੋਏ ਹਨ। ਜ਼ਿਕਰਯੋਗ ਹੈ ਕਿ ਮਹੀਨਾ ਪਹਿਲਾਂ ਬਾਰਡਰ ਸੇਵਾ ਏਜੰਸੀ ਨੇ 30 ਅਪਰਾਧੀਆਂ ਦੀ ਜਾਣਕਾਰੀ ਨਸ਼ਰ ਕੀਤੀ ਸੀ।



# ਮਾਮਲਾ ਸੈਨ ਹੋਜ਼ੇ ਗੁਰੂਘਰ ਦਾ
# ਸ. ਨਾਹਲ ਦੀਆਂ ਯੱਭਲੀਆਂ ਕਿਸੇ ਸਿਆਣੇ ਦੇ ਪੱਲੇ ਨਹੀਂ ਪੈਂਦੀਆਂ

ਸੈਨ ਹੋਜੇ: ਪਿਛਲੇ ਹਫਤੇ ਸ. ਤਰਲੋਚਨ ਸਿੰਘ ਨਾਹਲ ਵੱਲੋਂ ਅਖ਼ਬਾਰਾਂ ਨੂੰ ਭੇਜੇ ਬਿਆਨ ਵਿਚ ਸੈਨ ਹੋਜੇ ਗੁਰੂਘਰ ਦੀ ਪਬੰਧਕ ਕਮੇਟੀ ਖ਼ਿਲਾਫ ਕੁੱਝ ਮੁੱਦੇ ਉਠਾਏ ਗਏ ਹਨ ਜਿਨ੍ਹਾਂ ਦਾ ਸੱਚਾਈ ਨਾਲ ਦੂਰ ਦਾ ਵੀ ਵਾਸਤਾ ਨਹੀਂ। ਅਸੀਂ ਸੰਗਤ ਦੀ ਕਚਹਿਰੀ ਵਿਚ ਸ. ਨਾਹਲ ਵੱਲੋਂ ਬੋਲੇ ਜਾ ਰਹੇ 'ਕੂੜ' ਦਾ ਕਿੱਸਾ ਰੱਖਣਾ ਚਾਹੁੰਦੇ ਹਾਂ। ਤੱਥਾਂ ਦੇ ਆਧਾਰ 'ਤੇ ਇਹ ਸਾਬਤ ਹੁੰਦਾ ਹੈ ਕਿ ਸ. ਨਾਹਲ ਸੱਚਾਈ ਦਾ ਦਾਮਨ ਛੱਡ ਚੁੱਕੇ ਹਨ ਅਤੇ ਆਪਣੇ ਨਵੇਂ ਧਾਰੇ ਗੁਰੂਆਂ ਨਾਲ ਰਲ ਕੇ ਝੂਠ ਨੂੰ ਗੁੰਨ੍ਹਣ ਵਿਚ ਨਿਵੇਕਲੀ ਮੁਹਾਰਤ ਹਾਸਲ ਕਰ ਚੁੱਕੇ ਹਨ। ਅਸੀਂ ਸ. ਨਾਹਲ ਵੱਲੋਂ ਉਠਾਏ ਜਾ ਰਹੇ ਮੁੱਦਿਆਂ ਬਾਰੇ ਇਕ ਇਕ ਕਰਕੇ ਚਰਚਾ ਕਰਦੇ ਹਾਂ।

ਰਿਸੀਵਰ ਦੀ ਮੰਗ ਦਾ ਮੁੱਦਾ: ਸ. ਨਾਹਲ ਫਰਮਾਉਂਦੇ ਹਨ ਕਿ ਉਨ੍ਹਾਂ ਨੇ ਕਦੇ ਵੀ ਅਜਿਹੀ ਮੰਗ ਨਹੀਂ ਕੀਤੀ। ਅਖੇ, 'ਅਸੀਂ ਆਪਣੇ ਵਕੀਲਾਂ ਨੂੰ ਖਾਸ ਹਦਾਇਤ ਕੀਤੀ ਸੀ ਕਿ ਕਿਸੇ ਵੀ ਕੀਮਤ 'ਤੇ ਅਸੀਂ ਰਿਸੀਵਰ ਨਹੀਂ ਲਗਵਾਉਣਾ ਚਾਹੁੰਦੇ।' ਅਸੀਂ ਇੱਥੇ ਨਾਹਲ ਜੀ ਦੇ ਵਕੀਲ ਵੱਲੋਂ ਰਿਸੀਵਰ ਦੀ ਮੰਗ ਕਰਦਾ ਪਹਿਰਾ ਫਿਰ ਛਾਪ ਰਹੇ ਹਾਂ ਤਾਂ ਕਿ ਸੰਗਤ ਨੂੰ ਉਨ੍ਹਾਂ ਦੇ ਕੂੜ ਨਾਲ ਭਰਪੂਰ ਕਿਰਦਾਰ ਦਾ ਭੁਲੇਖਾ ਨਾ ਰਹਿ ਜਾਵੇ।

> (f) As part of the court's Order, that pursuant to the court's inherent power to do so, pursuant to the authority granted by Corporation Code §9418(c), and alternatively, pursuant to Code of Civil Procedure §564(b)(3), appoint a receiver or special master to supervise and carry out the judgment of the court as prayed for here, and specifically, to supervise and carry out all election related activities;
>
> (g) Appoint a temporary board of directors composed of members of the defendant San Jose Gurdwara under the authority contained in Corporation Code §9418(c), to administer the affairs of the respondent San Jose Gurdwara pending the proper election of the board of the directors as ordered by the court;

*ਸੁਧਾਰ ਕਮੇਟੀ ਵਲੋਂ ਰਸਿਵਰ ਲਈ ਅਦਾਲਤ ਨੂੰ ਕੀਤੀ ਗਈ ਬੇਨਤੀ*

ਕੀ ਨਾਹਲ ਜੀ ਦੱਸ ਸਕਦੇ ਹਨ ਕਿ ਉਪਰੋਕਤ ਪਹਿਰੇ ਵਿਚ ਰਿਸੀਵਰ ਦੀ ਮੰਗ ਸਾਫ਼ ਦਿਖਾਈ ਦਿੰਦੀ ਹੈ ਕਿ ਨਹੀਂ? ਉਨ੍ਹਾਂ ਦੇ ਝੂਠ/ਕੂੜ ਦਾ ਪਰਦਾਫਾਸ਼ ਕਰਨ ਲਈ ਕੀ ਹੁਣ ਕਿਸੇ ਹੋਰ ਸਬੂਤ ਦੀ ਵੀ ਜ਼ਰੂਰਤ ਹੈ? ਪੰਜਾਬੀ ਦੀ ਕਹਾਵਤ ਹੈ ਕਿ 'ਜਿਹਨੇ ਲਾਹ ਲਈ ਲੋਈ, ਉਹਦਾ ਕੀ ਕਰੂਗਾ ਕੋਈ।' ਨਾਹਲ ਸਾਹਿਬ, ਸੱਚ ਤਾਂ ਉਪਰ ਕਾਗਜ਼ ਉਤੇ ਸਾਫ ਉਕਰਿਆ ਹੋਇਆ ਹੈ। ਸੰਗਤ ਪੜ੍ਹ ਸਕਦੀ ਹੈ, ਪਰ ਵਾਰੇ ਵਾਰੇ ਜਾਈਏ ਤੁਹਾਡੇ ਝੂਠ ਬੋਲਣ ਦੇ ਅੰਦਾਜ਼ ਤੋਂ!...ਜਾਪਦਾ ਹੈ ਕਿ ਤੁਸੀਂ ਤਾਂ ਹੁਣ ਸਹੁੰ ਹੀ ਖਾ ਲਈ ਹੈ ਕਿ ਝੂਠ ਦਾ ਹੀ ਗਾਹ ਪਾਈ ਜਾਣਾ ਹੈ!!

ਸੰਗਤ ਦੀ ਵੱਡੀ ਘਾਲਣਾ ਤੋਂ ਬਾਅਦ 10 ਅਪਰੈਲ, 2011 ਨੂੰ ਗੁਰੂਘਰ ਦਾ ਉਦਘਾਟਨੀ ਸਮਾਗਮ ਹੋਇਆ। 17 ਅਪਰੈਲ, 2011 ਨੂੰ ਅਸੀਂ ਗੁਰੂਘਰ ਦੇ ਸੰਵਿਧਾਨ ਵਿਚ ਕੁਝ ਸੋਧਾਂ ਕੀਤੀਆਂ। ਸੰਗਤ ਦੀ ਕਿਰਪਾ ਨਾਲ 20 ਮਿਲੀਅਨ ਡਾਲਰ ਦਾ ਪ੍ਰਾਜੈਕਟ ਸੰਪੂਰਨ ਹੋਇਆ। ਪੁੱਛਣਾ ਚਾਹੁੰਦੇ ਹਾਂ ਕਿ ਪਿਛਲੇ ਢਾਈ ਦਹਾਕਿਆਂ ਤੋਂ ਸੰਗਤ ਦੀ ਸੇਵਾ ਕਰ ਰਹੇ ਸੇਵਾਦਾਰ ਰਾਤੋ-ਰਾਤ ਜੱਫਾ-ਮਾਰ ਕਿਵੇਂ ਹੋ ਗਏ? ਤੇ ਉਹ ਸੱਜਣ ਜਿਨ੍ਹਾਂ ਦਾ ਗੁਰੂਘਰ ਦੇ ਨਿਰਮਾਣ ਵਿਚ ਯੋਗਦਾਨ ਆਟੇ ਵਿਚ ਲੂਣ ਦੇ ਤੁਲ ਹੈ, ਉਹ ਸਭ ਸੁਧਾਰਕ ਹੋ ਗਏ!!

ਆਓ ਹੁਣ ਆਪਾਂ ਤੱਥਾਂ ਦੀ ਜ਼ੁਬਾਨੀ ਗੱਲ ਕਰੀਏ। ਅਸੀਂ 17 ਅਪਰੈਲ ਦੇ ਇਜਲਾਸ ਵਿਚ ਸੰਵਿਧਾਨਕ ਤਰਮੀਮ ਕੀਤੀ। ਤੁਹਾਨੂੰ ਪਸੰਦ ਨਾ ਆਈ। 24 ਅਪਰੈਲ ਨੂੰ ਤੁਸੀਂ ਸਾਨੂੰ ਪੱਤਰ ਲਿਖਿਆ। ਅਸੀਂ ਤੁਹਾਡੀ ਗੱਲ ਮੰਨੀ, ਪਹਿਲੀ ਜੂਨ ਨੂੰ ਅਸੀਂ ਐਲਾਨ ਕੀਤਾ ਕਿ ਜਨਰਲ ਇਜਲਾਸ 3 ਜੁਲਾਈ ਨੂੰ ਹੋਵੇਗਾ। ਤੁਹਾਡੇ ਕੋਲ ਪੂਰਾ ਵਕਤ ਸੀ, ਸਗੋਂ ਸਮੁੱਚੀ ਸੰਗਤ ਨੂੰ ਸੂਚਿਤ ਕੀਤਾ ਗਿਆ ਪਰ ਤੁਸੀਂ ਸੰਗਤ ਵਿਚ ਆਉਣ ਦੀ ਬਜਾਏ 17 ਜੂਨ ਨੂੰ ਕੋਰਟ ਵਿਚ ਕੇਸ ਦਾਇਰ ਕਰਕੇ ਇਕੱਲਾ ਇਜਲਾਸ ਹੀ ਨਹੀਂ ਰੋਕਣਾ ਚਾਹਿਆ ਸਗੋਂ ਰਿਸੀਵਰ ਦੀ ਮੰਗ ਵੀ ਕਰ ਲਈ। ਤੁਹਾਨੂੰ ਮਾੜੀ-ਮੋਟੀ ਵੀ ਸੰਗ ਨਾ ਆਈ ਕਿ ਜਦ ਪ੍ਰਬੰਧਕਾਂ ਨੇ ਤੁਹਾਡੀ ਇੱਛਾ ਮੁਤਾਬਕ ਇਜਲਾਸ ਸੱਦ ਹੀ ਲਿਆ ਹੈ, ਫਿਰ ਰਿਸੀਵਰ ਦੀ ਮੰਗ ਕਾਹਦੇ ਲਈ? ਗੁਰੂਘਰ ਦੇ ਲੱਖਾਂ ਡਾਲਰ ਰਿਸੀਵਰ ਦੀ ਝੋਲੀ ਪਾ ਕੇ ਤੁਸੀਂ ਗੁਰੂਘਰ ਦੀ ਕਿਹੜੀ ਸੇਵਾ ਕਰਨੀ ਚਾਹੁੰਦੇ ਹੋ?

ਨਾਹਲ ਸਾਹਿਬ, ਤਿੰਨ ਜੁਲਾਈ 2011 ਨੂੰ ਚੋਣਾਂ ਹੋਈਆਂ; ਤੁਹਾਡੇ ਉਮੀਦਵਾਰ ਹਾਰ ਗਏ। ਤੁਸੀਂ ਅਦਾਲਤ ਵਿਚ 21 ਮੈਂਬਰਾਂ ਦੀ ਚੋਣ ਦੀ ਮੰਗ ਕੀਤੀ। ਅਸੀਂ ਉਹ ਵੀ ਮੰਨ ਗਏ। ਜੇ ਅਸੀਂ ਤੁਹਾਡੇ ਸਲਾਹਕਾਰਾਂ (ਜੰਡੀ ਅਤੇ ਚੇਲਾ) ਦੇ ਅਪਣਾਏ ਰਸਤੇ 'ਤੇ ਚਲਦੇ ਤਾਂ ਤੁਸੀਂ ਉਨ੍ਹਾਂ ਨੂੰ ਪੁੱਛਿਓ, ਫਿਰ ਚੋਣਾਂ ਭਲਾ ਕਦੋਂ ਹੋਣੀਆਂ ਸਨ? ਇਸ ਰਸਤੇ ਸਾਡਾ ਦੋਹਾਂ ਧਿਰਾਂ ਦਾ ਕਿੰਨਾ ਕੁ ਨੁਕਸਾਨ ਹੋਣਾ ਸੀ, ਇਹ ਵੀ ਪੁੱਛ ਲਿਓ? ਜੇ ਤੁਹਾਡੇ ਦਿਲ ਵਿਚ ਨਿਰਪੱਖ ਚੋਣਾਂ ਦੀ ਗੱਲ ਹੁੰਦੀ ਤਾਂ ਤੁਸੀਂ ਅਦਾਲਤ ਦੀ ਨਿਗਰਾਨੀ ਹੇਠ ਚੋਣਾਂ ਦੀ ਮੰਗ ਕਰ ਸਕਦੇ ਸੀ, ਪਰ ਨਹੀਂ, ਤੁਸੀਂ ਇੰਜ ਨਹੀਂ ਕੀਤਾ; ਕਿਉਂਕਿ ਤੁਹਾਨੂੰ ਗੋਲਕ ਉਤੇ ਕੰਟਰੋਲ ਦਾ ਅਧਿਕਾਰ ਚਾਹੀਦਾ ਸੀ!!

ਤੁਹਾਡੇ ਸਾਥੀ ਗੁਰਮੇਲ ਸਿੰਘ ਬਾਠ ਦੇ ਮੂੰਹ ਵਿਚੋਂ ਸ਼ੇਖ ਸਾਅਦੀ ਦੇ ਬੋਲ ਬਹੁਤੇ ਫੱਬਦੇ ਨਹੀਂ। ਦੂਜਿਆਂ ਨੂੰ ਅਜਿਹੀਆਂ ਨਸੀਹਤਾਂ ਦੇਣ ਤੋਂ ਪਹਿਲਾਂ ਉਨ੍ਹਾਂ ਨੂੰ ਆਪਣੀ ਪੀੜ੍ਹੀ ਥੱਲ੍ਹੇ ਸੋਟਾ ਫੇਰਨਾ ਚਾਹੀਦਾ ਹੈ। ਕੀ ਸ. ਗੁਰਮੇਲ ਸਿੰਘ ਇਹ ਚਰਚਾ ਚਾਹੁੰਦੇ ਹਨ ਕਿ ਅਮਾਨਤ ਵਿਚ ਖਿਆਨਤ ਕਿਸ ਨੇ, ਕਿਵੇਂ ਅਤੇ ਕਿੰਨੀ ਵਾਰ ਕੀਤੀ? ਸਾਡਾ ਖਿਆਲ ਹੈ ਕਿ ਜਿਨ੍ਹਾਂ ਦੇ ਆਪਣੇ ਮਹਿਲ ਕੱਚ ਦੇ ਹੋਣ, ਉਹ ਦੂਜਿਆਂ 'ਤੇ ਪੱਥਰ ਨਹੀਂ ਮਾਰਦੇ ਹੁੰਦੇ।

ਨਾਹਲ ਸਾਹਿਬ ਆਪਣੇ ਬਿਆਨ ਵਿਚ ਫਰਮਾਉਂਦੇ ਹਨ ਕਿ ਸ. ਗੁਰਮੇਲ ਸਿੰਘ ਨੇ ਕਦੇ ਨਹੀਂ ਕਿਹਾ ਕਿ ਉਨ੍ਹਾਂ ਨੂੰ ਅੰਗਰੇਜ਼ੀ ਨਹੀਂ ਆਉਂਦੀ। ਫੇਰ ਉਨ੍ਹਾਂ ਸ. ਭੁਪਿੰਦਰ ਸਿੰਘ ਢਿੱਲੋਂ ਦੀ ਉਹ ਪੇਸ਼ਕਸ਼ ਕਿਉਂ ਠੁਕਰਾ ਦਿੱਤੀ ਜਿਸ ਵਿਚ ਅਰਜ਼ ਸੀ, "ਤੁਸੀਂ ਰਿਸੀਵਰ ਦੀ ਮੰਗ ਕੀਤੀ ਹੈ। ਸੰਗਤ ਨੂੰ ਪੜ੍ਹ ਕੇ ਸੁਣਾਓ।" ਹਕੀਕਤ ਤਾਂ ਇਹੀ ਹੈ ਕਿ ਬਾਠ ਸਾਹਿਬ ਪੜ੍ਹਨਾ ਹੀ ਨਹੀਂ ਸੀ ਚਾਹੁੰਦੇ ਕਿਉਂਕਿ ਉਨ੍ਹਾਂ ਨੂੰ ਪਤਾ ਸੀ ਕਿ ਰਿਸੀਵਰ ਦੀ ਮੰਗ ਤਾਂ ਉਨ੍ਹਾਂ ਕੀਤੀ ਹੀ ਹੈ। ਬੱਸ ਉਹ ਰੋਲ-ਘਚੋਲਾ ਪਾ ਕੇ ਗੱਲ ਉਰਾਂ-ਪਰਾਂ ਕਰਨੀ ਚਾਹੁੰਦੇ ਸਨ ਅਤੇ ਉਨ੍ਹਾਂ ਇੰਜ ਕੀਤਾ ਵੀ।

ਨਾਹਲ ਸਾਹਿਬ ਨੇ ਸੰਗਤ ਨੂੰ ਗੁੰਮਰਾਹ ਕਰਨ ਲਈ ਚੰਗੀ ਟਰੇਨਿੰਗ ਲਈ ਜਾਪਦੀ ਹੈ। ਕਦੇ ਮਰਿਆਦਾ ਦਾ ਰੌਲਾ ਪਾਇਆ ਗਿਆ ਸੀ, ਉਹ ਹੁਣ ਕੁਝ ਮੱਧਮ ਹੋ ਗਿਆ ਹੈ। ਉਹ ਸਿੱਕਾ ਚੱਲਿਆ ਨਹੀਂ। ਅੱਜ ਕੋਈ ਨਵਾਂ ਸਿੱਕਾ ਅਜ਼ਮਾ ਰਹੇ ਹਨ ਕਿ ਉਹ ਸੰਗਤ ਦੇ ਹੱਕਾਂ ਦੇ ਰਾਖੇ ਹਨ। ਕਿਰਪਾ ਕਰਕੇ ਦੱਸਣ ਦੀ ਖੇਚਲ ਕੀਤੀ ਜਾਵੇ ਕਿ 10 ਅਪਰੈਲ, 2011 ਨੂੰ ਗੁਰੂਘਰ ਦੇ ਉਦਘਾਟਨ ਸਮੇਂ ਨਾਹਲ ਜੀ ਇਸੇ ਕਮੇਟੀ ਦਾ ਸੋਵੀਨਾਰ ਨਹੀਂ ਚੁੱਕੀ ਫਿਰਦੇ ਸੀ। ਪਿਛਲੇ 25-26 ਸਾਲ ਤਾਂ ਉਨ੍ਹਾਂ ਨੂੰ ਸੰਗਤ ਦੇ ਹੱਕਾਂ ਦਾ ਖਿਆਲ ਵੀ ਨਹੀਂ ਆਇਆ? ਅੱਜ ਕਿਹੜੇ ਸੰਗਰਾਮ ਕਰਕੇ ਸੰਗਤ ਉਨ੍ਹਾਂ ਨੂੰ ਕੌਮ ਦਾ ਨੈਲਸਨ ਮੰਡੇਲਾ ਮੰਨ ਲਵੇ? ਕਹਿਣ ਤੋਂ ਸਾਡਾ ਭਾਵ ਇਹ ਹੈ ਕਿ, ਕੀ ਉਹ ਪਿਛਲੇ 26 ਸਾਲ ਸੰਗਤ ਦੇ ਹੱਕਾਂ ਦੇ ਡਕੈਤ ਹੀ ਰਹੇ ਹਨ? ਜੇ ਉਹ ਨਹੀਂ ਰਹੇ ਤਾਂ ਅਸੀਂ ਵੀ ਸੰਗਤ ਲਈ, ਸੰਗਤ ਵਾਸਤੇ ਤਨ, ਮਨ, ਧਨ ਨਾਲ ਕੰਮ ਕੀਤਾ ਹੈ।

ਸ. ਨਾਹਲ ਸ਼ੋਸ਼ੇਬਾਜ਼ ਹੈ। ਪਿਛਲੇ ਹਫਤੇ ਨਵਾਂ ਸ਼ੋਸ਼ਾ ਛੱਡਿਆ ਹੈ ਕਿ ਕਮੇਟੀ ਨੇ ਡੇਢ ਲੱਖ ਡਾਲਰ ਮੁਕੱਦਮੇਬਾਜ਼ੀ 'ਤੇ ਲਾ ਦਿੱਤਾ ਹੈ। ਫਰਮਾਉਂਦੇ ਹਨ ਕਿ ਇਹ ਇਕ ਅੰਦਾਜ਼ਾ ਹੈ। ਨਾਹਲ ਸਾਹਿਬ, ਲੋਕਾਂ ਦਾ ਅੰਦਾਜ਼ਾ ਤਾਂ ਇਹ ਵੀ ਹੈ ਕਿ ਸਾਡੀ ਕਮਿਊਨਿਟੀ ਵਿਚ ਕੁਝ ਲੋਕ ਨੀਮ ਹਕੀਮ ਵੀ ਨਹੀਂ ਹਨ ਪਰ ਆਪਣੇ ਆਪ ਨੂੰ ਡਾਕਟਰ ਸਾਹਿਬ ਅਖਵਾਉਂਦੇ ਹਨ। ਕੌਮ ਵਿਚਾਰੀ ਉਨ੍ਹਾਂ ਨੂੰ ਡਾਕਟਰ ਹੀ ਮੰਨੀ ਜਾਂਦੀ ਹੈ। ਵੈਸੇ, ਨਾਹਲ ਸਾਹਿਬ ਤੁਸੀਂ ਆਪਣੇ ਨਾਮ ਨਾਲ ਡਾਕਟਰ ਲਿਖਦੇ ਹੋ, ਕੀ ਤੁਸੀਂ ਸੰਗਤ ਨੂੰ ਦੱਸੋਗੇ ਕਿ ਤੁਹਾਡੀ ਡਾਕਟਰੀ ਦਾ ਕੀ ਰਾਜ਼ ਹੈ? ਅਸੀਂ ਤਾਂ ਸੁਣਿਆ ਹੈ ਕਿ ਤੁਸੀਂ ਡਾਕਟਰੀ ਦੀ ਡਿਗਰੀ ਉਸ ਹਰਬੰਸ ਲਾਲ ਜੀ ਪਾਸੋਂ ਪੰਜਾਬੀ ਦਾ ਕੋਈ ਥੀਸਸ ਲਿਖ ਕੇ ਲਈ ਹੈ ਜਿਸ ਹਰਬੰਸ ਲਾਲ ਨੂੰ ਸ. ਸਿਮਰਨਜੀਤ ਸਿੰਘ ਮਾਨ, ਆਰ.ਐਸ.ਐਸ. ਦਾ ਬੰਦਾ ਕਹਿੰਦੇ ਸਨ। ਉਂਜ ਤੁਹਾਡੀ ਜਾਣਕਾਰੀ ਲਈ ਦੱਸ ਦਈਏ ਕਿ ਗੁਰੂਘਰ ਦਾ ਇੰਨਾ ਖਰਚਾ ਨਹੀਂ ਹੋਇਆ ਜਿੰਨਾ ਤੁਸੀਂ ਅੰਦਾਜ਼ਾ ਲਾਈ ਬੈਠੇ ਹੋ। ਸਾਨੂੰ ਪਤਾ ਹੈ, ਅੰਦਾਜ਼ਾ ਤਾਂ ਅੰਦਾਜ਼ਾ ਹੀ ਹੁੰਦਾ ਹੈ। ਲਾਅ-ਸੂਟ ਵੀ ਇੰਨੇ ਨਹੀਂ ਹਨ ਜਿੰਨੇ ਤੁਸੀਂ ਅੰਦਾਜ਼ਾ ਲਾਈ ਬੈਠੇ ਹੋ। ਵੈਸੇ, ਇਹ ਵੀ ਸਹੀ ਹੈ ਕਿ ਗਲਤ ਅੰਦਾਜ਼ਿਆਂ ਨਾਲ ਹੀ ਸੰਗਤ ਨੂੰ ਗੁੰਮਰਾਹ ਕੀਤਾ ਜਾ ਸਕਦਾ ਹੈ!!!

ਸੰਗਤ ਦੀ ਜਾਣਕਾਰੀ ਹਿੱਤ ਅਸੀਂ ਦੱਸਣਾ ਚਾਹਾਂਗੇ ਕਿ ਨਾਹਲ ਸਾਹਿਬ ਦੇ ਅੰਦਾਜ਼ੇ ਵੱਲ ਧਿਆਨ ਨਾ ਦਿਓ, ਕਿਉਂਕਿ ਇਨ੍ਹਾਂ ਨੂੰ ਇਹ ਅੰਦਾਜ਼ੇ ਫਰੀਮਾਂਟ ਵਾਲੇ "ਜੰਡੀ-ਚੇਲਾ" ਪਾਸੋਂ ਫਰੀ ਵਿਚ ਮਿਲਦੇ ਹਨ ਕਿਉਂਕਿ ਇਨ੍ਹਾਂ ਦੀ ਉਨ੍ਹਾਂ ਨਾਲ ਇੰਨੀ ਗੂੜ੍ਹੀ ਸਾਂਝ ਪੈ ਚੁੱਕੀ ਹੈ। ਇਨ੍ਹਾਂ ਦਾ ਬੇਟਾ ਗੁਰੂਘਰ ਸੈਨ ਹੋਜੇ ਵਲੋਂ ਅਖਬਾਰ 'ਅੰਮ੍ਰਿਤਸਰ ਟਾਈਮਜ਼' ਵਿਰੁਧ ਮੁਕੱਦਮੇ ਵਿਚ ਅੱਜਕੱਲ 'ਅੰਮ੍ਰਿਤਸਰ ਟਾਈਮਜ਼' ਦੀ ਪੈਰਵੀ ਵਕੀਲ ਵਜੋਂ ਕਰ ਰਿਹਾ ਹੈ। ਵਕੀਲ ਵਜੋਂ ਉਸ ਨੂੰ ਹੱਕ ਹੈ ਕਿ ਉਹ ਕਿਸੇ ਦਾ ਵੀ ਕੇਸ ਲੜੇ, ਅਸੀਂ ਤਾਂ ਸਿਰਫ ਸੰਗਤ ਦੇ ਧਿਆਨ ਵਿਚ ਇਹ ਤੱਥ ਲਿਆਉਣਾ ਚਾਹੁੰਦੇ ਹਾਂ। ਉਨ੍ਹਾਂ ਦੇ ਬੇਟੇ ਦੀ ਫਰੀਮਾਂਟ ਕੈਂਪ ਨਾਲ ਸਾਂਝ ਹੋਰ ਵੀ ਪਕੇਰੀ ਹੈ, ਜਦ ਇਹ ਦੇਖਣ ਨੂੰ ਮਿਲਦਾ ਹੈ ਕਿ 'ਟਰਾਂਸ ਅਲਾਇੰਸ' ਜੋ ਕਿ ਲੋਕ ਗਾਥਾ ਅਨੁਸਾਰ ਚੇਲੇ ਹੋਰਾਂ ਦੀ ਕੰਪਨੀ ਹੈ, ਵਿਚ ਸ. ਨਾਹਲ ਦਾ ਪੁੱਤਰ ਹਰਪਾਲ ਨਾਹਲ ਆਪਣੀ 'ਓਮਨੀ ਲਾਅ ਫਰਮ' ਵਲੋਂ ਆਪਣੇ ਹਿੱਤ ਪਾਲ ਰਿਹਾ ਹੈ।

ਨਾਹਲ ਸਾਹਿਬ, ਵੈਸੇ ਤੁਹਾਡੇ ਜੋਟੀਦਾਰ ਜਸਵੰਤ ਸਿੰਘ ਹੋਠੀ ਅਤੇ ਬਲਬੀਰ ਸਿੰਘ ਢਿਲੋਂ ਕੇਸ ਸੈਟਲ ਕਰ ਚੁੱਕੇ ਹਨ ਜਿਸ ਵਿਚ ਗੁਰੂਘਰ ਨੂੰ ਇਵਜ਼ਾਨੇ ਵਜੋਂ ਖਰਚ ਨਾਲੋਂ ਕਿਤੇ ਵਧ ਰਕਮ ਮਿਲ ਰਹੀ ਹੈ। ਨਾਹਲ ਸਾਹਿਬ, ਅਸੀਂ ਗੁਰਦੁਆਰੇ ਦੇ ਹਿੱਤ ਪਾਲੇ ਹਨ। ਅਸੀਂ ਗੁਰੂਘਰ ਨੂੰ 'ਚੋਰਾਂ ਦੇ ਕੱਪੜੇ, ਲਾਠੀਆਂ ਦੇ ਗਜ਼' ਨਹੀਂ ਸਮਝਿਆ। ਆਲੀਸ਼ਾਨ ਗੁਰੂਘਰ ਸੰਗਤ ਦੇ ਸਾਹਮਣੇ ਹੈ। ਤੁਹਾਨੂੰ ਪਤਾ ਹੈ ਕਿ ਅਮਰੀਕਾ ਵਿਚ ਲੋਕ ਨਿੱਕੀ-ਨਿੱਕੀ ਗੱਲ ਬਦਲੇ ਲਾਅ-ਸੂਟ ਕਰਕੇ ਪੈਸੇ ਲੈ ਲੈਂਦੇ ਹਨ।

ਨਾਹਲ ਸਾਹਿਬ, ਅਸੀਂ ਝੂਠ ਨਹੀਂ ਬੋਲਦੇ, ਭਾਵੇਂ ਆਪਣੇ ਜੋਟੀਦਾਰਾਂ ਤੋਂ ਪੁੱਛ ਲਓ। ਜੇ ਕਿਸੇ ਕਾਂਟਰੈਕਟਰ ਨੇ ਕੰਮ ਸਿਰਫ ਸੱਤਰ ਹਜ਼ਾਰ ਦਾ ਕੀਤਾ ਹੋਵੇ ਪਰ ਉਹ ਦਾਅਵਾ ਚਾਰ ਲੱਖ ਡਾਲਰ ਦਾ ਕਰੇ ਤਾਂ ਹੁਣ ਤੁਸੀਂ ਹੀ ਦੱਸੋ, ਜੇ ਤੁਸੀਂ ਆਪਣੇ ਘਰ ਨੂੰ ਘਰ ਸਮਝੋ, ਤਾਂ ਕੀ ਕਰੋਗੇ? ਕੀ ਚਾਰ ਲੱਖ ਡਾਲਰ ਚੁੱਪ-ਚੁਪੀਤੇ ਫੜਾ ਦਿਓਗੇ ਜਾਂ ਫੇਰ ਕੇਸ ਲੜੋਗੇ।? ਸਾਡਾ ਖਿਆਲ ਹੈ ਕਿ ਗਲਤ ਵਸੂਲੀ ਖਿਲਾਫ਼ ਖੜੋਗੇ। ਅਸੀਂ ਵੀ ਅਜਿਹਾ ਹੀ ਕੀਤਾ ਹੈ। ਉਹੀ ਕਾਂਟਰੈਕਟਰ 15% ਵਸੂਲੀ ਲੈ ਕੇ ਜਾਣ ਨੂੰ ਤਿਆਰ ਹੈ। ਅਸੀਂ ਗੁਰੂਘਰ ਦਾ ਲੱਖਾਂ ਡਾਲਰ ਬਚਾ ਕੇ ਕੋਈ ਗੁਨਾਹ ਨਹੀਂ ਕੀਤਾ, ਪਰ ਅੱਜ ਤੁਸੀਂ ਗੁਨਾਹ ਕਰ ਰਹੇ ਹੋ, ਜਦ ਗੁਰੂਘਰ ਦੇ ਹਿੱਤਾਂ ਦੀ ਪ੍ਰਵਾਹ ਕੀਤੇ ਬਗੈਰ ਗਲਤ ਅੰਦਾਜ਼ੇ ਨਾਲ ਜਾਂ ਸਾਜ਼ਿਸ਼ੀ ਦਿਮਾਗ ਨਾਲ ਸੰਗਤ ਵਿਚ ਸਾਡੇ ਖਿਲਾਫ ਲਾਅ-ਸੂਟਾਂ ਦੀਆਂ ਬੇਤੁਕੀਆਂ ਬਾਤਾਂ ਪਾ ਰਹੇ ਹੋ!!

ਸਾਧ ਸੰਗਤ ਜੀ, ਸਾਨੂੰ ਪਤਾ ਹੈ ਕਿ ਨਾਹਲ ਸਾਹਿਬ ਅਤੇ ਉਨ੍ਹਾਂ ਦੇ ਸਾਥੀ ਪ੍ਰਬੰਧ ਹਥਿਆਉਣ ਖਾਤਰ ਇਸ ਘਟੀਆ ਪੱਧਰ ਤਕ ਜਾ ਪਹੁੰਚੇ ਹਨ। ਇਤਿਹਾਸ ਨੇ ਕਦੇ ਝੂਠ ਨਹੀਂ ਬੋਲਣਾ। ਸਾਡਾ ਕੰਮ ਸੰਗਤ ਦੇ ਸਾਹਮਣੇ ਹੈ। ਅਸੀਂ ਗੁਰੂਘਰ ਦਾ ਲੋਨ ਰੁਕਵਾਉਣ ਲਈ ਕਦੀ ਬੈਂਕਾਂ ਨੂੰ ਚਿੱਠੀਆਂ ਨਹੀਂ ਪਾਈਆਂ। ਜਿੰਨਾ ਵੀ ਹੋ ਸਕਿਆ, ਗੁਰੂਘਰ ਦੇ ਹਿੱਤਾਂ ਨੂੰ ਮੂਹਰੇ ਰੱਖਿਆ ਹੈ। ਸੇਵਾ ਕਰਦਿਆਂ ਘਾਟਾਂ-ਕਮਜ਼ੋਰੀਆਂ ਰਹਿ ਸਕਦੀਆਂ ਹਨ ਪਰ ਬੇਈਮਾਨੀ ਨਹੀਂ ਕੀਤੀ। ਇਸ ਦੇ ਉਲਟ ਨਾਹਲ ਸਾਹਿਬ ਆਪਣੇ ਵੱਲ ਦੇਖੋ। ਕਿਸੇ ਨਿੱਗਰ ਕੰਮ ਦੀ ਬਜਾਏ ਤੁਹਾਡਾ ਪੂਰਾ ਦਾਰੋ-ਮਦਾਰ ਸ਼ੋਸ਼ੇਬਾਜ਼ੀ 'ਤੇ ਹੈ। ਕਦੇ ਵੋਟਾਂ ਲੈਣ ਲਈ ਮਰਿਆਦਾ ਦਾ ਰੌਲਾ, ਕਦੇ ਨਾਜਾਇਜ਼ ਖਰਚ ਦਾ ਰੌਲਾ, ਕਦੀ ਕੁਝ, ਤੇ ਕਦੀ ਕੁਝ।

ਨਾਹਲ ਸਾਹਿਬ ਮੁੱਦਾ ਉਠਾਉਂਦੇ ਹਨ ਕਿ ਚੋਣ ਲੜਨ ਲਈ ਉਮੀਦਵਾਰਾਂ ਨੂੰ ਇਕ ਹਜ਼ਾਰ ਡਾਲਰ ਨਾਮਜ਼ਦਗੀ ਭਰਨ ਦਾ ਟੈਕਸ ਕਿਉਂ ਲਾਇਆ ਜਾਵੇ? ਸਾਨੂੰ ਪੁੱਛਦੇ ਹਨ ਕਿ ਜਿਹੜੇ ਅੱਜ ਮੈਂਬਰ ਹਨ, ਉਨ੍ਹਾਂ ਪਹਿਲਾਂ ਹਜ਼ਾਰ ਡਾਲਰ ਦਿੱਤਾ ਹੈ? ਬਿਲਕੁਲ ਨਹੀਂ। ਕਿਉਂਕਿ ਸਿਲੈਕਸ਼ਨ ਵਿਚ ਸਾਡਾ ਕੋਈ ਖਰਚਾ ਨਹੀਂ ਸੀ। ਅੱਜ ਇਲੈਕਸ਼ਨ ਦਾ ਸਿੱਧਾ ਬੋਝ ਗੁਰੂਘਰ 'ਤੇ ਪੈਣਾ ਹੈ। ਉਸ ਦੀ ਰਿਕਵਰੀ ਲਈ ਆਪਾਂ ਸਭ ਉਮੀਦਵਾਰ ਹਜ਼ਾਰ ਹਜ਼ਾਰ ਦੇ ਦੇਵਾਂਗੇ। ਇਹ ਵੀ ਤਾਂ ਗੁਰੂ ਘਰ ਦੇ ਹਿੱਤ ਦੀ ਹੀ ਗੱਲ ਹੈ ਪਰ ਤੁਸੀਂ ਭਲਾ ਚੋਣਾਂ ਦਾ ਖਰਚਾ ਕਿਉਂ ਨਹੀਂ ਉਠਾਉਣਾ ਚਾਹੁੰਦੇ? 'ਗੱਲੀਂ-ਬਾਤੀਂ ਮੈਂ ਵੱਡੀ, ਕਰਤੂਤੀਂ ਮੇਰੀ ਜੇਠਾਣੀ' ਵਾਲੀ ਗੱਲ ਵਾਂਗ ਨਾਹਲ ਸਾਹਿਬ ਬਾਤਾਂ ਰਾਹੀਂ ਵੱਡੇ ਬਣ ਜਾਣਾ ਲੋਚਦੇ ਹਨ।

ਸਾਡਾ ਸੰਗਤ ਵਿਚ ਪੂਰਨ ਵਿਸ਼ਵਾਸ ਹੈ ਅਤੇ ਸੰਗਤ ਚੋਣਾਂ ਵਿਚ ਜੋ ਵੀ ਫੈਸਲਾ ਕਰੇਗੀ, ਉਸ ਨੂੰ ਅਸੀਂ ਖਿੜੇ ਮੱਥੇ ਪ੍ਰਵਾਨ ਕਰਾਂਗੇ। ਸੰਗਤ ਜੀ ਇਕ ਬੇਨਤੀ ਜ਼ਰੂਰ ਹੈ ਕਿ ਚੋਣਾਂ ਵਿਚ ਕੋਈ ਵੀ ਫੈਸਲਾ ਕਰਨ ਤੋਂ ਪਹਿਲਾਂ ਕਿਸੇ ਦੀ ਸ਼ੋਸ਼ੇਬਾਜ਼ੀ ਦਾ ਸ਼ਿਕਾਰ ਹੋਣ ਤੋਂ ਬਚਿਓ।

***ਗੁਰੂ ਪੰਥ ਦੇ ਦਾਸ***
***ਮੈਂਬਰ ਗੁਰਦੁਆਰਾ ਪ੍ਰਬੰਧਕ ਕਮੇਟੀ, ਸੈਨ ਹੋਜ਼ੇ***

*Ad Space Sponsored By: Bob Dhillon*

# ਸਰਕਾਰ ਦੀ ਬਠਿੰਡਾ ਥਰਮਲ ਬੰਦ ਕਰਨ ਦੀ ਤਿਆਰੀ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਗੁਰੂ ਨਾਨਕ ਦੇਵ ਥਰਮਲ ਪਲਾਂਟ ਬਠਿੰਡਾ ਦੀ ਮੁਰੰਮਤ 'ਤੇ 550 ਕਰੋੜ ਖਰਚ ਕਰਨ ਮਗਰੋਂ ਹੁਣ ਇਸ ਨੂੰ ਬੰਦ ਕਰਨ ਦੀ ਤਿਆਰੀ ਹੈ, ਜਦਕਿ ਮੁਰੰਮਤ ਮਗਰੋਂ ਇਸ ਦੀ ਉਮਰ ਵਿਚ 15 ਸਾਲ ਦਾ ਵਾਧਾ ਹੋ ਗਿਆ ਹੈ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਇਸ ਤਾਪ ਬਿਜਲੀ ਘਰ ਨੂੰ ਬੰਦ ਕਰਨ ਦੀ ਤਜਵੀਜ਼ ਤਿਆਰ ਕਰਨ ਲਈ ਹਦਾਇਤ ਕਰ ਦਿੱਤੀ ਹੈ। ਬਠਿੰਡਾ ਥਰਮਲ ਵੱਲੋਂ ਫੈਲਾਏ ਜਾ ਰਹੇ ਪ੍ਰਦੂਸ਼ਣ ਤੋਂ ਵੀ ਕੋਈ ਅਣਜਾਣ ਨਹੀਂ ਹੈ ਪਰ ਸਰਕਾਰ ਪ੍ਰਦੂਸ਼ਣ ਨੂੰ ਕਾਬੂ ਕਰਨ ਦੀ ਥਾਂ ਇਸ ਨੂੰ ਬੰਦ ਕਰਨ ਦੇ ਰਾਹ ਤੁਰ ਪਈ ਹੈ।

ਜ਼ਿਕਰਯੋਗ ਹੈ ਕਿ ਬਠਿੰਡਾ ਦੇ ਇਸ ਤਾਪ ਬਿਜਲੀ ਘਰ ਦਾ ਪਹਿਲਾ ਯੂਨਿਟ ਸਤੰਬਰ 1974 ਵਿਚ ਤੇ ਦੂਸਰਾ ਯੂਨਿਟ ਮਈ 1975 ਵਿਚ ਚਾਲੂ ਹੋਇਆ ਸੀ। ਇਸੇ ਤਰ੍ਹਾਂ ਤੀਸਰਾ ਯੂਨਿਟ ਮਈ 1978 ਤੇ ਚੌਥਾ ਯੂਨਿਟ 1979 'ਚ ਚਾਲੂ ਹੋਇਆ ਸੀ। ਹਰ ਯੂਨਿਟ ਦੀ ਸਮਰੱਥਾ 110 ਮੈਗਾਵਾਟ ਦੀ ਹੈ। ਹੁਣ ਇਹ ਥਰਮਲ ਪਲਾਂਟ ਪੁਰਾਣਾ ਹੋਣ ਕਰਕੇ ਸ਼ਹਿਰ 'ਤੇ ਸੁਆਹ ਦੀ ਬਾਰਸ਼ ਕਰਨ ਲੱਗਾ ਸੀ। ਆਡਿਟ ਰਿਪੋਰਟ 2009-10 ਗਵਾਹੀ ਭਰਦੀ ਹੈ ਕਿ ਇਸ ਥਰਮਲ ਪਲਾਂਟ ਨੇ ਚੈਕਿੰਗ ਵਾਲੇ ਸਮੇਂ ਦੇ 44 ਮਹੀਨਿਆਂ 'ਚੋਂ 23 ਮਹੀਨਿਆਂ ਵਿਚ ਕੇਂਦਰੀ ਬਿਜਲੀ ਅਥਾਰਟੀ ਵੱਲੋਂ ਤੈਅ ਮਿਆਰ ਪ੍ਰਾਪਤ ਨਹੀਂ ਕੀਤੇ ਯਾਨੀ ਕਿ ਪ੍ਰਦੂਸ਼ਣ ਦਾ ਫੈਲਾਓ ਜ਼ਿਆਦਾ ਹੁੰਦਾ ਰਿਹਾ। ਪਾਵਰਕੌਮ ਵੱਲੋਂ ਪ੍ਰਦੂਸ਼ਣ ਕੰਟਰੋਲ ਕਰਨ ਵਾਸਤੇ ਸਟੇਜ ਇਕ 'ਤੇ 12 ਕਰੋੜ ਰੁਪਏ ਖਰਚੇ ਗਏ ਹਨ ਪਰ ਹਾਲ ਵੀ ਥਰਮਲ ਦਾ ਪ੍ਰਦੂਸ਼ਣ ਸ਼ਹਿਰ ਵਾਸੀਆਂ ਨੂੰ ਬਿਮਾਰੀਆਂ ਵੰਡ ਰਿਹਾ ਹੈ।

ਮਿਲੀ ਜਾਣਕਾਰੀ ਅਨੁਸਾਰ ਪਾਵਰਕੌਮ ਵੱਲੋਂ ਬਠਿੰਡਾ ਥਰਮਲ ਪਲਾਂਟ ਦੀ ਉਮਰ ਵਿਚ ਵਾਧੇ ਲਈ ਦਸੰਬਰ 1999 ਵਿਚ ਪਹਿਲੇ ਪੜਾਅ ਦਾ ਅਧਿਐਨ ਸ਼ੁਰੂ ਹੋਇਆ ਸੀ ਜਦਕਿ ਦੂਸਰੇ ਪੜਾਅ ਦਾ ਅਧਿਐਨ ਫਰਵਰੀ 2001 ਤੇ ਦਸੰਬਰ 2001 ਵਿਚ ਸ਼ੁਰੂ ਕੀਤਾ ਗਿਆ। ਪਾਵਰਕੌਮ ਨੇ ਇਸ ਦੀ ਉਮਰ 'ਚ ਵਾਧੇ ਲਈ ਫਰਵਰੀ 2001 'ਚ ਇਸ ਪ੍ਰਾਜੈਕਟ ਦੀ ਮੁਰੰਮਤ ਤੇ ਆਧੁਨਿਕੀਕਰਨ ਲਈ ਰਿਪੋਰਟ (ਡੀ.ਪੀ.ਆਰ.) ਤਿਆਰ ਕੀਤੀ ਤੇ ਇਸ ਕੰਮ ਲਈ 229 ਕਰੋੜ ਰੁਪਏ ਪਹਿਲੇ ਪੜਾਅ 'ਤੇ ਖਰਚ ਆਉਣ ਦਾ ਅਨੁਮਾਨ ਲਾਇਆ। ਦੂਸਰੇ ਪੜਾਅ ਦੀ ਰਿਪੋਰਟ ਅਪਰੈਲ 2003 ਵਿਚ ਤਿਆਰ ਕੀਤੀ ਤੇ ਅਨੁਮਾਨਤ ਲਾਗਤ 290.20 ਕਰੋੜ ਰੁਪਏ ਕੱਢੀ ਗਈ। ਮੁਰੰਮਤ ਲਈ ਪਹਿਲੇ ਪੜਾਅ ਦਾ ਕੰਮ ਮਈ 2003 ਵਿਚ ਸ਼ੁਰੂ ਹੋਇਆ ਤੇ ਦੋਵੇਂ ਯੂਨਿਟ ਮੁਰੰਮਤ ਮਗਰੋਂ 31 ਮਈ 2007 ਤੇ 20 ਜਨਵਰੀ 2006 ਨੂੰ ਚਾਲੂ ਹੋ ਗਏ। ਮੁਰੰਮਤ 'ਤੇ ਤਕਰੀਬਨ 183 ਕਰੋੜ ਖਰਚ ਕੀਤੇ ਗਏ ਜਿਸ ਨਾਲ ਦੋ ਯੂਨਿਟਾਂ ਦੀ ਉਮਰ ਹੁਣ 2026 ਤੱਕ ਵਧ ਗਈ ਹੈ। ਤੀਸਰੇ ਤੇ ਚੌਥੇ ਯੂਨਿਟ ਦੀ ਮੁਰੰਮਤ 'ਤੇ 465 ਕਰੋੜ ਖਰਚ ਆਉਣੇ ਹਨ ਜਿਸ 'ਚੋਂ 375 ਕਰੋੜ ਰੁਪਏ ਦੀ ਅਦਾਇਗੀ ਕੰਪਨੀ ਨੂੰ ਪਾਵਰਕੌਮ ਕਰ ਚੁੱਕਾ ਹੈ। ਸੂਤਰਾਂ ਅਨੁਸਾਰ 550 ਕਰੋੜ ਰੁਪਏ ਖਰਚ ਕਰਨ ਮਗਰੋਂ ਹੁਣ ਥਰਮਲ ਪਲਾਂਟ ਬੰਦ ਕੀਤਾ ਜਾ ਰਿਹਾ ਹੈ।

ਪਾਵਰਕੌਮ ਦੇ ਇੰਜਨੀਅਰਾਂ ਦਾ ਕਹਿਣਾ ਹੈ ਕਿ ਕਰੋੜਾਂ ਰੁਪਏ ਮੁਰੰਮਤ 'ਤੇ ਖਰਚ ਕਰਨ ਮਗਰੋਂ ਥਰਮਲ ਨੂੰ ਬੰਦ ਕਰਨ ਦੇ ਰਾਹ ਪੈਣਾ ਕੋਈ ਸਮਝਦਾਰੀ ਨਹੀਂ ਹੈ। ਥਰਮਲ ਨੂੰ ਬੰਦ ਕਰਨ ਦਾ ਕਾਰਨ ਪ੍ਰਦੂਸ਼ਣ ਦੱਸਿਆ ਜਾ ਰਿਹਾ ਹੈ। ਉਨ੍ਹਾਂ ਆਖਿਆ ਕਿ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਨਵੀਆਂ ਤਕਨੀਕਾਂ ਨਾਲ ਇਸ ਦੇ ਪ੍ਰਦੂਸ਼ਣ ਨੂੰ ਕੰਟਰੋਲ ਕਰੇ।

ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਸਰੂਪ ਚੰਦ ਸਿੰਗਲਾ ਨੇ ਦੱਸਿਆ ਕਿ ਉਪ ਮੁੱਖ ਮੰਤਰੀ ਨੇ ਬਠਿੰਡਾ ਥਰਮਲ ਪਲਾਂਟ ਨੂੰ ਬੰਦ ਕਰਨ ਬਾਰੇ ਪਾਵਰਕੌਮ ਨੂੰ ਤਜਵੀਜ਼ ਤਿਆਰ ਕਰਨ ਵਾਸਤੇ ਆਖਿਆ ਹੈ। ਇਸ ਪਲਾਂਟ ਦੀ ਮਸ਼ੀਨਰੀ ਪੁਰਾਣੀ ਹੋ ਚੁੱਕੀ ਹੈ ਤੇ ਪ੍ਰਦੂਸ਼ਣ ਜ਼ਿਆਦਾ ਫੈਲਾ ਰਿਹਾ ਹੈ। ਇਸ ਨੂੰ ਬੰਦ ਕਰਕੇ ਕਿਸੇ ਹੋਰ ਘੱਟ ਜਗ੍ਹਾ ਨਵੀਂ ਤਕਨੀਕ ਵਾਲਾ ਪਲਾਂਟ ਲੱਗ ਸਕਦਾ ਹੈ।

## ਬਠਿੰਡਾ ਥਰਮਲ ਪਲਾਂਟ ਬੰਦ ਕਰਨ ਦੇ ਮੁੱਦੇ 'ਤੇ ਕਾਂਗਰਸ ਭੜਕੀ

**ਚੰਡੀਗੜ੍ਹ:** ਬਠਿੰਡਾ ਥਰਮਲ ਪਲਾਂਟ ਬੰਦ ਕਰਨ ਬਾਰੇ ਪੰਜਾਬ ਸਰਕਾਰ ਦੀ ਯੋਜਨਾ ਦਾ ਵਿਰੋਧ ਕਰਦਿਆਂ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਅਕਾਲੀ-ਭਾਜਪਾ ਸਰਕਾਰ ਦਾ ਇਹ ਫ਼ੈਸਲਾ ਬਠਿੰਡਾ ਸ਼ਹਿਰ ਦੀ ਅਹਿਮ ਜ਼ਮੀਨ 'ਤੇ ਕਬਜ਼ਾ ਕਰਨ ਦੀ ਸਾਜ਼ਿਸ਼ ਤੋਂ ਪ੍ਰੇਰਿਤ ਹੈ। ਉਨ੍ਹਾਂ ਕਿਹਾ ਕਿ ਲੋਕਾਂ ਦੀ ਸਿਹਤ ਬਾਰੇ ਕਾਂਗਰਸ ਵੀ ਫਿਕਰਮੰਦ ਹੈ ਪਰ ਇਸ ਤਰ੍ਹਾਂ ਅਜਿਹੇ ਵੱਡੇ-ਵੱਡੇ ਪ੍ਰਾਜੈਕਟਾਂ ਨੂੰ ਬੰਦ ਕਰਨਾ ਕਿਸੇ ਮੁਸ਼ਕਲ ਦਾ ਸਥਾਈ ਹੱਲ ਨਹੀਂ। ਉਨ੍ਹਾਂ ਕਿਹਾ ਕਿ ਪੰਜਾਬ ਪਹਿਲਾਂ ਹੀ ਬਿਜਲੀ ਦੀ ਘਾਟ ਦਾ ਸਾਹਮਣਾ ਕਰ ਰਿਹਾ ਹੈ ਤੇ ਸਰਕਾਰ ਦੇ ਇਸ ਫ਼ੈਸਲੇ ਨਾਲ ਬਿਜਲੀ ਸੰਕਟ ਹੋਰ ਵਧੇਗਾ।

ਉਨ੍ਹਾਂ ਕਿਹਾ ਕਿ ਪੰਜਾਬ ਪਹਿਲਾਂ ਹੀ ਵੱਡੇ ਪੱਧਰ 'ਤੇ ਬਿਜਲੀ ਦੀ ਘਾਟ ਦਾ ਸਾਹਮਣਾ ਕਰ ਰਿਹਾ ਹੈ ਜਿਸ ਕਰਕੇ ਹੋਰ ਬਿਜਲੀ ਪ੍ਰਾਜੈਕਟਾਂ ਦੀ ਲੋੜ ਹੈ। ਅਜਿਹੀ ਸੂਰਤ 'ਚ ਪਹਿਲਾਂ ਚੱਲ ਰਹੇ ਬਿਜਲੀ ਪਲਾਂਟਾਂ ਨੂੰ ਬੰਦ ਕਰਨਾ ਬਿਲਕੁਲ ਵਾਜਬ ਨਹੀਂ। ਉਨ੍ਹਾਂ ਹੈਰਾਨੀ ਪ੍ਰਗਟ ਕੀਤੀ ਕਿ ਸਰਕਾਰ ਨੇ ਪ੍ਰਦੂਸ਼ਣ ਨੂੰ ਰੋਕਣ ਲਈ ਕੋਈ ਉਪਾਅ ਕਰਨ ਦੀ ਥਾਂ ਪਲਾਂਟ ਨੂੰ ਹੀ ਬੰਦ ਕਰਨ ਦਾ ਫੈਸਲਾ ਲੈ ਲਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਤੇ ਦੇਸ਼ ਦੇ ਹੋਰ ਹਿੱਸਿਆਂ 'ਚ ਇਸ ਤਰ੍ਹਾਂ ਦੇ ਕਈ ਪਲਾਂਟ ਚੱਲ ਰਹੇ ਹਨ ਤੇ ਜੇਕਰ ਉਹ ਪਾਂਟ ਬਿਨਾਂ ਸਿਹਤ ਨੂੰ ਖ਼ਤਰੇ 'ਚ ਪਾਏ ਚਲਾਏ ਜਾ ਰਹੇ ਹਨ ਤਾਂ ਬਠਿੰਡਾ ਪਲਾਂਟ ਦੇ ਮਾਮਲੇ ਵਿਚ ਅਜਿਹਾ ਕਿਉਂ ਨਹੀਂ ਹੋ ਸਕਦਾ? ਉਨ੍ਹਾਂ ਦੋਸ਼ ਲਾਇਆ ਕਿ ਅਸਲ 'ਚ ਅਕਾਲੀ-ਭਾਜਪਾ ਸਰਕਾਰ ਨੂੰ ਲੋਕਾਂ ਦੀ ਸਿਹਤ ਦਾ ਕੋਈ ਫਿਕਰ ਨਹੀਂ ਬਲਕਿ ਉਹ ਅਹਿਮ ਜ਼ਮੀਨ 'ਤੇ ਕਬਜ਼ਾ ਕਰਕੇ ਇਸ ਤੋਂ ਪੈਸੇ ਵੱਟਣਾ ਚਾਹੁੰਦੀ ਹੈ।

# ਕੈਪਟਨ ਅਮਰਿੰਦਰ ਵੱਲੋਂ ਕੇਂਦਰੀ ਜਲ ਕਮਿਸ਼ਨ ਦੀ ਰਿਪੋਰਟ ਰੱਦ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰੀ ਜਲ ਕਮਿਸ਼ਨ ਵੱਲੋਂ ਹਾਂਸੀ-ਬੁਟਾਣਾ ਨਹਿਰ ਬਾਰੇ ਸੁਪਰੀਮ ਕੋਰਟ 'ਚ ਦਾਇਰ ਕੀਤੀ ਮੁੱਢਲੀ ਰਿਪੋਰਟ ਨੂੰ ਮੁੱਢੋਂ ਹੀ ਰੱਦ ਕਰਦਿਆਂ ਦੋਸ਼ ਲਾਇਆ ਕਿ ਇਹ ਰਿਪੋਰਟ ਜ਼ਮੀਨੀ ਹਾਲਾਤ ਦਾ ਮੁਲਾਂਕਣ ਕੀਤੇ ਬਗੈਰ ਤਿਆਰ ਕੀਤੀ ਗਈ ਹੈ।

ਉਨ੍ਹਾਂ ਦੱਸਿਆ ਕਿ ਕਮਿਸ਼ਨ ਨੇ ਆਪਣੀ ਰਿਪੋਰਟ ਵਿਚ ਕਿਹਾ ਹੈ ਕਿ ਇਸ ਨਹਿਰ ਦੇ ਨਾਲ ਬਣਾਈ ਕੰਧ ਨਾਲ ਪੰਜਾਬ ਨੂੰ ਹੜ੍ਹਾਂ ਦਾ ਕੋਈ ਖ਼ਤਰਾ ਨਹੀਂ ਹੈ। ਕੈਪਟਨ ਨੇ ਕਮਿਸ਼ਨ ਦੇ ਚੇਅਰਮੈਨ ਨੂੰ ਭੇਜੇ ਪੱਤਰ ਵਿਚ ਕਿਹਾ ਹੈ ਕਿ ਇਸ ਮਾਮਲੇ ਦੀ ਘੋਖ ਲਈ ਕਿਸੇ ਤਰ੍ਹਾਂ ਦੇ ਇੰਜੀਨੀਅਰਿੰਗ ਮਾਹਰਾਂ ਦੀ ਲੋੜ ਨਹੀਂ ਹੈ ਕਿਉਂਕਿ ਸਧਾਰਨ ਨਜ਼ਰ ਮਾਰਨ 'ਤੇ ਹੀ ਸਾਫ ਹੋ ਜਾਂਦਾ ਹੈ ਕਿ ਨਹਿਰ ਦੇ ਨਾਲ ਖੜ੍ਹੀ ਕੀਤੀ ਜਾ ਰਹੀ ਕੰਧ ਹੜ੍ਹ ਆਉਣ ਦੀ ਸੂਰਤ ਵਿਚ ਪੰਜਾਬ ਦੇ ਹਜ਼ਾਰਾਂ ਪਿੰਡਾਂ ਵਾਸਤੇ ਤਬਾਹੀ ਦਾ ਕਾਰਨ ਬਣ ਸਕਦੀ ਹੈ। ਉਨ੍ਹਾਂ ਕਿਹਾ ਕਿ ਕੰਧ ਨੇ ਹੜ੍ਹਾਂ ਦੇ ਖ਼ਤਰੇ 'ਚ ਵਾਧਾ ਕਰ ਦਿੱਤਾ ਹੈ ਕਿਉਂਕਿ ਇਹ ਸਾਰੇ ਵਾਧੂ ਪਾਣੀ ਨੂੰ ਆਪਣੇ ਕੁਦਰਤੀ ਰਸਤੇ 'ਤੇ ਜਾਣ ਤੋਂ ਰੋਕ ਕੇ ਪੰਜਾਬ ਵਾਲੇ ਪਾਸੇ ਧੱਕੇਗੀ। ਉਨ੍ਹਾਂ ਹੋਰ ਸਪੱਸ਼ਟ ਕੀਤਾ ਕਿ ਹਾਂਸੀ-ਬੁਟਾਣਾ ਨਹਿਰ ਪੱਛਮ ਤੋਂ ਪੂਰਬ ਵੱਲ ਵੱਗਦੀ ਹੈ ਜਦਕਿ ਘੱਗਰ ਤੇ ਟਾਂਗਰੀ ਦਾ ਵਹਾਅ ਉਤਰ ਤੋਂ ਦੱਖਣ ਵੱਲ ਨੂੰ ਹੈ ਤੇ ਨਹਿਰ ਦੇ ਨਿਰਮਾਣ ਨੇ ਆਪਣੇ ਆਪ ਹੀ ਇਨ੍ਹਾਂ ਦੋਵਾਂ ਨਦੀਆਂ ਦੇ ਪਾਣੀ ਵਾਸਤੇ ਘੇਰਾਬੰਦੀ ਬਣਾ ਦਿੱਤੀ ਹੈ ਤੇ ਹੁਣ ਇਹ ਠੋਸ ਕੰਧ ਪਾਣੀ ਨੂੰ ਰੋਕੇਗੀ ਤੇ ਪਾਣੀ ਦਾ ਪੂਰਾ ਵਹਾਅ ਪੰਜਾਬ ਵੱਲ ਬਣੇਗਾ।

ਉਨ੍ਹਾਂ ਕਿਹਾ ਕਿ ਨਹਿਰ ਤੇ ਨਿਰਮਾਣ ਅਧੀਨ ਕੰਧ ਪਾਣੀ ਨੂੰ ਪੱਕੇ ਤੌਰ 'ਤੇ ਰੋਕੇਗੀ ਤੇ ਇਸ ਤਰ੍ਹਾਂ ਬੰਨ੍ਹ ਵਰਗੇ ਹਾਲਾਤ ਬਣ ਜਾਣਗੇ। ਕਮਿਸ਼ਨ ਦੀ ਰਿਪੋਰਟ ਨੂੰ ਰੱਦ ਕਰਦੇ ਹੋਏ ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਇਹ ਰਿਪੋਰਟ ਪੂਰੀ ਤਰ੍ਹਾਂ ਬੇਤੁਕੀ ਹੈ ਕਿਉਂਕਿ ਜਾਂ ਤਾਂ ਕਮਿਸ਼ਨ ਨੂੰ ਜ਼ਮੀਨੀ ਸਚਾਈ ਬਾਰੇ ਕੋਈ ਜਾਣਕਾਰੀ ਨਹੀਂ ਹੈ ਜਾਂ ਫਿਰ ਜਾਣਬੁਝ ਕੇ ਜ਼ਮੀਨੀ ਹਾਲਾਤ ਨੂੰ ਅਣਦੇਖਿਆ ਕੀਤਾ ਗਿਆ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਸ਼ੱਕ ਹੈ ਮੁੱਢਲੀ ਰਿਪੋਰਟ ਤਿਆਰ ਕਰਨ ਤੋਂ ਪਹਿਲਾਂ ਕਮਿਸ਼ਨ ਮੈਂਬਰਾਂ ਜਾਂ ਮਾਹਰਾਂ ਨੇ ਅਸਲੀ ਜਗ੍ਹਾ ਦਾ ਦੌਰਾ ਹੀ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਜੇ ਕਮਿਸ਼ਨ ਦੇ ਅਧਿਕਾਰੀ ਇਹ ਰਿਪੋਰਟ ਸੁਪਰੀਮ ਕੋਰਟ ਦੇ ਅੱਗੇ ਪੇਸ਼ ਕਰਨ ਤੋਂ ਪਹਿਲਾਂ ਮੌਕੇ ਦਾ ਮੁਆਇਨਾ ਕਰਦੇ ਤਾਂ ਤਸਵੀਰ ਹੀ ਕੁਝ ਹੋਰ ਹੋਣੀ ਸੀ ਅਤੇ ਪੰਜਾਬ ਨਾਲ ਇਨਸਾਫ ਹੋਣ ਦੀ ਸੰਭਾਵਨਾ ਵਧ ਹੋਣੀ ਸੀ।

# ਬਾਦਲ ਸਰਕਾਰ ਨੇ ਖਜ਼ਾਨਾ ਭਰਨ ਲਈ 800 ਕਰੋੜ ਦੀ ਜਾਇਦਾਦਾਂ ਵੇਚੀ

ਚੰਡੀਗੜ੍ਹ: ਪੰਜਾਬ ਬੁਨਿਆਦੀ ਢਾਂਚਾ ਵਿਕਾਸ ਬੋਰਡ (ਪੀ.ਆਈ.ਡੀ.ਬੀ.) ਰਾਹੀਂ ਸਰਕਾਰੀ ਜਾਇਦਾਦਾਂ ਨੂੰ ਵੇਚਣ ਦੀ ਮੁਹਿੰਮ ਤਹਿਤ ਸਰਕਾਰ ਨੇ ਪਿਛਲੇ ਸਾਢੇ ਚਾਰ ਸਾਲਾਂ ਦੌਰਾਨ ਰਾਜ ਦੇ ਵੱਡੇ ਸ਼ਹਿਰਾਂ ਲੁਧਿਆਣਾ, ਅੰਮ੍ਰਿਤਸਰ ਤੇ ਬਠਿੰਡਾ ਆਦਿ ਵਿਚ ਅਹਿਮ ਥਾਵਾਂ ਨੂੰ ਤਕਰੀਬਨ 800 ਕਰੋੜ ਰੁਪਏ ਵਿਚ ਵੇਚ ਦਿੱਤਾ ਹੈ। ਸਰਕਾਰ ਨੇ ਰਾਜ ਦੇ ਸ਼ਹਿਰੀ ਖੇਤਰ ਵਿਚ ਆਉਂਦੀਆਂ 350 ਏਕੜ ਦੇ ਕਰੀਬ ਬੇਸ਼ੁਮਾਰ ਕੀਮਤੀ ਜਾਇਦਾਦਾਂ ਨੂੰ ਵੇਚਣ ਲਈ ਪੀ.ਆਈ.ਡੀ.ਬੀ. ਦੇ ਨਾਂ ਤਬਦੀਲ ਕਰ ਦਿੱਤਾ ਹੈ। ਸੂਚਨਾ ਅਧਿਕਾਰ ਕਾਨੂੰਨ ਤਹਿਤ ਹਾਸਲ ਜਾਣਕਾਰੀ ਦੌਰਾਨ ਸਾਹਮਣੇ ਆਇਆ ਹੈ ਕਿ ਅਕਾਲੀ-ਭਾਜਪਾ ਸਰਕਾਰ ਦੇ ਗਠਨ ਤੋਂ ਬਾਅਦ ਪੀ.ਆਈ.ਡੀ.ਬੀ. ਵੱਲੋਂ ਵੇਚੀਆਂ ਗਈਆਂ ਅਹਿਮ ਥਾਵਾਂ ਵਿਚ ਕੈਨਾਲ ਕਲੋਨੀ ਬਠਿੰਡਾ, ਨਹਿਰੀ ਆਰਾਮ ਘਰ ਕੁਹਾੜਾ (ਲੁਧਿਆਣਾ), ਬਠਿੰਡਾ ਦਾ ਪੁਰਾਣਾ ਹਸਪਤਾਲ ਸ਼ਾਮਲ ਹਨ। ਇਸ ਤੋਂ ਇਲਾਵਾ ਜੋ ਜਾਇਦਾਦਾਂ ਪੀ.ਆਈ.ਡੀ.ਬੀ. ਦੇ ਨਾਂ ਤਬਦੀਲ ਕੀਤੀਆਂ ਗਈਆਂ ਹਨ, ਉਨ੍ਹਾਂ ਵਿਚ ਪਟਿਆਲਾ ਦੀ ਰਾਜਪੁਰਾ ਕਲੋਨੀ (53 ਏਕੜ) ਤੇ ਖੇਤੀਬਾੜੀ ਵਿਭਾਗ ਦਾ ਮੁਕੇਰੀਆਂ ਸਥਿਤ ਬੀਜ ਫਾਰਮ (41 ਏਕੜ) ਸ਼ਾਮਲ ਹਨ।

ਪੰਜਾਬ ਸਰਕਾਰ ਵੱਲੋਂ ਵੇਚੀਆਂ ਜਾ ਚੁੱਕੀਆਂ ਜਾਂ ਵੇਚੀਆਂ ਜਾਣ ਵਾਲੀਆਂ ਜਾਇਦਾਦਾਂ ਵਿਚ ਨਹਿਰੀ, ਲੋਕ ਨਿਰਮਾਣ, ਸਿਹਤ, ਸਿੱਖਿਆ, ਮੈਡੀਕਲ ਸਿੱਖਿਆ, ਮਾਲ, ਖੇਤੀਬਾੜੀ, ਸਹਿਕਾਰਤਾ, ਜੇਲ੍ਹਾਂ ਆਦਿ ਵਿਭਾਗਾਂ ਦੀਆਂ ਜ਼ਮੀਨਾਂ ਸ਼ਾਮਲ ਹਨ। ਜ਼ਿਆਦਾਤਰ ਜਾਇਦਾਦਾਂ ਸ਼ਹਿਰਾਂ ਦੇ ਐਨ ਵਿਚਕਾਰ ਆ ਗਈਆਂ ਹਨ ਜਿਸ ਸਦਕਾ ਇਨ੍ਹਾਂ ਦੀ ਬਾਜ਼ਾਰੀ ਕੀਮਤ ਵਧ ਗਈ ਹੈ। ਪੀ.ਆਈ.ਡੀ.ਬੀ. ਵੱਲੋਂ ਦਿੱਤੀ ਗਈ ਇਸ ਜਾਣਕਾਰੀ ਮੁਤਾਬਕ ਇਕਾ-ਦੁੱਕਾ ਜਾਇਦਾਦਾਂ ਹੀ ਪ੍ਰਾਈਵੇਟ ਬਿਲਡਰਾਂ ਨੂੰ ਵੇਚੀਆਂ ਗਈਆਂ ਹਨ। ਜ਼ਿਆਦਾਤਰ ਜਾਇਦਾਦਾਂ ਨੂੰ ਸਰਕਾਰੀ ਵਿਭਾਗਾਂ ਨੇ ਪ੍ਰਾਪਰਟੀ ਡੀਲਰਾਂ ਵਾਂਗ ਪਲਾਟ ਕੱਟ ਕੇ ਜਾਂ ਦੁਕਾਨਾਂ ਕੱਟ ਕੇ ਵੇਚਿਆ ਤੇ ਅਰਬਾਂ ਰੁਪਏ ਦੀ ਕਮਾਈ ਕੀਤੀ ਹੈ। ਬਠਿੰਡਾ ਸ਼ਹਿਰ ਦੀ ਨਹਿਰੀ ਕਲੋਨੀ ਦੀ 19 ਵਿੱਘੇ 3 ਵਿਸਵੇ ਜ਼ਮੀਨ 7300 ਰੁਪਏ ਪ੍ਰਤੀ ਵਰਗ ਗਜ਼ ਦੇ ਹਿਸਾਬ ਨਾਲ ਪ੍ਰਾਈਵੇਟ ਕੰਪਨੀ ਬੀ.ਸੀ.ਐਲ. ਇੰਡਸਟਰੀਜ਼ ਐਂਡ ਬੁਨਿਆਦੀ ਢਾਂਚਾ ਲਿਮਿਟਡ ਬਠਿੰਡਾ ਨੂੰ ਵੇਚੀ ਗਈ ਤੇ ਇਸ ਜਾਇਦਾਦ ਤੋਂ ਸਰਕਾਰ ਨੇ 14 ਕਰੋੜ 20 ਲੱਖ 34 ਹਜ਼ਾਰ 640 ਰੁਪਏ ਵੱਟੇ।


ਬਠਿੰਡਾ ਦੇ ਹੀ ਪੁਰਾਣੇ ਹਸਪਤਾਲ ਦੀ ਇਮਾਰਤ 62000 ਰੁਪਏ ਵਰਗ ਗਜ਼ ਦੀ ਵੇਚ ਕੇ 186 ਕਰੋੜ ਰੁਪਏ ਦੀ ਕਮਾਈ ਕੀਤੀ। ਅਹਿਮ ਤੱਥ ਇਹ ਹੈ ਕਿ ਸਰਕਾਰ ਨੇ ਪ੍ਰਾਈਵੇਟ ਕੰਪਨੀ ਨੂੰ 7300 ਰੁਪਏ ਵਰਗ ਗਜ਼ ਦੇ ਹਿਸਾਬ ਨਾਲ ਵੇਚੀ ਜਦੋਂਕਿ ਇਸੇ ਸ਼ਹਿਰ ਵਿਚ ਵਪਾਰਕ ਪਲਾਟਾਂ ਨੂੰ 62000 ਵਰਗ ਗਜ਼ ਦੇ ਹਿਸਾਬ ਨਾਲ ਵੇਚਣ ਦੇ ਤੱਥ ਸਾਹਮਣੇ ਆਏ ਹਨ। ਅੰਮ੍ਰਿਤਸਰ ਜੇਲ੍ਹ ਦੀ 5 ਏਕੜ ਜ਼ਮੀਨ ਨੇਸ਼ੀਆ ਬਿਲਡਰਜ਼ ਤੇ ਡਿਵੈਲਪਰਜ਼ ਨਵੀਂ ਦਿੱਲੀ ਨੂੰ 152 ਕਰੋੜ ਰੁਪਏ ਵਿਚ ਵੇਚੀ ਗਈ ਸੀ ਪਰ ਕੰਪਨੀ ਨੇ ਜ਼ਮੀਨ ਲੈਣ ਤੋਂ ਨਾ ਕਰ ਦਿੱਤੀ ਤਾਂ ਸਰਕਾਰ ਨੇ ਇਸ ਸਬੰਧੀ 15 ਕਰੋੜ ਰੁਪਏ ਜ਼ਬਤ ਕਰ ਲਏ। ਬਠਿੰਡਾ ਸ਼ਹਿਰ ਵਿਚ ਹੀ 100 ਫੁੱਟੀ ਰੋਡ ਨੂੰ ਪੀ.ਆਈ.ਡੀ.ਬੀ. ਨੇ 80 ਕਰੋੜ ਰੁਪਏ ਵਿੱਚ ਵੇਚਿਆ ਤੇ ਇਥੋਂ ਦੇ ਸਿਵਲ ਸਟੇਸ਼ਨ ਦਾ ਮੁੱਲ 11.75 ਕਰੋੜ ਰੁਪਏ ਪਿਆ ਤੇ ਧੋਬੀ ਬਜ਼ਾਰ ਵਿਚਲੇ ਪਟਵਾਰਖਾਨੇ ਦਾ ਮੁੱਲ 1 ਕਰੋੜ ਰੁਪਏ ਵੱਟਿਆ। ਫਰੀਦਕੋਟ ਸ਼ਹਿਰ ਦੀਆਂ ਦੋ ਜਾਇਦਾਦਾਂ ਬੀ.ਐਡ. ਹੋਸਟਲ ਤੇ ਉਪ ਮੰਡਲ ਇੰਜੀਨੀਅਰ ਦੇ ਘਰ ਦੀ 11 ਕਨਾਲ ਜ਼ਮੀਨ ਡੇਢ ਕਰੋੜ ਰੁਪਏ ਵਿਚ ਵੇਚੀ ਗਈ। ਇਸੇ ਸ਼ਹਿਰ ਦੀਆਂ ਦੋ ਹੋਰ ਜਾਇਦਾਦਾਂ ਜਿਨ੍ਹਾਂ ਵਿਚ ਦਸਮੇਸ਼ ਪਬਲਿਕ ਸਕੂਲ ਤੇ ਬਾਬਾ ਫਰੀਦ ਮੈਡੀਕਲ ਯੂਨੀਵਰਸਿਟੀ ਦੀ ਜ਼ਮੀਨ ਸ਼ਾਮਲ ਹੈ, ਨੂੰ ਵੇਚਣ ਦੀਆਂ ਤਿਆਰੀਆਂ ਪੂਰੀਆਂ ਹੋ ਚੁੱਕੀਆਂ ਹਨ। ਅਬੋਹਰ ਦੀ ਕਤਾਈ ਮਿੱਲ 'ਤੇ ਰਿਹਾਇਸ਼ੀ ਤੇ ਵਪਾਰਕ ਪਲਾਟ ਕੱਟ ਕੇ 23 ਕਰੋੜ ਰੁਪਏ ਪੰਜਾਬ ਸਰਕਾਰ ਨੇ ਵੱਟੇ ਹਨ।

ਲੁਧਿਆਣਾ ਸ਼ਹਿਰ ਵਿਚ ਕੋਹਾੜਾ ਦਾ ਆਰਾਮ ਘਰ ਤੇ ਬਾੜੇਵਾਲ ਰੋਡ 'ਤੇ ਮੌਜੂਦ ਸਥਾਨਕ ਨਗਰ ਨਿਗਮ ਦੀ ਜ਼ਮੀਨ 33 ਕਰੋੜ ਰੁਪਏ ਵਿਚ ਵੇਚੀ ਗਈ। ਗੁਰਦਾਸਪੁਰ ਦੀ ਪੁਰਾਣੀ ਜੇਲ੍ਹ ਵਾਲੀ ਥਾਂ 199 ਰਿਹਾਇਸ਼ੀ ਤੇ 65 ਵਪਾਰਕ ਪਲਾਟ ਵੇਚੇ ਗਏ ਜਿਨ੍ਹਾਂ ਦੀ ਕੀਮਤ 5 ਕਰੋੜ 27 ਲੱਖ ਰੁਪਏ ਪਈ। ਸੰਗਰੂਰ ਜ਼ਿਲ੍ਹੇ ਵਿਚਲੇ ਵੱਡੇ ਪਿੰਡ ਅਮਰਗੜ੍ਹ ਦੇ ਸਰਕਾਰੀ ਸਕੂਲ ਦੀ ਜ਼ਮੀਨ 'ਤੇ 144 ਪਲਾਟ ਕੱਟੇ ਤੇ 7 ਕਰੋੜ 69 ਲੱਖ ਰੁਪਏ ਹਾਸਲ ਕੀਤੇ। ਟਿਕਟ ਪ੍ਰਿੰਟਿੰਗ ਪ੍ਰੈਸ ਪਟਿਆਲਾ ਦੀ ਜ਼ਮੀਨ ਵੇਚਣ ਲਈ ਪੁਡਾ ਨੇ ਕਈ ਵਾਰੀ ਬੋਲੀ ਰੱਖੀ ਪਰ ਇਹ ਅਜੇ ਤੱਕ ਵਿਕੀ ਨਹੀਂ। ਸਰਕਾਰ ਨੇ ਜੋ ਜ਼ਮੀਨਾਂ ਵੇਚਣ ਲਈ ਤਬਦੀਲ ਕਰ ਦਿੱਤੀਆਂ ਹਨ, ਉਨ੍ਹਾਂ ਵਿਚ ਜਲੰਧਰ, ਗੁਰਦਾਸਪੁਰ ਤੇ ਫਿਰੋਜ਼ਪੁਰ ਦੀਆਂ ਜੇਲ੍ਹਾਂ ਤੇ ਅੰਮ੍ਰਿਤਸਰ ਜੇਲ੍ਹ ਦੀ ਵਾਧੂ ਜ਼ਮੀਨ, ਅੰਮ੍ਰਿਤਸਰ ਦੀ ਨਹਿਰੀ ਕਲੋਨੀ ਤੇ ਗੁਰੂ ਤੇਗ ਬਹਾਦਰ ਹਸਤਪਾਲ ਸ਼ਾਮਲ ਹਨ। ਇਹ ਕੁੱਲ 36 ਥਾਵਾਂ 'ਤੇ 350 ਏਕੜ ਦੇ ਕਰੀਬ ਜ਼ਮੀਨ ਬਣਦੀ ਹੈ। ਇਨ੍ਹਾਂ ਵਿਚੋਂ ਕੁਝ ਥਾਵਾਂ ਨਿਲਾਮੀ ਰਾਹੀਂ ਵੇਚ ਦਿੱਤੀਆਂ ਗਈਆਂ ਹਨ ਜਾਂ ਪੁਡਾ ਨੇ ਪਲਾਟ ਕੱਟੇ।

# ਬਰਤਾਨੀਆ 'ਚ ਰੁਜ਼ਗਾਰ ਦੇ ਮੌਕਿਆਂ 'ਤੇ ਵਿਦੇਸ਼ੀਆਂ ਨੇ ਹੂੰਝਾ ਫੇਰਿਆ

**ਲੰਡਨ:** ਬਰਤਾਨੀਆ ਵਿਚ ਇਸ ਵਰ੍ਹੇ ਅਪਰੈਲ ਤੋਂ ਜੂਨ ਤਕ ਰੁਜ਼ਗਾਰ ਹਾਸਲ ਕਰਨ ਵਾਲੇ ਵਿਦੇਸ਼ੀ ਨਾਗਰਿਕਾਂ ਜਿਨ੍ਹਾਂ ਵਿਚ ਭਾਰਤੀ ਵੀ ਸ਼ਾਮਲ ਹਨ, ਦੀ ਗਿਣਤੀ ਵਧੀ ਹੈ ਜਦਕਿ ਇਸ ਸਮੇਂ ਦੌਰਾਨ ਨੌਕਰੀ ਹਾਸਲ ਕਰਨ ਵਾਲੇ ਇੰਗਲੈਂਡ ਦੇ ਜਾਇਆਂ ਦੀ ਗਿਣਤੀ ਘਟੀ ਹੈ। ਆਫਿਸ ਫਾਰ ਨੈਸ਼ਨਲ ਸਟੈਟਿਕਸ (ਓ.ਐਨ.ਐਸ.) ਵੱਲੋਂ ਛਾਪੇ ਅੰਕੜਿਆਂ ਕਾਰਨ ਬਰਤਾਨੀਆ ਵਿਚ ਹੁਨਰ ਦੀ ਘਾਟ ਬਾਰੇ ਚਿੰਤਾ ਖੜ੍ਹੀ ਹੋ ਗਈ ਹੈ ਜਿਸ ਕਾਰਨ ਵਿਦੇਸ਼ੀਆਂ ਨੂੰ ਵੱਧ ਨੌਕਰੀਆਂ ਹਾਸਲ ਹੋਈਆਂ।

ਚਾਂਸਲਰ ਜੌਰਜ ਔਸਬੌਰਨ ਨੇ ਕਿਹਾ ਕਿ ਓ.ਐਨ.ਐਸ. ਦੇ ਅੰਕੜੇ ਨਿਰਾਸ਼ ਕਰਨ ਵਾਲੇ ਹਨ ਪਰ ਹਾਲੇ ਵੀ ਹੋਰ ਰੁਜ਼ਗਾਰ ਪੈਦਾ ਕੀਤੇ ਜਾ ਰਹੇ ਹਨ ਭਾਵੇਂ ਬਰਤਾਨੀਆ ਦੀ ਆਰਥਿਕਤਾ ਮੰਦੀ ਦਾ ਸਾਹਮਣਾ ਕਰ ਰਹੀ ਹੈ। ਲੇਬਰ ਪਾਰਟੀ ਨੇ ਕਿਹਾ ਕਿ ਇਹ ਅੰਕੜੇ ਬਹੁਤ ਚਿੰਤਾ ਵਾਲੇ ਹਨ। ਅੰਕੜਿਆਂ ਅਨੁਸਾਰ ਇਨ੍ਹਾਂ ਤਿੰਨ ਮਹੀਨਿਆਂ ਦੌਰਾਨ ਬਰਤਾਨੀਆ ਦੇ ਜਾਏ ਢਾਈ ਕਰੋੜ ਲੋਕ ਨੌਕਰੀ ਪ੍ਰਾਪਤ ਸਨ ਤੇ ਪਿਛਲੇ ਵਰ੍ਹੇ ਦੇ ਮੁਕਾਬਲੇ ਇਹ ਗਿਣਤੀ 50 ਹਜ਼ਾਰ ਘੱਟ ਹੈ। ਦੂਜੇ ਪਾਸੇ ਵਿਦੇਸ਼ੀ ਮੂਲ ਦੇ ਬਰਤਾਨੀਆ ਵਿਚ ਰਹਿੰਦੇ 4.15 ਲੱਖ ਲੋਕ ਰੁਜ਼ਗਾਰ ਹਾਸਲ ਸਨ ਜੋ ਕਿ ਬੀਤੇ ਵਰ੍ਹੇ ਨਾਲੋਂ 289,000 ਵੱਧ ਸਨ। ਇਥੇ ਜ਼ਿਕਰਯੋਗ ਹੈ ਬੀਤੇ ਦਿਨ ਬਰਤਾਨੀਆ 'ਚ ਦੰਗਿਆਂ ਦਾ ਕਾਰਨ ਵੀ ਬੇਰੁਜ਼ਗਾਰੀ ਹੀ ਸੀ ਜਿਸ ਦੌਰਾਨ ਕਰੋੜਾਂ ਡਾਲਰ ਦਾ ਜਾਨੀ ਤੇ ਮਾਲੀ ਨੁਕਸਾਨ ਹੋਇਆ ਹੈ। ਇਸ ਤਾਜ਼ਾ ਹਾਲਾਤ ਨੇ ਬਰਤਾਨਵੀ ਸਰਕਾਰ ਨੂੰ ਚਿੰਤਾ 'ਚ ਪਾ ਦਿੱਤਾ ਹੈ ਕਿ ਭਵਿੱਖ 'ਚ ਜੇਕਰ ਇਹ ਰੁਝਾਨ ਜਾਰੀ ਰਿਹਾ ਤਾਂ ਇਸ ਦੇ ਗੰਭੀਰ ਸਿੱਟੇ ਨਿਕਲ ਸਕਦੇ ਹਨ। ਰੁਜ਼ਗਾਰ ਪ੍ਰਾਪਤੀ 'ਚ ਵਿਦੇਸ਼ੀਆਂ ਦੇ ਅੱਗੇ ਨਿਕਲਣ ਜਾਣ ਕਾਰਨ ਦੇਸ਼ 'ਚ ਨਸਲੀ ਬੇਚੈਨੀ ਵੀ ਪੈਦਾ ਹੋ ਸਕਦੀ ਹੈ ਤੇ ਸਰਕਾਰ ਵੱਲੋਂ ਵਿਦੇਸ਼ੀਆਂ 'ਤੇ ਸ਼ਿਕੰਜਾ ਵੀ ਕੱਸਿਆ ਜਾ ਸਕਦਾ ਹੈ।



## ਅਮਰੀਕਾ ਵਿਚ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵਧੀ

**ਵਾਸ਼ਿੰਗਟਨ:** ਅਮਰੀਕਾ ਦੀਆਂ ਸਿੱਖਿਆ ਸੰਸਥਾਵਾਂ ਵਿਚ ਗਰੈਜੂਏਟ ਪੱਧਰ ਦੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵਰ੍ਹਾ 2010 ਤੋਂ ਲੈ ਕੇ 2011 ਤੱਕ 8 ਫ਼ੀਸਦੀ ਵਧੀ ਹੈ। ਅਮਰੀਕਾ ਵਿਚ ਵਿਦੇਸ਼ੀ ਵਿਦਿਆਰਥੀਆਂ ਦੀ ਗਿਣਤੀ ਦੇ ਮਾਮਲੇ ਵਿਚ ਚੀਨ ਸਭ ਤੋਂ ਅੱਗੇ ਹੈ। ਹਾਲ ਹੀ ਵਿਚ ਜਾਰੀ ਰਿਪੋਰਟ ਅਨੁਸਾਰ ਚੀਨ ਦੇ ਵਿਦਿਆਰਥੀਆਂ ਦੀ ਅਮਰੀਕਾ ਵਿਚ ਗਿਣਤੀ 23 ਫ਼ੀਸਦੀ ਵਧੀ ਹੈ।

ਕੌਂਸਲ ਆਫ ਗਰੈਜੂਏਟ ਸਕੂਲਜ਼ ਵੱਲੋਂ ਕੀਤੇ ਗਏ ਸਰਵੇਖਣ ਅਨੁਸਾਰ ਵਰ੍ਹਾ 2010-11 ਵਿਚ ਅਮਰੀਕਾ ਵਿੱਚ ਵਿਦੇਸ਼ੀ ਵਿਦਿਆਰਥੀਆਂ ਦੇ ਦਾਖ਼ਲਿਆਂ ਵਿਚ ਕੁੱਲ 11 ਫ਼ੀਸਦੀ ਦਾ ਇਜ਼ਾਫਾ ਹੋਇਆ ਹੈ। ਬੀਤੇ ਵਰ੍ਹੇ ਦਾਖ਼ਲਿਆਂ ਵਿਚ ਇਹ ਵਾਧਾ ਸਿਰਫ 3 ਫ਼ੀਸਦੀ ਸੀ। ਮੱਧ ਪੂਰਬੀ ਤੇ ਤੁਰਕੀ ਵਰਗੇ ਦੇਸ਼ਾਂ ਦੇ ਵਿਦਿਆਰਥੀਆਂ ਦਾ ਵੀ ਅਮਰੀਕਾ ਵਿਚ ਜਾ ਕੇ ਪੜ੍ਹਾਈ ਕਰਨ ਦਾ ਰੁਝਾਨ ਵਧਿਆ ਹੈ ਤੇ ਇਨ੍ਹਾਂ ਵਿਦਿਆਰਥੀਆਂ ਦੀ ਗਿਣਤੀ ਵਿਚ ਵਾਧਾ 16 ਫ਼ੀਸਦੀ ਦਰਜ ਕੀਤਾ ਗਿਆ ਹੈ। ਇਸੇ ਦੌਰਾਨ ਭਾਸ਼ਾ 'ਚ ਵਖਰੇਵੇਂ ਕਾਰਨ ਦੱਖਣੀ ਕੋਰੀਆ ਦੇ ਵਿਦਿਆਰਥੀਆਂ ਦਾ ਅਮਰੀਕਾ ਜਾ ਕੇ ਪੜ੍ਹਾਈ ਕਰਨ ਦਾ ਰੁਝਾਨ ਘਟਿਆ ਹੈ। ਵਿਦਿਆਰਥੀਆਂ ਵੱਲੋਂ ਅਮਰੀਕਾ ਵਿਚ ਜਿਨ੍ਹਾਂ ਕੋਰਸਾਂ ਬਾਰੇ ਵਧੇਰੇ ਰੁਚੀ ਵਿਖਾਈ ਜਾ ਰਹੀ ਹੈ, ਉਨ੍ਹਾਂ ਵਿਚ ਬਿਜ਼ਨਸ, ਸਰੀਰਕ ਸਿੱਖਿਆ ਤੇ ਭੂ ਵਿਗਿਆਨ ਸ਼ਾਮਲ ਹਨ ਜਦੋਂਕਿ ਸਮਾਜਿਕ ਸਿੱਖਿਆ ਤੇ ਮਨੋਵਿਗਿਆਨ ਵਿਚ ਘੱਟ ਦਿਲਚਸਪੀ ਵਿਖਾਈ ਜਾ ਰਹੀ ਹੈ।

**SUPER TRAVEL**

**847-676-9090, 773-465-5566**

*E-mail: supertravel2003@yahoo.com*

*Lowest Fares With Excellent Service*

*AMERICAN AIR, CONTINENTAL AIR*



*JET AIRWAYS DELTA, AIR INDIA, KLM, LUFTHANSA.*

*For Emergency Call anytime at 847-673-3825*

*EARLY BIRD SALE!!!!*

India $545
London $250

# ਪੰਜਾਬ ਦੇ ਕਿਸਾਨਾਂ ਨੂੰ ਗ਼ੈਰ-ਮਿਆਰੀ ਖਾਦਾਂ ਦੀ ਸਪਲਾਈ

**ਨਵੀਂ ਦਿੱਲੀ:** ਪੰਜਾਬ ਨੂੰ ਦੇਸ਼ ਦਾ ਅੰਨ ਭੰਡਾਰ ਕਿਹਾ ਜਾਂਦਾ ਹੈ ਪਰ ਪਿਛਲੇ ਕੁਝ ਸਾਲਾਂ ਤੋਂ ਰਾਜ ਦੇ ਕਿਸਾਨਾਂ ਨੂੰ ਗੈਰ-ਮਿਆਰੀ ਖਾਦਾਂ ਸਪਲਾਈ ਕੀਤੀਆਂ ਜਾਂਦੀਆਂ ਰਹੀਆਂ ਹਨ। ਇਹ ਖੁਲਾਸਾ ਕੰਪਟਰੋਲਰ ਤੇ ਆਡੀਟਰ ਜਨਰਲ (ਕੈਗ) ਦੀ 2011-12 ਦੀ 'ਪਰਫਾਰਮੈਂਸ ਆਡਿਟ' ਰਿਪੋਰਟ ਵਿਚ ਕੀਤਾ ਗਿਆ ਹੈ।

ਇਹ ਰਿਪੋਰਟ ਖਾਦਾਂ ਤੇ ਰਸਾਇਣਾਂ ਬਾਰੇ ਕੇਂਦਰੀ ਮੰਤਰਾਲੇ ਦੀ ਖਾਦ ਸਬਸਿਡੀ ਸਕੀਮ ਬਾਰੇ ਹੈ। ਰਿਪੋਰਟ ਅਨੁਸਾਰ ਖਾਦਾਂ ਦੇ ਗੈਰ-ਮਿਆਰੀ ਹੋਣ ਬਾਰੇ ਪਤਾ ਲੱਗਣ 'ਤੇ ਜਦੋਂ ਇਨ੍ਹਾਂ ਦੀ ਵਿਕਰੀ ਰੋਕਣ ਦੇ ਹੁਕਮ ਜਾਰੀ ਕੀਤੇ ਗਏ ਤਾਂ ਉਦੋਂ ਤੱਕ ਖਾਦਾਂ ਦਾ ਪੂਰਾ ਜ਼ਖੀਰਾ ਵਿਕ ਚੁੱਕਾ ਸੀ। ਕਿਸਾਨਾਂ ਵੱਲੋਂ ਇਨ੍ਹਾਂ ਘਟੀਆ ਖਾਦਾਂ ਦੀ ਵਰਤੋਂ ਕੀਤੇ ਜਾਣ ਕਾਰਨ ਫਸਲੀ ਪੈਦਾਵਾਰ ਤੇ ਝਾੜ ਉੱਤੇ ਸਿੱਧਾ ਅਸਰ ਪਿਆ। 'ਕੈਗ' ਨੇ ਆਪਣੀ ਇਸ 'ਪਰਫਾਰਮੈਂਸ ਆਡਿਟ' ਲਈ 11 ਸਾਲਾਂ ਦੇ ਸਮੇਂ ਨੂੰ ਚੁਣਿਆ। 1998-99 ਤੋਂ 2008-09 ਤੱਕ ਦੇ ਸਮੇਂ ਦੌਰਾਨ ਸਮੁੱਚੇ ਦੇਸ਼ ਵਿਚ ਖਾਦਾਂ ਦੀ ਸਪਲਾਈ ਤੇ ਸਬਸਿਡੀ ਦਾ ਜਾਇਜ਼ਾ ਲਿਆ ਗਿਆ ਪਰ ਇਸ ਘੋਖ-ਪੜਤਾਲ ਦਾ ਧੁਰਾ ਪੰਜਾਬ ਵਰਗੇ ਰਾਜਾਂ ਨੂੰ ਬਣਾਇਆ ਜੋ ਕੌਮੀ ਭੰਡਾਰਾਂ ਲਈ ਸਭ ਤੋਂ ਵੱਧ ਅਨਾਜ ਮੁਹੱਈਆ ਕਰਵਾਉਂਦੇ ਹਨ।

ਪੰਜਾਬ ਦੇ 22 ਜ਼ਿਲ੍ਹਿਆਂ ਦਾ ਭੂਗੋਲਿਕ ਰਕਬਾ 50.36 ਲੱਖ ਹੈਕਟੇਅਰ ਹੈ। ਇਸ ਦੇ 83 ਫੀਸਦੀ ਹਿੱਸੇ (41.70 ਲੱਖ ਹੈਕਟੇਅਰ) ਵਿਚ ਖੇਤੀ ਕੀਤੀ ਜਾਂਦੀ ਹੈ। ਰਾਜ ਵਿਚ ਫਸਲੀ ਘਣਤਾ 189 ਫੀਸਦੀ ਹੈ ਤੇ ਖਾਦਾਂ ਦੀ ਖਪਤ ਦੀ ਔਸਤ 213 ਕਿਲੋ ਪ੍ਰਤੀ ਹੈਕਟੇਅਰ ਹੈ। ਕੈਗ ਨੇ ਆਪਣੀ ਘੋਖ-ਪੜਤਾਲ ਦੌਰਾਨ ਇਹ ਦੇਖਿਆ ਕਿ ਖਾਦਾਂ ਦੀ ਵੱਧ ਖਪਤ ਤੇ ਮੰਗ ਦੀ ਪੂਰਤੀ ਵੱਧ ਦਰਾਮਦਾਂ ਰਾਹੀਂ ਕੀਤੀ ਗਈ। ਰਾਜਾਂ ਦਾ ਇਨ੍ਹਾਂ ਖਾਦਾਂ ਦੀ ਗੁਣਵੱਤਾ 'ਤੇ ਕੋਈ ਕੰਟਰੋਲ ਨਹੀਂ ਸੀ। ਲਿਹਾਜ਼ਾ, ਕਿਸਾਨਾਂ ਦੀ ਖੁੱਲ੍ਹ ਕੇ ਲੁੱਟ-ਖਸੁੱਟ ਹੋਈ। ਇਹ ਨਹੀਂ ਕਿ ਇਹ ਲੁੱਟ-ਖਸੁੱਟ ਹੁਣ ਰੁਕ ਗਈ ਹੈ। ਸੱਚ ਇਹ ਹੈ ਕਿ ਗੈਰ-ਮਿਆਰੀ ਖੇਤੀ ਵਸਤਾਂ ਦੀ ਸਪਲਾਈ ਹੁਣ ਵੀ ਜਾਰੀ ਹੈ।

## Matrimonials

**ਜੀਵਨ ਸਾਥੀ ਦੀ ਲੋੜ**

Jatt Gursikh, 28 years old 5'11" US Citizen, doing Networking Eng. seeks educated Jatt Sikh girl atleast 5'5". Preference to Medical profession. Contact: 209-835-8767 or email laadi@sbcglobal.net

Beautiful, simple, sincere, honest, strong moral, never married, pretty girl 30s, 5'-2" is looking for a sincere, God fearing, vegetarian, professional boy. Serious inquiries, caste no bar. email:Singhb1@yahoo.com

Match for Jatt Sikh Green Card holder boy 31 yrs, 5' 8", B.A. Boy's all family well settled in US (Bay area). Girl must be 5' 3", 24-30 yrs age. Send Bio Data-usasaran@yahoo.com or call 408-624-7857, 4pm-9pm only (PST)

Seeking jat sikh alliance for Dec 82 born,5'-6",beautiful, B.E, M.S girl,working with Bank of America, Contact:704-930-1734, sandhu8332@gmail.com.

Suitable US citizen match for professionally qualified Jatt Sikh handsome boy, 28, 5'8", Contact Cell No. 704 733 8382 or email-kds0083@gmail.com

US citizen girl sought for Canadian citizen Kamboj Sikh cleanshave boy 27, 5' 7", Chem. engg., working with SNC Lavalin. No bars. Pl. contact: e-mail at: ravhanda@hotmail.com

**ਰੇਡੀਓ ਚੜ੍ਹਦੀ ਕਲਾ ਸੁਣੋ**

RADIO CHARDI KALA

ਹੁਣ ਦੁਨੀਆਂ ਭਰ ਵਿਚ
www.radiock.com 'ਤੇ

ਬੇਏਰੀਆ ਅਤੇ ਯੂਬਾ ਸਿਟੀ
ਹਫਤੇ ਦੇ ਸੱਤੇ ਦਿਨ, 24 ਘੰਟੇ

ਧਾਰਮਿਕ, ਸਭਿਆਚਾਰਕ ਪ੍ਰੋਗਰਾਮ, ਤਾਜ਼ਾ ਖਬਰਾਂ, ਟਾਕ ਸ਼ੋਅ, ਗੁਰਦੁਆਰਾ ਸੈਨ ਹੋਜ਼ੇ ਤੋਂ ਗੁਰਬਾਣੀ ਦਾ ਸਿੱਧਾ ਪ੍ਰਸਾਰਣ
ਹੁਣ $40 ਵਾਲਾ ਵੱਡਾ ਰੇਡੀਓ ਸਿਰਫ $30 ਵਿਚ ਖਰੀਦੋ
ਬਹੁਤ ਹੀ ਵਧੀਆ ਕੁਆਲਿਟੀ

> Royal Bazar, San Jose
> Preet Fabric, Fremont
> Sidhartha International, Fremont
> Roshni, Union City
> Kash Fabrics, Hayward
> Maya Fashion, Newark
> LA Merchandise, Yuba City

DESI WORLD RADIO
Pure Desi Entertainment

*ਰੇਡੀਓ ਚੜ੍ਹਦੀ ਕਲਾ ਚੈਨਲ 1 'ਤੇ ਸੁਣੋ*

*ਹੋਰ ਜਾਣਕਾਰੀ ਲਈ ਕਾਲ ਕਰੋ*
ਗੁਰਚਰਨ ਸਿੰਘ ਮਾਨ ਫੋਨ 510-557-0061
ਲਖਬੀਰ ਸਿੰਘ ਫੋਨ 510-760-9882
*ਹੋਰ ਜਾਣਕਾਰੀ ਲਈ ਸਾਡੀ ਵੈਬਸਾਈਟ 'ਤੇ ਜਾਓ www.radiock.com*
***Radio CK, PO Box 296, Fremont, CA 94537***


**MRP TRAVEL**

*Lowest International and Domestic Fares*
ARC **FLY ANY AIRLINE OF YOUR CHOICE** IATA

*Providing the lowest Airfare, Cruise and Travel Packages to Asia, Africa, Europe, the Middle East and North America*

**408-929-8005**
E-mail:mrptravel@gmail.com
2123 Port Way, San Jose, CA 95133
*CST: 2097308-40*

Asiana Airlines  Emirates



*Passport & Visa services also available*

SINGAPORE AIRLINES  CATHAY PACIFIC  KOREAN AIR  Lufthansa  CHINA AIRLINES

**Special promotion SFO-DEL $1135 (INC TX.)**

**Desi Cuts and Color Plus**

**For Men, Women & Children**



Mandeep
510-200-4415

Grand Opening

Ph:510-429-0786



Tony
(510) 825-0820

**Monday to Friday 9:00-7:30 (Tuesday Closed)**
**Saturday 9:00-7:00, Sunday 10:00-6:00**

ਜਿੰਦਗੀ ਵਿਚ ਕਾਮਯਾਬੀ ਲਈ ਸਮਾਰਟ ਹੋਣਾ ਹੀ ਜਰੂਰੀ ਨਹੀਂ ਬਲਕਿ ਵਧੀਆ ਦਿਖਣਾ ਵੀ ਜਰੂਰੀ ਹੈ। ਵਧੀਆ ਹੇਅਰ ਕਟਿੰਗ ਤੇ ਆਪਣੀ ਦੱਖ ਹੋਰ ਸੋਹਣੀ ਬਣਾਉਣ ਲਈ ਅਜ ਹੀ ਮਿਲੋ ਮਿਸਟਰ ਟੋਨੀ ਨੂੰ, ਜੋ ਕਿ ਇੰਡੀਆ, ਇੰਗਲੈਂਡ ਯੂ ਕੇ, ਅਮਰੀਕਾ ਕੁਆਲੀਫਾਈਡ ਬਾਰਬਰ ਨੇ।

Hair cut
Beard Perm
Hair styler
Color
Facial, Threading and Waxing (Special Lady)

34685 Alvarado Niles Rd., Union City, CA 94587 *( Behind Tacobell )*




**Business Opportunity**

International Company looking for serious people to work from home-part time or full time. Great earning potential, full training and support provided. To attend training in your area.

For more info. call:

**Sukhpreet Kaur Indiana**
**Ph:317-884-3557**
**Sharanjeet Kaur**
**Ph:317-332-1387**

*spkaurus@yahoo.co.in - www.shopherbalife.com/skaur*

FARMERS INSURANCE GROUP
Symbol of Superior Service

**FARMERS**

ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ

***Auto *Home *Life *Umbrella**
***Business Work Comp.**

**Duabba Insurance Agency**
2450 Peralta Blvd Suite 120, Fremont CA 94536
**Phone: 510-797-7989 Fax: 510-794-7398**
visit us@ farmers.com



**Gurcharan Singh Mann**
**Insurance Agent**
License # 0C 70672

ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

# ਸ਼੍ਰੋਮਣੀ ਕਮੇਟੀ ਚੋਣਾਂ 'ਚ ਨਸ਼ੇ ਵੰਡਣ ਵਾਲਿਆਂ 'ਤੇ ਸ਼ਿਕੰਜ਼ਾ ਕੱਸਿਆ

**ਚੰਡੀਗੜ੍ਹ:** ਸ਼੍ਰੋਮਣੀ ਕਮੇਟੀ ਚੋਣਾਂ 'ਚ ਨਸ਼ੇ ਵੰਡਣ ਵਾਲੇ ਉਮੀਦਵਾਰ 'ਤੇ ਇਸ ਵਾਰ ਸ਼ਿਕੰਜਾ ਕੱਸਿਆ ਜਾ ਰਿਹਾ ਹੈ। ਸੁਪਰੀਮ ਕੋਰਟ ਦੇ ਸਿੱਖ ਵਕੀਲ ਐਚ.ਐਸ. ਫੂਲਕਾ ਨੇ ਕਿਹਾ ਹੈ ਕਿ ਤਕਰੀਬਨ 40 ਧਾਰਮਿਕ ਸੰਸਥਾਵਾਂ ਵੱਲੋਂ ਸਾਂਝੇ ਰੂਪ 'ਚ ਬਣਾਈ ਗਈ ਪੰਥਕ ਤਾਲਮੇਲ ਕਮੇਟੀ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਨਸ਼ੇ ਵੰਡਣ ਵਾਲਿਆਂ 'ਤੇ ਸਖਤ ਨਜ਼ਰ ਰੱਖੇਗੀ। ਉਨ੍ਹਾਂ ਕਿਹਾ ਕਿ ਉਹ ਪੰਥਕ ਤਾਲਮੇਲ ਕਮੇਟੀ ਦੀ ਜ਼ਿਲ੍ਹਾ ਪੱਧਰੀ ਮੋਨੀਟਰਿੰਗ ਕਮੇਟੀ ਬਣਾਉਣ ਬਾਰੇ ਇਥੇ ਪੁੱਜੇ ਹੋਏ ਸਨ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪੱਧਰ ਤੇ ਮੋਨੀਟਰਿੰਗ ਕਮੇਟੀ ਦੇ ਮੈਂਬਰ ਸ਼੍ਰੋਮਣੀ ਕਮੇਟੀ ਦੀ ਚੋਣ ਲੜ ਰਹੇ ਉਮੀਦਵਾਰਾਂ ਤੇ ਤਿੱਖੀ ਨਜ਼ਰ ਰੱਖਣਗੇ ਤਾਂ ਜੋ ਕੋਈ ਵੀ ਉਮੀਦਵਾਰ ਨਸ਼ੇ ਵੰਡਣ ਦੀ ਜੁਰੱਅਤ ਨਾ ਕਰ ਸਕਣ।



ਸੁਪਰੀਮ ਕੋਰਟ ਦੇ ਵਕੀਲ ਐਚ.ਐਸ. ਫੂਲਕਾ ਨਸ਼ਾ ਵਿਰੋਧੀ ਮੁਹਿੰਮ ਬਾਰੇ ਜਾਣਕਾਰੀ ਦਿੰਦੇ ਹੋਏ।

ਉਨ੍ਹਾਂ ਕਿਹਾ ਕਿ ਪੰਥਕ ਤਾਲਮੇਲ ਕਮੇਟੀ ਸ਼੍ਰੋਮਣੀ ਕਮੇਟੀ ਚੋਣਾਂ 'ਚ ਨਸ਼ੇ ਵੰਡਣ ਵਾਲੇ ਉਮੀਦਵਾਰਾਂ ਦਾ ਸਟਿੰਗ ਓਪਰੇਸ਼ਨ ਵੀ ਕਰੇਗੀ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਉਮੀਦਵਾਰ ਦੇ ਖ਼ਿਲਾਫ਼ ਨਸ਼ੇ ਵੰਡਣ ਦੀ ਸ਼ਿਕਾਇਤ ਮਿਲੀ ਤਾਂ ਸਿੱਖ ਸੰਗਤਾਂ ਨੂੰ ਅਪੀਲ ਵੀ ਕੀਤੀ ਜਾਵੇਗੀ ਕਿ ਉਹ ਅਜਿਹੇ ਉਮੀਦਵਾਰਾਂ ਦਾ ਬਾਈਕਾਟ ਕਰਨ। ਉਨ੍ਹਾਂ ਕਿਹਾ ਕਿ ਸਿੱਖਾਂ ਦੀ ਸਰਵਉੱਚ ਸੰਸਥਾ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਵੀ ਅਪੀਲ ਕਰਾਂਗੇ ਕਿ ਚੋਣਾਂ 'ਚ ਨਸ਼ੇ ਵੰਡਣ ਵਾਲੇ ਉਮੀਦਵਾਰਾਂ ਨੂੰ ਸਿੱਖ ਪੰਥ ਵਿਚੋਂ ਛੇਕਿਆ ਜਾਵੇ। ਇਸ ਤੋਂ ਇਲਾਵਾ ਮੁੱਖ ਚੋਣ ਕਮਿਸ਼ਨ ਕੋਲ ਨਸ਼ੇ ਵੰਡਣ ਵਾਲੇ ਉਮੀਦਵਾਰ ਦੇ ਨਾਮਜ਼ਦਗੀ ਕਾਗਜ਼ ਰੱਦ ਕਰਵਾਉਣ ਦੀ ਮੰਗ ਵੀ ਕੀਤੀ ਜਾਵੇਗੀ ਤੇ ਜੇਕਰ ਲੋੜ ਪਈ ਤਾਂ ਉਹ ਅਜਿਹੇ ਉਮੀਦਵਾਰਾਂ ਖ਼ਿਲਾਫ਼ ਪੰਜਾਬ ਤੇ ਹਰਿਆਣਾ ਹਾਈ ਕੋਰਟ ਜਾਂ ਸੁਪਰੀਮ ਕੋਰਟ ਵੀ ਜਾਣਗੇ।

ਸ. ਫੂਲਕਾ ਨੇ ਕਿਹਾ ਕਿ ਪੰਥਕ ਤਾਲਮੇਲ ਕਮੇਟੀ ਬਣਾਉਣ ਦਾ ਮੁੱਖ ਮੰਤਵ ਗੁਰਦੁਆਰਿਆਂ ਦੇ ਪ੍ਰਬੰਧ ਨੂੰ ਸਹੀ ਢੰਗ ਨਾਲ ਚਲਾਉਣ ਲਈ ਹੀ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਗੁਰਦੁਆਰਿਆਂ ਦਾ ਪ੍ਰਬੰਧ ਰਾਜਨੀਤੀ ਤੀ ਤਰ੍ਹਾਂ ਨਹੀਂ ਸਗੋਂ ਧਰਮ ਦੀ ਤਰ੍ਹਾਂ ਚਲਾਇਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਧਰਮ ਕਦੇ ਵੀ ਨਸ਼ੇ ਵੰਡਣ ਦੀ ਇਜਾਜ਼ਤ ਨਹੀਂ ਦਿੰਦਾ। ਉਨ੍ਹਾਂ ਕਿਹਾ ਕਿ ਰਾਜਨੀਤਕ ਪਾਰਟੀਆਂ ਨੂੰ ਵੀ ਆਪਣੇ ਚੋਣ ਮਨੋਰਥ ਪੱਤਰ ਵਿਚ ਨਸ਼ਾ ਛੁਡਾਉਣ ਦੀ ਮੁਹਿੰਮ ਨੂੰ ਸ਼ਾਮਲ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਕੱਲੇ ਚੋਣਾਂ ਵਿਚ ਨਸ਼ੇ ਨਾ ਵੰਡਣ ਨਾਲ ਵੀ ਨਸ਼ਿਆਂ ਦੇ ਰੁਝਾਨ ਨੂੰ ਰੋਕਿਆ ਜਾਣਾ ਸੰਭਵ ਨਹੀਂ ਹੈ ਤੇ ਪੰਥਕ ਤਾਲਮੇਲ ਕਮੇਟੀ ਇਸ ਮੁਹਿੰਮ ਨੂੰ ਭਵਿੱਖ ਵਿਚ ਵੀ ਜਾਰੀ ਰੱਖੇਗੀ।

# ਅੰਨਾ ਦੇ ਅੰਦੋਲਨ ਅੱਗੇ ਬੇਵੱਸ ਹੋਈ ਯੂ.ਪੀ.ਏ. ਸਰਕਾਰ

*(ਸਫਾ ਇਕ ਦੀ ਬਾਕੀ)*

ਕਰਨ ਦਾ ਕੋਈ ਫਾਇਦਾ ਨਹੀਂ ਹੈ।

ਇਸੇ ਦੌਰਾਨ ਕੇਂਦਰੀ ਮੰਤਰੀਆਂ ਅਤੇ ਕਾਂਗਰਸੀ ਸੰਸਦ ਮੈਂਬਰਾਂ ਨੂੰ ਇਸ ਅੰਦੋਲਨ ਦਾ ਸਿੱਧਾ ਸੇਕ ਝੱਲਣਾ ਪਿਆ। ਅੰਦੋਲਨਕਾਰੀਆਂ ਨੇ ਦੇਸ਼ ਦੇ ਵੱਖ-ਵੱਖ ਸ਼ਹਿਰਾਂ 'ਚ ਉਨ੍ਹਾਂ ਦੇ ਘਰਾਂ ਅੱਗੇ ਰੋਸ ਮੁਜ਼ਾਹਰੇ ਸ਼ੁਰੂ ਕਰ ਦਿੱਤੇ। ਕੌਮੀ ਰਾਜਧਾਨੀ ਵਿਚ ਅੰਨਾ ਹਜ਼ਾਰੇ ਦੇ ਹਮਾਇਤੀਆਂ ਨੇ ਵਿੱਤ ਮੰਤਰੀ ਪ੍ਰਣਬ ਮੁਖਰਜੀ, ਮਨੁੱਖੀ ਸਰੋਤ ਵਿਕਾਸ ਮੰਤਰੀ ਕਪਿਲ ਸਿੱਬਲ, ਦਿੱਲੀ ਦੀ ਮੁੱਖ ਮੰਤਰੀ ਸ਼ੀਲਾ ਦੀਕਸ਼ਿਤ ਅਤੇ ਕੁਝ ਸੰਸਦ ਮੈਂਬਰਾਂ ਦੇ ਨਿਵਾਸ ਸਥਾਨਾਂ ਅੱਗੇ ਰੋਸ ਵਿਖਾਵਾ ਕੀਤਾ।

ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਵੱਲੋਂ ਗੱਲਬਾਤ ਦਾ ਸੱਦਾ ਮਿਲਣ ਤੋਂ ਬਾਅਦ ਅੰਨਾ ਦੇ ਹਮਾਇਤੀਆਂ ਨੇ ਵੀ ਕੁਝ ਨਰਮ ਦਿਖਾਈ ਪਰ ਅੰਨਾ ਨੇ ਸ਼ਰਤ ਰੱਖ ਦਿੱਤੀ ਕਿ ਉਹ ਕਾਂਗਰਸ ਦੇ ਜਨਰਲ ਸਕੱਤਰ ਰਾਹੁਲ ਗਾਂਧੀ ਜਾਂ ਫਿਰ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨਾਲ ਹੀ ਗੱਲਬਾਤ ਕਰਨਗੇ। ਸਰਕਾਰ ਨੇ ਤੁਰੰਤ ਵਿੱਤ ਮੰਤਰੀ ਪ੍ਰਣਬ ਮੁਖਰਜੀ ਦੀ ਡਿਊਟੀ ਲਾ ਦਿੱਤੀ ਅਤੇ ਉਨ੍ਹਾਂ ਅੰਨਾ ਟੀਮ ਨਾਲ ਗੱਲਬਾਤ ਕੀਤੀ। ਪ੍ਰਧਾਨ ਮੰਤਰੀ ਨੇ ਵਾਅਦਾ ਕੀਤਾ ਹੈ ਕਿ ਸਿਵਲ ਸੁਸਾਇਟੀ ਦਾ ਜਨ ਲੋਕਪਾਲ ਬਿਲ ਲੋਕ ਸਭਾ ਦੀ ਸਪੀਕਰ ਨੂੰ ਬੇਨਤੀ ਕਰ ਕੇ ਪਾਰਲੀਮੈਂਟ ਦੀ ਸਥਾਈ ਕਮੇਟੀ ਨੂੰ ਭੇਜ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਉਹ ਵੀ ਮਜ਼ਬੂਤ ਲੋਕਪਾਲ ਦੇ ਹੱਕ ਵਿਚ ਹਨ ਪਰ ਨਾਲ ਹੀ ਸਪਸ਼ਟ ਕੀਤਾ ਕਿ ਲੋਕਪਾਲ ਭ੍ਰਿਸ਼ਟਾਚਾਰ ਦੀ ਸਮੱਸਿਆ ਦਾ ਕੋਈ ਇਕੱਲਾ ਹੱਲ ਨਹੀਂ। ਇਕ ਝਟਕੇ ਨਾਲ ਭ੍ਰਿਸ਼ਟਾਚਾਰ ਦੀ ਸਮੱਸਿਆ ਦਾ ਹੱਲ ਕਰਨ ਲਈ ਉਨ੍ਹਾਂ ਕੋਲ ਕੋਈ ਜਾਦੂ ਦੀ ਛੜੀ ਨਹੀਂ। ਸਮੱਸਿਆ ਦਾ ਕੋਈ ਇਕੱਲਾ ਹੱਲ ਨਹੀਂ ਤੇ ਹੋਰ ਬਹੁਤੇ ਮੋਰਚਿਆਂ 'ਤੇ ਕੰਮ ਕਰਨ ਦੀ ਲੋੜ ਹੈ।

ਉਨ੍ਹਾਂ ਕਿਹਾ ਕਿ ਲੋਕਪਾਲ ਬਣਨ ਨਾਲ ਇਕ ਸੰਸਥਾ ਵਜੋਂ ਤਾਂ ਮਦਦ ਮਿਲੇਗੀ ਪਰ ਇਹ ਸਮੱਸਿਆ ਦਾ ਹੱਲ ਨਹੀਂ ਕਰ ਸਕੇਗਾ। ਇਸ ਦੀ ਨਿਆਇਕ ਅਮਲ 'ਚ ਤੇਜ਼ੀ ਤੇ ਗੁਣਵੱਤਾ ਵਿਚ ਸੁਧਾਰਾਂ ਲਈ ਮਦਦ ਦੀ ਲੋੜ ਹੈ। ਪ੍ਰਧਾਨ ਮੰਤਰੀ ਨੇ ਮੰਨਿਆ ਕਿ ਸਾਧਾਰਨ ਸਰਕਾਰੀ ਕੰਮਕਾਜ ਲਈ ਲੋਕਾਂ ਨੂੰ ਰਿਸ਼ਵਤ ਦੇਣੀ ਪੈਂਦੀ ਹੈ। ਉਨ੍ਹਾਂ ਕਿਹਾ ਕਿ ਭ੍ਰਿਸ਼ਟਾਚਾਰ ਨੂੰ ਆਰਥਿਕ ਉਦਾਰੀਕਰਨ ਅਤੇ ਸੁਧਾਰਾਂ ਦੇ ਸਿੱਟੇ ਵਜੋਂ ਦੇਖਣਾ ਗ਼ਲਤ ਹੈ ਜਦਕਿ ਸਹੀ ਗੱਲ ਤਾਂ ਇਹ ਹੈ ਕਿ ਜਿਸ ਖੇਤਰ ਵਿਚ ਯੋਜਨਾਬੱਧ ਤਰੀਕੇ ਨਾਲ ਸੁਧਾਰ ਲਾਗੂ ਹੋਏ ਹਨ, ਉਥੇ ਭ੍ਰਿਸ਼ਟਾਚਾਰ ਲੋਪ ਹੋ ਗਿਆ ਹੈ। ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਨੇ ਅੰਨਾ ਹਜ਼ਾਰੇ 'ਤੇ ਦੋਸ਼ ਲਾਇਆ ਸੀ ਕਿ ਉਹ ਕਾਨੂੰਨ ਬਣਾਉਣ ਦੇ ਸੰਸਦ ਦੇ ਵਿਸ਼ੇਸ਼ ਅਧਿਕਾਰ ਉਪਰ ਸੁਆਲ ਖੜ੍ਹੇ ਕਰ ਰਹੇ ਹਨ ਅਤੇ ਉਨ੍ਹਾਂ ਨੇ ਆਪਣੇ 'ਜਨ ਲੋਕਪਾਲ ਬਿੱਲ' ਨੂੰ ਸੰਸਦ ਉਪਰ ਥੋਪਣ ਦਾ ਜੋ ਰਾਹ ਚੁਣਿਆ ਹੈ, ਉਹ ਪੂਰੀ ਤਰ੍ਹਾਂ ਗਲਤ ਹੈ। ਇਸ ਨਾਲ ਜਮਹੂਰੀਅਤ ਨੂੰ ਉਸ ਦੇ ਗੰਭੀਰ ਸਿੱਟੇ ਭੁਗਤਣੇ ਪੈ ਸਕਦੇ ਹਨ।

# ਗੁਰਦੁਆਰਾ ਚੋਣ ਕਮਿਸ਼ਨ ਕੋਲ ਸਟਾਫ ਦੀ ਘਾਟ ਕਾਰਨ ਕੰਮ ਡਗਮਗਾਇਆ

**ਚੰਡੀਗੜ੍ਹ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ ਵਿਚ ਗਿਣਤੀ ਦੇ ਦਿਨ ਰਹਿਣ ਦੇ ਬਾਵਜੂਦ ਗੁਰਦੁਆਰਾ ਚੋਣ ਕਮਿਸ਼ਨ ਨੂੰ ਸਟਾਫ ਦੀ ਘਾਟ ਦੇ ਸੰਕਟ ਨਾਲ ਜੂਝਣਾ ਪੈ ਰਿਹਾ ਹੈ। ਕਮਿਸ਼ਨ ਵਿਚ ਪਹਿਲਾਂ ਹੀ ਸਟਾਫ ਜ਼ਰੂਰਤ ਨਾਲੋਂ ਅੱਧਾ ਹੈ ਤੇ ਉਪਰੋਂ ਪੰਜਾਬ ਸਰਕਾਰ ਨੇ ਵੀ ਕਮਿਸ਼ਨ ਦੀ ਚੋਣ ਅਮਲਾ ਦੇਣ ਦੀ ਬੇਨਤੀ 'ਤੇ ਕੋਈ ਕਾਰਵਾਈ ਨਹੀਂ ਕੀਤੀ।

ਗੁਰਦੁਆਰਾ ਚੋਣ ਕਮਿਸ਼ਨ ਦੇ ਦਫਤਰ ਵਿਚ ਇਕ ਵੀ ਰੈਗੂਲਰ ਮੁਲਾਜ਼ਮ ਨਹੀਂ ਹੈ ਤੇ ਸਾਰੇ ਦਾ ਸਾਰਾ ਸਟਾਫ ਠੇਕੇ 'ਤੇ ਕੰਮ ਕਰ ਰਿਹਾ ਹੈ। ਇਨ੍ਹਾਂ ਵਿਚੋਂ ਵੀ ਅੱਧੇ ਮੁਲਾਜ਼ਮ ਪੰਜਾਬ ਤੇ ਹਰਿਆਣਾ ਸਰਕਾਰ ਦੇ ਸੇਵਾ ਮੁਕਤ ਅਧਿਕਾਰੀ ਹਨ। ਦਫਤਰ ਵਿਚ ਦੋ ਸੁਪਰਡੈਂਟਾਂ ਦੀ ਥਾਂ ਇਕ ਨਾਲ ਹੀ ਕੰਮ ਚਲਾਇਆ ਜਾ ਰਿਹਾ ਹੈ ਜਦਕਿ ਸਹਾਇਕਾਂ ਦੀ ਗਿਣਤੀ ਪੰਜ ਤੋਂ ਘਟ ਕੇ ਦੋ ਰਹਿ ਗਈ ਹੈ। ਇਸੇ ਤਰ੍ਹਾਂ ਛੇ ਕਲਰਕਾਂ ਦੀ ਲੋੜ ਹੈ ਪਰ ਦਫਤਰ ਵਿਚ ਚਾਰ ਕਲਰਕ ਹੀ ਹਨ। ਦਫਤਰ ਦਾ ਇਕੋ ਇਕ ਸੁਪਰਡੈਂਟ ਹਰਿਆਣਾ ਸਰਕਾਰ ਵਿਚੋਂ ਅੰਡਰ ਸੈਕਟਰੀ ਸੇਵਾ ਮੁਕਤ ਹੋਇਆ ਹੈ ਜਦਕਿ ਇਕ ਹੋਰ ਮੁਲਾਜ਼ਮ ਸੀਨੀਅਰ ਅਕਾਊਂਟਸ ਅਫਸਰ ਦੇ ਅਹੁਦੇ ਤੋਂ ਸੇਵਾਮੁਕਤ ਹੋ ਕੇ ਆਪਣੀਆਂ ਸੇਵਾਵਾਂ ਦੇ ਰਿਹਾ ਹੈ।

ਗੁਰਦੁਆਰਾ ਕਮਿਸ਼ਨਰ ਦੇ ਨਿੱਜੀ ਸਕੱਤਰ ਵੀ ਉੱਚ ਸਰਕਾਰੀ ਅਹੁਦੇ ਤੋਂ ਸੇਵਾਮੁਕਤ ਹੋਣ ਤੋਂ ਬਾਅਦ ਹੀ ਇੱਥੇ ਆਏ ਹਨ। ਚੋਣਾਂ ਦੀ ਤਾਰੀਖ ਮਿਥੇ ਜਾਣ ਤੋਂ ਬਾਅਦ ਕਮਿਸ਼ਨ ਨੂੰ ਪੰਜਾਬ ਸਰਕਾਰ ਵੱਲੋਂ ਚੋਣ ਅਮਲਾ ਦਿੱਤਾ ਜਾਂਦਾ ਰਿਹਾ ਹੈ। ਇਸ ਵਾਰ ਕਮਿਸ਼ਨ ਵੱਲੋਂ ਤਿੰਨ ਹਫਤੇ ਪਹਿਲਾਂ ਸਰਕਾਰ ਨੂੰ ਚੋਣ ਅਮਲਾ ਭੇਜਣ ਲਈ ਪੱਤਰ ਭੇਜਿਆ ਗਿਆ ਸੀ ਪਰ ਸਰਕਾਰ ਵੱਲੋਂ ਹਾਲੇ ਤਾਈਂ ਇਸ ਪੱਤਰ 'ਤੇ ਗੌਰ ਨਹੀਂ ਕੀਤਾ ਗਿਆ। ਪਿਛਲੀਆਂ ਚੋਣਾਂ ਦੌਰਾਨ ਪੰਜਾਬ ਸਰਕਾਰ ਵੱਲੋਂ ਭੇਜੇ ਚੋਣ ਅਮਲੇ ਦੀ ਮੱਦਦ ਨਾਲ ਸਾਰਾ ਕੰਮ ਸਮੇਂ ਸਿਰ ਨਿਬੇੜ ਲਿਆ ਜਾਂਦਾ ਰਿਹਾ ਹੈ। ਇਸ ਵਾਰ ਤਾਂ ਕਮਿਸ਼ਨ ਕੋਲ ਸਟਾਫ ਵੀ ਪਹਿਲਾਂ ਨਾਲੋਂ ਵੀ ਘਟ ਗਿਆ ਹੈ ਤੇ ਦੂਜੇ ਪਾਸੇ ਰਾਜ ਸਰਕਾਰ ਨੇ ਵੀ ਹੋਰ ਅਮਲਾ ਭੇਜਣ ਬਾਰੇ ਕੋਈ ਕਾਰਵਾਈ ਨਹੀਂ ਕੀਤੀ। ਚੰਡੀਗੜ੍ਹ ਦੇ ਸੈਕਟਰ ਅੱਠ ਸਥਿਤ ਗੁਰਦੁਆਰਾ ਚੋਣ ਕਮਿਸ਼ਨ ਦਾ ਦਫਤਰ ਖੰਡਰਨੁਮਾ ਕਿਰਾਏ ਦੀ ਕੋਠੀ ਵਿਚ ਚੱਲ ਰਿਹਾ ਹੈ। ਗੁਰਦੁਆਰਾ ਚੋਣਾਂ ਦੇ ਮੁੱਖ ਕਮਿਸ਼ਨਰ ਜਸਟਿਸ ਐਚ.ਐਸ. ਬਰਾੜ ਦੇ ਕਮਰੇ ਵਿਚ ਇਕ ਟੈਲੀਫੋਨ ਤੇ ਸਕੱਤਰ ਕੋਲ ਫੈਕਸ ਨੁਮਾ ਟੈਲੀਫੋਨ ਦੀ ਸਹੂਲਤ ਤੋਂ ਬਿਨਾਂ ਦਫਤਰ ਵਿਚ ਸੰਚਾਰ ਦਾ ਕੋਈ ਹੋਰ ਸਾਧਨ ਨਹੀਂ। ਦਫਤਰ ਵਿਚ ਹਾਲੇ ਵੀ ਪੁਰਾਣੀ ਕਿਸਮ ਦੇ ਟਾਇਪ ਰਾਈਟਰਾਂ ਨਾਲ ਚਿੱਠੀ ਪੱਤਰ ਲਿਖੇ ਜਾ ਰਹੇ ਹਨ।

# ਐਨੀਮੇਸ਼ਨ ਫਿਲਮ 'ਹਿੰਦ ਦੀ ਚਾਦਰ' ਦਿੱਲੀ ਦੇ ਸਕੂਲਾਂ ਵਿਚ ਦਿਖਾਈ ਜਾਏਗੀ

**ਨਵੀਂ ਦਿੱਲੀ (ਬਿਊਰੋ):** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਜਮਸ਼ੇਦਪੁਰ ਦੇ ਇਕ ਐਨੀਮੇਸ਼ਨ ਕਲਾਕਾਰ ਹਰਦੀਪ ਸਿੰਘ ਵਲੋਂ ਨੌਂਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਦੇ ਸ਼ਹੀਦੀ ਸਾਕੇ ਬਾਰੇ ਬਣਾਈ ਗਈ ਐਨੀਮੇਸ਼ਨ ਫਿਲਮ 'ਹਿੰਦ ਦੀ ਚਾਦਰ' ਇਸ ਦੇ ਪ੍ਰਬੰਧ ਹੇਠਲੇ ਸਾਰੇ 15 ਸਕੂਲਾਂ ਅਤੇ ਚਾਰ ਕਾਲਜਾਂ ਵਿਚ ਦਿਖਾਉਣ ਦਾ ਫੈਸਲਾ ਕੀਤਾ ਹੈ।

ਪੱਤਰਕਾਰਾਂ ਨਾਲ ਗੱਲ ਕਰਦਿਆਂ 31 ਸਾਲਾ ਹਰਦੀਪ ਸਿੰਘ ਨੇ ਦਾਅਵਾ ਕੀਤਾ ਕਿ ਕਿਸੇ ਸਿੱਖ ਗੁਰੂ ਬਾਰੇ ਇਹ ਪਹਿਲੀ 3-ਡੀ ਐਨੀਮੇਸ਼ਨ ਫਿਲਮ ਹੈ। ਹਰਦੀਪ ਸਿੰਘ ਦਿੱਲੀ ਵਿਚ ਡਿਜੀਟਲ ਆਰਟਸ ਬਾਰੇ ਪੰਪਕਿਨ ਅਕੈਡਮੀ ਆਫ ਡਿਜੀਟਲ ਆਰਟਸ ਨਾਂ ਦੀ ਸੰਸਥਾ ਦੇ ਚੇਅਰਮੈਨ ਤੇ ਡਾਇਰੈਕਟਰ ਹਨ। ਉਨ੍ਹਾਂ ਇਹ ਫਿਲਮ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਹਿਣ 'ਤੇ ਬਣਾਈ ਹੈ।

ਹਰਦੀਪ ਸਿੰਘ ਨੇ ਦੱਸਿਆ ਕਿ ਸ਼ੁਰੂ ਵਿਚ ਉਨ੍ਹਾਂ ਨੂੰ ਇਹ ਫਿਲਮ ਬਣਾਉਣ ਬਾਰੇ ਹਿਚਕਿਚਾਹਟ ਸੀ ਪਰ ਜਦੋਂ ਇਹ ਫਿਲਮ ਤਿਆਰ ਹੋਣ ਉਪਰੰਤ ਗੁਰੂ ਗੋਬਿੰਦ ਸਿੰਘ ਕਾਲਜ ਆਫ ਕਾਮਰਸ, ਨਵੀਂ ਦਿੱਲੀ ਵਿਚ ਦਿਖਾਈ ਗਈ ਤਾਂ ਉਹ ਖੁਦ ਇਸ ਤੋਂ ਬੇਹੱਦ ਪ੍ਰਭਾਵਿਤ ਹੋਏ। ਇਸ ਪ੍ਰਾਜੈਕਟ ਨੂੰ ਮੁਕੰਮਲ ਕਰਨ ਵਿਚ ਕੁਲ ਪੰਜ ਮਹੀਨੇ ਲੱਗੇ ਅਤੇ ਫਰਵਰੀ 2011 ਤੱਕ ਇਹ ਤਿਆਰ ਹੋ ਚੁਕੀ ਸੀ। ਫਿਲਮ ਦਿੱਲੀ-ਹਰਿਆਣਾ ਸਰਹੱਦ ਉਤੇ ਜੀ ਟੀ ਰੋਡ ਉਤੇ ਨੌਂਵੇਂ ਗੁਰੂ ਦੀ ਯਾਦ ਵਿਚ ਬਣਾਈ ਜਾ ਰਹੀ ਯਾਦਗਾਰ ਦੇ ਸਿਲਸਿਲੇ ਵਿਚ ਬਣਾਈ ਗਈ ਹੈ। ਹਰਦੀਪ ਸਿੰਘ ਨੇ ਦੱਸਿਆ ਕਿ ਜਦੋਂ ਇਹ ਫਿਲਮ ਦਿੱਲੀ ਦੀ ਮੁੱਖ ਮੰਤਰੀ ਸ਼ੀਲਾ ਦਿਕਸ਼ਿਤ ਅਤੇ ਸਿੱਖਿਆ ਮੰਤਰੀ ਅਰਵਿੰਦਰ ਸਿੰਘ ਨੇ ਦੇਖਣ ਉਪਰੰਤ ਸਾਨੂੰ ਵਧਾਈ ਦਿੱਤੀ ਤਾਂ ਸਾਨੂੰ ਬੇਹਦ ਖੁਸ਼ੀ ਹੋਈ। ਇਹ ਫਿਲਮ ਭਵਿੱਖ ਵਿਚ ਦਿੱਲੀ ਦੇ ਵਖ ਵਖ ਥਿਏਟਰਾਂ ਵਿਚ ਵੀ ਵਿਖਾਏ ਜਾਣ ਦੀ ਸੰਭਾਵਨਾ ਹੈ।

ਹਰਦੀਪ ਸਿੰਘ ਨੇ ਮੈਟ੍ਰਿਕ 1992 ਵਿਚ ਜਮਸ਼ੇਦਪੁਰ ਨੇੜੇ ਖਾਸ ਮਹਿਲ ਕਸਬੇ ਤੋਂ ਕੀਤੀ ਅਤੇ ਫਿਰ ਆਪਣੀ ਉਚੇਰੀ ਪੜ੍ਹਾਈ ਚੰਡੀਗੜ੍ਹ ਤੋਂ ਮੁਕੰਮਲ ਕੀਤੀ। ਐਨੀਮੇਸ਼ਨ ਫਿਲਮਾਂ ਦੇ ਖੇਤਰ ਵਿਚ ਉਸ ਨੂੰ ਕਾਫੀ ਮਾਨਤਾ ਹਾਸਲ ਹੋ ਚੁਕੀ ਹੈ। ਸੰਨ 2005 'ਚ ਉਸ ਨੇ ਅਮਿਤਾਭ ਬਚਨ ਦੀ ਫਿਲਮ ਨਟਵਰ ਲਾਲ ਦੇ ਲੋਕਪ੍ਰਿਅ ਗੀਤ 'ਮੇਰੇ ਪਾਸ ਆਓ ਮੇਰੇ ਦੋਸਤੋ' ਦੇ ਆਧਾਰ 'ਤੇ ਦੇਸ਼ ਵਿਚ ਇਸ ਦੀ ਪਹਿਲੀ 3-ਡੀ ਵਰਸ਼ਨ ਬਣਾਈ ਸੀ।

# ਅਰੁੰਧਤੀ ਰਾਏ ਨੇ ਅੰਨਾ ਹਜ਼ਾਰੇ ਨੂੰ ਕਰਾਰੇ ਹੱਥੀਂ ਲਿਆ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਬੁੱਕਰ ਪੁਰਸਕਾਰ ਜੇਤੂ ਲੇਖਕਾ, ਸਰਕਾਰ ਦੀ ਤਿੱਖੀ ਆਲੋਚਕ ਅਤੇ ਮਨੁੱਖੀ ਅਧਿਕਾਰ ਕਾਰਕੁਨ ਅਰੁੰਧਤੀ ਰਾਏ ਨੇ ਲੋਕਪਾਲ ਬਿੱਲ ਲਈ ਮੁਹਿੰਮ ਚਲਾ ਰਹੇ ਅੰਨਾ ਹਜ਼ਾਰੇ 'ਤੇ ਸਿੱਧਾ ਹਮਲਾ ਕਰਦਿਆਂ ਕਿਹਾ ਹੈ ਕਿ ਇਹ ਸ਼ਖ਼ਸ ਭਾਵੇਂ ਖ਼ੁਦ ਨੂੰ ਗਾਂਧੀਵਾਦੀ ਆਖ ਰਿਹਾ ਹੈ ਪਰ ਉਸ ਵੱਲੋਂ ਉਠਾਈਆਂ ਜਾ ਰਹੀਆਂ ਮੰਗਾਂ ਦਾ ਗਾਂਧੀਵਾਦ ਨਾਲ ਕੋਈ ਸਬੰਧ ਨਹੀਂ ਹੈ। ਅੰਗਰੇਜ਼ੀ ਅਖ਼ਬਾਰ 'ਦ ਹਿੰਦੂ' ਵਿਚ ਛਪਵਾਏ ਆਪਣੇ ਲੇਖ 'ਆਈ ਹੈਡ ਰਾਦਰ ਨੌਟ ਦ ਅੰਨਾ' ਵਿਚ ਬੀਬੀ ਅਰੁੰਧਤੀ ਰਾਏ ਨੇ ਕਿਹਾ ਹੈ ਕਿ ਮਹਾਤਮਾ ਗਾਂਧੀ ਨੇ ਸਦਾ ਸੱਤਾ ਦੇ ਵਿਕੇਂਦਰੀਕਰਨ ਦੀ ਗੱਲ ਕੀਤੀ ਪਰ ਅੰਨਾ ਹਜ਼ਾਰੇ ਨੇ ਆਪਣੇ ਪਿੰਡ ਵਿਚ ਜੋ ਢਾਂਚਾ ਉਸਾਰਿਆ ਹੈ, ਉਸ ਦਾ ਵਿਕੇਂਦਰੀਕਰਨ ਨਾਲ ਕੋਈ ਲੈਣਾ-ਦੇਣਾ ਹੀ ਨਹੀਂ ਹੈ। ਅੰਨਾ ਹਜ਼ਾਰੇ ਨੇ ਪਿੰਡ ਵਿਚ ਚਮਾਰਾਂ ਜਿਨ੍ਹਾਂ ਨੂੰ ਮਹਾਤਮਾ ਗਾਂਧੀ ਹਰੀਜਨ ਕਹਿੰਦਾ ਸੀ, ਬਾਰੇ ਇਹ ਰਾਏ ਜ਼ਾਹਿਰ ਕੀਤੀ ਹੈ ਕਿ ਹਰ ਪਿੰਡ ਵਿਚ ਅਜਿਹੇ ਲੋਕ ਲੋੜੀਂਦੇ ਹਨ ਤਾਂ ਜੋ ਉਹ ਪਿੰਡ ਵਿਚ ਆਪਣੇ ਵੰਡੇ ਆਉਂਦਾ ਕੰਮ ਕਰੀ ਜਾਣ।

ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਤਿਆਰ ਕੀਤੇ ਲੋਕਪਾਲ ਬਿੱਲ 'ਚ ਭਾਵੇਂ ਬਹੁਤ ਖਾਮੀਆਂ ਹਨ ਅਤੇ ਅਜਿਹਾ ਬਿਲ ਪਾਸ ਕਰਕੇ ਕੁਝ ਵੀ ਨਵਾਂ ਨਹੀਂ ਹੋਣਾ, ਪਰ ਅੰਨਾ ਹਜ਼ਾਰੇ ਜਿਸ ਢੰਗ ਨਾਲ ਮੁਹਿੰਮ ਚਲਾ ਰਹੇ ਹਨ, ਉਹ ਵੀ ਪੀੜ-ਪੀੜ ਹੋਏ ਪਏ ਲੋਕਾਂ ਨੂੰ ਕਿਸੇ ਤਣ-ਪਤਣ ਲਗਾਉਣ ਜੋਗੀ ਨਹੀਂ ਹੈ। ਬੀਬੀ ਅਰੁੰਧਤੀ ਨੇ ਅੰਨਾ ਹਜ਼ਾਰੇ ਦੀ ਟੀਮ ਵਿਚ ਸ਼ਾਮਲ ਅਰਵਿੰਦ ਕੇਜਰੀਵਾਲ ਅਤੇ ਮਨੀਸ਼ ਸਿਸੋਦੀਆ 'ਤੇ ਫੋਰਡ ਫਾਊਂਡੇਸ਼ਨ (ਅਮਰੀਕਾ) ਤੋਂ 4 ਲੱਖ ਡਾਲਰ ਲੈਣ ਦੇ ਦੋਸ਼ ਵੀ ਲਾਏ ਹਨ। ਉਨ੍ਹਾਂ ਅਨੁਸਾਰ ਇਨ੍ਹਾਂ ਦੋ ਸ਼ਖ਼ਸਾਂ ਨੇ ਪਿਛਲੇ ਤਿੰਨ ਸਾਲਾਂ ਦੌਰਾਨ ਆਪਣੀ ਗੈਰ-ਸਰਕਾਰੀ ਸੰਸਥਾ 'ਕਬੀਰ' ਲਈ ਫੋਰਡ ਫਾਊਂਡੇਸ਼ਨ ਤੋਂ ਇਹ ਰਕਮ ਲਈ ਹੈ। ਉਨ੍ਹਾਂ ਧਿਆਨ ਦਿਵਾਇਆ ਕਿ ਅੰਨਾ ਹਜ਼ਾਰੇ ਦੀ ਇਹ ਮੁਹਿੰਮ ਉਦੋਂ ਸ਼ੁਰੂ ਹੋਈ, ਜਦੋਂ ਸਰਕਾਰ ਭ੍ਰਿਸ਼ਟਾਚਾਰ ਦੇ ਮਾਮਲਿਆਂ 'ਚ ਬੁਰੀ ਤਰ੍ਹਾਂ ਫਸੀ ਪਈ ਸੀ ਅਤੇ ਵਿਕੀਲੀਕਸ ਨੇ ਵੀ ਭਾਰਤੀ ਆਗੂਆਂ ਬਾਰੇ ਬਹੁਤ ਵੱਡੇ ਅਤੇ ਅਹਿਮ ਖੁਲਾਸੇ ਕੀਤੇ ਸਨ। ਹੁਣ ਕਿਸੇ ਦਾ ਵੀ ਧਿਆਨ ਇਨ੍ਹਾਂ ਮਾਮਲਿਆਂ ਵੱਲ ਨਹੀਂ ਹੈ। ਇਹੀ ਨੁਕਤਾ ਅੰਨਾ ਹਜ਼ਾਰੇ ਦੀ ਮੁਹਿੰਮ 'ਤੇ ਸਭ ਤੋਂ ਵੱਡਾ ਸਵਾਲ ਬਣਦਾ ਹੈ।


## ਸੇਵਾ ਸਿਮਰਨ ਸੁਸਾਇਟੀ, ਯੂਬਾ ਸਿਟੀ

ੴ ਸਤਿਗੁਰ ਪ੍ਰਸਾਦਿ॥
ਆਇਆ ਤਾ ਕਾ ਸਫਲ ਹੈ ਜਾ ਪਰ ਉਪਕਾਰੀ ਹੋਇ॥

ਸੇਵਾ ਸਿਮਰਨ ਸੁਸਾਇਟੀ, ਯੂਬਾ ਸਿਟੀ ਵਲੋਂ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਤੇ ਉਪਦੇਸ਼ ਨੂੰ ਘਰ ਘਰ ਪਹੁੰਚਾਉਣ ਲਈ ਹਫਤਾਵਾਰੀ ਪ੍ਰੋਗਰਾਮ ਹਰੇਕ ਸਨਿਚਰਵਾਰ ਨੂੰ ਯੂਬਾ ਸਿਟੀ ਇਲਾਕੇ ਵਿਚ ਸ਼ੁਰੂ ਕੀਤਾ ਗਿਆ ਹੈ ਜਿਸ ਵਿਚ ਸੰਗਤ ਰੂਪ ਵਿਚ ਜਪੁਜੀ ਸਾਹਿਬ ਤੇ ਸੁਖਮਨੀ ਸਾਹਿਬ ਦੇ ਪਾਠ ਤੋਂ ਇਲਾਵਾ ਕੀਰਤਨ, ਕਥਾ ਅਤੇ ਨਾਮ ਸਿਮਰਨ ਕੀਤਾ ਜਾਂਦਾ ਹੈ। ਸੁਸਾਇਟੀ ਵਲੋਂ ਇਹ ਨਿਸ਼ਕਾਮ ਸੇਵਾ ਕੀਤੀ ਜਾਂਦੀ ਹੈ, ਕੋਈ ਵੀ ਸ਼ਰਧਾਵਾਨ ਪਰਿਵਾਰ ਇਹ ਸੇਵਾ ਆਪਣੇ ਘਰ ਵਿਚ ਕਰਵਾਉਣਾ ਚਾਹੁੰਦਾ ਹੈ ਤਾਂ ਹੇਠ ਲਿਖੇ ਸੱਜਣਾਂ ਨਾਲ ਸੰਪਰਕ ਕਰ ਸਕਦਾ ਹੈ:

ਨਰਿੰਦਰ ਸਿੰਘ 530-682-7383
ਜੋਗਿੰਦਰ ਸਿੰਘ 530-870-3440
ਨਿਰਮਲ ਸਿੰਘ 530-635-0273

# 9/11 ਹਮਲੇ 'ਚ ਇਰਾਨ ਤੇ ਸਾਊਦੀ ਅਰਬ ਦਾ ਹੱਥ!

**ਲੰਡਨ:** ਅਮਰੀਕਾ ਉਪਰ ਹੋਏ 9/11 ਦੇ ਹਮਲੇ ਬਾਰੇ ਇਕ ਨਵੀਂ ਪੁਸਤਕ ਵਿਚ ਦਾਅਵਾ ਕੀਤਾ ਗਿਆ ਹੈ ਕਿ ਹਮਲੇ ਵਿਚ ਇਰਾਕ ਤੇ ਸਾਊਦੀ ਅਰਬ ਨੇ ਪੂਰੀ ਮਦਦ ਕੀਤੀ ਸੀ। ਲੇਖਕ ਐਂਥੋਨੀ ਸਮਰਜ ਤੇ ਰੌਬਿਨ ਸਵੈਨ ਨੇ ਇਸ ਪੁਸਤਕ ਨੂੰ ਲਿਖਣ ਤੋਂ ਪਹਿਲਾਂ ਹਮਲੇ ਬਾਰੇ ਹਜ਼ਾਰਾਂ ਦਸਤਾਵੇਜ਼ਾਂ ਦੀ ਘੋਖ ਕੀਤੀ ਤੇ ਅਹਿਮ ਗੱਲਾਂ ਨੂੰ ਕਿਤਾਬ ਵਿਚ ਥਾਂ ਦਿੱਤੀ ਹੈ।



'ਦਿ ਇਲੈਵਨਥ ਡੇਅ' ਨਾਂ ਦੀ ਇਸ ਪੁਸਤਕ ਵਿਚ ਕਿਹਾ ਗਿਆ ਹੈ ਕਿ 'ਹਿਜ਼ਬੁਲਾ' ਜਿਸ ਨੂੰ ਇਰਾਕ ਅਤਿਵਾਦ ਸਰਗਰਮੀਆਂ ਚਲਾਉਣ ਲਈ ਮਦਦ ਦਿੰਦਾ ਹੈ, ਨੂੰ ਹਮਲੇ ਦੀ ਸਾਜ਼ਿਸ਼ ਬਾਰੇ ਪੂਰੀ ਤਰ੍ਹਾਂ ਪਤਾ ਸੀ। ਕਿਤਾਬ ਮੁਤਾਬਕ ਹਿਜ਼ਬੁਲ ਦਾ ਮੈਂਬਰ ਇਮਾਮ ਮੁਗਨੀਆ ਨੂੰ ਹਮਲਾਵਰ ਬਾਰੇ ਪੂਰੀ ਜਾਣਕਾਰੀ ਸੀ ਤੇ ਉਹ ਜਹਾਜ਼ ਅਗਵਾਕਾਰ ਅਹਿਮਦ ਅਲ ਹਾਮਦੀ ਨਾਲ ਬੈਰੂਤ ਤੇ ਸਾਊਦੀ ਅਰਬ ਗਿਆ।

ਇਸ ਤੋਂ ਇਲਾਵਾ ਦੋ ਅਤਿਵਾਦੀ ਖਾਲਿਦ ਅਲ ਮਿਹਧਰ ਤੇ ਨਵਾਫ ਅਲ ਹਾਜ਼ਮੀ ਆਪਣੀ ਮਲੇਸ਼ੀਆ ਫੇਰੀ ਮੌਕੇ ਇਰਾਕੀ ਸਫਾਰਤਖਾਨੇ 'ਚ ਰਹੇ। ਦਸਤਾਵੇਜ਼ਾਂ ਤੋਂ ਪਤਾ ਲੱਗਿਆ ਹੈ ਕਿ ਅਲ ਕਾਇਦਾ ਵੱਲੋਂ ਅੰਜਾਮ ਦਿੱਤੇ ਹਮਲੇ ਦੀ ਟਰੇਨਿੰਗ ਇਰਾਕ ਵਿਚ ਦਿੱਤੀ ਗਈ। ਲੇਖਕਾਂ ਮੁਤਾਬਕ 19 ਅਗਵਾਕਾਰਾਂ ਵਿਚੋਂ 14 ਸਾਊਦੀ ਅਰਬ ਦੇ ਸਨ। ਪੁਸਤਕ ਵਿਚ ਤੱਤਕਾਲੀ ਅਮਰੀਕੀ ਰਾਸ਼ਟਰਪਤੀ ਜਾਰਜ ਡਬਲਿਊ. ਬੁਸ਼ ਨੂੰ ਵੀ ਕਟਹਿਰੇ ਵਿਚ ਖੜ੍ਹਾ ਕੀਤਾ ਗਿਆ ਹੈ ਕਿਉਂਕਿ ਉਨ੍ਹਾਂ ਨੇ 9/11 ਦੀ ਕਾਰਵਾਈ 'ਚ ਹੋਰ ਮੁਲਕਾਂ ਦੀ ਸ਼ਮੂਲੀਅਤ ਬਾਰੇ ਸਬੂਤਾਂ ਨੂੰ ਨਸ਼ਰ ਕਰਨ ਤੋਂ ਰੋਕ ਲਿਆ ਸੀ।


## Law Offices of Gill & Heridis

**Immigration Services**
- Family Petitions
- Marriage Petitions
- Fiance Visas
- Vawa Petitions
- Consular Processing
- Worker Visas

- 9th Circuit Appeals
- BIA Appeals
- Removal Defense
- Asylum

**Personal Injury**
- Auto Collision



*Bhupinder Gill*
*Attorney at Law*
*(Admitted in CA)*

*Call for free initial consultation*

**(408) 940-6065, (408) 736-5203**

**Email: gill@ghfirm.com Web: www.ghfirm.com**

**830 Stewart Drive, Suite#231, Sunnyvale, CA 94085**



# Indian Oven

11000, I-40 East, Amarillo Texas – 79118
(Exit 77, Right Hand Side)

**Ph: 1-806-335-3600**

## ਪੰਜਾਬੀ ਵੈਸ਼ਨੂ ਅਤੇ ਗੈਰ ਵੈਸ਼ਨੂ
## ਤਾਜ਼ੀ ਰੋਟੀ, ਪਰਾਂਠੇ ਅਤੇ ਨਾਨ



**Breakfast, Lunch & Dinner (Buffet 11 to 3, Every Day)**

**Easy Truck Parking**
**Special Deals For Truckers**

ਆਈ-40 ਵੈਸਟ ਵਾਲੇ ਪਾਸਿਓਂ ਖੱਬੇ ਹੱਥ
ਆਈ-40 ਈਸਟ ਵਾਲੇ ਪਾਸਿਓਂ ਸੱਜੇ ਹੱਥ






**Ph:510-415-7700, 800-498-3626, 408-480-4500**
**S&S Satellite System - e-mail: sns_satellite@yahoo.com**

dish NETWORK. AUTHORIZED RETAILER

Requires additional International package for $10/mo. or any America's top package. Digital Home Advantage plan requires 24-month agreement and credit qualification. Cancellation fee of $17.50/month remaining applies if service is terminated before end of agreement. American programming credits apply during first 12 months. All equipment is leased and must be returned to DISH Network upon cancellation or unreturned equipment fees apply. Limit 6 leased tuners per account; upfront and monthly fees may apply based on type and number of receivers. HD programming requires HD television. Prices, packages and programming subject to change without notice. Offer available for new and qualified former customers, and subject to terms of applicable Promotional and Residential Customer agreements. Additional restrictions may apply. Offer ends 1/31/12.



# Punjab Insurance Agency

**7212 Florin Mall Dr., Sacramento, CA, (CA Lic. 0C53799)**
**Ph: 916-391-7447, 916-391-7553, Fax: 916-391-7337**

## ਹੁਣ ਅਸੀਂ ਟਰੱਕਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ

**ਇਮੀਗਰੇਸ਼ਨ ਸੇਵਾਵਾਂ:**

ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, ਐਫੀਡੇਵਿਟ ਆਫ ਸੁਪੋਰਟ, ਰਿਸ਼ਤੇਦਾਰਾਂ ਦੀ ਪਟੀਸ਼ਨ, ਰੀ-ਐਂਟਰੀ ਪਰਮਿਟ।
ਵੀਜ਼ਾ, ਪਾਸਪੋਰਟ: ਦੋਹਰੀ ਨਾਗਰਿਕਤਾ, ਪਾਵਰ ਆਫ ਅਟਾਰਨੀ, ਪਾਸਪੋਰਟ ਸੁਰੈਂਡਰ ਅਤੇ ਰੀਨਾਊਂਸੀਏਸ਼ਨ।

***Family Petitions, Re-Entry, Affidavit of Support, Citizenship, Green Card, Work Permit, OCI , Visa & Passport Services.***

**ਇੰਸ਼ੋਰੈਂਸ ਸੇਵਾਵਾਂ**

- Trucker Insurance and IFTA Filing.
- Liquor Store, Mini-Mart, Grocery Store
- Restaurant, Motel/Hotel
- Gas Station and Garage Coverage
- Ice Cream Vehicle & General Liability
- E&O and Professional Liability
- Apartment Complexes and Office Buildings
- Home, Auto and Flood Insurance, One day events.
- We work with several major insurance companies to find you best coverage and rates.

*ਟਰੱਕ ਇੰਸ਼ੋਰੈਂਸ, ਸਟੋਰ, ਲਿੱਕਰ ਸਟੋਰ, ਗੈਸ ਸਟੇਸ਼ਨ, ਕਾਰਾਂ ਤੇ ਘਰਾਂ, ਆਈਸ ਕਰੀਮ ਟਰੱਕ ਵਗੈਰਾ*

**<u>Notary Public, Live Certificate, Translation</u>**

ਅਸੀਂ ਅੰਗਰੇਜ਼ੀ, ਹਿੰਦੀ, ਪੰਜਾਬੀ ਅਤੇ ਉਰਦੂ ਬੋਲਦੇ ਹਾਂ।
ਇੰਸ਼ੋਰੈਂਸ ਦੀ ਕੋਟੇਸ਼ਨ ਲੈਣ ਜਾਂ ਮੌਜੂਦਾ ਇੰਸ਼ੋਰੈਂਟ ਪਾਲਿਸੀ ਦੇ ਮੁਲੰਕਣ ਲਈ ਸਾਡੇ ਪਾਸ ਆਓ ਜਾਂ ਕਾਲ ਕਰੋ।

***ਸਾਨੂੰ ਇੰਸ਼ੋਰੈਂਸ ਲਾਈਨ ਵਿਚ 10 ਸਾਲ ਤੋਂ ਵੱਧ ਦਾ ਤਜ਼ਰਬਾ ਹੈ***
***ਸਾਡਾ ਦਫਤਰ ਪੁਰਾਣੇ DMV ਪਲਾਜ਼ੇ ਵਿਚ ਹੈ***

**ਮਨਜੀਤ ਸਿੰਘ** 916-391-7447
**ਸਜਵੀਰ ਸਿੰਘ** 916-391-7553

ਪੰਜਾਬ ਟਾਈਮਜ਼

*ਸਨਿਚਰਵਾਰ, 27 ਅਗਸਤ 2011*

## ਅੰਨਾ ਦਾ ਅੰਦੋਲਨ

ਸਾਬਕਾ ਫੌਜੀ ਅਤੇ ਸਮਾਜ ਸੁਧਾਰਕ ਵਜੋਂ ਉਭਰੇ ਅੰਨਾ ਹਜ਼ਾਰੇ ਨੇ ਇਕ ਵਾਰ ਤਾਂ ਜਾਪਦਾ ਹੈ ਕਿ ਦਿੱਲੀ ਦਰਬਾਰ ਹਿਲਾ ਦਿੱਤਾ ਹੈ। ਹਰ ਕਿਸੇ ਨੂੰ ਟਿੱਚ ਜਾਣਨ ਵਾਲੀ ਕਾਂਗਰਸ ਅਤੇ ਇਮਾਨਦਾਰ ਪ੍ਰਧਾਨ ਮੰਤਰੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੂੰ ਉਸ ਨੇ ਦੂਬੱਲ ਕੇ ਹਾਸ਼ੀਏ ‘ਤੇ ਲਿਜਾ ਸੁੱਟਿਆ। ਪਾਰਟੀ ਦੇ ਘਾਗ ਅਖਵਾਉਂਦੇ ਆਗੂਆਂ ਦੀ ਹਰ ਚਾਲ ਨੂੰ ਉਸ ਨੇ ਬੇਅਸਰ ਕਰਕੇ ਦਿਖਾ ਦਿੱਤਾ। ਦੇਸ਼ ਪੱਧਰ ‘ਤੇ ਹੋਈ ਲਾਮਬੰਦੀ ਨੇ ਐਮਰਜੈਂਸੀ ਵੇਲੇ ਉਠੀ ‘ਜੇ.ਪੀ. ਲਹਿਰ’ ਲੋਕਾਂ ਦੇ ਚੇਤਿਆਂ ‘ਚੋਂ ਲੰਘਾ ਦਿੱਤੀ ਹੈ। ਇੰਨੀ ਵੱਡੀ ਪੱਧਰ ‘ਤੇ ਲਾਮਬੰਦੀ ਜਾਂ ਮਹਾਤਮਾ ਗਾਂਧੀ ਵਾਲੇ ਦੌਰ ਵਿਚ ਦਿਸੀ ਸੀ, ਅਤੇ ਜਾਂ ਫਿਰ ਭਗਤ ਸਿੰਘ ਦੀ ਸ਼ਹਾਦਤ ਮੌਕੇ ਲੋਕ ਇੰਨੀ ਪੱਧਰ ‘ਤੇ ਸੜਕਾਂ ਉਤੇ ਆਏ ਸਨ। ਅੰਨਾ ਦੇ ਇਸ ਅੰਦੋਲਨ ਦਾ ਇਕ ਹੋਰ ਖਾਸਾ ਇਸ ਅੰਦੋਲਨ ਦਾ ਅਨੁਸ਼ਾਸਨ ਹੈ। ਇੰਨੀ ਵੱਡੀ ਪੱਧਰ ‘ਤੇ ਚੜ੍ਹੀ ਲੋਕਾਂ ਦੀ ਕਾਂਗ ਨੂੰ ਸਾਂਭਣਾ ਅਕਸਰ ਔਖਾ ਹੋ ਜਾਂਦਾ ਹੈ ਪਰ ਜਿਸ ਤਰ੍ਹਾਂ ਭ੍ਰਿਸ਼ਟਾਚਾਰ ਦੇ ਮੁੱਦੇ ਉਤੇ ਲੋਕ ਆਪ-ਮੁਹਾਰੇ ਘਰਾਂ ਵਿਚੋਂ ਨਿਕਲੇ, ਉਸੇ ਤਰ੍ਹਾਂ ਉਨ੍ਹਾਂ ਆਪਣੇ-ਆਪ ਹੀ ਜ਼ਬਤ ਰੱਖਿਆ ਅਤੇ ਕਿਸੇ ਪਾਸਿਓਂ ਸ਼ਿਕਾਇਤ ਦੀ ਕੋਈ ਸੁਰ-ਖਬਰ ਨਹੀਂ ਆਈ। ਖੌਰੇ ਇਸੇ ਕਰਕੇ ਹੀ ਕੇਂਦਰੀ ਹਾਕਮਾਂ ਨੂੰ ਉਸ ਨੂੰ ਗ੍ਰਿਫਤਾਰ ਕਰਨ ਤੋਂ ਤੁਰੰਤ ਬਾਅਦ ਰਿਹਾਅ ਕਰਨ ਦੇ ਲਾਲੇ ਪੈ ਗਏ। ਇਹ ਚੱਕਰ ਇੰਨੀ ਤੇਜ਼ੀ ਨਾਲ ਚੱਲਿਆ ਕਿ ਹਾਕਮ ਚਾਰੇ ਖਾਨੇ ਚਿੱਤ ਹੋ ਗਏ।

ਆਮ ਲੋਕਾਂ ਲਈ ਹੁਣ ਤੱਕ ਭ੍ਰਿਸ਼ਟਾਚਾਰ ਦਾ ਮਤਲਬ ਪਟਵਾਰੀਆਂ ਜਾਂ ਹੇਠਲੇ ਪੱਧਰ ਦੇ ਅਜਿਹੇ ਮੁਲਾਜ਼ਮਾਂ ਨੂੰ ਵੱਢੀ ਲੈਂਦੇ ਗ੍ਰਿਫਤਾਰ ਕਰਨ ਦੀਆਂ ਖਬਰਾਂ ਪੜ੍ਹਨ ਤੱਕ ਹੀ ਸੀਮਤ ਸੀ। ਪਹਿਲੀ ਵਾਰ ਉਪਰਲੇ ਪੱਧਰ ਉਤੇ ਹੋ ਰਹੇ ਭ੍ਰਿਸ਼ਟਾਚਾਰ ਬਾਰੇ ਗੱਲ ਤੁਰੀ। ਦਰਅਸਲ, ਪਿਛਲੇ ਕੁਝ ਸਮੇਂ ਦੌਰਾਨ ਹੇਰਾਫੇਰੀ ਦੇ ਜਿਸ ਤਰ੍ਹਾਂ ਦੇ ਕੇਸ ਸਾਹਮਣੇ ਆਏ, ਉਨ੍ਹਾਂ ਨੇ ਦੇਸ਼ ਦੇ ਹਰ ਬਾਸ਼ਿੰਦੇ ਦੀਆਂ ਅੱਖਾਂ ਖੋਲ੍ਹ ਦਿੱਤੀਆਂ ਜਾਂ ਕਹਿ ਲਓ ਕਿ ਹੈਰਾਨੀ ਨਾਲ ਆਮ ਬੰਦੇ ਦੀਆਂ ਅੱਖਾਂ ਟੱਡੀਆਂ ਹੀ ਰਹਿ ਗਈਆਂ। ਇਸ ਤੋਂ ਬਾਅਦ ਸਰਕਾਰ ਅਤੇ ਸਿਆਸੀ ਆਗੂਆਂ ਦੀ ਗੈਰ-ਦਿਆਨਤਦਾਰੀ ਦੀ ਗੱਲ ਚੱਲ ਨਿਕਲੀ। ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਜੋ ਇਮਾਨਦਾਰੀ ਦੇ ਮੁਜੱਸਮੇ ਵਜੋਂ ਚੋਖੇ ਮਸ਼ਹੂਰ ਸਨ, ਦੀ ਦਿਆਨਤਦਾਰੀ ਉਤੇ ਹੀ ਸਵਾਲੀਆ ਚਿੰਨ੍ਹ ਲੱਗ ਗਿਆ। ਇਸ ਤੋਂ ਬਾਅਦ ਤਾਂ ਸਿਆਸੀ ਪਿੜ ਵਿਚ ਜੋ ਹਾਲਾਤ ਬਣੇ, ਉਨ੍ਹਾਂ ਨੇ ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ ਨਿਤਾਰਨਾ ਸ਼ੁਰੂ ਕਰ ਦਿੱਤਾ। ਦਿਨਾਂ ਵਿਚ ਹੀ ਸਪਸ਼ਟ ਹੋ ਗਿਆ ਕਿ ਇਮਾਨਦਾਰ ਪ੍ਰਧਾਨ ਮੰਤਰੀ ਆਖਰ ਖੜ੍ਹੇ ਕਿਸ ਪਾਲੇ ਵਿਚ ਹਨ? ਇਹੀ ਉਹ ਅਹਿਮ ਮੋੜ ਸੀ ਜਿਸ ਨੇ ਅੰਨਾ ਹਜ਼ਾਰੇ ਵਰਗੇ ਸਾਧਾਰਨ ਕਾਰਕੁਨ ਲਈ ਵੱਡੇ ਅੰਦੋਲਨ ਦਾ ਰਾਹ ਖੋਲ੍ਹਿਆ।

ਉਂਜ, ਇਨ੍ਹਾਂ ਤੱਥਾਂ ਦਾ ਇਕ ਹੋਰ ਪੱਖ ਵੀ ਹੈ ਜਿਸ ਬਾਰੇ ਨਿੱਠ ਕੇ ਗੱਲ ਤੋਰਨੀ ਬਣਦੀ ਹੈ। ਇਹ ਅੰਦੋਲਨ ਉਦੋਂ ਸ਼ੁਰੂ ਹੋਇਆ ਜਦੋਂ ਕੇਂਦਰ ਸਰਕਾਰ, ਕਾਂਗਰਸ ਤੇ ਮੁੱਖ ਵਿਰੋਧੀ ਧਿਰ ਭਾਰਤੀ ਜਨਤਾ ਪਾਰਟੀ ਦੇ ਵੱਡੇ ਆਗੂ, ਕਹਿੰਦੇ ਕਹਾਉਂਦੇ ਪਤੱਰਕਾਰ ਅਤੇ ਵੱਡੇ ਕਾਰੋਬਾਰੀ ਭ੍ਰਿਸ਼ਟਾਚਾਰ ਵਿਚ ਸ਼ਮੂਲੀਅਤ ਦੇ ਮੁੱਦੇ ਕਾਰਨ ਬੁਰੀ ਤਰ੍ਹਾਂ ਘਿਰੇ ਹੋਏ ਸਨ। ਉਦੋਂ ਵਿਕੀਲੀਕਸ ਨੇ ਵੀ ਸੰਸਾਰ ਪੱਧਰ ਉਤੇ ਭੜਥੂ ਪਾਇਆ ਹੋਇਆ ਸੀ ਅਤੇ ਇਸ ਰਾਹੀਂ ਭਾਰਤੀ ਆਗੂਆਂ ਦਾ ਅਸਲ ਕਿਰਦਾਰ ਵੀ ਆਵਾਮ ਦੇ ਸਾਹਮਣੇ ਨਸ਼ਰ ਹੋ ਰਿਹਾ ਸੀ। ਲੱਖਾਂ-ਕਰੋੜਾਂ ਰੁਪਏ ਦੀ ਹੇਰਾਫੇਰੀ ਦੀਆਂ ਪਰਤਾਂ ਆਵਾਮ ਦੇ ਸਾਹਮਣੇ ਖੁੱਲ੍ਹ ਰਹੀਆਂ ਸਨ। ਨਿੱਤ ਨਵੇਂ ਤੱਥ ਦੇਖ-ਸੁਣ ਕੇ ਲੋਕ ਹੱਕੇ-ਬੱਕੇ ਰਹਿ ਗਏ ਸਨ। ਇਸ ਤਰ੍ਹਾਂ ਦੇ ‘ਹੱਲਾ ਬੋਲ’ ਵਰਗੇ ਬੇਚੈਨ ਮਾਹੌਲ ਵਿਚ ਅੰਨਾ ਦਾ ਅੰਦੋਲਨ ਸ਼ੁਰੂ ਹੋਣਾ ਮਹਿਜ਼ ਇਤਫਾਕ ਨਹੀਂ। ਸਮਾਜੀ ਉਥਲ-ਪੁਥਲ ਦੀਆਂ ਆਰਥਿਕ-ਸਮਾਜਕ ਰਮਜ਼ਾਂ ਸਮਝਣ ਵਾਲੇ ਮਾਹਿਰ ਇਸ ਬੇਚੈਨੀ ਨੂੰ ਆਵਾਮ ਦੇ ਉਸ ਵੱਡੇ ਰੋਹ ਅਤੇ ਰੋਸ ਨਾਲ ਜੋੜਦੇ ਹਨ ਜੋ ਦਿਨਾਂ ਵਿਚ ਹੀ ਹੇਠਲੀ ਉਤੇ ਕਰਨ ਦੇ ਸਮਰੱਥ ਹੁੰਦਾ ਹੈ। ਭਾਰਤ ਦੀਆਂ ਭ੍ਰਿਸ਼ਟ ਸਿਆਸੀ ਪਾਰਟੀਆਂ ਅਤੇ ਸਰਕਾਰ ਖਿਲਾਫ ਉਠ ਰਿਹਾ ਉਹ ਲਾਵਾ ਹੁਣ ਕਿੱਥੇ ਹੈ ਭਲਾ? 2ਜੀ ਸਪੈਕਟ੍ਰਮ ਘੁਟਾਲਾ ਜਿਸ ਨੇ ਸਰਕਾਰ ਅਤੇ ਸਰਕਾਰ ਚਲਾ ਰਹੇ ਆਗੂਆਂ ਦੇ ਖੋਖਲੇਪਣ ਨੂੰ ਜੱਗ-ਜ਼ਾਹਿਰ ਕੀਤਾ ਸੀ, ਦਾ ਹੁਣ ਕਿਸੇ ਨੂੰ ਚਿੱਤ-ਚੇਤਾ ਵੀ ਨਹੀਂ!

ਇਹੀ ਨਹੀਂ, ਮਨੀਪੁਰ ਦੀ ਕੁੜੀ ਇਰੋਮ ਸ਼ਰਮੀਲਾ ਫੌਜ ਦੀਆਂ ਜ਼ਿਆਦਤੀਆਂ ਖਿਲਾਫ ਪਿਛਲੇ 10 ਸਾਲ ਤੋਂ ਲਗਾਤਾਰ ਭੁੱਖ ਹੜਤਾਲ ‘ਤੇ ਹੈ, ਉਸ ਅਤੇ ਉਸ ਦੇ ਸੂਬਾ ਵਾਸੀਆਂ ਦੇ ਜਮਹੂਰੀ ਹੱਕਾਂ ਉਤੇ ਦਿਨ-ਦਿਹਾੜੇ ਡਾਕਾ ਪਿਆ ਹੋਇਆ ਹੈ; ਬਹੁਤ ਥਾਂਈਂ ਵਿਸ਼ੇਸ਼ ਆਰਥਿਕ ਜ਼ੋਨ, ਜਬਰੀ ਭੂਮੀ ਹਥਿਆਉਣ ਅਤੇ ਪਰਮਾਣੂ ਪਲਾਂਟਾਂ ਖਿਲਾਫ ਹਜ਼ਾਰਾਂ ਕਿਸਾਨ ਆਪਣੇ ਪਰਿਵਾਰਾਂ ਸਣੇ ਘੋਲ ਕਰ ਰਹੇ ਹਨ; ਇਨ੍ਹਾਂ ਘੋਲਾਂ ਦੌਰਾਨ ਪੁਲਿਸ ਨੇ ਅਤਿਅੰਤ ਜਬਰ ਢਾਹੇ ਜੋ ਕਿਤੇ ਚਰਚਾ ਵਿਚ ਨਹੀਂ ਆਏ; ਇਸ ਦੇ ਨਾਲ ਹੀ ਹੁਣ ਜਦੋਂ ਸਟੇਟ ਲੋਕਾਂ ਨੂੰ ਦਿੱਤੀਆਂ ਜਾ ਰਹੀਆਂ ਬੁਨਿਆਦੀ ਸਹੂਲਤਾਂ ਤੋਂ ਵੀ ਸਹਿਜੇ ਸਹਿਜੇ ਹੱਥ ਪਿਛਾਂਹ ਖਿੱਚ ਰਹੀ ਹੈ ਤਾਂ ਕਿਸੇ ਨੂੰ ਕਦੀ ਕਿਤਿਓਂ ਅੰਨਾ ਦੀ ਆਵਾਜ਼ ਨਹੀਂ ਸੁਣੀ। ਹੁਣ ਅੰਨਾ ਦੇ ਅੰਦੋਲਨ ਦਾ ਇਸ ਕਦਰ ਉਚੀ ਉਡਾਰੀ ਭਰਨਾ ਹੈਰਾਨ-ਪ੍ਰੇਸ਼ਾਨ ਕਰਦਾ ਹੈ। ਹਰ ਪਾਸਿਓਂ ‘ਅੰਨਾ ਹੀ ਇੰਡੀਆ ਹੈ’ ਦੇ ਨਾਅਰੇ ਉਭਰ ਰਹੇ ਹਨ। ਸਾਡੇ ਆਪਣੇ ਪੰਜਾਬ ਦੇ ਕੁਝ ਸਿੱਖ ਚਿੰਤਕ ਵੀ ਅੰਨਾ ਦੀ ਪ੍ਰਸੰਸਾ ਵਿਚ ਉਠੀ ਕਾਂਗ ਵਿਚ ਰੁੜ੍ਹ ਗਏ ਹਨ। ਇਹ ਚਿੰਤਕ ਇਹ ਲੱਖਣ ਲਾਉਣ ਵਿਚ ਵੀ ਖਤਾ ਖਾ ਗਏ ਹਨ ਕਿ ਅੰਨਾ ਤਾਂ ਬੁਰੀ ਤਰ੍ਹਾਂ ਘਿਰੀ ਤੇ ਪਿਛਲੇ ਸਮੇਂ ਦੌਰਾਨ ਲਗਾਤਾਰ ਨਿਘਾਰ ਵੱਲ ਖਿਸਕ ਰਹੀ ਸਰਕਾਰ ਅਤੇ ਖੋਖਲੀ ਤੇ ਨਕਲੀ ਸਾਬਤ ਹੋ ਚੁੱਕੀ ਜਮਹੂਰੀਅਤ ਨੂੰ ਸਾਹ ਦਿਵਾ ਰਿਹਾ ਹੈ। ਅੰਨਾ ਦੇ ਅੰਦੋਲਨ ਵਿਚ ਜਿਸ ਤਰ੍ਹਾਂ ਤਿਰੰਗਾ ਝੰਡਾ ਲਹਿਰਾ ਕੇ ਲੋਕਾਂ ਦੀ ਚੇਤਨਾ ਨੂੰ ਇਕ ਖਾਸ ਕਿਸਮ ਦੀ ਸੋਚ ਵਿਚ ਬੰਨ੍ਹਣ ਦੀ ਕੋਸ਼ਿਸ਼ ਕੀਤੀ ਗਈ ਹੈ, ਉਹ ਕੋਈ ਇਤਫਾਕ ਨਹੀਂ ਹੈ। ਇਹ ਗੱਲਾਂ ਅੰਨਾ ਦੇ ਆਰ.ਐਸ.ਐਸ. ਨਾਲ ਪਹਿਲ-ਪੁਰਾਣੇ ਰਿਸ਼ਤੇ ਦੀ ਚੁਗਲੀ ਕਰਦੀਆਂ ਹਨ। ਇਸ ਲਈ, ਇਸ ਅੰਦੋਲਨ ਦੀ ਪੜਚੋਲ ਇਸ ਨੂੰ ਸਮੁੱਚਤਾ ਵਿਚ ਰੱਖ ਕੇ ਹੋਣੀ ਚਾਹੀਦੀ ਹੈ।

### ਠਾਹ-ਸੋਟਾ

-ਚਾਚਾ ਬੇਲਿਹਾਜ਼

#### *ਗਾਂਧੀ-ਟੋਪੀ ਦੀ ਜੈਕਾਰ!*


ਕੁਝ ਨ੍ਹੀਂ ਵਿਗੜਨਾ ਭੁੱਖੜਾਂ ਹਾਕਮਾਂ ਦਾ, ਜਿਨ੍ਹਾਂ ਦੇਸ਼ ਨੂੰ ਲੁੱਟਿਆ ਪੁੱਟਿਆ ਈ।
ਮਰਨ ਵਰਤ ਦੇ ‘ਨਾਟਕਾਂ’ ਨਾਲ ਦੱਸੋ, ਭ੍ਰਿਸ਼ਟਾਚਾਰ ਕਿਸ ਦੇਸ਼ ’ਚੋਂ ਮੁੱਕਿਆ ਈ?
ਉਹ ਤਾਂ ਵਰਤ ਦਾ ਲੈਂਦਾ ਨਹੀਂ ਨਾਂ ਮੁੜ ਕੇ, ਰਾਮ ਦੇਵ ਦੀ ਤਰ੍ਹਾਂ ਜੋ ਠੁੱਕਿਆ ਈ।
ਸਾਰੀ ਖੇਲ ਇਹ ਖੇਡਦੇ ਭਾਜਪਾਈਏ, ਸਾਹ ਜਿਨ੍ਹਾਂ ਦਾ ਸੱਤਾ ਬਿਨ ਸੁੱਕਿਆ ਈ।
ਬਹੁ-ਗਿਣਤੀ ਦਾ ਕੇਂਦਰ ਨੂੰ ਹੇਜ ਮਾਰੇ, ਮੋਹਰੇ ਅੰਨਾ ਹਜ਼ਾਰੇ ਦੇ ਝੁਕਿਆ ਈ।
ਫੇਰੂਮਾਨ ਦੀ ਕਿਸੇ ਨਾ ਕਦਰ ਪਾਈ, ਗਾਂਧੀ-ਟੋਪੀ ਨੂੰ ਮੀਡੀਏ ਚੁੱਕਿਆ ਈ!

# ਪੰਜਾਬ ’ਚ ਹੜ੍ਹ: ਕੁਦਰਤੀ ਦੀ ਮਾਰ ਜਾਂ ਸਰਕਾਰੀ ਬਦਇੰਤਜ਼ਾਮੀ

***ਕੁਦਰਤੀ ਆਫ਼ਤਾਂ ਬਾਬਤ ਇਹ ਅਧਿਐਨ ਲਗਾਤਾਰ ਹੁੰਦਾ ਹੈ ਕਿ ਇਨ੍ਹਾਂ ਦੀ ਤਰਤੀਬ ਕੀ ਹੈ ਤਾਂ ਜੋ ਇਨ੍ਹਾਂ ਨੂੰ ਰੋਕਣ ਦੇ ਉਪਰਾਲੇ ਕੀਤੇ ਜਾ ਸਕਣ। ਜੇ ਰੋਕਣਾ ਸੰਭਵ ਨਹੀਂ ਹੈ ਤਾਂ ਹੋਣ ਵਾਲਾ ਨੁਕਸਾਨ ਘੱਟ ਕੀਤਾ ਜਾਵੇ। ਇਸੇ ਅਧਿਐਨ ਵਿਚੋਂ ਉਪਜਦੀ ਸਮਝ, ਪੇਸ਼ਬੰਦੀਆਂ ਦੇ ਨਕਸ਼ ਉਘਾੜਦੀ ਹੈ ਜਿਸ ਨੂੰ ਅਮਲੀ ਜਾਮਾ ਪਹਿਨਾਉਣਾ ਵਿਉਂਤਬੰਦੀ ਦਾ ਸਮਾਜਿਕ ਜ਼ਿੰਮੇਵਾਰੀ ਵਾਲਾ ਕੰਮ ਹੈ। ਪੰਜਾਬ ਵਿਚ ਸੋਕੇ ਅਤੇ ਹੜ੍ਹ ਦੀ ਤਰਤੀਬ ਬਹੁਤ ਸਪਸ਼ਟ ਹੈ। ਇਸ ਤਰਤੀਬ ਵਿਚ ਕਿਸੇ ਹੈਰਾਨੀਜਨਕ ਵਿਘਨ ਦੀਆਂ ਸੰਭਾਵਨਾਵਾਂ ਬਹੁਤ ਘੱਟ ਹਨ। ਮੀਂਹ ਦਾ ਮੌਸਮ ਤੈਅ ਹੈ। ਪਾਣੀ ਦੇ ਲਾਂਘਿਆਂ ਦੀ ਪੁਖ਼ਤਾ ਨਿਸ਼ਾਨਦੇਹੀ ਹੈ। ਮੀਂਹ ਵਿਚ ਆਉਣ ਵਾਲੇ ਪਾਣੀ ਦੀ ਵੱਧ ਤੋਂ ਵੱਧ ਮਿਕਦਾਰ ਦਾ ਅੰਦਾਜ਼ਾ ਹੈ। ਇਸ ਹਾਲਤ ਵਿਚ ਜੇ ਘੱਟ ਮਿਕਦਾਰ ਵਿਚ ਪਿਆ ਮੀਂਹ ਵੀ ਹੜ੍ਹ ਦਾ ਸਬੱਬ ਬਣਦਾ ਹੈ ਤਾਂ ਨੁਕਸ ਕੁਦਰਤ ਵਿਚ ਨਹੀਂ, ਬੰਦੇ ਵਿਚ ਹੈ। ਪੰਜਾਬ ਵਿਚ ਪੈਂਦੇ ਸੋਕੇ ਅਤੇ ਹੜ੍ਹ ਨੂੰ ਕੁਦਰਤੀ ਆਫ਼ਤ ਨਹੀਂ ਕਿਹਾ ਜਾ ਸਕਦਾ ਕਿਉਂਕਿ ਇਹ ਸਰਕਾਰੀ ਬਦਇੰਤਜ਼ਾਮੀ ਦਾ ਨਤੀਜਾ ਹਨ।***

ਸਵਾਲ ਸੰਵਾਦ

ਦਲਜੀਤ ਅਮੀ



ਫੋਨ:+91-97811-21873

ਇਸ ਸਾਲ ਪੰਜਾਬ ਵਿਚ ਅਜੇ ਤੱਕ ਮੀਂਹ ਘੱਟ ਪਿਆ ਹੈ। ਹਾੜ੍ਹ-ਸਾਉਣ ਦੇ ਮਹੀਨਿਆਂ ਵਿਚ ਪੰਜਾਬ ਵਿਚ ਹੜ੍ਹ ਆਇਆ ਅਤੇ ਸੋਕਾ ਵੀ ਪਿਆ। ਦੋਵੇਂ ਕੁਦਰਤੀ ਆਫ਼ਤਾਂ ਹਨ ਪਰ ਇਨ੍ਹਾਂ ਦਾ ਆਪਸ ਵਿਚ ਰਿਸ਼ਤਾ ਕੋਈ ਨਹੀਂ। ਇਨ੍ਹਾਂ ਦਾ ਖ਼ਾਸਾ ਕਿਸੇ ਸਾਂਝੀ ਹੋਂਦ ਦੀ ਸੰਭਾਵਨਾ ਨੂੰ ਰੱਦ ਕਰਦਾ ਹੈ। ਸੋਕਾ ਅਤੇ ਹੜ੍ਹ ਸਮੁੱਚੇ ਜੈਵਿਕ ਪਸਾਰੇ ਦੀਆਂ ਚੂਲਾਂ ਵੱਖਰੇ-ਵੱਖਰੇ ਢੰਗ ਨਾਲ ਹਿਲਾ ਦਿੰਦੇ ਹਨ। ਸੋਕਾ ਸਭ ਕੁਝ ਸੁਕਾ ਦਿੰਦਾ ਹੈ ਅਤੇ ਹੜ੍ਹ ਸਭ ਕੁਝ ਹੜ੍ਹਾ ਦਿੰਦਾ ਹੈ। ਦੋਵਾਂ ਦਾ ਹਥਿਆਰ ਪਾਣੀ ਹੈ। ਸੋਕਾ ਕਿੱਲਤ ਨਾਲ ਮਾਰਦਾ ਹੈ ਅਤੇ ਹੜ੍ਹ ਬਹੁਤਾਤ ਨਾਲ। ਪੰਜਾਬ ਵਿਚ ਪਿਛਲੇ ਕਈ ਸਾਲਾਂ ਤੋਂ ਇਹ ਭਾਣਾ ਵਰਤ ਰਿਹਾ ਹੈ ਕਿ ਕੁਝ ਦਿਨਾਂ ਦੇ ਫ਼ਰਕ ਨਾਲ ਹੀ ਹੜ੍ਹ ਅਤੇ ਸੋਕਾ ਆਉਂਦੇ ਹਨ। ਇਨ੍ਹਾਂ ਅੱਤ ਦੇ ਹਾਲਾਤ ਨੂੰ ਸਾਵਾਂ ਕਰਨ ਦੀ ਇੱਛਾ ਤਹਿਤ ਇਹ ਸਵਾਲ ਪੁੱਛਿਆ ਜਾ ਸਕਦਾ ਹੈ ਕਿ ਹੜ੍ਹ ਦਾ ਪਾਣੀ ਕਿਸੇ ਤਰ੍ਹਾਂ ਸੋਕਾ ਦੂਰ ਕਰਨ ਦੇ ਕੰਮ ਆ ਸਕਦਾ ਹੈ? ਇਸ ਸਵਾਲ ਨੂੰ ਕਾਲਪਨਿਕ ਉਡਾਰੀ ਕਹਿ ਕੇ ਰੱਦ ਨਹੀਂ ਕੀਤਾ ਜਾ ਸਕਦਾ। ਅਜ਼ਲਾਂ ਤੋਂ ਮਨੁੱਖੀ ਤਜਰਬੇ ਦਾ ਹਿੱਸਾ ਬਣਿਆ ਗਿਆਨ ਅਤੇ ਵਿਗਿਆਨ ਕੁਦਰਤ ਦੀਆਂ ਰਮਜ਼ਾਂ ਨੂੰ ਸਮਝਣ ਦਾ ਹੀ ਤਰਦੱਦ ਹੈ। ਮਨੁੱਖ ਦੇ ਲਗਾਤਾਰ ਵਧ ਰਹੇ ਗਿਆਨ ਭੰਡਾਰ ਨੇ ਬਹੁਤ ਸਾਰੀਆਂ ਕੁਦਰਤੀ ਆਫ਼ਤਾਂ ਨੂੰ ਇਲਾਜਯੋਗ ਬਿਮਾਰੀਆਂ ਵਿਚ ਤਬਦੀਲ ਕੀਤਾ ਹੈ। ਬਹੁਤ ਸਾਰੀਆਂ ਬਿਮਾਰੀਆਂ ਦੇ ਇਲਾਜ ਦੀ ਥਾਂ ਰੋਕਥਾਮ ਦੇ ਪੁਖ਼ਤਾ ਨੁਸਖ਼ੇ ਬਣਾ ਲਏ ਗਏ ਹਨ। ਇਸੇ ਲਈ ਮੱਧਕਾਲੀ ਯੁੱਗ ਵਿਚ ਕੁਦਰਤੀ ਆਫ਼ਤ ਮੰਨੀ ਜਾਂਦੀ ਪਲੇਗ ਹੁਣ ਇਤਿਹਾਸ ਦਾ ਹਿੱਸਾ ਹੋ ਗਈ ਹੈ। ਪੋਲੀਓ ਅਤੇ ਤਪਦਿਕ ਵਰਗੀਆਂ ਬੀਮਾਰੀਆਂ ਨੂੰ ਖ਼ਤਮ ਕੀਤੇ ਜਾ ਸਕਣ ਦੀ ਸੰਭਾਵਨਾਵਾਂ ਮਨੁੱਖੀ ਸਮਰੱਥਾ ਵਿਚ ਸ਼ੁਮਾਰ ਹੋਈਆਂ ਹਨ। ਕੁਦਰਤੀ ਦੇ ਬਾਤਨੀ ਤੱਥਾਂ ਦੀ ਬਰੀਕੀ ਨੂੰ ਰਹੱਸ ਤੋਂ ਵਿਗਿਆਨ, ਫ਼ਲਸਫ਼ੇ ਜਾਂ ਅਣਸੁਲਝੇ ਸਵਾਲਾਂ ਵਿਚ ਵੰਡਣ ਦਾ ਕਾਰਜ ਮਨੁੱਖੀ ਦਿਲਚਸਪੀ ਦਾ ਸਦੀਵੀ ਅੰਸ਼ ਹੈ। ਇਸੇ ਤਰ੍ਹਾਂ ਕੁਦਰਤ ਦੇ ਜ਼ਾਹਿਰਾ ਪੱਖ ਦੀ ਮਾਰ ਤੋਂ ਬਚਣ ਲਈ ਲਗਾਤਾਰ ਅਧਿਐਨ ਰਾਹੀਂ ਪੇਸ਼ਬੰਦੀਆਂ ਦੀ ਸੂਝ ਵੀ ਮਨੁੱਖੀ ਗਿਆਨ ਪਸਾਰੇ ਦਾ ਹਿੱਸਾ ਰਹੀ ਹੈ। ਮਨੁੱਖੀ ਸਮਰੱਥਾ ਤੋਂ ਬਾਹਰਲੇ ਵਿਕਰਾਲ ਅਤੇ ਮਾਰੂ ਕੁਦਰਤੀ ਤੱਤਾਂ ਦਾ ਰੁਖ਼ ਤਬਦੀਲ ਕਰਕੇ ਉਨ੍ਹਾਂ ਦੀ ਮਾਰ ਘੱਟ ਕੀਤੀ ਜਾਣੀ ਸੰਭਵ ਹੋਈ ਹੈ। ਇਸ ਸਮੁੱਚੇ ਤਜਰਬੇ ਵਿਚੋਂ ਪਰਉਪਕਾਰ ਮਨਫ਼ੀ ਹੋ ਜਾਵੇ ਤਾਂ ਸਰਮਾਇਆ ਭਾਰੂ ਹੋ ਜਾਂਦਾ ਹੈ। ਇਸੇ ਹਵਾਲੇ ਨਾਲ ਪੰਜਾਬ ਦੇ ਹੜ੍ਹਾਂ ਅਤੇ ਸੋਕੇ ਨੂੰ ਸਮਝਣਾ ਜ਼ਰੂਰੀ ਹੈ। ਸਵਾਲ ਇਹ ਹੈ ਕਿ ਮੌਜੂਦਾ ਮਨੁੱਖੀ ਸਮਰੱਥਾ ਦੇ ਹਵਾਲੇ ਨਾਲ ਇਸ ਨੂੰ ਕੁਦਰਤੀ ਆਫ਼ਤ ਹੀ ਕਿਹਾ ਜਾਵੇਗਾ ਜਾਂ ਇਸ ਦੀ ਮਾਰ ਬਦਇੰਤਜ਼ਾਮੀ ਦਾ ਹਿੱਸਾ ਹੈ?

ਪੰਜਾਬ ਵਿਚ ਅੰਦਾਜ਼ਨ ਪਹਾੜੀ ਅਤੇ ਨੀਮ ਪਹਾੜੀ ਇਲਾਕਿਆਂ ਵਿਚ 1400, ਮੈਦਾਨੀ ਖੇਤਰ ਵਿਚ 1100 ਅਤੇ ਬਰਾਨੀ ਹਿੱਸੇ ਵਿਚ 800 ਸੈਂਟੀਮੀਟਰ ਸਾਲਾਨਾ ਮੀਹ ਪੈਂਦਾ ਹੈ। ਪਹਾੜੀ ਇਲਾਕਿਆਂ ਵਿਚ ਆਉਂਦੇ ਦਰਿਆ ਕੱਚੇ ਪਹਾੜਾਂ ਵਿਚੋਂ ਤੇਜ਼ੀ ਨਾਲ ਵਗਦੇ ਹਨ। ਇਸ ਕਾਰਨ ਮੀਂਹ ਅਤੇ ਪਹਾੜਾਂ ਉੱਤੇ ਬਰਫ਼ ਪਿਘਲਣ ਦੇ ਦਿਨਾਂ ਵਿਚ ਦਰਿਆ ਭਰ ਜਾਂਦੇ ਹਨ। ਇਸ ਸਮੁੱਚੇ ਪਾਣੀ ਨੇ ਧਰਤੀ ਵਿਚ ਜੀਰਨਾ ਹੈ ਜਾਂ ਤੇਜ਼ੀ ਨਾਲ ਉਚਾਣ ਤੋਂ ਨਿਮਾਣ ਵੱਲ ਵਧਣਾ ਹੈ। ਪਿਛਲੇ ਸਾਲਾਂ ਦੌਰਾਨ ਪਾਣੀ ਦੇ ਕੁਦਰਤੀ ਵਹਿਣਾਂ ਵਿਚ ਲਗਾਤਾਰ ਰੋਕਾਂ ਲੱਗੀਆਂ ਹਨ। ਖੇਤਾਂ ਵਿਚ ਝੋਨੇ ਲਈ ਲਗਾਤਾਰ ਹਰ ਸਾਲ ਕੱਦੂ ਕੀਤਾ ਜਾਂਦਾ ਹੈ ਜਿਸ ਨਾਲ ਧਰਤੀ ਦੇ ਮੁਸਾਮ ਬੰਦ ਹੋ ਜਾਂਦੇ ਹਨ। ਪਾਣੀ ਦੇ ਧਰਤੀ ਵਿਚ ਜੀਰਨ ਦੀ ਸਮਰੱਥਾ ਘਟ ਜਾਂਦੀ ਹੈ।

ਸ਼ਹਿਰੀਕਰਨ ਨੇ ਵੱਧ ਤੋਂ ਵੱਧ ਕੱਚੇ ਥਾਂ ਨੂੰ ਉਸਾਰੀਆਂ, ਸੜਕਾਂ ਅਤੇ ਪੱਕੀ ਚਿਣਾਈ ਹੇਠ ਲਿਆਂਦਾ ਹੈ। ਇਸ ਨਾਲ ਸ਼ਹਿਰਾਂ ਵਿਚੋਂ ਮੀਹ ਦਾ ਪਾਣੀ ਧਰਤੀ ਵਿਚ ਜੀਰ ਜਾਣ ਦੀ ਸੰਭਾਵਨਾ ਲਗਾਤਾਰ ਘਟ ਰਹੀ ਹੈ। ਮੀਂਹ ਦਾ ਪਾਣੀ ਤੇਜ਼ੀ ਨਾਲ ਸ਼ਹਿਰਾਂ ਤੋਂ ਬਾਹਰ ਨੂੰ ਭੱਜਦਾ ਹੈ ਪਰ ਤੰਗ ਨਾਲੀਆਂ ਜਾਂ ਸੀਵਰੇਜ ਉਛਾਲੇ ਮਾਰਦੇ ਹਨ। ਇਨ੍ਹਾਂ ਵਿਚ ਭਰਿਆ ਪੋਲੀਥੀਨ ਭਰਪੂਰ ਕਚਰਾ ਪਾਣੀ ਦੇ ਲਾਂਘੇ ਬੰਦ ਕਰ ਦਿੰਦਾ ਹੈ। ਨਤੀਜਨ ਥੋੜ੍ਹਾ ਜਿਹਾ ਮੀਂਹ ਹੀ ਜਲੰਧਰ, ਲੁਧਿਆਣਾ, ਅੰਮ੍ਰਿਤਸਰ, ਪਟਿਆਲਾ, ਬਠਿੰਡਾ ਅਤੇ ਚੰਡੀਗੜ੍ਹ ਵਰਗੇ ਸ਼ਹਿਰਾਂ ਵਿਚ ਹੜ੍ਹ ਲਿਆ ਦਿੰਦਾ ਹੈ।

ਮੌਸਮੀ ਨਦੀਆਂ, ਨਾਲਿਆਂ, ਚੋਆਂ ਅਤੇ ਹੋਰ ਲਾਂਘਿਆਂ ਨੂੰ ਹਰ ਸਾਲ ਸਾਫ਼ ਨਹੀਂ ਕੀਤਾ ਜਾਂਦਾ। ਤੇਜ਼ੀ ਨਾਲ ਆਏ ਪਾਣੀ ਕਾਰਨ ਇਹ ਉਛਾਲਾ ਮਾਰਦੇ ਹਨ ਅਤੇ ਕੰਢੇ ਤੋੜ ਕੇ ਹੜ੍ਹ ਦਾ ਸਬੱਬ ਬਣਦੇ ਹਨ। ਇਸੇ ਤਰ੍ਹਾਂ ਪਿੰਡਾਂ ਵਿਚ ਟੋਭਿਆਂ ਅਤੇ ਛੱਪੜਾਂ ਦੀ ਸਾਫ਼-ਸਫ਼ਾਈ ਤਾਂ ਹੁੰਦੀ ਹੀ ਨਹੀਂ ਸਗੋਂ ਨਾਜਾਇਜ਼ ਕਬਜ਼ਿਆਂ ਕਾਰਨ ਇਹ ਲਗਾਤਾਰ ਪੂਰੇ ਜਾ ਰਹੇ ਹਨ। ਕੰਢੀ ਦੇ ਇਲਾਕੇ ਵਿਚ ਬਣਾਏ ਬੰਨ੍ਹਾਂ ਦੀ ਵਿਉਂਤਬੰਦੀ ਕੱਚੇ ਪਹਾੜਾਂ ਵਿਚੋਂ ਆ ਰਹੇ ਪਾਣੀ ਦੇ ਵੇਗ ਨੂੰ ਮੱਠਾ ਕਰਨ ਵਿਚ ਨਾਕਾਮਯਾਬ ਰਹਿੰਦੀ ਹੈ। ਹਰ ਸਾਲ ਭਰਦੀ ਗ਼ਾਰ ਨਾਲ ਇਨ੍ਹਾਂ ਵਿਚ ਪਾਣੀ ਰੋਕਣ ਦੀ ਸੰਭਾਵਨਾ ਘੱਟ ਹੁੰਦੀ ਜਾਂਦੀ ਹੈ।

ਇਸ ਤਰ੍ਹਾਂ ਪਾਣੀ ਦੇ ਵਹਿਣ ਅਤੇ ਜੀਰਨ ਦੇ ਰਾਹ ਵਿਚ ਆਈਆਂ ਰੋਕਾਂ ਹੜ੍ਹ ਦਾ ਸਬੱਬ ਬਣਦੀਆਂ ਹਨ। ਹਰ ਸਾਲ ਜੀਰਨ ਰਾਹੀਂ ਧਰਤੀ ਹੇਠਲੇ ਜਲ-ਭੰਡਾਰ ਵਿਚ ਪੈਂਦਾ ਹਿੱਸਾ ਘਟ ਰਿਹਾ ਹੈ ਪਰ ਇਸ ਉੱਤੇ ਟੇਕ ਵਧ ਰਹੀ ਹੈ। ਹੁਣ ਮੱਛੀ ਮੋਟਰਾਂ ਧਰਤੀ ਦੇ ਦੂਜੇ ਪੱਤਣ ਤੋਂ ਮਣਾਂਮੂੰਹ ਪਾਣੀ ਖਿੱਚ ਕੇ ਸਨਅਤ ਅਤੇ ਖੇਤੀ ਨੂੰ ਚੱਲਦਾ ਰੱਖਣ ਵਿਚ ਲੱਗੀਆਂ ਹੋਈਆਂ ਹਨ। ਉਪਰਲੇ ਪਾਣੀ ਦੀ ਪੁਖ਼ਤਾ ਵਿਉਂਤਬੰਦੀ ਨਾ ਹੋਣ ਅਤੇ ਧਰਤੀ ਹੇਠਲੇ ਪਾਣੀ ਉੱਤੇ ਜ਼ਿਆਦਾ ਟੇਕ ਹੋਣ ਕਾਰਨ ਸੋਕੇ ਦੇ ਹਾਲਤ ਬਣਦੇ ਹਨ। ਇਉਂ ਪੰਜਾਬ ਵਿਚ ਹੜ੍ਹ ਅਤੇ ਸੋਕੇ ਦਾ ਮਸਲਾ ਕੁਦਰਤੀ ਆਫ਼ਤਾਂ ਨਹੀਂ ਸਗੋਂ ਬਦਇੰਤਜ਼ਾਮੀ ਹੈ। ਇਸ ਬਦਇੰਤਜ਼ਾਮੀ ਦੀ ਸਿਆਸਤ ਕੀ ਹੈ? ਇਸ ਨਾਲ ਜੁੜੇ ਅਰਥਚਾਰੇ ਦਾ ਖਾਸਾ ਕੀ ਹੈ?

ਕੁਦਰਤੀ ਆਫ਼ਤਾਂ ਬਾਬਤ ਇਹ ਅਧਿਐਨ ਲਗਾਤਾਰ ਹੁੰਦਾ ਹੈ ਕਿ ਇਨ੍ਹਾਂ ਦੀ ਤਰਤੀਬ ਕੀ ਹੈ ਤਾਂ ਜੋ ਇਨ੍ਹਾਂ ਨੂੰ ਰੋਕਣ ਦੇ ਉਪਰਾਲੇ ਕੀਤੇ ਜਾ ਸਕਣ। ਜੇ ਰੋਕਣਾ ਸੰਭਵ ਨਹੀਂ ਹੈ ਤਾਂ ਹੋਣ ਵਾਲਾ ਨੁਕਸਾਨ ਘੱਟ ਕੀਤਾ ਜਾਵੇ। ਇਸੇ ਅਧਿਐਨ ਵਿਚੋਂ ਉਪਜਦੀ ਸਮਝ, ਪੇਸ਼ਬੰਦੀਆਂ ਦੇ ਨਕਸ਼ ਉਘਾੜਦੀ ਹੈ ਜਿਸ ਨੂੰ ਅਮਲੀ ਜਾਮਾ ਪਹਿਨਾਉਣਾ ਵਿਉਂਤਬੰਦੀ ਦਾ ਸਮਾਜਿਕ ਜ਼ਿੰਮੇਵਾਰੀ ਵਾਲਾ ਕੰਮ ਹੈ। ਪੰਜਾਬ ਵਿਚ ਸੋਕੇ ਅਤੇ ਹੜ੍ਹ ਦੀ ਤਰਤੀਬ ਬਹੁਤ ਸਪਸ਼ਟ ਹੈ। ਇਸ ਤਰਤੀਬ ਵਿਚ ਕਿਸੇ ਹੈਰਾਨੀਜਨਕ ਵਿਘਨ ਦੀਆਂ ਸੰਭਾਵਨਾਵਾਂ ਬਹੁਤ ਘੱਟ ਹਨ। ਮੀਂਹ ਦਾ ਮੌਸਮ ਤੈਅ ਹੈ। ਪਾਣੀ ਦੇ ਲਾਂਘਿਆਂ ਦੀ ਪੁਖ਼ਤਾ ਨਿਸ਼ਾਨਦੇਹੀ ਹੈ। ਮੀਂਹ ਵਿਚ ਆਉਣ ਵਾਲੇ ਪਾਣੀ ਦੀ ਵੱਧ ਤੋਂ ਵੱਧ ਮਿਕਦਾਰ ਦਾ ਅੰਦਾਜ਼ਾ ਹੈ। ਇਸ ਹਾਲਤ ਵਿਚ ਜੇ ਘੱਟ ਮਿਕਦਾਰ ਵਿਚ ਪਿਆ ਮੀਂਹ ਵੀ ਹੜ੍ਹ ਦਾ ਸਬੱਬ ਬਣਦਾ ਹੈ ਤਾਂ ਨੁਕਸ ਕੁਦਰਤ ਵਿਚ ਨਹੀਂ, ਬੰਦੇ ਵਿਚ ਹੈ। ਪੰਜਾਬ ਵਿਚ ਪੈਂਦੇ ਸੋਕੇ ਅਤੇ ਹੜ੍ਹ ਨੂੰ ਕੁਦਰਤੀ ਆਫ਼ਤ ਨਹੀਂ ਕਿਹਾ ਜਾ ਸਕਦਾ ਕਿਉਂਕਿ ਇਹ ਸਰਕਾਰੀ ਬਦਇੰਤਜ਼ਾਮੀ ਦਾ ਨਤੀਜਾ ਹਨ।

ਇਸ ਰੁਝਾਨ ਦੀ ਕੌਮੀ ਅਤੇ ਕੌਮਾਂਤਰੀ ਤੰਦਾਂ ਬਹੁਤ ਅਹਿਮ ਹਨ ਪਰ ਇਸ ਲੇਖ ਦਾ ਘੇਰਾ ਪੰਜਾਬ ਤੱਕ ਮਹਿਦੂਦ ਕੀਤਾ ਗਿਆ ਹੈ।

ਸਮੁੱਚੇ ਮੁਲਕ ਵਾਂਗ ਪੰਜਾਬ ਦੀਆਂ ਸਰਕਾਰਾਂ ਨੁਮਾਇਸ਼ੀ ਪ੍ਰਾਪਤੀਆਂ ਨੂੰ ਤਰਜੀਹ ਦੇ ਰਹੀਆਂ ਹਨ। ਹੜ੍ਹ ਅਤੇ ਸੋਕੇ ਨੂੰ ਸਾਵਾਂ ਕਰਨ ਲਈ ਚਿਰਕਾਲੀ ਵਿਉਂਤਬੰਦੀ ਦੀ ਲੋੜ ਪੈਂਦੀ ਹੈ ਪਰ ਸਰਕਾਰਾਂ ਤਾਂ ਪੰਜ ਸਾਲਾਂ ਦੀ ਸਿਆਸਤ ਨੂੰ ਅੰਤਿਮ ਟੀਚਾ ਮੰਨੀ ਬੈਠੀਆਂ ਹਨ। ਇਨ੍ਹਾਂ ਹਾਲਾਤ ਵਿਚ ਸੋਕੇ ਅਤੇ ਹੜ੍ਹ ਖ਼ਿਲਾਫ਼ ਪੇਸ਼ਬੰਦੀਆਂ ਸਿਆਸੀ ਪ੍ਰਾਪਤੀਆਂ ਨਹੀਂ ਬਣਦੀਆਂ। ਇਸ ਨਾਲੋਂ ਸੋਕਿਆਂ ਅਤੇ ਹੜ੍ਹਾਂ ਮਾਰੇ ਇਲਾਕਿਆਂ ਵਿਚ ਦਹਿ-ਲੱਖੀ ਕਾਰਾਂ ਵਿਚ ਦੌਰੇ ਕਰਦੇ ਚਿੱਟ-ਕੱਪੜੀਏ ਮੰਤਰੀਆਂ ਅਤੇ ਸਿਆਸਤਦਾਨਾਂ ਨੂੰ ਪਰਉਪਕਾਰ ਦਾ ਪੁੰਜ ਮੰਨਦੀਆਂ ਹਨ। ਮੰਤਰੀਆਂ-ਸੰਤਰੀਆਂ ਦਾ ਫੋਟੋਆਂ ਖਿਚਵਾਉਣ ਅਤੇ ਪੱਤਰਕਾਰਾਂ ਦਾ ਫੋਟੋਆਂ ਖਿੱਚਣ ਦਾ ਝੱਸ ਪੂਰਾ ਹੋ ਜਾਂਦਾ ਹੈ। ਪਰਉਪਕਾਰ ਦੀ ਇਹ ਨੁਮਾਇਸ਼ ਠੋਸ ਉਪਰਾਲਿਆਂ ਦਾ ਰੂਪ ਅਖ਼ਤਿਆਰ ਕਰਨ ਤੋਂ ਵਾਂਝੀ ਰਹਿ ਜਾਂਦੀ ਹੈ ਜੋ ਸਰਕਾਰ ਦੇ ਖ਼ਾਸੇ ਦਾ ਪ੍ਰਗਟਾਵਾ ਹੈ।

ਆਲਮੀ ਰੁਝਾਨ ਦੇ ਹਿੱਸੇ ਵਜੋਂ ਪੰਜਾਬ ਦਾ ਸ਼ਹਿਰੀਕਰਨ ਵਧ ਰਿਹਾ ਹੈ। ਸਮੁੰਦਰ ਤੋਂ ਮੀਂਹ ਅਤੇ ਧਰਤੀ ਹੇਠਲੇ ਪਾਣੀ ਦੇ ਗੇੜ ਨੂੰ ਮਨੁੱਖੀ ਕਲਿਆਣ ਨਾਲ ਜੋੜਨ ਲਈ ਸ਼ਹਿਰਾਂ ਦੀ ਵਿਉਂਤਬੰਦੀ ਵਿਚ ਕੱਚੀਆਂ ਥਾਵਾਂ ਅਤੇ ਮੀਂਹ ਦੇ ਪਾਣੀ ਦੇ ਜੀਰਨ ਦੀਆਂ ਸੰਭਾਵਨਾਵਾਂ ਯਕੀਨੀ ਬਣਾਈਆਂ ਜਾਣੀਆਂ ਚਾਹੀਦੀਆਂ ਹਨ। ਜਦੋਂ ਹਰ ਸਾਲ ਮੀਹ ਦਾ ਪਾਣੀ ਸੀਵਰੇਜ ਬੰਦ ਹੋਣ ਕਾਰਨ ਹੜ੍ਹ ਦਾ ਰੂਪ ਧਾਰਦਾ ਹੈ ਤਾਂ ਅਗਾਮੀ ਪੇਸ਼ਬੰਦੀਆਂ ਵਜੋਂ ਸਾਫ਼-ਸਫ਼ਾਈ ਦੀ ਪੱਕੀ ਜੰਤਰੀ ਬਣਾਈ ਜਾ ਸਕਦੀ ਹੈ। ਇਸ ਦੇ ਉਲਟ ਸਰਕਾਰੀ ਮਹਿਕਮੇ ਨਿੱਜੀ ਮੁਨਾਫ਼ਿਆਂ ਦੀ ਰਾਖੀ ਕਰਨ ਲਈ ਉਸਾਰੀ ਦੇ ਕਾਰੋਬਾਰੀਆਂ ਉੱਤੇ ਬਣਦੀਆਂ ਸ਼ਰਤਾਂ ਲਾਗੂ ਨਹੀਂ ਕਰਦੇ। ਲੋਕ ਕਲਿਆਣ ਦੇ ਮਹਿਕਮਿਆਂ ਵਿਚ ਲੋੜੀਂਦਾ ਅਮਲਾ ਭਰਤੀ ਨਹੀਂ ਕੀਤਾ ਜਾਂਦਾ ਹੈ। ਜ਼ਿਆਦਾਤਰ ਮਹਿਕਮੇ ਪੈਸੇ ਅਤੇ ਸਮਾਨ ਦੀ ਘਾਟ ਕਾਰਨ ਲੋੜੀਂਦੀਆਂ ਪੇਸ਼ਬੰਦੀਆਂ ਕਰਨ ਦੀ ਹਾਲਤ ਵਿਚ ਹੀ ਨਹੀਂ ਹਨ।

ਪੇਸ਼ਬੰਦੀਆਂ ਤੋਂ ਬਿਨਾਂ ਆਫ਼ਤ ਨਾਲ ਸਿੱਝਣ ਲਈ ਪੁਖ਼ਤਾ ਹੰਗਾਮੀ ਬੰਦੋਬਸਤ ਦਾ ਚਾਲੂ ਹਾਲਤ ਵਿਚ ਰਹਿਣਾ ਜ਼ਰੂਰੀ ਹੁੰਦਾ ਹੈ। ਹੰਗਾਮੀ ਹਾਲਤ ਵਿਚ ਕੰਮ ਆਉਣ ਵਾਲਾ ਅਮਲਾ ਹਰ ਮਹਿਕਮੇ ਵਿਚੋਂ ਲਿਆ ਜਾਣਾ ਹੁੰਦਾ ਹੈ। ਮਸਲਨ, ਹੰਗਾਮੀ ਹਾਲਾਤ ਨਾਲ ਸਿੱਝਣ ਅਤੇ ਰਾਹਤ ਲਈ ਡਾਕਟਰੀ ਇਮਦਾਦ ਜ਼ਰੂਰੀ ਹੁੰਦੀ ਹੈ। ਹੜ੍ਹ ਵਰਗੀ ਹਾਲਤ ਵਿਚ ਫਸੇ ਹਸਪਤਾਲ ਇਹ ਲੋੜਾਂ ਪੂਰੀਆਂ ਹੀ ਨਹੀਂ ਕਰ ਸਕਦੇ। ਇਸ ਲਈ, ਦੂਜੇ ਇਲਾਕਿਆਂ ਵਿਚ ਲੋੜੀਂਦਾ ਅਮਲਾ ਆਵੇਗਾ ਜਾਂ ਲੋੜਬੰਦਾਂ ਨੂੰ ਦੂਜੀਆਂ ਥਾਵਾਂ ਉੱਤੇ ਲਿਜਾਇਆ ਜਾਵੇਗਾ। ਸਾਡੇ ਸਰਕਾਰੀ ਹਸਪਤਾਲ ਅਮਲੇ ਅਤੇ ਦਵਾਈਆਂ

*(ਬਾਕੀ ਸਫਾ 37 ’ਤੇ)*

# ਦੂਸਰੀ ਸਿੱਖ ਜਾਗ੍ਰਿਤੀ ਦੀ ਲੋੜ

***ਡਾ. ਜਸਬੀਰ ਸਿੰਘ ਆਹਲੂਵਾਲੀਆ ਪੀ.ਜੀ.ਆਈ., ਚੰਡੀਗੜ੍ਹ ਵਿਚ ਜ਼ਿੰਦਗੀ ਦੀ ਲੜਾਈ ਲੜ ਰਹੇ ਹਨ। ਡਾ. ਆਹਲੂਵਾਲੀਆ ਲਗਾਤਾਰ ਵਿਵਾਦਾਂ ਵਿਚ ਘਿਰੀ ਰਹਿਣ ਵਾਲੀ ਸ਼ਖ਼ਸੀਅਤ ਰਹੇ ਹਨ। ਉਂਜ ਸ਼ਾਇਦ ਇਸ ਬਾਰੇ ਦੋ ਰਾਵਾਂ ਨਹੀਂ ਕਿ ਉਹ ਪੰਜਾਬ ਦੇ ਉਨ੍ਹਾਂ ਦੋ-ਚਾਰ ਸਿੱਖ ਚਿੰਤਕਾਂ ਵਿਚੋਂ ਹਨ ਜਿਨ੍ਹਾਂ ਦੀ ਬਹੁਤ ਸਾਰੇ ਮਾਮਲਿਆਂ ਵਿਚ ਪਹੁੰਚ ਮੌਲਿਕ ਹੈ। ਸਿੱਖ ਫਲਸਫੇ ਬਾਰੇ ਉਨ੍ਹਾਂ ਨਿੱਠ ਕੇ ਲਿਖਿਆ ਹੈ। ਉਨ੍ਹਾਂ ਦੀਆਂ ਲਿਖਤਾਂ ਨਾਲ ਤੁਸੀਂ ਸਹਿਮਤ ਹੋਵੋ ਜਾਂ ਨਾ, ਪਰ ਇਨ੍ਹਾਂ ਵਿਚ ਕੁਝ ਨਵਾਂ ਸੋਚਣ-ਸਮਝਣ ਦੀ ਲਲਕ ਜ਼ਰੂਰ ਹੈ। ਉਹ 60ਵਿਆਂ ਵਿਚ ਸਾਹਿਤ ਦੇ ਖੇਤਰ ਵਿਚ ਚੱਲੀ ਪ੍ਰਯੋਗਸ਼ੀਲ ਲਹਿਰ ਦੇ ਮੋਢੀਆਂ ਵਿਚੋਂ ਸਨ। ਕਵਿਤਾ ਦੇ ਖੇਤਰ ਵਿਚ ਉਨ੍ਹਾਂ ਦਾ ਆਪਣਾ ਮੁਕਾਮ ਹੈ। ਉਨ੍ਹਾਂ ਉਤੇ ਹਮਲੇ ਨਾਲ ਪੰਜਾਬੀ ਜਗਤ ਨੂੰ ਜੋ ਘਾਟਾ ਪਿਆ ਹੈ, ਉਹ ਸ਼ਾਇਦ ਲੰਮਾ ਸਮਾਂ ਪੂਰਾ ਨਾ ਕੀਤਾ ਜਾ ਸਕੇ। ਉਨ੍ਹਾਂ ਦਾ ਇਕ ਲੇਖ ਅਸੀਂ ਕੁਝ ਹਫਤੇ ਪਹਿਲਾਂ ਛਾਪ ਚੁਕੇ ਹਾਂ। ਹਥਲਾ ਲੇਖ ਵੀ ਉਨ੍ਹਾਂ ਖਾਲਸਾ ਪੰਥ ਦੇ 300 ਸਾਲਾ ਸਾਜਣਾ ਦਿਵਸ ਮੌਕੇ ਲਿਖਿਆ ਸੀ ਪਰ ਇਸ ਵਿਚ ਕਹੀਆਂ ਗੱਲਾਂ ਅੱਜ ਵੀ ਉਨੀਆਂ ਹੀ ਸਾਰਥਕ ਹਨ। ਇਹ ਲੇਖ ਅਸੀਂ ਥੋੜ੍ਹਾ ਸੰਪਾਦਨ ਕਰਕੇ ਛਾਪ ਰਹੇ ਹਾਂ। -ਸੰਪਾਦਕ***



**ਡਾ. ਜਸਬੀਰ ਸਿੰਘ ਆਹੂਵਾਲੀਆ**

ਸਿੱਖਮਤਿ ਦੇ ਸੰਸਥਾਤਮਕ ਵਿਕਾਸ ਵਿਚ ਗੁਰਦੁਆਰਾ (ਧਰਮਸ਼ਾਲ) ਨੇ ਬਹੁਤ ਹੀ ਅਹਿਮ ਭੂਮਿਕਾ ਨਿਭਾਈ ਹੈ। ਸਿੱਖ ਧਰਮ ਵਿਚ ਗੁਰਦੁਆਰਾ ਇੱਕ ਇਬਾਦਤ ਦਾ ਸਥਾਨ ਹੀ ਨਹੀਂ ਸਗੋਂ ਵਿਸ਼ਾਲ ਅਰਥਾਂ ਵਿਚ ਇਹ ਇੱਕ ਸਮਾਜਿਕ ਸੰਸਥਾ ਹੈ, ਸਤਿ-ਸੰਗਤ ਹੈ, ਸਿੱਖ ਸਭਿਆਚਾਰ ਦਾ ਧੁਰਾ ਹੈ ਜਿੱਥੇ ਜਨਮ ਤੋਂ ਲੈ ਕੇ ਮ੍ਰਿਤਊ ਤੱਕ ਦੇ ਸਿੱਖ ਸੰਸਕਾਰ ਸੰਪੰਨ ਕੀਤੇ ਜਾਂਦੇ ਹਨ। ਸੋ "ਗੁਰਦੁਆਰਾ", ਮੰਦਰ, ਮਸਜਿਦ ਜਾਂ ਚਾਰਚ ਵਾਂਗ ਇੱਕ ਪੂਜਾ ਅਸਥਾਨ ਹੀ ਨਹੀਂ, ਇਹ ਇੱਕ "ਜਾਇਦਾਦ" ਨਹੀਂ ਜਿਵੇਂ ਕਿ 1925 ਦੇ ਸਿੱਖ ਗੁਰਦੁਆਰਾ ਐਕਟ ਵਿਚ ਤਸੱਵਰ ਕੀਤਾ ਗਿਆ ਹੈ। ਕਿਉਂਕਿ 1925 ਦੇ ਐਕਟ ਦਾ ਸਾਰਾ ਤਾਣਾ-ਪੇਟਾ ਹੀ ਗੁਰਦੁਆਰੇ ਨੂੰ ਸਿੱਖਮਤਿ ਦੀ ਇੱਕ ਇਤਿਹਾਸਕ ਸੰਸਥਾ ਸਮਝਣ ਦੀ ਬਜਾਇ ਇੱਕ ਜਾਇਦਾਦ, ਇੱਕ ਜਾਗੀਰ ਹੀ ਤਸੱਵਰ ਕਰਦਾ ਹੈ, ਇਸ ਲਈ ਇਸ ਐਕਟ ਦੇ ਆਧਾਰ 'ਤੇ ਜੋ ਗੁਰਦੁਆਰਾ ਪ੍ਰਬੰਧ ਪਿਛਲੇ 75 ਸਾਲਾਂ ਵਿਚ ਵਿਕਸਿਤ ਹੋਇਆ ਹੈ, ਉਸ ਨੂੰ "ਜਾਗੀਰਦਾਰੀ ਗੁਰਦੁਆਰਾ ਪ੍ਰਬੰਧ" ਹੀ ਕਿਹਾ ਜਾ ਸਕਦਾ ਹੈ। ਲਗਾਤਾਰ ਪੰਦਰਾਂ ਸਾਲਾਂ ਤੋਂ ਵੱਧ ਸਮੇਂ ਤੱਕ ਸ਼੍ਰੋਮਣੀ ਕਮੇਟੀ ਦੇ ਜਨਰਲ ਹਾਊਸ ਦੀਆਂ ਚੋਣਾਂ ਨਾ ਕਰਵਾਏ ਜਾਣ ਕਾਰਨ ਗੁਰਦੁਆਰਿਆਂ ਦਾ ਜਾਗੀਰਦਾਰੀ ਨਿਜ਼ਾਮ ਪਰਪੱਕ ਹੁੰਦਾ ਗਿਆ ਸੀ। ਸੰਗਠਿਤ ਧਾਰਮਿਕ ਸ਼ਕਤੀ ਨੂੰ ਰਾਜਨੀਤਕ ਸ਼ਕਤੀ ਤੱਕ ਪਹੁੰਚਣ ਲਈ ਪੌੜੀ ਬਣਾਉਣ ਦੀ ਪ੍ਰਵਿਰਤੀ ਨੇ ਜਾਗੀਰਦਾਰੀ ਗੁਰਦੁਆਰਾ ਪ੍ਰਬੰਧ ਨੂੰ ਧੜੇਬੰਦਕ ਹਿੱਤਾਂ ਅਧੀਨ ਕਰ ਦਿੱਤਾ ਹੈ।

ਇਸ ਲਈ 1925 ਦੇ ਗੁਰਦੁਆਰਾ ਐਕਟ ਵਿਚ ਤਰਮੀਮਾਂ 'ਤੇ ਵਿਚਾਰ ਕਰਦਿਆਂ ਸਭ ਤੋਂ ਅਹਿਮ ਨੁਕਤਾ ਇਹ ਹੈ ਕਿ "ਗੁਰਦੁਆਰਾ" ਨੂੰ ਜਾਇਦਾਦ ਜਾਂ ਪ੍ਰਤਿਸ਼ਠ ਅਸਥਾਨ ਸਮਝਣ ਦੀ ਬਜਾਇ ਇਸ ਨੂੰ ਸਿੱਖ ਧਰਮ ਦੇ ਵਿਕਾਸਾਤਮਕ ਉਸਾਰ ਦੀ ਅਹਿਮ ਸੰਸਥਾ ਮੰਨਿਆ ਜਾਵੇ।

ਕੁਝ ਕੁ ਤਰਮੀਮਾਂ ਸਿੱਖ ਭਾਈਚਾਰੇ ਦੇ ਵਿਚਾਰ ਲਈ ਮੈਂ ਹੇਠਾਂ ਪ੍ਰਸਤੁਤ ਕਰ ਰਿਹਾ ਹਾਂ: ਜਿਵੇਂ ਕਿ ਉਪਰ ਲਿਖਿਆ ਹੈ ਕਿ 1925 ਦੇ ਐਕਟ ਵਿਚ ਗੁਰਦੁਆਰੇ ਦੀ ਵਿਸ਼ੇਸ਼ ਨੌਇਅਤ- "ਧਾਰਮਿਕ-ਸਮਾਜਿਕ ਸੰਸਥਾ, ਨਾ ਕਿ ਜਾਇਦਾਦ ਜਾਂ ਜਾਗੀਰ"-ਨੂੰ ਸਵੀਕਾਰਿਆ ਜਾਵੇ। ਸ੍ਰੀ ਹਰਿਮੰਦਰ ਸਾਹਿਬ ਅਤੇ ਪਾਵਨ ਤਖ਼ਤਾਂ ਦੇ ਵਿਸ਼ੇਸ਼ ਕਿਰਦਾਰ ਨੂੰ ਉਜਾਗਰ ਕੀਤਾ ਜਾਵੇ। ਇਨ੍ਹਾਂ ਨੂੰ ਹੁਣ ਵਾਂਗ ਸਾਧਾਰਨ ਗੁਰਦੁਆਰੇ ਹੀ ਨਾ ਸਮਝਿਆ ਜਾਵੇ। ਹਰ ਪੰਜ ਸਾਲਾਂ ਬਾਅਦ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਨੂੰ ਲਾਜ਼ਮੀ ਕਰਾਰ ਦਿੱਤਾ ਜਾਵੇ। ਜੇਕਰ ਕਿਸੇ ਕਾਰਨ ਸਰਕਾਰ ਪੰਜ ਸਾਲਾਂ ਦੇ ਅੰਦਰ-ਅੰਦਰ ਚੋਣਾਂ ਨਾ ਕਰਵਾ ਸਕੇ ਤਾਂ ਵੱਧ ਤੋਂ ਵੱਧ ਛੇ ਮਹੀਨਿਆਂ ਦਾ ਸਮਾਂ ਪਾਰਲੀਮੈਂਟ ਵਿਚ ਮਤਾ ਪਾਸ ਕਰਕੇ ਹੀ ਵਧਾਇਆ ਜਾਵੇ। ਪ੍ਰਧਾਨ ਤੇ ਕਾਰਜਕਾਰੀ ਕਮੇਟੀ ਦੀ ਮਿਆਦ ਇੱਕ ਸਾਲ ਦੀ ਥਾਂ ਢਾਈ ਸਾਲ ਹੋਵੇ ਤਾਂ ਕਿ ਪ੍ਰਧਾਨ ਹਰ ਸਾਲ ਚੋਣਾਂ ਲਈ ਮੈਂਬਰਾਂ ਨੂੰ ਹਰ ਹੀਲੇ ਨਾਲ ਰੱਖਣ ਦੀ ਮਜਬੂਰੀ ਤੋਂ ਮੁਕਤ ਹੋ ਸਕੇ। ਕੋਈ ਵੀ ਮੈਂਬਰ ਲਗਾਤਾਰ ਦੋ ਵਾਰ ਤੋਂ ਵੱਧ ਸ਼੍ਰੋਮਣੀ ਕਮੇਟੀ ਦਾ ਮੈਂਬਰ ਨਾ ਬਣ ਸਕੇ। ਪੰਜ ਸਾਲ ਦੇ ਵਕਫ਼ੇ ਬਾਅਦ ਉਹ ਫਿਰ ਪ੍ਰਵੇਸ਼ ਕਰ ਸਕਦਾ ਹੈ। ਲੋਕਲ ਕਮੇਟੀਆਂ ਦੀਆਂ ਚੋਣਾਂ ਵੀ ਨਿਸ਼ਚਿਤ ਸਮੇਂ ਅੰਦਰ ਹੋਣ। ਗੁਰਦੁਆਰਾ ਚੋਣ ਕਮਿਸ਼ਨਰ ਨੂੰ ਸਥਾਈ ਰੂਪ ਦਿੱਤਾ ਜਾਵੇ ਤਾਂ ਕਿ ਕਮਿਸ਼ਨ ਆਪਣਾ ਕੰਮ ਲਗਾਤਾਰ ਕਰਦਾ ਰਹੇ। ਗੁਰਦੁਆਰਾ ਚੋਣਾਂ ਲਈ ਇੱਕ ਜ਼ਾਬਤਾ ਵੀ ਐਕਟ ਵਿਚ ਸ਼ਾਮਲ ਕੀਤਾ ਜਾਵੇ। ਇਹ ਜ਼ਾਬਤਾ ਵੋਟਰ ਲਈ, ਉਮੀਦਵਾਰ ਲਈ, ਚੁਣੇ ਗਏ ਮੈਂਬਰਾਂ ਤੇ ਅਹੁਦੇਦਾਰਾਂ ਲਈ ਹੋਵੇ ਤੇ ਨਾਲ ਹੀ ਉਨ੍ਹਾਂ ਪਾਰਟੀਆਂ ਲਈ ਜੋ ਚੋਣਾਂ ਵਿਚ ਭਾਗ ਲੈਣ ਦੀਆਂ ਇੱਛਕ ਹੋਣ। ਹਰੇਕ ਉਮੀਦਵਾਰ ਲਈ ਨਾਮਜ਼ਦਗੀ ਪੱਤਰ ਨਾਲ ਆਪਣੀ ਜਾਇਦਾਦ ਤੇ ਆਮਦਨ ਦੀ ਵੇਰਵਾ ਸੂਚੀ ਨਾਲ ਲਗਾਏ ਜਾਣ ਦੀ ਕਾਨੂੰਨੀ ਵਿਵਸਥਾ ਕੀਤੀ ਜਾਵੇ ਜਿਸ ਦੀ ਇੱਕ ਨਕਲ ਸ੍ਰੀ ਅਕਾਲ ਤਖ਼ਤ ਨੂੰ ਭੇਜੀ ਜਾਵੇ। ਚੋਣਾਂ ਤੋਂ ਘੱਟੋ-ਘੱਟ ਇੱਕ ਮਹੀਨਾ ਪਹਿਲਾਂ ਸ਼੍ਰੋਮਣੀ ਕਮੇਟੀ ਪ੍ਰਧਾਨ ਤੇ ਕਾਰਜਕਾਰੀ ਕਮੇਟੀ ਅਸਤੀਫਾ ਦੇ ਕੇ ਗੁਰਦੁਆਰਾ ਪ੍ਰਬੰਧ ਤਖ਼ਤ ਜਥੇਦਾਰਾਂ ਦੀ ਕਮੇਟੀ ਨੂੰ ਕੇਅਰਟੇਕਰ ਪ੍ਰੈਜ਼ੀਡੈਂਸੀ (caretaker presidency) ਦੇ ਰੂਪ ਵਿਚ ਸੌਂਪ ਦੇਵੇ ਤਾਂ ਕਿ ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰ ਸਾਧਾਰਣ ਉਮੀਦਵਾਰਾਂ ਦੇ ਤੌਰ 'ਤੇ ਸਿੱਖ ਸੰਗਤ ਦੇ ਰੂਬਰੂ ਹੋਣ ਅਤੇ ਆਪਣੇ ਆਪਣੇ ਅਹੁਦੇ ਦੀ ਦੁਰਵਰਤੋਂ ਨਾ ਕਰਨ। ਸ਼੍ਰੋਮਣੀ ਕਮੇਟੀ ਤੇ ਹਰੇਕ ਲੋਕਲ ਕਮੇਟੀ ਦੀ ਆਡਿਟ ਕੀਤੀ ਸਾਲਾਨਾ ਰਿਪੋਰਟ ਅਖ਼ਬਾਰਾਂ ਵਿਚ ਪ੍ਰਕਾਸ਼ਿਤ ਕੀਤੀ ਜਾਵੇ ਤੇ ਹਰ ਸਿੱਖ ਨੂੰ ਇਨ੍ਹਾਂ ਰਿਪੋਰਟਾਂ ਬਾਰੇ ਇਤਰਾਜ਼ ਕਰਨ ਲਈ ਇੱਕ ਮਹੀਨੇ ਦਾ ਸਮਾਂ ਦਿੱਤਾ ਜਾਵੇ। ਇਤਰਾਜ਼ਾਂ ਦੀ ਰੋਸ਼ਨੀ ਵਿਚ ਹੀ ਆਡਿਟ ਰਿਪੋਰਟ ਨੂੰ ਅੰਤਿਮ ਰੂਪ ਦਿੱਤਾ ਜਾਵੇ ਤੇ ਇਸ ਨੂੰ ਗੁਰਦੁਆਰਾ ਲਾਇਬ੍ਰੇਰੀਆਂ ਵਿਚ ਰੱਖਿਆ ਜਾਵੇ। ਵੋਟਰ ਦੀ ਉਮਰ 18 ਸਾਲ ਕਰ ਦਿੱਤੀ ਜਾਵੇ। ਔਰਤਾਂ ਲਈ ਵਧੇਰੇ ਸੀਟਾਂ ਰਾਖਵੀਆਂ ਹੋਣ। ਦਲਿਤ ਵਰਗਾਂ ਦੀ ਪ੍ਰਤੀਨਿਧਤਾ ਵਧਾਈ ਜਾਵੇ। ਗੁਰਦੁਆਰਾ ਵਿਦਿਅਕ ਕਮਿਸ਼ਨ, ਕਾਰਸੇਵਾ ਲਈ ਗੁਰਦੁਆਰਾ ਸਰਵਿਸ ਕਮਿਸ਼ਨ ਬਣਾਏ ਜਾਣ ਦੀ ਵਿਵਸਥਾ ਹੋਵੇ। ਪ੍ਰਬੰਧ ਵਿਚ ਭ੍ਰਿਸ਼ਟਾਚਾਰ (ਪ੍ਰਬੰਧਕਾਂ ਦੇ ਵਿਅਕਤੀ ਗੁਣਾਂ-ਔਗੁਣਾਂ ਤੋਂ ਇਲਾਵਾ) ਗੁਰਦੁਆਰੇ ਨੂੰ 1925 ਦੇ ਐਕਟ ਵਿਚ ਇੱਕ "ਜਾਗੀਰ" ਸਮਝਣ ਕਰਕੇ ਹੈ। ਇੱਕ ਹੋਰ ਵੱਡਾ ਕਾਰਨ ਹੈ ਸ਼੍ਰੋਮਣੀ ਕਮੇਟੀ ਦਾ ਹੌਲੀ-ਹੌਲੀ ਸਿਆਸੀਕਰਨ, ਯਾਨਿ ਸ਼੍ਰੋਮਣੀ ਕਮੇਟੀ ਦੇ ਰੂਪ ਵਿਚ ਸਿੱਖਾਂ ਦੀ ਸੰਗਠਤ ਧਾਰਮਿਕ ਸ਼ਕਤੀ ਨੂੰ ਰਾਜਨੀਤਕ ਸ਼ਕਤੀ ਤੱਕ ਪਹੁੰਚਣ ਦਾ ਸਿੱਧਾ ਤੇ ਆਸਾਨ ਮਾਰਗ। ਸ਼੍ਰੋਮਣੀ ਕਮੇਟੀ ਦੇ ਮਾਇਕ ਵਸੀਲਿਆਂ ਨੂੰ, ਇਸ ਦੀ ਸਾਖ ਨੂੰ, ਇਸ ਦੇ ਮੁਲਾਜ਼ਮ ਮਿਸ਼ਨਰੀਆਂ, ਰਾਗੀਆਂ, ਗ੍ਰੰਥੀਆਂ, ਢਾਡੀਆਂ, ਪ੍ਰਚਾਰਕਾਂ ਆਦਿ ਨੂੰ ਸਿਆਸੀ ਸਰਗਰਮੀਆਂ ਲਈ ਵਰਤਣਾ, ਸ਼੍ਰੋਮਣੀ ਕਮੇਟੀ ਵੱਲੋਂ ਚਲਾਏ ਜਾਂਦੇ ਅਦਾਰਿਆਂ ਨੂੰ ਸਿੱਧੇ ਜਾਂ ਅਸਿੱਧੇ ਢੰਗ ਨਾਲ ਰਾਜਨੀਤਕ ਮਨੋਰਥਾਂ ਲਈ ਵਰਤਣਾ, ਗੁਰਦੁਆਰਿਆਂ ਦੀਆਂ ਸਟੇਜਾਂ ਨੂੰ ਰਾਜਨੀਤਕ ਕਾਨਫਰੰਸਾਂ ਲਈ ਇਸਤੇਮਾਲ ਕਰਨਾ ਤੇ ਸ਼੍ਰੋਮਣੀ ਕਮੇਟੀ ਦੀ ਛਤਰ-ਛਾਇਆ ਹੇਠ ਤੇ ਇਸ ਦੇ ਪੈਸੇ ਨਾਲ ਆਪਣੇ ਵਕਤੀ ਸਿਆਸੀ ਹਰੀਫ਼ਾਂ ਵਿਰੁਧ "ਖਾਲਸਾ-ਮਾਰਚਾਂ" ਲਈ ਵਰਤਣਾ-ਇਹ ਹਨ ਸ਼੍ਰੋਮਣੀ ਕਮੇਟੀ ਦੇ ਸਿਆਸੀਕਰਨ ਦੇ ਕੁਝ ਪਹਿਲੂ ਤੇ ਕੁਝ ਕੁ ਨਤੀਜੇ। ਲੋੜ ਇਸ ਗੱਲ ਦੀ ਹੈ ਕਿ ਸ਼੍ਰੋਮਣੀ ਕਮੇਟੀ ਦੇ ਸਿਆਸੀਕਰਨ ਨੂੰ ਸਮਾਪਤ ਕੀਤਾ ਜਾਵੇ ਕਿਉਂਕਿ ਇਹ ਸਿਆਸੀਕਰਨ ਹੀ ਗੁਰਦੁਆਰਾ ਨਿਜ਼ਾਮ ਵਿਚ ਭ੍ਰਿਸ਼ਟਾਚਾਰ ਤੇ ਦੁਰ-ਪ੍ਰਬੰਧ ਦਾ ਜੁੜਵਾਂ ਭਰਾ ਹੈ। ਸ਼੍ਰੋਮਣੀ ਕਮੇਟੀ ਦਾ ਸਿਆਸੀਕਰਨ ਤੇ ਗੁਰਦੁਆਰਾ ਪ੍ਰਬੰਧ ਵਿਚ ਭ੍ਰਿਸ਼ਟਾਚਾਰ ਇੱਕ ਦੂਜੇ ਦੇ ਪੂਰਕ ਹਨ। ਇੱਕ ਦੂਸਰੇ ਦਾ ਕਾਰਨ ਬਣੇ ਹਨ। ਇਹ ਸਿਸਟਮ ਦਾ ਬੁਨਿਆਦੀ ਨੁਕਸ ਹੈ, ਇਸ ਲਈ ਕਿਸੇ ਇੱਕ ਨੇਤਾ, ਧੜੇ, ਅਹੁਦੇਦਾਰ, ਮੈਂਬਰ ਜਾਂ ਮੁਲਾਜ਼ਮ ਨੂੰ ਦੋਸ਼ੀ ਠਹਿਰਾਉਣਾ ਪੂਰੀ ਤਰ੍ਹਾਂ ਠੀਕ ਨਹੀਂ। ਸੋ, ਲੋੜ ਸਿਸਟਮ ਦੇ ਸੁਧਾਰ ਦੀ ਹੈ। ਸਿਸਟਮ ਦੇ ਸੁਧਾਰ ਲਈ 1925 ਦੇ ਐਕਟ ਵਿਚ ਸੋਧ ਕਰਕੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਦੇ ਅਹੁਦੇ ਨੂੰ ਸੁਤੰਤਰ ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਤੋਂ ਉਚੇਰਾ ਕਰ ਦੇਣਾ ਚਾਹੀਦਾ ਹੈ। ਉਸ ਦੀਆਂ ਯੋਗਤਾਵਾਂ, ਸੇਵਾ-ਕਾਲ ਦੀ ਅਵਧੀ, ਚੋਣ-ਵਿਧੀ, ਕਾਰਜ ਖੇਤਰ ਤੇ ਕੇਵਲ ਮਹਾਂਦੋਸ਼ ਰਾਹੀਂ ਹੀ ਹਟਾਏ ਜਾਣ ਦੀ ਵਿਵਸਥਾ ਕਰ ਦੇਣੀ ਚਾਹੀਦੀ ਹੈ। ਸੇਵਾ-ਕਾਲ ਦੌਰਾਨ ਤੇ ਸੇਵਾ-ਮੁਕਤ ਹੋਣ 'ਤੇ ਤਖ਼ਤ ਜਥੇਦਾਰ ਨੂੰ ਜ਼ਿੰਦਗੀ ਭਰ ਇਨੀ ਮਾਸਿਕ ਭੇਟਾ ਨਿਸ਼ਚਿਤ ਹੋਵੇ ਤਾਂ ਕਿ ਉਹ ਰੋਜ਼ੀ ਕਮਾਉਣ ਲਈ ਕੋਈ ਹੋਰ ਧੰਦਾ ਕਰਨ ਦੀ ਮਜਬੂਰੀ ਤੋਂ ਆਜ਼ਾਦ ਹੋਵੇ। ਉਸ ਦੇ ਪਰਿਵਾਰ ਲਈ ਵੀ ਪੜ੍ਹਾਈ ਲਿਖਾਈ ਤੇ ਸੁਖਾਲਾ ਜੀਵਨ ਬਤੀਤ ਕਰਨ ਦੀ ਵਿਵਸਥਾ ਹੋਵੇ। ਉਸ ਉਪਰ ਇਹ ਲਾਜ਼ਮੀ ਸ਼ਰਤ ਹੋਵੇ ਕਿ ਉਹ ਸ੍ਰੀ ਅਕਾਲ ਤਖ਼ਤ ਦੀ ਜਥੇਦਾਰੀ ਦੌਰਾਨ ਜਾਂ ਬਾਅਦ ਵਿਚ ਸਰਗਰਮ ਸਿਆਸਤ ਵਿਚ ਹਿੱਸਾ ਨਹੀਂ ਲਵੇਗਾ। ਕੋਈ ਸਿਆਸੀ ਪਾਰਟੀ ਨਹੀਂ ਬਣਾਏਗਾ, ਕਿਸੇ ਸਿਆਸੀ ਪਾਰਟੀ ਵਿਚ ਕੋਈ ਅਹੁਦਾ ਕਬੂਲ ਨਹੀਂ ਕਰੇਗਾ, ਅਥਵਾ ਕੋਈ ਨੌਕਰੀ ਨਹੀਂ ਕਰੇਗਾ। ਆਪਣਾ ਸਮਾਂ ਸੇਵਾ ਲੇਖੇ ਲਾਵੇਗਾ। ਉਸ ਉਪਰ ਕੀਰਤਨ-ਭੇਟਾ, ਕਥਾ-ਭੇਟਾ, ਲੈਕਚਰ-ਭੇਟਾ, ਸਨਮਾਨ-ਭੇਟਾ ਆਦਿ ਲੈਣ ਦੀ ਵੀ ਮਨਾਹੀ ਹੋਵੇ।

ਸ਼੍ਰੋਮਣੀ ਕਮੇਟੀ ਦੇ ਸਿਆਸੀਕਰਨ ਦੇ ਰੁਖ਼ ਨੂੰ ਮੋੜਨ ਲਈ ਦੂਸਰਾ ਇਹ ਕਦਮ ਜ਼ਰੂਰੀ ਹੈ ਕਿ ਸ਼੍ਰੋਮਣੀ ਕਮੇਟੀ ਦਾ ਕੋਈ ਅਹੁਦੇਦਾਰ ਸਰਗਰਮ ਸਿਆਸਤ ਵਿਚ ਭਾਗ ਨਹੀਂ ਲਵੇਗਾ ਤੇ ਕਿਸੇ ਵੀ ਸਿਆਸੀ ਪਾਰਟੀ ਵਿਚ ਕੋਈ ਪ੍ਰਜ਼ੀਸ਼ਨ ਪ੍ਰਾਪਤ ਨਹੀਂ ਕਰੇਗਾ। ਚੰਗਾ ਹੋਵੇ ਜੇਕਰ ਇਹ ਸ਼ਰਤ ਕਮੇਟੀ ਦੇ ਸਾਰੇ ਮੈਂਬਰਾਂ 'ਤੇ ਹੀ ਲਾਗੂ ਹੋਵੇ। ਇਸ ਤਰ੍ਹਾਂ ਸ੍ਰੀ ਅਕਾਲ ਤਖ਼ਤ, ਸ਼੍ਰੋਮਣੀ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਦਾ ਇੱਕ ਦੂਸਰੇ ਨੂੰ ਆਪਣੇ ਹਿੱਤਾਂ ਲਈ ਵਰਤਣ ਵਾਲਾ ਮੌਜੂਦਾ ਆਂਤ੍ਰਿਕ ਸੰਬੰਧ ਜੋ ਹੁਣ ਸਮੇਂ ਦੇ ਹਾਣ ਦਾ ਨਹੀਂ ਰਿਹਾ, ਸਮਾਪਤ ਹੋ ਜਾਵੇਗਾ ਤੇ ਇਸ ਦੀ ਥਾਂ ਇੱਕ ਬਾਹਰੀ ਰਿਸ਼ਤਾ ਕਾਇਮ ਹੋ ਸਕੇਗਾ। ਸ਼੍ਰੋਮਣੀ ਕਮੇਟੀ ਦਾ ਸ਼੍ਰੋਮਣੀ ਅਕਾਲ ਦਲ ਵੱਲ ਉਹੀ ਰੋਲ ਹੋਣਾ ਚਾਹੀਦਾ ਹੈ, ਜੋ ਮਿਸਾਲ ਵਜੋਂ ਆਰ. ਐਸ. ਐਸ. ਦਾ ਬੀ. ਜੇ. ਪੀ. ਪ੍ਰਤੀ ਹੈ, ਯਾਨਿ ਬਾਹਰੋਂ ਅਸਰਦਾਰ ਕੰਟਰੋਲ ਤੇ ਪ੍ਰਭਾਵ ਜਿਸ ਦੀ ਉਲੰਘਣਾ ਕਰਨ ਦੀ ਬੀ. ਜੇ. ਪੀ. ਦੇ ਕਿਸੇ ਨੇਤਾ ਦੀ ਮਜਾਲ ਨਹੀਂ। ਸ਼੍ਰੋਮਣੀ ਕਮੇਟੀ ਉਪਰ ਕੰਟਰੋਲ ਹੋਵੇਗਾ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਦਾ ਅਤੇ ਜੇਕਰ ਤਖ਼ਤ ਜਥੇਦਾਰ ਵੀ ਕੋਈ ਭੁਲ-ਚੁਕ ਕਰਦਾ ਹੈ ਤਾਂ ਫਿਰ ਉਪਰ ਹੈ ਗੁਰ ਸੰਗਤ ਅਤੇ ਆਪ ਅਕਾਲ ਪੁਰਖ ਵਾਹਿਗੁਰੂ। ਕੁਝ ਹੋਰ ਸੁਧਾਰ ਤੇ ਭਵਿੱਖਮੁਖੀ ਕਦਮ ਸ਼੍ਰੋਮਣੀ ਕਮੇਟੀ ਦੀ ਪ੍ਰਥਮ ਤਰਜੀਹ ਦੀ ਮੰਗ ਕਰਦੇ ਹਨ। ਸ਼੍ਰੋਮਣੀ ਕਮੇਟੀ ਨੂੰ ਚਾਹੀਦਾ ਹੈ ਕਿ ਉਹ ਇੱਕ ਉਚ-ਪੱਧਰੀ ਕਮਿਸ਼ਨ ਕਾਇਮ ਕਰੇ ਜੋ ਪਿਛਲੇ ਦੋ ਤਿੰਨ ਦਹਾਕਿਆਂ ਦੀ ਸ਼੍ਰੋਮਣੀ ਕਮੇਟੀ ਦੀ ਕਾਰਗੁਜ਼ਾਰੀ, ਕਾਰਜ-ਵਿਧੀ, ਪ੍ਰਾਪਤੀਆਂ ਤੇ ਅਪ੍ਰਾਪਤੀਆਂ ਦਾ ਲੇਖਾ-ਜੋਖਾ ਕਰੇ ਅਤੇ ਅਗਲੀ ਸਦੀ ਲਈ ਅਜਿਹੀ ਯੋਜਨਾ ਤਿਆਰ ਕਰੇ ਜੋ ਸਿੱਖ ਪੰਥ ਦੀ ਮੁਰਛਤ ਪਈ ਸਪਿਰਟ ਨੂੰ ਨਵੇਂ ਸਿਰਿਓਂ ਸਜਿੰਦ ਕਰੇ, ਸਮੂਹ ਸਿੱਖਾਂ ਲਈ ਸੰਕਲਪ-ਪੱਤਰ ਤਿਆਰ ਕਰੇ।




ਸ਼੍ਰੋਮਣੀ ਕਮੇਟੀ ਨੂੰ ਸਰਬ ਭਾਰਤੀ ਗੁਰਦੁਆਰਾ ਐਕਟ ਬਣਾਉਣ ਸਬੰਧੀ ਯਤਨ ਤੇਜ਼ ਕਰਨਾ ਚਾਹੀਦਾ ਹੈ। ਸਰਦਾਰ ਬਰਨਾਲਾ ਦੀ ਸਰਕਾਰ ਵੇਲੇ ਨਵੇਂ ਸਿਰੇ ਤੋਂ ਸਰਬ-ਭਾਰਤੀ ਗੁਰਦੁਆਰਾ ਬਿੱਲ ਤਿਆਰ ਕਰਨ ਲਈ ਪੰਜਾਬ ਸਰਕਾਰ ਵੱਲੋਂ ਨੋਟੀਫਿਕੇਸ਼ਨ ਜਾਰੀ ਕਰਕੇ ਡਰਾਫਟਿੰਗ ਕਮੇਟੀ ਬਣਾਈ ਗਈ ਸੀ। ਮੈਨੂੰ ਇਸ ਕਮੇਟੀ ਦਾ ਮੈਂਬਰ-ਸੈਕਟਰੀ ਹੋਣਾ ਦਾ ਮਾਣ ਬਖ਼ਸ਼ਿਆ ਗਿਆ ਸੀ। ਅਸੀਂ ਇਹ ਡਰਾਫਟ ਤਿਆਰ ਕਰਕੇ ਪ੍ਰਮੁੱਖ ਸਿੱਖ ਨੇਤਾਵਾਂ ਦੀ ਸਹਿਮਤੀ ਵੀ ਪ੍ਰਾਪਤ ਕਰ ਲਈ ਸੀ ਤੇ ਪੰਜਾਬ ਸਰਕਾਰ ਨੇ ਇਸ ਨੂੰ ਕੇਂਦਰ ਸਰਕਾਰ ਪਾਸ ਅੱਗੇ ਕਾਰਵਾਈ ਲਈ ਭੇਜ ਦਿੱਤਾ ਸੀ। ਜਦ ਤੱਕ ਸਰਬ-ਭਾਰਤੀ ਗੁਰਦੁਆਰਾ ਬਿੱਲ ਨਹੀਂ ਬਣ ਜਾਂਦਾ ਤਦ ਤੱਕ ਸ਼੍ਰੋਮਣੀ ਕਮੇਟੀ ਭਾਰਤ ਦੇ ਸਾਰੇ ਗੁਰਦੁਆਰਿਆਂ ਲਈ ਇੱਕ ਤਾਲਮੇਲ ਬੋਰਡ ਕਾਇਮ ਕਰਨ ਦਾ ਉਪਰਾਲਾ ਕਰੇ। ਕਿਉਂਕਿ ਸਾਡੇ ਵਿਚ ਆਪੋ-ਧਾਪੀ ਦੀ ਭਾਵਨਾ ਪ੍ਰਬਲ ਹੈ, ਇਸ ਲਈ ਅਸੀਂ ਸਰਬ-ਭਾਰਤੀ ਗੁਰਦੁਆਰਾ ਐਕਟ ਲਈ ਕੇਂਦਰ ਸਰਕਾਰ ਵੱਲ ਹੀ ਵੇਖਦੇ ਰਹਿੰਦੇ ਹਾਂ। ਤਾਲਮੇਲ ਬੋਰਡ ਬਹੁਤ ਹੱਦ ਤੱਕ ਸਮੇਂ ਦੀਆਂ ਲੋੜਾਂ ਸਾਰ ਸਕੇਗਾ। ਏਸੇ ਤਰ੍ਹਾਂ ਹੋ ਸਕੇ ਤਾਂ ਵਿਸ਼ਵ ਭਰ ਦੇ ਗੁਰਧਾਮਾਂ ਲਈ ਵੀ ਤਾਲਮੇਲ ਨਾਲ ਵੱਖ-ਵੱਖ ਇਤਿਹਾਸਕ ਗੁਰਦੁਆਰਿਆਂ ਅੰਦਰ ਪ੍ਰਚਲਿਤ ਵੱਖ-ਵੱਖ ਪ੍ਰਥਾਵਾਂ ਤੇ ਮਰਯਾਦਾਵਾਂ ਵੀ ਇੱਕ ਹੋ ਜਾਣਗੀਆਂ, ਮਿਸਾਲ ਵਜੋਂ ਅੱਜ ਕੱਲ੍ਹ ਹਰਿਮੰਦਰ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਭੋਗ ਰਾਗਮਾਲਾ ਦੇ ਪਾਠ ਸਮੇਤ ਪਾਇਆ ਜਾਂਦਾ ਹੈ ਪਰ ਸ੍ਰੀ ਅਕਾਲ ਤਖ਼ਤ 'ਤੇ ਭੋਗ ਰਾਗਮਾਲਾ ਦੇ ਪਾਠ ਸਮੇਤ ਤੋਂ ਬਿਨਾ ਹੀ ਸੰਪੰਨ ਕੀਤਾ ਜਾਂਦਾ ਹੈ।

ਸ਼੍ਰੋਮਣੀ ਕਮੇਟੀ ਨੂੰ ਪ੍ਰਚਲਿਤ-ਮਰਯਾਦਾ ਬਾਰੇ ਵੀ ਪੁਨਰ-ਵਿਚਾਰ ਲਈ ਸਿੱਖ ਵਿਦਵਾਨਾਂ ਦੀ ਕਮੇਟੀ ਸਥਾਪਤ ਕਰਨੀ ਚਾਹੀਦੀ ਹੈ। ਅੱਜ ਕਲ੍ਹ ਦੀ ਰਹਿਤ-ਮਰਯਾਦਾ ਸ਼੍ਰੋਮਣੀ ਕਮੇਟੀ ਨੇ ਫਰਵਰੀ 1945 ਵਿਚ ਪ੍ਰਵਾਨ ਕੀਤੀ ਸੀ। ਇਸ ਰਹਿਤ-ਮਰਯਾਦਾ ਵਿਚ "ਪਤਿਤ" ਸ਼ਬਦ ਦਾ ਕੋਈ ਜ਼ਿਕਰ ਨਹੀਂ। ਪਰ 1944 ਵਿਚ ਗੁਰਦੁਆਰਾ ਐਕਟ (1925) ਵਿਚ ਪਤਿਤ ਸ਼ਬਦ ਸ਼ਾਮਿਲ ਕੀਤਾ ਗਿਆ ਤੇ ਇਸ ਦੇ ਅਰਥ ਨੂੰ ਕੇਸਾਂ ਦੀ ਬੇ-ਅਦਬੀ ਤੇ ਕੁਝ ਹੋਰ ਕੁਰਹਿਤਾਂ ਤੱਕ ਹੀ ਸੀਮਤ ਕਰ ਦਿੱਤਾ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਰਤੇ ਗਏ "ਪਤਿਤ" ਲਫ਼ਜ਼ ਤੋਂ ਅਰੰਭ ਹੋਣ ਵਾਲੀਆਂ 56 ਪਾਵਨ ਤੁਕਾਂ ਹਨ। ਇਨ੍ਹਾਂ ਮਹਾਂਵਾਕਾਂ ਵਿਚ ਵਰਤੇ ਗਏ "ਪਤਿਤ" ਸ਼ਬਦ ਦਾ ਭਾਵ "ਗਿਰਿਆ ਹੋਇਆ" ਹੈ-ਮਿਸਾਲ ਵਜੋਂ ਜੋ ਆਪਣੇ ਧਰਮ ਤੋਂ ਆਪਣੇ ਕਰਤੱਵ ਤੋਂ ਡਿਗਦਾ ਹੈ ਉਹ "ਪਤਿਤ" ਹੈ। ਇਸ ਕਸਵੱਟੀ 'ਤੇ ਪਰਖਿਆਂ ਪਿਛਲੇ 75 ਸਾਲਾਂ ਦੇ ਇਤਿਹਾਸ ਵਿਚ ਬਹੁਤੇ ਪੰਥਕ ਆਗੂ ਪਤਿਤ ਸ਼੍ਰੇਣੀ ਵਿਚ ਖੜ੍ਹੇ ਨਜ਼ਰ ਆਉਣਗੇ। ਸੁਆਲ ਉਠਦਾ ਹੈ ਕਿ ਅਸਾਂ ਗੁਰਬਾਣੀ ਦੇ ਪਤਿਤ ਦੇ ਅਰਥਾਂ ਨੂੰ ਮੰਨਣਾ ਹੈ ਜਾਂ 1944 ਵਿਚ ਤਰਮੀਮਸ਼ੁਦਾ ਗੁਰਦੁਆਰਾ ਐਕਟ ਵਿਚ ਦਿੱਤੀ ਗਈ "ਪਤਿਤ" ਦੀ ਪਰਿਭਾਸ਼ਾ ਨੂੰ ਸਵੀਕਾਰ ਕਰਨਾ ਹੈ? "ਪਤਿਤ" ਦਾ ਸਹੀ ਅਰਥ ਉਹੀ ਹੈ ਜੋ ਗੁਰਬਾਣੀ ਵਿਚ ਵਿਦਮਾਨ ਹੈ।

ਸ਼੍ਰੋਮਣੀ ਕਮੇਟੀ ਨੂੰ ਗੁਰਬਾਣੀ ਅਨੁਸਾਰ ਪ੍ਰਚਲਿਤ ਰਹਿਤ-ਮਰਯਾਦਾ ਵਿਚ ਸਮੇਂ ਦੇ ਹਾਣ ਤੇ ਸੁਧਾਰ ਕਰਨੇ ਚਾਹੀਦੇ ਹਨ। ਸਿੱਖ ਨੌਜਵਾਨ ਵਰਗ ਨੂੰ ਅੱਜ ਦੇ ਬੁੱਢਾ-ਦਲੀਏ ਸਿੱਖ "ਪਤਿਤ" "ਪਤਿਤ" ਕਹਿ ਕੇ ਸਿੱਖੀ ਦੇ ਨੇੜੇ ਨਹੀਂ ਲਿਆ ਰਹੇ, ਸਗੋਂ ਸਿੱਖੀ ਤੋਂ ਦੂਰ ਕਰ ਰਹੇ ਹਨ। ਆਓ, ਨੌਜਵਾਨ ਸਿੱਖ ਪੀੜ੍ਹੀ ਦੀ ਗੱਲ ਵੀ ਤਾਂ ਸੁਣੀਏ! ਅਜਿਹੀ ਰਹਿਤ-ਮਰਯਾਦਾ ਤਿਆਰ ਕਰੀਏ ਜਿਸ ਵਿਚ ਸਰਬਤ ਦੇ ਭਲੇ ਦਾ ਸੰਕਲਪ ਝਲਕਦਾ ਹੋਵੇ। (ਸ਼੍ਰੋਮਣੀ ਕਮੇਟੀ ਦੀ ਪ੍ਰਵਾਣਿਤ ਰਹਿਤ ਮਰਯਾਦਾ ਵਿਚ "ਸਿੱਖ ਦੀ ਪੁੱਤਰੀ ਦਾ ਵਿਆਹ ਸਿੱਖ ਨਾਲ ਹੀ ਹੋਵੇ" ਦੀ ਸ਼ਰਤ ਹੈ ਪਰ ਸਿੱਖ ਦੇ ਪੁੱਤਰ ਉਪਰ ਇਹ ਸ਼ਰਤ ਨਹੀਂ) ਸਿੱਖ ਮਤਿ ਸਰਬਤ ਦੇ ਭਲੇ ਦਾ ਮਾਰਗ ਹੈ। ਇਸ ਲਈ ਇਹ ਵੀ ਜ਼ਰੂਰੀ ਹੈ ਕਿ ਸ਼੍ਰੋਮਣੀ ਕਮੇਟੀ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ "ਮਨੁੱਖੀ ਅਧਿਕਾਰ ਸੈਲ" ਕਾਇਮ ਕਰੇ ਜੋ ਕਿਸੇ ਵੀ ਦੇਸ਼ ਵਿਚ ਕਿਸੇ ਵੀ ਫ਼ਿਰਕੇ ਜਾਂ ਵਰਗ ਨਾਲ ਹੋ ਰਹੇ ਮਨੁੱਖੀ ਅਧਿਕਾਰਾਂ ਦੇ ਦਮਨ ਵਿਰੁਧ ਪ੍ਰਭਾਵੀ ਆਵਾਜ਼ ਉਠਾਏ। ਸਿੱਖੀ ਦੇ ਪ੍ਰਚਾਰ ਨੂੰ ਸਿੱਖਾਂ ਤੱਕ ਹੀ ਸੀਮਤ ਰੱਖਣ ਦੀ ਬਜਾਇ ਇਸ ਨੂੰ ਸਰਬੱਤਰੀ ਬਣਾਏ ਜਿਸ ਲਈ ਪ੍ਰਚਾਰਕਾਂ, ਪਾਠੀਆਂ, ਰਾਗੀਆਂ, ਢਾਡੀਆਂ ਆਦਿ ਦੀ ਸਿਖਲਾਈ ਲਈ ਉਚ ਪੱਧਰੀ ਸਿਖਲਾਈ ਸੰਸਥਾ ਕਾਇਮ ਹੋਣੀ ਚਾਹੀਦੀ ਹੈ। ਇਨ੍ਹਾਂ ਪ੍ਰਚਾਰਕਾਂ ਨੂੰ ਵਿਸ਼ਵ ਦੇ ਹੋਰਨਾਂ ਧਰਮਾਂ ਦੀ ਚੰਗੀ ਜਾਣਕਾਰੀ ਹੋਣੀ ਚਾਹੀਦੀ ਹੈ ਤਾਂ ਕਿ ਇਹ ਅੰਤਰ-ਧਾਰਮਿਕ ਵਾਰਤਾਲਾਪ ਵਿਚ ਭਾਗ ਲੈ ਸਕਣ।

21ਵੀਂ ਸਦੀ ਵਿਚ ਦੂਸਰੀ ਸਿੱਖ ਜਾਗ੍ਰਤੀ ਦੇ ਕੁਝ ਹੋਰ ਅਹਿਮ ਨੁਕਤੇ ਵੀ ਹਨ ਜਿਨ੍ਹਾਂ ਦਾ ਸਿੱਧਾ ਸਬੰਧ ਸ਼੍ਰੋਮਣੀ ਕਮੇਟੀ ਨਾਲ ਤਾਂ ਨਹੀਂ ਪਰ ਗੁਰਦੁਆਰਾ ਨਿਜ਼ਾਮ ਵਿਚ ਲੋੜੀਂਦੇ ਸੁਧਾਰਾਂ ਨਾਲ ਜ਼ਰੂਰ ਹੈ। ਗੁਰਬਾਣੀ ਵਿਚ ਮਾਇਆ ਦੇ ਵਰਤਾਰੇ ਵਿਰੁਧ ਬਾਰੰਬਾਰ ਚੇਤਾਵਨੀ ਦਿੱਤੀ ਗਈ ਹੈ। ("ਮਾਇਆ ਮੋਹ ਅੰਤਿਰ ਮਲ ਲਾਗੈ ਮਾਇਆ ਕੇ ਵਾਪਾਰਾ ਰਾਮ", ਗੁਰੂ ਗ੍ਰੰਥ ਸਫ਼ਾ 571) ਮਾਇਆ ਨੂੰ ਗੁਰਬਾਣੀ ਵਿਚ ਨਾਗਣੀ, ਅਗਨੀ, ਮੋਹਨੀ, ਖੋਟੀ ਰਾਸ ਆਦਿ ਦਰਸਾਇਆ ਗਿਆ ਹੈ। ਪਰ ਕਿਉਂਕਿ ਪਿਛਲੇ 75 ਸਾਲਾਂ ਤੋਂ ਸਮੁੱਚਾ ਗੁਰਦੁਆਰਾ ਪ੍ਰਬੰਧ ਗੁਰਦੁਆਰੇ ਨੂੰ ਜਾਇਦਾਦ ਸਮਝ ਕੇ ਜਾਗੀਰਦਾਰੀ ਢੰਗ ਨਾਲ ਚਲਾਇਆ ਜਾ ਰਿਹਾ ਹੈ ਇਸ ਲਈ ਗੁਰਦੁਆਰੇ ਦਾ ਵਾਤਾਵਰਣ ਹੀ "ਮਾਇਆ ਕੇ ਵਾਪਾਰਾ" ਨਜ਼ਰ ਆਉਂਦਾ ਹੈ। ਗੁਰਦੁਆਰਿਆਂ ਦੀ ਉਸਾਰੀ ਅਤੇ ਮੁਰੰਮਤ ਦੀ ਕਾਰ-ਸੇਵਾ ਦੇ ਨਾਂ 'ਤੇ ਠੇਕੇ ਦਿੱਤੇ ਜਾਂਦੇ ਹਨ, ਗੁਰਦੁਆਰੇ ਅੰਦਰ ਪਹੁੰਚਦਿਆਂ ਕੜਾਹ ਪ੍ਰਸ਼ਾਦ ਦਾ ਵਪਾਰ ਚਲਦਾ ਨਜ਼ਰ ਆਉਂਦਾ ਹੈ, ਚੜ੍ਹਾਵੇ ਲਈ ਕੜਾਹ ਪ੍ਰਸ਼ਾਦ ਵੇਚਿਆ-ਖਰੀਦਿਆ ਜਾ ਰਿਹਾ ਹੈ, ਸ਼੍ਰੋਮਣੀ ਕਮੇਟੀ ਦੀ ਰਹਿਤ-ਮਰਯਾਦਾ ਅਨੁਸਾਰ ਕੜਾਹ ਪ੍ਰਸ਼ਾਦ ਭੇਟਾ ਕਰਨ ਵੇਲੇ ਕੁਝ ਪੈਸੇ ਵੀ ਭੇਟਾ ਕਰਨੇ ਚਾਹੀਦੇ ਹਨ। ਗੁਰੂ ਗ੍ਰੰਥ ਸਾਹਿਬ ਵਾਲੇ ਪ੍ਰਕਾਸ਼-ਅਸਥਾਨ ਦੀ ਬਾਹਰਲੀ ਦੀਵਾਰ 'ਤੇ ਸੰਗਮਰਮਰ ਅਤੇ ਮਾਇਆ ਭੇਟਾ ਕਰਨ ਵਾਲਿਆਂ ਦੇ ਨਾਮ ਉਕਰੇ ਨਜ਼ਰ ਆਉਂਦੇ ਹਨ। ਅੰਦਰ ਪਹੁੰਚੋ ਤਾਂ ਸੱਜੇ ਪਾਸੇ ਸ਼ਾਹੂਕਾਰਾਂ ਵਾਲੀ ਸੰਦੂਕੜੀ ਲਈ ਗ੍ਰੰਥੀ ਸਿੰਘ ਪੈਸੇ ਲੈ ਕੇ ਰਸੀਦਾਂ ਕੱਟਦਾ ਨਜ਼ਰ ਆਉਂਦਾ ਹੈ। ਅਜਿਹੀ ਸੰਦੂਕੜੀ ਅੱਜ ਕੱਲ੍ਹ ਗੁਰਦੁਆਰਿਆਂ ਵਿਚ ਜਾਂ ਹਿੰਦੀ ਫ਼ਿਲਮਾਂ ਵਿਚ ਹੀ ਨਜ਼ਰ ਆਉਂਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਸਟੀਲ ਦੀ ਵੱਡੀ ਪੇਟੀ ਚੜ੍ਹਾਵੇ ਲਈ ਜੰਦਰੇ ਲਗਾ ਕੇ ਰੱਖੀ ਨਜ਼ਰੀਂ ਪੈਂਦੀ ਹੈ। ਪਹਿਲੋਂ ਜੰਦਰੇ ਸੰਗਤ ਵੱਲ ਲੱਗੇ ਨਜ਼ਰ ਆਉਂਦੇ ਸਨ। ਸ਼ਾਇਦ ਜੰਦਰਿਆਂ ਦੇ ਬਾਵਜੂਦ ਗੋਲਕ-ਚੋਰੀ ਤੋਂ ਬਚਾਉਣ ਲਈ ਹੁਣ ਜੰਦਰੇ ਦੂਸਰੇ ਪਾਸੇ ਲਗਾਏ ਜਾਂਦੇ ਹਨ। ਪ੍ਰਬੰਧਕ ਸਮਝਦੇ ਹਨ ਕਿ ਜੇਕਰ ਜੰਦਰਿਆਂ ਉਪਰ ਗੁਰੂ ਦੀ ਸਿੱਧੀ ਨਜ਼ਰ ਰਹੇਗੀ ਤਾਂ ਗੋਲਕ ਚੋਰੀ ਨਹੀਂ ਹੋਵੇਗੀ। ਖੱਬੇ ਪਾਸੇ ਰਾਗੀ ਸਿੰਘ "ਮਾਇਆ ਕੋ ਸੰਗੁ ਤਿਆਗਿ, ਪ੍ਰਭ ਜੂ ਕੀ ਸਰਨਿ ਲਾਗੁ॥" ਦਾ ਸ਼ਬਦ ਪੜ੍ਹ ਰਹੇ ਹੁੰਦੇ ਹਨ ਪਰ ਹਾਰਮੋਨੀਅਮ ਨੋਟਾਂ ਨਾਲ ਭਰ ਰਿਹਾ ਹੁੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਰੁਤਬੇ ਜਾਂ ਮਾਇਆ

*(ਬਾਕੀ ਸਫਾ 16 'ਤੇ)*

# ਬੁੱਝੋ ਤਾਂ, ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਕੌਣ ਹੋਇਆ?

## ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ:408-903-9952

ਜਿਹੜੇ ਵੀ ਪਾਠਕ ਉਤਲੇ ਸਿਰਲੇਖ ਵਾਲੇ ਸਵਾਲ ਦਾ ਸਹੀ ਸਹੀ ਜਵਾਬ ਲੱਭ ਲੈਣਗੇ, ਉਨ੍ਹਾਂ ਦੇ ਮਨਾਂ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਾਬਤ ਉਠਦੇ ਰਹਿੰਦੇ ਬਹੁਤ ਸਾਰੇ ਸਵਾਲ, ਖੁਦ-ਬ-ਖੁਦ ਹੱਲ ਹੋ ਜਾਣਗੇ। ਸੌ ਤਾਲਿਆਂ ਦੀ ਇਕੋ ਚਾਬੀ ਵਾਲੇ ਨੁਕਤੇ ਅਨੁਸਾਰ, ਇਹ ਇਕੋ ਸਵਾਲ ਬੁੱਝ ਲੈਣ ਨਾਲ ਕਈ ਘੁੰਡੀਆਂ ਖੁੱਲ੍ਹ ਜਾਣਗੀਆਂ। ਜਿਵੇਂ ਸ਼੍ਰੋਮਣੀ ਕਮੇਟੀ ਵੱਲੋਂ ਛਾਪੀਆਂ ਜਾਂਦੀਆਂ ਕਿਤਾਬਾਂ ਵਿਚ ਸਿੱਖ ਇਤਿਹਾਸ ਨੂੰ ਤੋੜ-ਮਰੋੜ ਕੇ ਕੌਣ ਅਤੇ ਕਿਉਂ ਛਪਵਾਉਂਦਾ ਹੈ? ਕਮੇਟੀ ਵੱਲੋਂ ਸ਼ਤਾਬਦੀ ਸਮਾਗਮ ਮੌਕੇ ਬਣਵਾਏ ਗਏ ਯਾਦਗਾਰੀ ਸਿੱਕਿਆਂ 'ਤੇ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਕਿਸ ਨੇ ਬਣਵਾਈਆਂ ਹੋਣਗੀਆਂ? ਕੌਮ ਵੱਲੋਂ ਪ੍ਰਵਾਨੇ ਹੋਏ ਨਾਨਕਸ਼ਾਹੀ ਕੈਲੰਡਰ ਨੂੰ ਤਹਿਸ-ਨਹਿਸ ਕਰਨ ਲਈ ਗੁੱਝੀਆਂ ਛੁਰੀਆਂ ਕਿਸ ਨੇ ਚਲਾਈਆਂ? ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਨਾਮ 'ਤੇ ਬਣਾਈ ਯੂਨੀਵਰਸਿਟੀ ਦੇ ਨਾਂ 'ਚੋਂ 'ਸਿੱਖ' ਸ਼ਬਦ ਕਿਸੇ ਨੇ ਕਢਵਾਇਆ? ਸ਼੍ਰੋਮਣੀ ਕਮੇਟੀ ਦੇ ਵਿਦਿਅਕ ਅਦਾਰਿਆਂ ਵਿਚ ਸਿੱਖੀ ਸਰੂਪ ਵਾਲੇ ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਗਿਣਤੀ ਘਟਦੀ ਕਿਉਂ ਜਾ ਰਹੀ ਹੈ? ਇਹੋ ਜਿਹੇ ਕਈ ਹੋਰ ਛੋਟੇ-ਵੱਡੇ ਸਵਾਲਾਂ ਦੇ ਨਾਲ-ਨਾਲ ਸਭ ਤੋਂ ਮੁੱਖ ਪ੍ਰਸ਼ਨ ਕਿ ਸ਼੍ਰੋਮਣੀ ਕਮੇਟੀ ਨੂੰ ਆਪਣੀ ਹੀ ਜੇਬ ਵਿਚ ਪਾਈ ਰੱਖਣ ਲਈ ਸਿੱਖ ਸਿਆਸਤ (ਖਾਸ ਕਰਕੇ ਬਾਦਲ ਦਲੀਏ) ਪੱਬਾਂ ਭਾਰ ਕਿਉਂ ਹੋਏ ਰਹਿੰਦੇ ਹਨ? ਦਾ ਉਤਰ ਵੀ ਜ਼ਰੂਰ ਮਿਲ ਜਾਵੇਗਾ।

ਬਾਜ਼ਾਂ ਵਾਲੇ ਸਤਿਗੁਰੂ ਜੀ ਦੇ ਵਰੋਸਾਏ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਸਾਹਮਣੇ ਬਣੇ ਹੋਏ ਮਾਤਾ ਨਾਨਕੀ ਨਿਵਾਸ ਵਿਚ ਇਕ ਜੋੜ ਮੇਲੇ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਮੈਂਬਰਾਂ ਦੀ 'ਜਾਇਦਾਦ-ਸਬ-ਕਮੇਟੀ' ਦੀ ਮੀਟਿੰਗ ਹੋਈ। ਸਮਾਪਤੀ 'ਤੇ ਦਫ਼ਤਰ ਦੀ ਸੂਮੋ ਗੱਡੀ ਸਾਨੂੰ ਚਾਰ ਪੰਜ ਮੈਂਬਰਾਂ ਨੂੰ ਘਰੋ-ਘਰੀਂ ਪਹੁੰਚਾਉਣ ਲਈ ਗੜ੍ਹਸ਼ੰਕਰ ਵੱਲ ਰਵਾਨਾ ਹੋ ਗਈ। ਜਿਵੇਂ ਪੇਂਡੂ ਬੀਬੀਆਂ ਬੱਸਾਂ ਵਿਚ ਸਫ਼ਰ ਕਰਦਿਆਂ ਆਪਣੀਆਂ ਨੂੰਹਾਂ-ਧੀਆਂ ਦੀਆਂ ਚੁਗਲੀਆਂ ਦਿਲ ਖੋਲ੍ਹ ਕੇ ਕਰਦੀਆਂ ਨੇ, ਇਵੇਂ ਹੀ ਸ਼੍ਰੋਮਣੀ ਕਮੇਟੀ ਮੈਂਬਰ ਸਾਹਿਬਾਨ ਮੀਟਿੰਗਾਂ 'ਤੇ ਗਏ ਹੋਏ ਰਾਤ ਦੇ ਠਹਿਰਾਉ ਦੌਰਾਨ ਜਾਂ ਇੱਧਰ-ਉਧਰ ਨੂੰ ਇਕੱਠਿਆਂ ਸਫ਼ਰ ਕਰਨ ਵੇਲੇ, ਦਿਲਾਂ ਦੀ ਭੜਾਸ ਕੱਢ ਲੈਂਦੇ ਹਨ। ਮੀਟਿੰਗਾਂ 'ਚ ਤਾਂ ਵਿਚਾਰਿਆਂ ਨੂੰ ਦੋ ਹੀ 'ਖਾਸ ਕੰਮ' ਹੁੰਦੇ ਨੇ-ਇਕ ਫਟਾ ਫਟਾ 'ਘੁੱਗੀਆਂ ਮਾਰਨੀਆਂ'। ਦੂਸਰਾ, 'ਸਾਰੇ ਅਧਿਕਾਰ' ਪ੍ਰਧਾਨ ਸਾਹਿਬ ਦੇ ਹਵਾਲੇ ਕਰਨੇ।

ਨੰਗਲ ਵਾਲੀ ਰੇਲਵੇ ਲਾਈਨ ਟੱਪਣ ਸਾਰ ਸੂਮੋ 'ਚ ਬੈਠੇ ਹੁਸ਼ਿਆਰਪੁਰ ਦੇ ਇਲਾਕੇ ਨਾਲ ਹੀ ਸਬੰਧਤ ਦੋ ਮੈਂਬਰਾਂ ਨੇ ਆਪਣੇ ਦਰਦਾਂ ਦੀ ਪੂਣੀ ਛੋਹ ਲਈ। ਇਕ ਦੂਜੇ ਦੀ ਤਾਈਦ ਅਤੇ ਤਾਈਦ-ਮਜੀਦ ਕਰਦਿਆਂ ਉਨ੍ਹਾਂ ਨੇ ਪੂਰੀ ਦਾਸਤਾਂ ਇੰਜ ਸੁਣਾਈ,

ਇਨ੍ਹਾਂ ਦੋਹਾਂ ਸਿੰਘਾਂ ਦੇ ਆਪਣੇ ਹਲਕੇ ਵਿਚ ਚੱਲ ਰਹੇ ਸ਼੍ਰੋਮਣੀ ਕਮੇਟੀ ਦੇ ਇਕ ਵਿੱਦਿਅਕ ਅਦਾਰੇ ਵਿਚ ਲੈਕਚਰਾਰ ਦੀ ਆਸਾਮੀ ਖਾਲੀ ਹੋ ਗਈ। ਇਸ ਆਸਾਮੀ ਦੀਆਂ ਵਿਦਿਅਕ ਯੋਗਤਾਵਾਂ ਪੂਰੀਆਂ ਕਰਦੇ ਗੁਰਸਿੱਖ ਨੌਜਵਾਨ ਨੇ ਇਨ੍ਹਾਂ ਮੈਂਬਰਾਂ ਨਾਲ ਰਾਬਤਾ ਬਣਾਇਆ ਅਤੇ ਆਸਾਮੀ 'ਤੇ ਆਪਣੀ ਨਿਯੁਕਤੀ ਕਰਵਾਉਣ ਲਈ ਹਮਾਇਤ ਮੰਗੀ। ਅੰਮ੍ਰਿਤਧਾਰੀ ਗੁਰਸਿੱਖ ਅਤੇ ਪੜ੍ਹਿਆ-ਲਿਖਿਆ ਮੁੰਡਾ ਦੇਖ ਕੇ ਇਹ ਮੈਂਬਰ ਪ੍ਰਸੰਨ ਹੋ ਕੇ ਉਸ ਦੀ ਸਿਫ਼ਾਰਸ਼ ਕਰਨ ਲਈ ਝੱਟ ਤਿਆਰ ਹੋ ਗਏ। ਦੂਸਰੇ ਦਿਨ ਹੀ ਇਨ੍ਹਾਂ ਮੁੰਡੇ ਨੂੰ ਲਿਆ ਨਾਲ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਜਾ ਮਿਲੇ। ਪ੍ਰਧਾਨ ਜੀ ਨੇ ਰਸਮੀ ਜਿਹੇ ਤਰੀਕੇ ਨਾਲ ਉਸ ਉਮੀਦਵਾਰ ਦੇ ਸਰਟੀਫਿਕੇਟ ਵਗੈਰਾ ਦੇਖੇ ਅਤੇ ਮੁੰਡੇ ਸਾਹਮਣੇ ਦੋਹਾਂ ਮੈਂਬਰਾਂ ਨੂੰ ਵਿਚਾਰ ਕਰਨ ਦਾ ਭਰੋਸਾ ਦੇ ਦਿੱਤਾ; ਲੇਕਿਨ ਮੈਂਬਰਾਂ ਨੂੰ ਵੱਖਰਿਆਂ ਤੌਰ 'ਤੇ ਅੰਦਰ ਲਿਜਾ ਕੇ ਪ੍ਰਧਾਨ ਜੀ ਨੇ ਦੱਸਿਆ, "ਤੁਸੀਂ ਪੰਜ-ਸੱਤ ਘੰਟੇ ਲੇਟ ਹੋ ਗਏ। ਤੁਹਾਥੋਂ ਪਹਿਲਾਂ ਮੈਨੂੰ ਫਲਾਣਾ ਮੈਂਬਰ ਆਪਣੇ ਕਿਸੇ ਰਿਸ਼ਤੇਦਾਰ ਮੁੰਡੇ ਦਾ ਨਾਂ ਲਿਖਾ ਗਿਐ। ਉਹਦੇ ਕੋਲ 'ਪ੍ਰਧਾਨ ਸਾਹਿਬ' ਦੀ ਸਿਫਾਰਸ਼ੀ ਚਿੱਠੀ ਵੀ ਸੀ। ਬੰਦਾ ਉਹੀ ਰੱਖ ਹੋਣੈ... ਵੈਸੇ ਮੁੰਡਾ ਉਹ ਵੀ ਦਰਸ਼ਣੀ ਗੁਰਸਿੱਖ ਹੈ।"

ਇਨ੍ਹਾਂ ਮੈਂਬਰਾਂ ਨੇ ਰੋਸ ਜ਼ਾਹਿਰ ਕੀਤਾ, 'ਸਾਨੂੰ ਹਲਕਾ ਮੈਂਬਰਾਂ ਨੂੰ ਛੱਡ ਕੇ ਬਾਹਰਲੇ ਹਲਕੇ ਦੇ ਮੈਂਬਰ ਨੂੰ ਤਰਜੀਹ ਦਿੱਤੀ ਜਾ ਰਹੀ ਹੈ ਜੋ ਸਾਡੇ ਨਾਲ ਸਰਾਸਰ ਬੇਇਨਸਾਫੀ ਹੈ', ਲੇਕਿਨ ਪ੍ਰਧਾਨ ਜੀ ਨੇ ਅਸਮਰੱਥਾ ਜ਼ਾਹਿਰ ਕਰਦਿਆਂ ਇਨ੍ਹਾਂ ਨੂੰ ਇਹ 'ਸਿਆਸੀ ਭਰੋਸਾ' ਦਿੱਤਾ, 'ਅਖੇ, ਫਿਕਰ ਨਾ ਕਰੋ। 'ਤੁਹਾਡਾ ਬੰਦਾ' ਵੀ ਕਿਤੇ ਨਾ ਕਿਤੇ ਜ਼ਰੂਰ ਅਡਜਸਟ ਕਰਾਂਗੇ।' ਪ੍ਰਧਾਨ ਜੀ ਨੂੰ ਪਹਿਲਾਂ ਮਿਲ ਚੁੱਕੇ ਮੈਂਬਰ ਨੇ ਵੀ ਇਨ੍ਹਾਂ ਦੋਹਾਂ ਜਥੇਦਾਰਾਂ ਨੂੰ ਘਰੇ ਜਾ ਕੇ ਰਾਜ਼ੀ ਕਰ ਲਿਆ। ਇੰਜ ਦੋਹਾਂ ਦਾ ਗੁੱਸਾ ਵੀ ਠੰਢਾ ਹੋ ਗਿਆ।

ਕੁਝ ਅਰਸੇ ਬਾਅਦ ਇਸ ਵਿਦਿਅਕ ਅਦਾਰੇ ਵਿਚ ਕੋਈ ਸਮਾਗਮ ਹੋਇਆ। ਉਥੇ ਦਫ਼ਤਰ ਵਿਚ ਬੈਠਿਆਂ ਇਨ੍ਹਾਂ ਦੋਹਾਂ ਮੈਂਬਰਾਂ ਨੇ ਪ੍ਰਿੰਸੀਪਲ ਨੂੰ ਸੁਭਾਵਿਕ ਹੀ ਪੁੱਛ ਲਿਆ ਕਿ ਜਿਹੜਾ ਨਵਾਂ ਲੈਕਚਰਾਰ ਰੱਖਿਆ ਹੈ, ਸਾਨੂੰ ਵੀ ਉਹਦੇ ਦਰਸ਼ਨ ਕਰਵਾ ਦਿਓ। ਪ੍ਰਿੰਸੀਪਲ ਨੇ ਖੁਸ਼ ਹੁੰਦਿਆਂ ਲਾਗੇ ਬੈਠੇ ਨੌਜਵਾਨ ਵੱਲ ਹੱਥ ਕਰਦਿਆਂ ਆਖਿਆ, "ਆਹ ਦੇਖੋ ਤਾਂ ਬੈਠੇ!... ਬੜੇ ਮਿਲਾਪੜੇ ਤੇ ਮਿਹਨਤੀ ਨੇ ਇਹ।" ਦੋਵੇਂ ਮੈਂਬਰ ਉਸ ਲੈਕਚਰਾਰ ਵੱਲ ਦੇਖ ਕੇ ਹੱਕੇ-ਬੱਕੇ ਰਹਿ ਗਏ। ਉਹ ਮੁੰਡਾ ਸਫ਼ਾ ਚੱਟ ਕਲੀਨ ਸ਼ੇਵ!!... ਦੋਹਾਂ ਮੈਂਬਰਾਂ ਦੇ ਮੂੰਹ ਇੰਜ ਹੋ ਗਏ ਜਿਵੇਂ ਕੁਨੈਣ ਪੀਤੀ ਹੁੰਦੀ ਐ। ਦੋਵੇਂ ਜਣੇ ਸੋਚਣ ਲੱਗੇ ਕਿ ਅਕਸਰ ਇਹ ਗੱਲਾਂ ਸੁਣਨ ਵਿਚ ਆਉਂਦੀਆਂ ਨੇ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਅਧੀਨ ਚੱਲਦੇ ਸਕੂਲਾਂ/ਕਾਲਜਾਂ ਵਿਚ ਨੌਕਰੀ ਲੈਣ ਲਈ ਸਿੱਖ ਪਰਿਵਾਰਾਂ ਦੇ ਮੁੰਡੇ ਚੋਰ ਕੁ ਦਿਨਾਂ ਲਈ ਕੇਸ ਕੱਟਣੇ ਬੰਦ ਕਰਕੇ ਦਾੜ੍ਹੀਆਂ ਵਧਾ ਲੈਂਦੇ ਹਨ। ਨੌਕਰੀ ਮਿਲਣ ਬਾਅਦ ਕੋਈ ਨਾ ਕੋਈ ਬਹਾਨਾ ਲਾ ਕੇ ਮੁੜ ਘਰੜ-ਮਰੜ ਹੋ ਜਾਂਦੇ ਨੇ। ਉਨ੍ਹਾਂ ਨੂੰ ਇਸ ਕੇਸ ਵਿਚ ਵੀ ਐਸਾ ਹੀ ਭਾਣਾ ਬੀਤਿਆ ਜਾਪਿਆ।

ਲੈਕਚਰਾਰ ਨੂੰ ਸੁਆਰ ਕੇ ਠਿੱਠ ਕਰਨ ਦੀ ਮਨਸ਼ਾ ਨਾਲ, ਕੁਝ ਚਿਰ ਚੁੱਪ ਰਹਿਣ ਬਾਅਦ, ਇਨ੍ਹਾਂ ਨੇ ਉਸ ਮੁੰਡੇ ਨੂੰ ਪੁੱਛਿਆ, "ਕੀ ਨਾਂ ਬਈ ਜੁਆਨ ਤੇਰਾ?" ਮੁੰਡੇ ਮੂੰਹੋਂ ਗੈਰ-ਸਿੱਖਾਂ ਵਾਲਾ ਨਾਂ ਅਤੇ ਨਾਲ 'ਵਰਮਾ, ਤ੍ਰਿਵੇਦੀ ਜਾਂ ਸਕਸੈਨਾ' ਵਰਗਾ 'ਗੋਤ' ਬੋਲਿਆ ਸੁਣ ਕੇ ਦੋਹਾਂ ਜਥੇਦਾਰਾਂ ਦੇ ਰਹਿੰਦੇ ਵੀ ਤੌਰ ਭੌਰ ਉਡ ਗਏ! '... ਹੈਂਅ? ਸਾਡੇ ਨਾਲ ਨੰਗਾ ਚਿੱਟਾ ਧੋਖਾ?... ਸਾਨੂੰ ਤਾਂ ਪ੍ਰਧਾਨ ਨੇ ਦੱਸਿਆ ਸੀ ਕਿ ਪਹਿਲਾਂ ਆਈ ਸਿਫਾਰਸ਼ ਵਾਲਾ ਨੌਜਵਾਨ ਵੀ ਦਰਸ਼ਣੀ ਗੁਰਸਿੱਖ ਹੈ! ਆਹ ਹੋਰ ਹੀ ਚੰਦ ਚੜ੍ਹਿਆ ਹੋਇਐ!!'

ਅਦਾਰੇ ਵਿਚ ਹੋਇਆ ਸਮਾਗਮ ਮੁੱਕਣ ਬਾਅਦ ਦੋਵੇਂ ਮੈਂਬਰ ਭਰੇ-ਭਿੱਸੇ ਜਾ ਗੱਜੇ ਪ੍ਰਧਾਨ ਜੀ ਪਾਸ! ਗੋਗਲੂਆਂ ਤੋਂ ਮਿੱਟੀ ਝਾੜਨ ਵਾਂਗ ਪਹਿਲਾਂ ਤਾਂ ਪ੍ਰਧਾਨ ਲੋਲੋ-ਪੋਪੋ ਕਰਨ ਲੱਗ ਪਿਆ ਪਰ ਜਦ ਇਹ ਖਹਿੜੇ ਪੈ ਗਏ ਕਿ ਜੋ ਹੋ ਗਿਆ, ਸੋ ਹੋ ਗਿਆ; ਘੱਟ ਤੋਂ ਘੱਟ ਸਾਨੂੰ ਹੁਣ ਤਾਂ ਦੱਸ ਦਿਓ ਕਿ ਦੋ ਅੰਮ੍ਰਿਤਧਾਰੀ ਗੁਰਸਿੱਖਾਂ ਨੂੰ ਛੱਡ ਕੇ ਗੈਰ-ਸਿੱਖ ਨੂੰ ਨੌਕਰੀ ਕਿਉਂ ਦਿੱਤੀ ਗਈ? ਤਾਂ ਫਿਰ ਪ੍ਰਧਾਨ ਜੀ ਨੇ 'ਵਿਚਲੀ ਗੱਲ' ਦੱਸੀ ਜਿਸ ਨੂੰ ਸੁਣ ਕੇ ਇਹ ਵਿਚਾਰੇ ਸੁੰਨ ਹੋ ਕੇ ਰਹਿ ਗਏ! "ਓ ਬਈ ਜਥੇਦਾਰੋ...", ਪ੍ਰਧਾਨ ਜੀ ਪਰਦੇ ਨਾਲ ਹੌਲੀ ਜਿਹੇ ਬੋਲੇ, "ਤੁਹਾਡਾ ਰੋਸ ਬਿਲਕੁਲ ਜਾਇਜ਼ ਹੈ। ਜਥੇਦਾਰ... ਸਿੰਘ ਦਾ ਸਿਫਾਰਸ਼ੀ ਮੁੰਡਾ 'ਸਿਲੈਕਟ' ਹੋ ਈ ਗਿਆ ਸੀ, ਪਰ ਐਨ ਆਖਰੀ ਪਲਾਂ 'ਤੇ ਮੈਨੂੰ ਪ੍ਰਧਾਨ ਸਾਹਿਬ ਦਾ ਫੋਨ ਆ ਗਿਆ ਕਿ ਮੈਂ ਜਿਸ ਮੁੰਡੇ ਨੂੰ 'ਸਲਿੱਪ' ਦੇ ਕੇ ਭੇਜ ਰਿਹਾਂ, ਇਹਨੂੰ ਹੀ 'ਜੁਆਇਨ' ਕਰਵਾਓ।"

"ਐਡਾ ਕਿਹੜਾ ਜ਼ੋਰਾਵਰ ਜਥੇਦਾਰ ਆ ਗਿਆ ਜਿਸ ਨੇ ਆਖਰੀ ਪਲਾਂ 'ਤੇ ਆਪਣੀ ਪੁਗਾ ਲਈ?" ਜਥੇਦਾਰਾਂ ਨੇ ਪ੍ਰਧਾਨ ਜੀ ਪਾਸੋਂ ਡੂੰਘੀ ਜਾਣਕਾਰੀ ਲੈਣ ਲਈ ਪੁੱਛਿਆ। "ਪ੍ਰਧਾਨ ਸਾਹਿਬ ਨੂੰ ਦਿੱਲੀਓਂ ਅਡਵਾਨੀ ਸਾਹਿਬ ਦਾ ਫੋਨ ਆ ਗਿਆ ਸੀ ਇਸ ਮੁੰਡੇ ਬਾਰੇ।" ਪ੍ਰਧਾਨ ਜੀ ਨੇ ਹੋਰ ਧੀਮੀ 'ਵਾਜ਼ 'ਚ ਮੈਂਬਰਾਂ ਦੇ ਕੰਨਾਂ 'ਚ ਦੱਸਿਆ। (ਸ੍ਰੀ ਲਾਲ ਕ੍ਰਿਸ਼ਨ ਅਡਵਾਨੀ ਉਸ ਵੇਲੇ ਕੇਂਦਰੀ ਗ੍ਰਹਿ ਮੰਤਰੀ ਸਨ) "ਤੁਹਾਨੂੰ ਪਤਾ ਈ ਐ... ਹੀ...ਹੀ...ਹੀ... ਮਜਬੂਰੀ ਵਿਚ 'ਕਈ ਕੁਝ' ਕਰਨਾ ਪੈਂਦਾ ਐ।" ਪ੍ਰਧਾਨ ਜੀ ਨੇ ਦੋਹਾਂ ਮੈਂਬਰਾਂ ਨੂੰ ਮਜਬੂਰੀ ਵਾਲੀ 'ਗੋਲੀ' ਨਾਲ ਸ਼ਾਂਤ ਕਰ ਦਿੱਤਾ।

ਗੱਲ ਮੁੱਕਦੀ ਨੂੰ ਸਾਡੀ ਸੂਮੋ ਗੱਡੀ ਗੜ੍ਹਸ਼ੰਕਰ ਦੇ ਨੂਰਪੁਰ ਅੱਡੇ ਪਹੁੰਚ ਚੁੱਕੀ ਸੀ। ਇੱਥੇ ਸੱਤੀ ਦੇ ਢਾਬੇ ਵਿਚ ਬਹਿ ਕੇ ਚਾਹ ਨਾਲ ਗਰਮ ਗਰਮ ਸਮੋਸੇ ਖਾਂਦਿਆਂ ਅਸੀਂ ਤਿੰਨਾਂ-ਚਹੁੰਆਂ ਜਣਿਆਂ ਨੇ ਲੰਘੇ ਸੱਪ ਦੀ ਲਕੀਰ ਨੂੰ ਕੁੱਟਣ ਵਾਂਗ ਉਤਲੇ ਪ੍ਰਸੰਗ ਦੀ ਵੱਖ-ਵੱਖ ਪੱਖਾਂ ਤੋਂ ਚੀਰ ਫਾੜ ਕੀਤੀ।

"ਗ੍ਰਹਿ ਮੰਤਰੀ ਚਾਹੁੰਦਾ ਤਾਂ ਆਪਣੇ ਇਸ ਚਹੇਤੇ ਨੂੰ ਕਿਤੇ ਹੋਰ ਸਕੂਲ-ਕਾਲਜ ਵਿਚ ਵੀ ਅਡਜਸਟ ਕਰਵਾ ਸਕਦਾ ਸੀ, ਅਡਵਾਨੀ ਨੂੰ ਸ਼੍ਰੋਮਣੀ ਕਮੇਟੀ ਦਾ ਹੀ ਵਿਦਿਅਕ ਅਦਾਰਾ ਕਿਉਂ ਦਿਸਿਆ?"

"ਸਿੱਖੀ ਨੂੰ ਬੁੱਧ ਧਰਮ ਵਾਂਗ ਦੇਸ ਨਿਕਾਲਾ ਦੇਣ ਲਈ।" ਦੂਸਰੇ ਮੈਂਬਰ ਨੇ ਪਹਿਲੇ ਦੇ ਜਵਾਬ ਵਜੋਂ ਆਪਣਾ ਤਿੱਖਾ ਵਿਚਾਰ ਦੱਸਿਆ।

"ਤੁਸੀਂ ਇਹ ਸੋਚੋ ਕਿ ਗ੍ਰਹਿ ਮੰਤਰੀ ਦੀ ਸਿਫਾਰਸ਼ ਕੋਈ ਲੱਲੂ-ਪੰਜੂ ਤਾਂ ਪੁਆ ਨਹੀਂ ਸਕਦਾ। ਕੋਈ ਖਾਸ-ਮ-ਖਾਸ ਈ ਹੋਊ।... ਹੁਣ ਦੇਖੋ ਕਿ ਅਡਵਾਨੀ ਦਾ ਖਾਸ-ਮ-ਖਾਸ ਕੌਣ ਹੋ ਸਕਦੈ?" ਗੱਲ ਕਰ ਰਹੇ ਮੈਂਬਰ ਨੇ 'ਕੌਣ ਹੈ ਸਕਦੈ?' ਲਫ਼ਜ਼ ਨੂੰ ਘਰੋੜ ਕੇ ਬੋਲਦਿਆਂ ਆਪੇ ਜਵਾਬ ਦਿੱਤਾ, "ਉਹੀ ਹੋ ਸਕਦੈ ਜਿਹਦੇ ਰੋਮ-ਰੋਮ 'ਚੋਂ ਆਰ.ਐਸ.ਐਸ. ਬੋਲਦੀ ਹੋਵੇ।"

"ਇਹ ਤਾਂ ਨਿੱਕੀ ਜਿਹੀ ਮਿਸਾਲ ਈ ਐ, ਉਤਲੇ ਲੈਵਲ 'ਤੇ ਪਤਾ ਨਹੀਂ ਕੀ ਕੀ ਘਾਲੇ-ਮਾਲੇ ਹੋਈ ਜਾਂਦੇ ਨੇ। ਢਕੀ ਰਿੱਝੇ, ਅਖੇ ਕੋਈ ਨਾ ਬੁੱਝੇ!... ਆਹ ਐਡੀ ਕੁ ਗੱਲ ਦਾ ਸਾਨੂੰ ਪਤਾ ਲੱਗ ਗਿਆ।" ਬਜ਼ੁਰਗ ਮੈਂਬਰ ਨੇ ਫਿਕਰ ਜ਼ਾਹਿਰ ਕਰਦਿਆਂ ਆਖਿਆ।

"ਚਲੋ, ਐਨੀ ਕੱਟੜਤਾ ਵੀ ਨਹੀਂ ਚਾਹੀਦੀ ਕਿ ਕਿਸੇ ਹੋਰ ਧਰਮ ਦਾ ਪੈਰੋਕਾਰ ਸਾਡੇ ਅਦਾਰਿਆਂ 'ਚ ਵੜੇ ਈ ਨਾ, ਪਰ ਅਹਿ ਤਾਂ ਸਰੀਹਨ ਧੱਕਾ ਹੈ ਕਿ ਦੋ ਗੁਰਸਿੱਖਾਂ ਨੂੰ ਪਾਸੇ ਕਰਕੇ ਇਕ....।" ਲਿਬਰਲ ਜਿਹੀ ਸੋਚ ਵਾਲੇ ਦੀ ਗੱਲ ਕੱਟਦਿਆਂ ਹੁਸ਼ਿਆਰਪੁਰੀਏ ਹਿਰਖ ਨਾਲ ਬੋਲੇ, "ਦੁੱਖ ਤਾਂ ਇਸੇ ਗੱਲ ਦਾ ਐ ਭਾਈ ਸਾਹਿਬ।"

ਇੰਜ ਅੱਧਾ-ਪੌਣਾ ਘੰਟਾ ਜਾਭਾਂ ਦੇ ਭੇੜ ਕਰਦੇ ਅਸੀਂ ਆਪੋ-ਆਪਣੇ ਘਰਾਂ ਨੂੰ ਤੁਰ ਪਏ। ਇਸ ਲਿਖਤ ਨੂੰ ਮੈਂ ਅਗਲੀਆਂ ਗੱਲਾਂ ਲਿਖ ਕੇ ਲਮਕਾਉਣਾ ਨਹੀਂ ਕਿ ਕਿਵੇਂ ਮੈਂ ਆਪਣੇ ਸਾਥੀ ਮੈਂਬਰਾਂ ਦੀ ਸਲਾਹ ਨਾਲ ਪ੍ਰਧਾਨ ਜੀ ਨੂੰ ਨਿੱਜੀ ਰੋਸ ਪੱਤਰ ਲਿਖਿਆ। ਉਸ ਰੋਸ ਪੱਤਰ ਦਾ ਬਣਿਆ ਕੀ? ਇਹ ਵਿਸਥਾਰ ਵੀ ਨਹੀਂ ਲਿਖ ਰਿਹਾ। ਬੱਸ, ਪਾਠਕਾਂ ਅੱਗੇ ਆਪਣੀ ਕੌਮ ਦੇ ਨਿਘਾਰ ਦਾ ਵਾਸਤਾ ਪਾ ਕੇ ਅਰਜ਼ ਕਰਨੀ ਚਾਹੁੰਦਾ ਹਾਂ ਕਿ ਆਪ ਸਭ ਨੂੰ ਇਹ ਲਿਖਤ ਪੜ੍ਹ ਕੇ 'ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਕੌਣ ਹੋਇਆ?' ਦਾ ਉਤਰ ਮਿਲ ਗਿਆ ਹੋਵੇਗਾ; ਬਰਾਏ ਮਿਹਰਬਾਨੀ ਹੁਣ ਆ ਜੀ ਨੀਲੇ ਦੇ ਸ਼ਾਹ ਅਸਵਾਰ, ਪੰਥ ਦੇ ਵਾਲੀ, ਸਾਹਿਬ ਦਸਮੇਸ਼ ਪਿਤਾ ਨੂੰ ਹਾਜ਼ਰ ਨਾਜ਼ਰ ਜਾਣ ਕੇ ਆਪਣੀ ਜ਼ਮੀਰ ਨੂੰ ਪੁੱਛਿਓ ਕਿ ਮੈਨੂੰ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿਚ ਕਿਹੋ ਜਿਹਾ ਯੋਗਦਾਨ ਪਾਉਣਾ ਚਾਹੀਦਾ ਹੈ?

ਇਹ ਜ਼ਰੂਰੀ ਨਹੀਂ ਕਿ ਜਿਨ੍ਹਾਂ ਨੇ ਵੋਟਾਂ ਪਾਉਣੀਆਂ ਨੇ, ਉਹੀ ਸੋਚਣ ਸਗੋਂ ਜਿਹੜਾ ਵੀ ਸਿੱਖ ਚਾਹੁੰਦਾ ਹੈ ਕਿ ਸਾਡੀ ਕੌਮ ਨਾਲ ਬੋਧੀਆਂ ਵਾਲੀ ਹੋਣੀ ਨਾ ਵਾਪਰ ਜਾਏ, 'ਜਬ ਲਗ ਖਾਲਸਾ ਰਹੈ ਨਿਆਰਾ' ਦੇ ਆਦੇਸ਼ ਦਾ ਰੰਗ ਧੁੰਦਲਾ ਨਾ ਪੈ ਜਾਏ, ਉਸ ਦਾ ਕੌਮੀ ਫਰਜ਼ ਬਣਦਾ ਹੈ ਕਿ ਉਹ ਆਪਣੇ ਗੁਰਧਾਮਾਂ ਦੀ ਹਿਫ਼ਾਜ਼ਤ ਲਈ ਆਪਣਾ ਬਣਦਾ-ਸਰਦਾ ਯੋਗਦਾਨ ਜ਼ਰੂਰ ਪਾਵੇ।

ਹਰ ਸਿੱਖ ਦੇ ਜ਼ਿਹਨ 'ਚ ਇਹ ਸਵਾਲ ਗੂੰਜਣਾ ਚਾਹੀਦਾ ਹੈ ਕਿ ਸਿੱਖਾਂ ਦੀ ਪਾਰਲੀਮੈਂਟ ਸ਼੍ਰੋਮਣੀ ਕਮੇਟੀ ਨੂੰ ਫਿਰ ਅਜਿਹੇ ਪ੍ਰਧਾਨਾਂ ਦੇ ਜੂਲੇ ਥੱਲੇ ਨੂੜ ਕੇ ਸੁੱਟਣਾ ਹੈ ਜਾਂ ਇਸ ਕੇਂਦਰੀ ਜਥੇਬੰਦੀ ਨੂੰ ਬਚਾਉਣ ਦਾ ਕੋਈ ਹੀਲਾ-ਵਸੀਲਾ ਕਰਨਾ ਹੈ?

# ਦੂਸਰੀ ਸਿੱਖ ਜਾਗ੍ਰਿਤੀ ਦੀ ਲੋੜ

*(ਸਫਾ 15 ਦੀ ਬਾਕੀ)*

ਭੇਟਾ ਦੇ ਹਿਸਾਬ ਅਨੁਸਾਰ ਛੋਟੇ ਵੱਡੇ ਸਿਰੋਪੇ ਤੇ ਪਤਾਸੇ ਦਿੱਤੇ ਜਾਂਦੇ ਹਨ। ਅਰਦਾਸ ਵਿਚ ਯਾਚਨਾ ਕੀਤੀ ਜਾਂਦੀ ਹੈ ਕਿ ਜਿਸ ਖਜ਼ਾਨੇ 'ਚੋਂ ਮਾਇਆ ਆਈ ਹੈ ਉਹ ਖਜ਼ਾਨੇ ਭਰਪੂਰ ਰਹਿਣ। ਵਾਹ, ਗੁਰੂ ਨਾਲ "ਸੱਚਾ ਸੌਦਾ" ਵੇਖੋ ਪੰਜ ਦਸ ਰੁਪਏ ਚੜ੍ਹਾਵਾ ਚੜ੍ਹਾ ਦੇ ਖਜ਼ਾਨੇ ਭਰਪੂਰ ਕਰਵਾ ਲਏ ਜਾਂਦੇ ਹਨ ਜਦਕਿ ਸਰਕਾਰ ਦਾ ਅਦਨਾ ਤੋਂ ਅਦਨਾ ਕਰਮਚਾਰੀ ਵੀ ਫ਼ਿਫ਼ਟੀ-ਫ਼ਿਫ਼ਟੀ ਤੋਂ ਘੱਟ ਸੌਦਾ ਨਹੀਂ ਕਰਦਾ। ਜਿਸ ਖਜ਼ਾਨੇ ਵਿਚੋਂ ਮਾਇਆ ਆਈ ਹੈ ਉਹ ਖਜ਼ਾਨੇ ਭਰਪੂਰ ਰਹਿਣ ਦਾ ਅਰਥ ਧਿਆਨ ਵਿਚ ਰੱਖਣਾ ਚਾਹੀਦਾ ਹੈ ਜੇ ਭੇਟਾ ਕੀਤੀ ਮਾਇਆ ਰਿਸ਼ਵਤ ਵਿਚੋਂ ਹੈ ਤਾਂ ਖਜ਼ਾਨਾ ਤਾਂ ਰਿਸ਼ਵਤ ਦੇਣ ਵਾਲੇ ਦਾ ਹੀ ਭਰਿਆ ਜਾਵੇਗਾ। ਪ੍ਰਕਾਸ਼-ਅਸਥਾਨ ਤੋਂ ਬਾਹਰ ਆਓ ਤਾਂ ਕਈ ਪਾਸੇ ਸਹਿਜ ਅਤੇ ਅਖੰਡ ਪਾਠਾਂ ਦੀਆਂ ਲੜੀਆਂ ਚੱਲ ਰਹੀਆਂ ਨਜ਼ਰ ਆਉਂਦੀਆਂ ਹਨ ਜਿਨ੍ਹਾਂ ਦੀ "ਬੁਕਿੰਗ" ਕਈ ਕਈ ਸਾਲ ਪਹਿਲੋਂ ਕਰਵਾਈ ਜਾਂਦੀ ਹੈ। ਪਾਠ ਬੁੱਕ ਕਰਾਉਣ ਵਾਲੇ ਸੈਂਕੜੇ ਮੀਲ ਦੂਰ ਬੈਠੇ ਕਲੱਬਾਂ ਵਿਚ ਸ਼ਰਾਬ ਪੀ ਰਹੇ ਹੁੰਦੇ ਹਨ ਤੇ ਪੈਸੇ ਦੇਣ ਨਾਲ ਹੀ ਪਾਠੀਆਂ ਤੋਂ ਕਰਵਾਏ ਪਾਠ ਦਾ 'ਪੁੰਨ' ਖੱਟ ਰਹੇ ਹੁੰਦੇ ਹਨ। ਗੁਰਦੁਆਰੇ ਵਿਚ ਪਾਠ ਹੋ ਰਿਹਾ ਹੋਵੇ ਜਾਂ ਕੀਰਤਨ, ਸੁਰਤ ਮਾਇਆ ਵਿਚ ਹੀ ਲੀਨ ਹੁੰਦੀ ਹੈ। ਏਸੇ ਲਈ ਗੁਰਦੁਆਰਿਆਂ ਅੰਦਰ "ਚੁੱਪ ਦਾ ਦਾਨ ਬਖਸ਼ੋ ਜੀ" ਦੀਆਂ ਅਪੀਲਾਂ ਲਗਾਤਾਰ ਕੀਤੀਆਂ ਜਾਂਦੀਆਂ ਹਨ। ਅਸਾਂ 'ਸੁਣਨ' ਦੀ ਬਿਰਤੀ ਭੁਲਾ ਹੀ ਦਿੱਤੀ ਹੈ, ਹਾਲਾਂ ਕਿ ਜਪੁਜੀ ਸਾਹਿਬ ਵਿਚ "ਸੁਣਿਐ" ਦੀ ਮਹਿਮਾ ਦੀਆਂ ਚਾਰ ਪਉੜੀਆਂ (ਪਦ) ਹਨ। ਸੁਣਨ ਲਈ ਪਹਿਲੋਂ ਖੁਦ ਚੁੱਪ ਰਹਿਣਾ ਪੈਂਦਾ ਹੈ, ਬਿਰਤੀ ਇਕਾਗਰ ਕਰਨੀ ਹੁੰਦੀ ਹੈ। ਅਸੀਂ ਸਿਰਫ ਸਿਨੇਮਾ ਘਰ ਅੰਦਰ ਹੀ ਬਿਰਤੀ ਇਕਾਗਰ ਕਰਕੇ ਚੁੱਪ ਬੈਠਦੇ ਹਾਂ ਕਿ ਜੁਹੀ ਚਾਵਲਾ ਦਾ ਕੋਈ ਬੋਲ ਮਿਸ ਨਾ ਹੋ ਜਾਵੇ। ਗੁਰਦੁਆਰਿਆਂ ਅੰਦਰ ਮਾਇਆ ਦੇ ਉਪਰੋਕਤ ਵਰਤਾਰੇ ਨੂੰ ਸਮਾਪਤ ਕਰਨਾ ਹੋਵੇਗਾ-ਇਹ ਦੂਸਰੀ ਸਿੱਖ ਜਾਗ੍ਰਿਤੀ ਦਾ ਤਕਾਜ਼ਾ ਹੈ।

ਜੇ ਇਸ ਤਰ੍ਹਾਂ ਹੋ ਸਕੇ ਤਾਂ ਸਿੱਖ ਭਾਈਚਾਰੇ ਦੀ ਇਸ ਸੰਸਾਰ ਵਿਚ ਜੈ ਜੈਕਾਰ ਹੋਵੇਗੀ ਤੇ ਅਕਾਲ ਪੁਰਖ ਦੇ ਦਰਬਾਰ ਵਿਚ ਮੁੱਖ ਉਜਲ ਹੋ ਸਕੇਗਾ:

ਜੈ ਜੈਕਾਰ ਸਗਲ ਭੂ ਮੰਡਲ
ਮੁਖ ਊਜਲ ਦਰਬਾਰ॥

## ਸੰਪਾਦਕ ਦੀ ਡਾਕ

### ਰਾਗੀ, ਢਾਡੀ ਅਤੇ ਦਾੜ੍ਹੇ

ਪੰਜਾਬ ਟਾਈਮਜ਼ ਦੇ 20 ਅਗਸਤ ਦੇ ਅੰਕ ਵਿਚ ਬੀਬੀ ਸੁਰਜੀਤ ਕੌਰ ਸੈਕਰਾਮੈਂਟੋ ਦਾ ਲੇਖ 'ਅੱਜ ਦੇ ਸੰਤਾਂ ਅਤੇ ਰਾਗੀਆਂ ਦੇ ਦਾੜ੍ਹੇ ਲੰਮੇ ਕਿਉਂ ਨਹੀਂ ਹੁੰਦੇ' ਬਹੁਤ ਹੀ ਵਧੀਆ ਤੇ ਦਿਲ ਨੂੰ ਟੁੰਬਣ ਵਾਲਾ ਸੀ।

ਸਾਡੇ ਰਾਗੀ, ਢਾਡੀ, ਪ੍ਰਚਾਰਕ ਅਤੇ ਗੁਰੂ ਘਰਾਂ ਦੇ ਸੇਵਾਦਾਰ ਆਪਣੇ ਦਾੜ੍ਹਿਆਂ ਨੂੰ ਸੂਈਆਂ ਲਾ ਕੇ ਅਤੇ ਰੰਗ ਲਾ ਕੇ ਜਾਂ ਕਿਸੇ ਗਲਤ ਤਰੀਕੇ ਨਾਲ ਗੋਲ ਕਰਕੇ ਜਾਂ ਛੋਟੇ ਕਰਕੇ ਰੱਖਦੇ ਹਨ ਜੋ ਕਿ ਸਿੱਖੀ ਨੂੰ ਬਹੁਤ ਵੱਡੀ ਢਾਹ ਲਾ ਰਹੇ ਹਨ। ਕਈ ਤਾਂ ਭਰਵੱਟੇ ਵੀ ਇਸਤਰੀਆਂ ਵਾਂਗ ਹੀ ਬਣਾਉਂਦੇ ਹਨ। ਲੋੜ ਹੈ ਸਿੱਖੀ ਸਰੂਪ ਨੂੰ ਸੰਭਾਲਣ ਦੀ, ਨਾ ਕਿ ਵਿਗਾੜਨ ਦੀ।

*-ਲਖਵਿੰਦਰ ਸਿੰਘ ਡੇਅਟਨ*

# ਮਿਲਿ ਸਤਸੰਗਤਿ ਸੰਗਿ ਗੁਰਾਹਾ॥

ੴ ਸਤਿਗੁਰ ਪ੍ਰਸਾਦਿ॥
ਜੈਤਸਰੀ ਮਹਲਾ 4
ਮਿਲਿ ਸਤਸੰਗਤਿ ਸੰਗਿ ਗੁਰਾਹਾ॥
ਪੂੰਜੀ ਨਾਮੁ ਗੁਰਮੁਖਿ ਵੇਸਾਹਾ॥
ਹਰਿ ਹਰਿ ਕ੍ਰਿਪਾ ਧਾਰਿ ਮਧੁਸੂਦਨ॥
ਮਿਲਿ ਸਤਸੰਗ ਉਮਾਹਾ ਰਾਮ॥
ਹਰਿ ਗੁਣ ਬਾਣੀ ਸ੍ਰਵਣਿ ਸੁਣਾਹਾ॥
ਕਰਿ ਕ੍ਰਿਪਾ ਸਤਿਗੁਰੂ ਮਿਲਾਹਾ॥
ਗੁਣ ਗਾਵਹ ਗੁਣ ਬੋਲਹ ਬਾਣੀ॥
ਹਰਿ ਗੁਣ ਜਪਿ ਉਮਾਹਾ ਰਾਮ॥
ਸਭਿ ਤੀਰਥ ਵਰਤ ਜਗ ਪੁੰਨ ਤੋਲਾਹਾ॥
ਹਰਿ ਹਰਿ ਨਾਮੁ ਨ ਪੁਜਹਿ ਪੁਜਾਹਾ॥
ਹਰਿ ਹਰਿ ਅਤੁਲ ਤੋਲੁ ਅਤਿ ਭਾਰੀ॥
ਗੁਰਮਤਿ ਜਪਿ ਉਮਾਹਾ ਰਾਮ॥
ਸਭਿ ਕਰਮ ਧਰਮ ਹਰਿ ਨਾਮੁ ਜਪਾਹਾ॥
ਕਿਲਵਿਖ ਮੈਲੁ ਪਾਪ ਧੋਵਾਹਾ॥
ਦੀਨ ਦਇਆਲ ਹੋਹੁ ਜਨ ਊਪਰਿ॥
ਦੇਹੁ ਨਾਨਕ ਨਾਮੁ ਉਮਾਹਾ ਰਾਮ

ਇਸ ਪਾਵਨ ਸ਼ਬਦ ਰਾਹੀਂ ਗੁਰਦੇਵ ਪਰਮ ਪਿਤਾ ਕੋਲ ਅਰਦਾਸ ਕਰ ਰਹੇ ਹਨ ਕਿ ਹੇ ਮਧੁਸੂਦਨ, ਭਾਵ ਵੈਰੀਆਂ ਨੂੰ ਮਾਰਨ ਵਾਲੇ ਪ੍ਰਭੂ ਜੀਓ! ਅਸੀਂ ਜੀਵਾਂ 'ਤੇ ਮਿਹਰ ਕਰੋ ਕਿ ਅਸੀਂ ਸਤਿਸੰਗੀ ਬਣੀਏ, ਸਾਡੇ ਹਿਰਦੇ ਵਿਚ ਤੇਰੇ ਨਾਮ ਦਾ ਚਾਉ ਭਾਵ ਪ੍ਰੇਮ ਹੋਵੇ ਅਤੇ ਅਸੀਂ ਸਾਧ ਸੰਗਤ ਅਤੇ ਗੁਰੂ ਦੀ ਸੰਗਤ ਵਿਚ ਮਿਲ ਕੇ, ਗੁਰੂ ਦੀ ਸ਼ਰਨ ਵਿਚ ਪੈ ਕੇ ਨਾਮ ਰੂਪੀ ਸਰਮਾਇਆ ਇਕੱਠਾ ਕਰੀਏ।

ਹਰਿ ਗੁਣ ਬਾਣੀ ਸ੍ਰਵਣਿ ਸੁਣਾਹਾ॥
ਕਰਿ ਕ੍ਰਿਪਾ ਸਤਿਗੁਰੂ ਮਿਲਾਹਾ॥
ਗੁਣ ਗਾਵਹ ਗੁਣ ਬੋਲਹ ਬਾਣੀ॥
ਹਰਿ ਗੁਣ ਜਪਿ ਉਮਾਹਾ ਰਾਮ॥

ਹੇ ਹਰੀ ਪ੍ਰਭੂ ਜੀਓ! ਕ੍ਰਿਪਾ ਕਰਕੇ ਸਾਨੂੰ ਪੂਰੇ ਗੁਰੂ ਦਾ ਮਿਲਾਪ ਦੇਹ ਤਾਂ ਕਿ ਤੇਰੇ ਗੁਣਾਂ, ਭਾਵ ਤੇਰੀ ਸਿਫ਼ਤ ਨਾਲ ਭਰਪੂਰ ਬਾਣੀ ਅਸੀਂ ਕੰਨਾਂ ਨਾਲ ਸੁਣ ਸਕੀਏ ਅਤੇ ਗੁਰੂ ਦੀ ਬਾਣੀ ਰਾਹੀਂ ਹੀ ਅਸੀਂ ਤੇਰੇ ਗੁਣ ਭੀ ਗਾਂਵਦੇ ਰਹੀਏ ਅਤੇ ਤੇਰੇ ਗੁਣਾਂ ਦਾ ਵਰਨਣ ਭੀ ਕਰਦੇ ਰਹੀਏ। ਹੇ ਪ੍ਰਭੂ ਜੀਓ! ਤੇਰੇ ਗੁਣਾਂ ਨੂੰ ਯਾਦ ਕਰ ਕਰ ਕੇ ਸਾਡੇ ਦਿਲ ਵਿਚ ਭਗਤੀ ਦਾ ਉਮਾਹ, ਭਾਵ ਚਾਉ ਭੀ ਹਮੇਸ਼ਾ ਬਣਿਆ ਰਵੇ।

ਸਭਿ ਤੀਰਥ ਵਰਤ ਜਗ ਪੁੰਨ ਤੋਲਾਹਾ॥
ਹਰਿ ਹਰਿ ਨਾਮੁ ਨ ਪੁਜਹਿ ਪੁਜਾਹਾ॥
ਹਰਿ ਹਰਿ ਅਤੁਲ ਤੋਲੁ ਅਤਿ ਭਾਰੀ॥
ਗੁਰਮਤਿ ਜਪਿ ਉਮਾਹਾ ਰਾਮ॥

ਹੁਣ ਗੁਰਦੇਵ ਕ੍ਰਿਪਾ ਕਰਦੇ ਹਨ ਕਿ ਭਾਈ! ਜੇ ਸਾਰੇ ਤੀਰਥਾਂ ਦੇ ਇਸ਼ਨਾਨ ਅਤੇ ਵਰਤ,

## ਗੁਰਬਾਣੀ ਗਿਆਨ

ਜੱਗ, ਪੁੰਨ, ਦਾਨ ਜੋ ਵੀ ਸਾਰੇ ਨੇਕ ਕਰਮ ਹਨ, ਇਹ ਸਾਰੇ ਇਕੱਠੇ ਕਰਕੇ ਤੋਲੀਏ ਤਾਂ ਫਿਰ ਵੀ ਇਹ ਪਰਮਾਤਮਾ ਦੇ ਨਾਮ ਦੇ ਬਰਾਬਰ ਨਹੀਂ ਪਹੁੰਚ ਸਕਦੇ, ਪਰ ਦੂਜੇ ਪਾਸੇ ਪ੍ਰਭੂ ਪਰਮਾਤਮਾ ਦਾ ਨਾਮ ਤਾਂ ਤੋਲਿਆ ਹੀ ਨਹੀਂ ਜਾ ਸਕਦਾ, ਉਹ ਤਾਂ ਅਤੁਲ ਹੈ। ਹੇ ਭਾਈ! ਇਹ ਤਾਂ ਪੂਰੇ ਗੁਰੂ ਦੀ ਮੱਤ ਸਦਕਾ ਹੀ ਜਪਿਆ ਜਾ ਸਕਦਾ ਹੈ ਅਤੇ ਸਿਮਰਨ ਕਰਨ ਲਈ ਹੋਰ ਚਾਉ ਭੀ ਬਣਦਾ ਹੈ।

ਸਭਿ ਕਰਮ ਧਰਮ ਹਰਿ ਨਾਮੁ ਜਪਾਹਾ॥
ਕਿਲਵਿਖ ਮੈਲੁ ਪਾਪ ਧੋਵਾਹਾ॥
ਦੀਨ ਦਇਆਲ ਹੋਹੁ ਜਨ ਊਪਰਿ॥
ਦੇਹੁ ਨਾਨਕ ਨਾਮੁ ਉਮਾਹਾ ਰਾਮ॥


ਹੇ ਭਾਈ! ਇਹ ਜੋ ਦੁਨਿਆਵੀ ਧਰਮ ਅਤੇ ਕਰਮ ਹਨ, ਇਹ ਸਾਰੇ ਤਾਂ ਨਾਮ ਸਿਮਰਨ ਦੇ ਵਿਚ ਹੀ ਆ ਜਾਂਦੇ ਹਨ ਅਤੇ ਜੋ ਜੀਵ ਨਾਮ ਜਪਦੇ ਹਨ, ਪ੍ਰਭੂ ਦੀ ਕ੍ਰਿਪਾ ਸਦਕਾ ਉਨ੍ਹਾਂ ਦੇ ਸਾਰੇ ਪਾਪਾਂ ਅਤੇ ਵਿਕਾਰਾਂ ਦੀ ਮੈਲ ਭੀ ਆਪਣੇ ਆਪ ਹੀ ਧੋ ਹੋ ਜਾਂਦੀ ਹੈ। ਸੋ, ਹੇ ਪ੍ਰਭੂ ਜੀਓ! ਇਹ ਨਾਨਕ ਭੀ ਬੇਨਤੀ ਕਰਦਾ ਹੈ ਕਿ ਆਪਣੇ ਸੇਵਕ 'ਤੇ ਦਇਆ ਕਰੋ ਅਤੇ ਦਇਆਵਾਨ ਹੋ ਕੇ ਇਸ ਸੇਵਕ ਨੂੰ ਆਪਣੇ ਨਾਮ ਸਿਮਰਨ ਦੀ ਦਾਤ ਬਖ਼ਸ਼ਿਸ਼ ਕਰੋ ਅਤੇ ਕ੍ਰਿਪਾ ਕਰੋ ਕਿ ਨਾਮ ਜਪਣ ਲਈ ਸਾਡੇ ਅੰਦਰ ਚਾਉ ਤੇ ਉਮਾਹ ਬਣਿਆ ਰਵੇ।

ਆਉ ਗੁਰੂ ਸਵਾਰਿਉ, ਸ਼ਬਦ ਗੁਰੂ ਨਾਲ ਜੁੜੀਏ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਲੋਕਪਾਲ ਬਿੱਲ ਲਈ ਆਰ ਜਾਂ ਪਾਰ ਦਾ ਮੋਰਚਾ

**ਸਿਆਸਤ ਦਾ ਪਿੜ**



ਜਤਿੰਦਰ ਪਨੂੰ

***ਸਵਾਲ ਇਸ ਵਕਤ ਇਹ ਨਹੀਂ ਕਿ ਲੋਕਪਾਲ ਬਿੱਲ ਪਾਸ ਕਰਨਾ ਹੈ ਜਾਂ ਨਹੀਂ। ਇਹ ਤਾਂ ਹੁਣ ਪਾਸ ਕਰਨਾ ਹੀ ਪੈਣਾ ਹੈ। ਹੁਣ ਸਵਾਲ ਇਹ ਬਣ ਗਿਆ ਹੈ ਕਿ ਲੋਕਪਾਲ ਬਣਾਇਆ ਕਿਹੋ ਜਿਹਾ ਜਾਵੇ? ਸਰਕਾਰੀ ਧਿਰ ਦਾ ਲੋਕਪਾਲ ਬਿੱਲ ਕਿਸੇ ਵੀ ਤਰ੍ਹਾਂ ਲੋਕਾਂ ਦੀਆਂ ਭਾਵਨਾਵਾਂ ਦੀ ਤਰਜਮਾਨੀ ਨਹੀਂ ਕਰਦਾ। ਗੱਲ ਏਨੀ ਹੀ ਨਹੀਂ ਕਿ ਸਰਕਾਰ ਦੇ ਬਿੱਲ ਵਿਚ ਪ੍ਰਧਾਨ ਮੰਤਰੀ ਅਤੇ ਸਿਖਰਲੇ ਜੱਜ ਹੋਣ ਜਾਂ ਨਾ; ਸਗੋਂ ਇਹ ਵੀ ਹੈ ਕਿ ਸਰਕਾਰ ਦੇ ਬਣਾਏ ਲੋਕਪਾਲ ਕੋਲ ਕਾਰਵਾਈ ਕਰਨ ਦਾ ਕੋਈ ਅਧਿਕਾਰ ਨਹੀਂ ਹੋਣਾ। ਉਹ ਕਾਰਵਾਈ ਦੀ ਸਿਫਾਰਸ਼ ਹੀ ਕਰੇਗਾ, ਕਾਰਵਾਈ ਕਰਨੀ ਜਾਂ ਨਾ ਕਰਨੀ ਫਿਰ ਰਾਜਸੀ ਲੀਡਰਸ਼ਿਪ ਦੇ ਮਰਜ਼ੀ ਉੱਤੇ ਨਿਰਭਰ ਕਰੇਗੀ।***

ਦਿੱਲੀ ਦੇ ਜਿਸ ਰਾਮ ਲੀਲ੍ਹਾ ਮੈਦਾਨ ਵਿਚੋਂ ਅੱਧੀ ਰਾਤੀਂ ਕਾਰਵਾਈ ਕਰਕੇ ਬਾਬਾ ਰਾਮਦੇਵ ਦੇ ਸਮਰਥਕਾਂ ਦੀ ਭੀੜ ਨੂੰ ਪੁਲਿਸ ਨੇ ਭਾਜੜ ਪਾਈ ਸੀ ਤੇ ਰਾਮਦੇਵ ਕਿਸੇ ਔਰਤ ਤੋਂ ਮੰਗੀ ਹੋਈ ਸਲਵਾਰ-ਕਮੀਜ਼ ਪਾ ਕੇ ਨਿਕਲਿਆ ਸੀ, ਉਸੇ ਥਾਂ ਜਦੋਂ ਇਸ ਵਾਰੀ ਬਾਬਾ ਅੰਨਾ ਹਜ਼ਾਰੇ ਦੇ ਸਮਰਥਕਾਂ ਦੀ ਭੀੜ ਜੁੜੀ ਤਾਂ ਨਜ਼ਾਰਾ ਹੀ ਵੱਖਰਾ ਸੀ। ਕਿਸੇ ਨੂੰ ਇਹ ਸ਼ੰਕਾ ਤੱਕ ਨਹੀਂ ਸੀ ਕਿ ਸਰਕਾਰ ਕੋਈ ਸਖਤ ਕਾਰਵਾਈ ਕਰ ਸਕਦੀ ਹੈ। ਅਮਨ-ਕਾਨੂੰਨ ਦੀ ਜ਼ਿੰਮੇਵਾਰੀ ਲਈ ਤਾਇਨਾਤ ਕੀਤੀ ਪੁਲਿਸ ਕੋਲ ਬੰਦੂਕਾਂ ਜਾਂ ਅੱਥਰੂ ਗੈਸ ਦੇ ਗੋਲੇ ਤਾਂ ਕੀ, ਡੰਡਾ ਤੱਕ ਨਹੀਂ ਸੀ। ਦਿੱਲੀ ਦੀ ਤਿਹਾੜ ਜੇਲ੍ਹ ਤੋਂ ਰਾਮ ਲੀਲ੍ਹਾ ਮੈਦਾਨ ਤੱਕ ਲੱਗੀ ਪੁਲਿਸ ਵਿਚ ਸਿਪਾਹੀ ਵਿਰਲਾ-ਟਾਵਾਂ ਤੇ ਤਾਰਿਆਂ ਵਾਲੇ ਅਫਸਰ ਵੱਧ ਸਨ। ਕਾਰਨ ਸਿਰਫ ਇਹ ਨਹੀਂ ਕਿ ਪਿਛਲੀ ਵਾਰੀ ਦੀ ਕਾਰਵਾਈ ਪਿੱਛੋਂ ਹੋਈ ਨੁਕਤਾਚੀਨੀ ਤੋਂ ਪੁਲਿਸ ਘਬਰਾ ਗਈ ਸੀ, ਇਹ ਕਾਰਨ ਵੀ ਭਾਵੇਂ ਹੋ ਸਕਦਾ ਹੈ ਸਗੋਂ ਬਹੁਤਾ ਇਹ ਸੀ ਕਿ ਅੰਨਾ ਹਜ਼ਾਰੇ ਦੀ ਭੀੜ ਵੀ ਵੱਧ ਡਿਸਿਪਲਿਨ ਵਾਲੀ ਸੀ ਤੇ ਉਹ ਆਪ ਵੀ ਰਾਮਦੇਵ ਵਾਂਗ ਬੇਤੁਕੀਆਂ ਗੱਲਾਂ ਕਰਨ ਵਾਲਾ ਨਹੀਂ। ਰਾਮਦੇਵ ਬਹੁਤ ਗਰੀਬੀ ਤੋਂ ਤੁਰ ਕੇ ਸਤਾਰਾਂ ਸੌ ਕਰੋੜ ਰੁਪਏ ਦੀ ਮਾਲਕੀ ਵਾਲੀਆਂ ਕੰਪਨੀਆਂ ਦਾ ਸਵਾਮੀ ਬਣ ਚੁੱਕਾ ਹੈ, ਵਿਦੇਸ਼ਾਂ ਵਿਚ ਆਪਣੇ ਵਾਸਤੇ ਰਿਟਰੀਟ ਬਣਵਾਈ ਫਿਰਦਾ ਹੈ, ਜਦ ਕਿ ਅੰਨਾ ਨੇ ਫੌਜ ਦੀ ਨੌਕਰੀ ਤੋਂ ਮਿਲੀ ਪੈਨਸ਼ਨ ਵੀ ਲੋਕਾਂ ਦੇ ਲੇਖੇ ਲਾ ਦਿੱਤੀ। ਉਹ ਪਿੰਡ ਦੇ ਮੰਦਰ ਦੇ ਕਮਰੇ ਵਿਚ ਸੌਂਦਾ ਹੈ ਤੇ ਉਸ ਦੇ ਕੋਲ ਦੋ ਜੋੜਾ ਕੱਪੜੇ ਅਤੇ ਬਿਸਤਰੇ ਤੋਂ ਵੱਧ ਕੁਝ ਹੈ ਹੀ ਨਹੀਂ।

ਸੋਚ ਅਤੇ ਤੋਲ ਕੇ ਗੱਲ ਕਰਨ ਵਾਲੇ ਅੰਨਾ ਹਜ਼ਾਰੇ ਨਾਲ ਜੁੜੀ ਚਿੰਤਨਸ਼ੀਲ ਬੰਦਿਆਂ ਦੀ ਟੀਮ ਵੱਲੋਂ ਪਿਛਲੇ ਲੰਮੇ ਸਮੇਂ ਤੋਂ ਇਹ ਮੰਗ ਚੁੱਕੀ ਜਾ ਰਹੀ ਹੈ ਕਿ ਭਾਰਤ ਵਿਚ ਜਨ ਲੋਕਪਾਲ ਦਾ ਅਹੁਦਾ ਕਾਇਮ ਕੀਤਾ ਜਾਵੇ। ਭਾਰਤ ਸਰਕਾਰ ਇਸ ਮੰਗ ਨੂੰ ਮੰਨਣ ਤੋਂ ਇਨਕਾਰ ਨਹੀਂ ਕਰਦੀ, ਪਰ ਵਿਹਾਰ ਇਸ ਤਰ੍ਹਾਂ ਦਾ ਹੈ ਕਿ ਉਸ ਬਾਰੇ ਕਈ ਕਿਸਮ ਦੇ ਸ਼ੰਕੇ ਤੇ ਕਿੰਤੂ ਖੜ੍ਹੇ ਹੋ ਰਹੇ ਹਨ। ਇਸ ਮਾਮਲੇ ਵਿਚ ਮੌਜੂਦਾ ਸਰਕਾਰ ਦਾ ਵਿਹਾਰ ਤਾਂ ਸ਼ੱਕੀ ਹੈ ਹੀ, ਇਸ ਦੇ ਅੱਜ ਦੇ ਵਿਰੋਧੀਆਂ ਕੋਲ ਜਦੋਂ ਦੇਸ਼ ਦੀ ਅਗਵਾਈ ਕਰਨ ਦਾ ਮੌਕਾ ਸੀ, ਉਨ੍ਹਾਂ ਦੀਆਂ ਸਰਕਾਰਾਂ ਦੀ ਵੀ ਇਸ ਤੋਂ ਵੱਖਰੀ ਨੀਤੀ ਨਹੀਂ ਸੀ। ਲੋਕਪਾਲ ਬਿੱਲ ਦੇ ਇਤਿਹਾਸ ਉੱਤੇ ਨਜ਼ਰ ਮਾਰੀ ਜਾਵੇ ਤਾਂ ਨਕਸ਼ਾ ਸਾਫ ਹੋ ਜਾਂਦਾ ਹੈ।

ਭਾਰਤ ਵਿਚ ਪਹਿਲੀ ਵਾਰੀ ਲੋਕਪਾਲ ਬਿਲ 1968 ਵਿਚ ਇੰਦਰਾ ਗਾਂਧੀ ਦੀ ਅਗਵਾਈ ਹੇਠਲੇ ਉਸ ਕਾਂਗਰਸੀ ਪਾਰਲੀਮੈਂਟ ਮੈਂਬਰਾਂ ਦੇ ਗਰੁੱਪ ਨੇ ਪੇਸ਼ ਕੀਤਾ ਸੀ ਜਿਨ੍ਹਾਂ ਨੂੰ ਬੜੇ ਇਮਾਨਦਾਰ ਸਮਝਿਆ ਜਾਂਦਾ ਸੀ। ਹੁਣ ਵਾਲੀ ਅੰਨਾ ਹਜ਼ਾਰੇ ਦੀ ਟੀਮ ਵਿਚਲੇ ਬਜ਼ੁਰਗ ਵਕੀਲ ਸ਼ਾਂਤੀ ਭੂਸ਼ਨ ਉਦੋਂ ਅਜੇ ਨੌਜਵਾਨ ਸਨ ਤੇ ਇਹ ਬਿੱਲ ਪੇਸ਼ ਕਰਨ ਵਾਲਿਆਂ ਵਿਚ ਮੋਹਰੀ ਸਨ ਪਰ ਉਹ ਬਿੱਲ ਸਿਰੇ ਲੱਗਣ ਤੋਂ ਪਹਿਲਾਂ ਪਾਰਲੀਮੈਂਟ ਭੰਗ ਹੋ ਗਈ ਸੀ। ਫਿਰ ਇਹੋ ਬਿੱਲ 1971 ਵਿਚ ਪੇਸ਼ ਕੀਤਾ ਗਿਆ ਪਰ ਉਦੋਂ ਵੀ ਲੋਕ ਸਭਾ ਭੰਗ ਹੋ ਗਈ ਅਤੇ ਬਿੱਲ ਲਟਕਦਾ ਰਹਿ ਗਿਆ ਸੀ। ਉਸ ਤੋਂ ਬਾਅਦ ਐਮਰਜੈਂਸੀ ਲੱਗ ਗਈ ਅਤੇ 1977 ਵਾਲੀ ਚੋਣ ਵਿਚ ਸਾਢੇ ਚਾਰ ਪਾਰਟੀਆਂ (ਸਿੰਡੀਕੇਟ ਕਾਂਗਰਸ, ਜਨ ਸੰਘ, ਸੁਤੰਤਰ ਪਾਰਟੀ, ਸਮਾਜਵਾਦੀ ਪਾਰਟੀ ਤੇ ਦੋ ਕੁ ਮਹੀਨੇ ਪਹਿਲਾਂ ਜੰਮੀ ਬਾਬੂ ਜਗਜੀਵਨ ਰਾਮ ਦੀ ਕਾਂਗਰਸ ਫਾਰ ਡੈਮੋਕਰੇਸੀ) ਨੂੰ ਜੋੜ ਕੇ ਨਵੀਂ ਬਣੀ ਜਨਤਾ ਪਾਰਟੀ ਨੇ ਦੇਸ਼ ਦੀ ਕਮਾਨ ਸਾਂਭ ਲਈ ਸੀ। ਇਸ ਗੱਠਜੋੜ ਦੇ ਲੀਡਰਾਂ ਦਾ ਕਹਿਣਾ ਸੀ ਕਿ ਇੰਦਰਾ ਗਾਂਧੀ ਆਪ ਭ੍ਰਿਸ਼ਟ ਸੀ, ਇਸ ਕਰ ਕੇ ਲੋਕਪਾਲ ਬਿੱਲ ਪਾਸ ਨਹੀਂ ਸੀ ਹੋਣ ਦੇਂਦੀ, ਪਰ ਇਹ ਆਪ ਵੀ ਬਿੱਲ ਪੇਸ਼ ਕਰ ਕੇ ਪਾਸ ਨਹੀਂ ਸੀ ਕਰਵਾ ਸਕੇ ਤੇ ਪੌਣੇ ਤਿੰਨ ਸਾਲ ਆਪਸੀ ਖਹਿਬਾਜ਼ੀ ਦੇ ਲੇਖੇ ਲਾ ਕੇ ਘਰੀਂ ਦੌੜ ਗਏ ਸਨ। ਅਗਲੀ ਵਾਰ ਇਹੋ ਜ਼ਿੰਮਾ 1985 ਵਿਚ ਨਵੇਂ ਬਣੇ ਪ੍ਰਧਾਨ ਮੰਤਰੀ ਅਤੇ 'ਮਿਸਟਰ ਕਲੀਨ' ਅਖਵਾਉਂਦੇ ਰਾਜੀਵ ਗਾਂਧੀ ਨੇ ਚੁੱਕਿਆ ਪਰ ਬਿੱਲ ਪਾਸ ਨਹੀਂ ਸੀ ਹੋਇਆ ਤੇ ਰਾਜੀਵ ਗਾਂਧੀ ਆਪਣੇ ਅਕਸ ਉੱਤੇ ਬੋਫੋਰਜ਼ ਤੋਪ ਸੌਦੇ ਵਿਚ ਭ੍ਰਿਸ਼ਟਾਚਾਰ ਦਾ ਦਾਗ ਲਗਵਾ ਕੇ ਗੱਦੀ ਛੱਡ ਗਿਆ ਸੀ। ਉਸ ਤੋਂ ਬਾਅਦ ਇਹੋ ਕਦਮ ਚੁੱਕਣ ਦੀ ਕੋਸ਼ਿਸ਼ 1989 ਵਿਚ ਪ੍ਰਧਾਨ ਮੰਤਰੀ ਬਣ ਕੇ ਮਾਂਡਾ ਦੀ ਰਿਆਸਤ ਦੇ ਰਾਜੇ ਵੀ.ਪੀ. ਸਿੰਘ ਨੇ ਕੀਤੀ ਪਰ ਗੱਦੀ ਖੁੱਸ ਗਈ ਤੇ ਲੋਕ ਸਭਾ ਵੀ ਟੁੱਟ ਗਈ।

ਹਵਾਲਾ ਕਾਂਡ ਤੋਂ ਲੈ ਕੇ ਝਾਰਖੰਡ ਮੁਕਤੀ ਮੋਰਚਾ ਕਾਂਡ ਤੱਕ ਲਪੇਟੇ ਰਹੇ ਪੀ.ਵੀ. ਨਰਸਿਮਹਾ ਰਾਓ ਨੇ ਇਸ ਪਾਸੇ ਕੋਈ ਕੋਸ਼ਿਸ਼ ਹੀ ਨਹੀਂ ਕੀਤੀ। ਫਿਰ 1996 ਵਿਚ ਪ੍ਰਧਾਨ ਮੰਤਰੀ ਬਣ ਕੇ ਹਰਦਨਹੱਲੀ ਡੋਡਾਗੌੜਾ ਦੇਵੇਗੌੜਾ ਨੇ ਇਹ ਮੋਰਚਾ ਫਤਹਿ ਕਰਨ ਦੀ ਫੜ੍ਹ ਮਾਰ ਦਿੱਤੀ ਪਰ ਕਰ ਕੁਝ ਨਹੀਂ ਸਕਿਆ। ਇੰਦਰ ਕੁਮਾਰ ਗੁਜਰਾਲ ਨੇ ਇਸ ਫਾਈਲ ਦਾ ਘੱਟਾ ਵੀ ਝਾੜਨ ਦੀ ਲੋੜ ਹੀ ਨਹੀਂ ਸਮਝੀ। ਉਸ ਪਿੱਛੋਂ ਆਏ ਅਟਲ ਬਿਹਾਰੀ ਵਾਜਪਾਈ ਨੇ ਇਹ ਕੰਮ ਕਰਨ ਦਾ ਐਲਾਨ ਕੀਤਾ ਤਾਂ ਪਹਿਲੀ ਕੋਸ਼ਿਸ਼ 1998 ਵਿਚ ਕੀਤੀ ਗਈ ਜਿਸ ਨੂੰ ਕਾਰਗਿਲ ਦੀ ਜੰਗ ਨੇ ਸਿਰੇ ਨਾ ਚੜ੍ਹਨ ਦਿੱਤਾ ਅਤੇ ਬਿੱਲ ਅੱਧ-ਵਿਚਾਲੇ ਰਹਿ ਗਿਆ। ਜਦੋਂ 2001 ਵਿਚ ਦੂਜੀ ਕੋਸ਼ਿਸ਼ ਕੀਤੀ ਗਈ, ਉਦੋਂ ਨਾ ਤਾਂ ਜੰਗ ਦੇ ਬੱਦਲ ਸਨ, ਨਾ ਮਿਆਦ ਤੋਂ ਪਹਿਲਾਂ ਪਾਰਲੀਮੈਂਟ ਟੁੱਟਣ ਦਾ ਡਰ। ਇਸ ਦੇ ਬਾਵਜੂਦ ਵਾਜਪਾਈ ਸਾਹਿਬ ਲੋਕਪਾਲ ਦਾ ਬਿੱਲ ਪਾਸ ਨਹੀਂ ਕਰਵਾ ਸਕੇ।



ਐਚ.ਡੀ. ਦੇਵੇਗੌੜਾ



ਪੀ.ਵੀ. ਨਰਸਿਮਹਾ ਰਾਓ



ਰਾਜੀਵ ਗਾਂਧੀ



ਵੀ.ਪੀ. ਸਿੰਘ



ਅਟਲ ਬਿਹਾਰੀ ਵਾਜਪਾਈ



ਇੰਦਰ ਕੁਮਾਰ ਗੁਜਰਾਲ

***ਅੱਜ ਤੱਕ ਕਿਸੇ ਵੀ ਪ੍ਰਧਾਨ ਮੰਤਰੀ ਨੇ ਲੋਕਪਾਲ ਬਿੱਲ ਪਾਸ ਕਰਵਾਉਣ ਲਈ ਉੱਦਮ ਨਹੀਂ ਕੀਤਾ।ਭਾਰਤ ਵਿਚ ਪਹਿਲੀ ਵਾਰੀ ਲੋਕਪਾਲ ਬਿੱਲ 1968 ਵਿਚ ਇੰਦਰਾ ਗਾਂਧੀ ਦੀ ਅਗਵਾਈ ਹੇਠਲੇ ਉਸ ਕਾਂਗਰਸੀ ਪਾਰਲੀਮੈਂਟ ਮੈਂਬਰਾਂ ਦੇ ਗਰੁੱਪ ਨੇ ਪੇਸ਼ ਕੀਤਾ ਸੀ ਜਿਨ੍ਹਾਂ ਨੂੰ ਬੜੇ ਇਮਾਨਦਾਰ ਸਮਝਿਆ ਜਾਂਦਾ ਸੀ। ਹੁਣ ਵਾਲੀ ਅੰਨਾ ਹਜ਼ਾਰੇ ਦੀ ਟੀਮ ਵਿਚਲੇ ਬਜ਼ੁਰਗ ਵਕੀਲ ਸ਼ਾਂਤੀ ਭੂਸ਼ਨ ਉਦੋਂ ਅਜੇ ਨੌਜਵਾਨ ਸਨ ਤੇ ਇਹ ਬਿੱਲ ਪੇਸ਼ ਕਰਨ ਵਾਲਿਆਂ ਵਿਚ ਮੋਹਰੀ ਸਨ ਪਰ ਉਹ ਬਿੱਲ ਸਿਰੇ ਲੱਗਣ ਤੋਂ ਪਹਿਲਾਂ ਪਾਰਲੀਮੈਂਟ ਭੰਗ ਹੋ ਗਈ ਸੀ।***

ਹੁਣ ਜਦੋਂ ਅੰਨਾ ਹਜ਼ਾਰੇ ਅਤੇ ਉਸ ਦੀ ਟੀਮ ਨੇ ਮੋਰਚਾ ਲਾ ਦਿੱਤਾ ਹੈ ਤਾਂ ਪਾਰਲੀਮੈਂਟ ਵਿਚ ਬਹਿਸ ਨਵੇਂ ਰੁਖ ਮੁੜ ਗਈ ਹੈ। ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਕਹਿ ਦਿੱਤਾ ਹੈ ਕਿ ਇਹ ਰੁਝਾਨ ਹੀ ਖਤਰਨਾਕ ਹੈ ਕਿ ਕੋਈ ਬੰਦਾ ਉੱਠ ਕੇ ਸਰਕਾਰ ਨੂੰ ਇਹ ਕਹਿਣ ਤੁਰ ਪਵੇ ਕਿ ਮੇਰੇ ਕਹੇ ਮੁਤਾਬਕ ਬਿੱਲ ਪਾਸ ਕਰੋ, ਨਹੀਂ ਤਾਂ ਮੈਂ ਮੋਰਚਾ ਲਾ ਦੇਵਾਂਗਾ। ਉਸ ਦਾ ਇਹ ਵੀ ਕਹਿਣਾ ਹੈ ਕਿ ਕਾਨੂੰਨ ਬਣਾਉਣ ਦਾ ਹੱਕ ਸੰਵਿਧਾਨ ਨੇ ਪਾਰਲੀਮੈਂਟ ਨੂੰ ਦਿੱਤਾ ਹੈ ਜਿਸ ਨੂੰ ਲੋਕ ਚੁਣਦੇ ਹਨ; ਇਹ ਹੱਕ ਕਿਸੇ ਹੋਰ ਦੇ ਹਵਾਲੇ ਨਹੀਂ ਕੀਤਾ ਜਾ ਸਕਦਾ। ਏਨੀ ਗੱਲ ਉਸ ਦੀ ਠੀਕ ਹੈ ਪਰ ਸਿਰਫ ਏਨੀ ਹੀ, ਬਾਕੀ ਕੁਝ ਵੀ ਨਹੀਂ। ਇਹ ਦੱਸਣ ਦੀ ਲੋੜ ਨਹੀਂ ਕਿ ਕਾਨੂੰਨ ਬਣਾਉਣ ਦਾ ਹੱਕ ਕਿਸ ਦਾ ਹੈ ਸਗੋਂ ਦੱਸਣ ਵਾਲੀ ਗੱਲ ਇਹ ਹੈ ਕਿ ਜਿਸ ਪਾਰਲੀਮੈਂਟ ਨੂੰ ਇਹ ਹੱਕ ਲੋਕਾਂ ਨੇ ਦਿੱਤਾ ਸੀ, ਉਸ ਨੇ ਭ੍ਰਿਸ਼ਟਾਚਾਰ ਦਾ ਰਾਹ ਰੋਕਣ ਵਾਲਾ ਲੋਕਪਾਲ ਬਿੱਲ 1968 ਤੋਂ ਸ਼ੁਰੂ ਕੀਤਾ ਅਤੇ 2001 ਤੱਕ ਅੱਠ ਵਾਰ ਦਿਖਾ ਕੇ ਵਾਪਸ ਕਿਉਂ ਲੈ ਲਿਆ? ਜਿਹੜੇ ਬਿੱਲ ਨੂੰ ਵਿਰੋਧੀ ਧਿਰ ਵਿਚ ਬੈਠੇ ਆਗੂ ਵੀ ਜਾਇਜ਼ ਆਖਦੇ ਹਨ, ਹਾਕਮ ਪਾਰਟੀ ਵਾਲੇ ਵੀ ਇਸ ਤੋਂ ਇਨਕਾਰ ਨਹੀਂ ਕਰਦੇ, ਉਹ ਤਿਰਤਾਲੀ ਸਾਲਾਂ ਤੋਂ ਊਠ ਦੇ ਬੁੱਲ੍ਹ ਵਾਂਗ ਲਮਕਦਾ ਕਿਉਂ ਆਇਆ ਹੈ?






ਅੰਨਾ ਹਜ਼ਾਰੇ (ਖੱਬੇ) ਜਦੋਂ ਫੌਜੀ ਸੀ ਅਤੇ ਹੁਣ।



ਇੰਦਰਾ ਗਾਂਧੀ



ਡਾ. ਮਨਮੋਹਨ ਸਿੰਘ

ਬਿਨਾਂ ਸ਼ੱਕ ਪਾਰਲੀਮੈਂਟ ਨਾਲ ਜੁੜੇ ਹੋਏ ਲੋਕ ਇਸ ਸੱਚ ਦਾ ਸਾਹਮਣਾ ਨਹੀਂ ਕਰਦੇ, ਲੋਕਾਂ ਦੀ ਪ੍ਰਤੀਨਿਧਤਾ ਕਰਨ ਵਾਲੇ ਉਥੇ ਬੈਠਿਆਂ ਵਿਚੋਂ ਕਈਆਂ ਨੂੰ ਆਪਣਾ ਡਰ ਸਤਾ ਰਿਹਾ ਹੈ। ਕੀ ਇਹ ਸੱਚ ਨਹੀਂ ਕਿ ਇਸ ਵਕਤ 543 ਮੈਂਬਰਾਂ ਦੀ ਲੋਕ ਸਭਾ ਵਿਚ 153 ਮੈਂਬਰਾਂ ਦੇ ਆਪਣੇ ਖਿਲਾਫ ਇਕ ਤੋਂ ਇਕ ਘਟੀਆ ਕਿਸਮ ਦੇ ਕੇਸ ਚੱਲ ਰਹੇ ਹਨ? ਅੱਧੀ ਦਰਜਨ ਮੈਂਬਰ ਤਾਂ ਇਸ ਵਕਤ ਜੇਲ੍ਹ ਵਿਚ ਬੈਠੇ ਹੋਏ ਹਨ। ਕੀ ਇਹ ਸੱਚ ਨਹੀਂ ਕਿ ਪਾਰਲੀਮੈਂਟ ਦੇ ਕਈ ਮੈਂਬਰ ਸਵਾਲ ਪੁੱਛਣ ਅਤੇ ਫਿਰ ਪੁੱਛੇ ਗਏ ਸਵਾਲ ਦਾ ਜਵਾਬ ਮਿਲਣ ਮੌਕੇ ਗੈਰ-ਹਾਜ਼ਰ ਰਹਿਣ ਦੇ ਪੈਸੇ ਲੈਂਦੇ ਹਨ? ਪਿਛਲੀ ਲੋਕ ਸਭਾ ਵੇਲੇ ਇਹ ਕੁਝ ਕਰਨ ਵਾਲੇ ਗਿਆਰਾਂ ਪਾਰਲੀਮੈਂਟ ਮੈਂਬਰਾਂ ਦੀ ਰਿਕਾਰਡਿੰਗ ਜਦੋਂ ਲੋਕਾਂ ਨੇ ਟੀ.ਵੀ. ਸਕਰੀਨਾਂ ਉੱਤੇ ਦੇਖ ਲਈ ਤਾਂ ਸਾਰੇ ਪਾਸੇ ਤਹਿਲਕਾ ਮੱਚ ਗਿਆ ਸੀ ਪਰ ਹੋਇਆ ਸਿਰਫ ਏਨਾ ਕਿ ਲੋਕ ਸਭਾ ਦੇ ਇਹੋ ਜਿਹੇ ਮੈਂਬਰਾਂ ਨੂੰ ਖਾਰਜ ਕਰ ਦਿੱਤਾ ਗਿਆ ਤੇ ਰਾਜ ਸਭਾ ਵਾਲਿਆਂ ਦੀ ਵਾਰੀ ਆਉਣ ਤੱਕ ਨਰਮੀ ਦਾ ਮਨ ਬਣ ਗਿਆ ਸੀ। ਫਿਰ ਕੁਝ ਹੋਰ ਮੈਂਬਰ ਆਪਣੇ ਹਲਕੇ ਦਾ ਵਿਕਾਸ ਫੰਡ ਜਾਰੀ ਕਰਨ ਬਦਲੇ ਹਿੱਸਾ-ਪੱਤੀ ਮੰਗਦੇ ਅਤੇ ਵਸੂਲਦੇ ਦੇਖੇ ਗਏ ਪਰ ਇਹ ਕਹਿ ਕੇ ਗੱਲ ਟਾਲ ਦਿੱਤੀ ਗਈ ਕਿ ਇਹ ਪਾਰਲੀਮੈਂਟ ਤੋਂ ਬਾਹਰ ਦਾ ਮਾਮਲਾ ਹੈ। ਉਨ੍ਹਾਂ ਦੀ ਖੜ੍ਹੇ ਪੈਰ ਛਾਂਟੀ ਕਰਨ ਦਾ ਮਤਾ ਕਿਉਂ ਨਾ ਪਾਸ ਕੀਤਾ ਗਿਆ? ਕੀ ਇਸ ਲਈ ਕਿ ਇੰਜ ਕਰਨ ਨਾਲ ਕਈ ਹੋਰਨਾਂ ਦੇ ਕਿੱਸੇ ਖੁੱਲ੍ਹ ਜਾਣੇ ਸਨ? ਕੀ ਇਹ ਸੱਚ ਨਹੀਂ ਕਿ ਪਿਛਲੀ ਲੋਕ ਸਭਾ ਦਾ ਗੁਜਰਾਤ ਤੋਂ ਇਕ ਭਾਜਪਾ ਮੈਂਬਰ ਪੰਜਾਬ ਦੀ ਇਕ ਔਰਤ ਨੂੰ ਆਪਣੀ ਪਤਨੀ ਤੇ ਇਕ ਹੋਰ ਅਣਜਾਣੇ ਪੰਜਾਬੀ ਬੱਚੇ ਨੂੰ ਆਪਣਾ ਪੁੱਤ ਬਣਾ ਕੇ ਵਿਦੇਸ਼ ਪੁਚਾਉਣ ਦੀ ਥਰਡ-ਰੇਟ ਕਬੂਤਰਬਾਜ਼ੀ ਕਰਦਾ ਕਾਬੂ ਆਇਆ ਸੀ? ਕੀ ਇਸ ਪਿੱਛੋਂ ਇਹ ਪਤਾ ਕੀਤਾ ਗਿਆ ਕਿ ਹੋਰ ਕਿੰਨੇ ਕੁ ਮੈਂਬਰਾਂ ਨੇ ਇਸ ਤਰ੍ਹਾਂ ਵਿਦੇਸ਼ਾਂ ਦੀਆਂ ਉਡਾਰੀਆਂ ਲਾਈਆਂ ਹਨ ਅਤੇ ਜਾਣ ਵੇਲੇ ਉਨ੍ਹਾਂ ਵਿਚੋਂ ਕਿਸ ਦੇ ਨਾਲ ਕਿਹੜੀ ਪਤਨੀ ਜਾਂ ਕਿਹੜੇ ਬੱਚੇ ਹੁੰਦੇ ਸਨ? ਕੀ ਇਹ ਸੱਚ ਨਹੀਂ ਕਿ ਕੁਝ ਪਾਰਲੀਮੈਂਟ ਮੈਂਬਰਾਂ ਦੇ ਮੁਫਤ ਸਫਰ ਵਾਲੇ ਰੇਲਵੇ ਪਾਸਾਂ ਉੱਤੇ ਦੂਜੇ ਲੋਕ ਸਫਰ ਕਰਦੇ ਫੜੇ ਗਏ ਸਨ ਤੇ ਉਨ੍ਹਾਂ ਨੇ ਦੱਸਿਆ ਸੀ ਕਿ ਇਹ ਟਿਕਟਾਂ ਉਨ੍ਹਾਂ ਨੂੰ ਐਮ.ਪੀ. ਸਾਹਿਬ ਨੇ ਪੈਸੇ ਲੈ ਕੇ ਵੇਚੀਆਂ ਹਨ? ਇਹ ਵਿਹਾਰ ਕਰਨ ਵਾਲੇ ਐਮ.ਪੀ. ਜਦੋਂ ਲੋਕਾਂ ਦੇ ਹਿੱਤਾਂ ਵੱਲ ਧਿਆਨ ਦੇਣਾ ਛੱਡ ਗਏ ਤਾਂ ਅੰਨਾ ਹਜ਼ਾਰੇ ਵਾਲੇ ਮੋਰਚੇ ਦਾ ਆਗਮਨ ਹੋ ਗਿਆ।

ਵਿਰੋਧੀ ਧਿਰ ਨੇ ਵੀ ਪ੍ਰਧਾਨ ਮੰਤਰੀ ਅਤੇ ਸਰਕਾਰ ਉੱਤੇ ਹਮਲੇ ਕਰਨ ਵਿਚ ਤਾਂ ਕਸਰ ਨਹੀਂ ਛੱਡੀ, ਹਮਲੇ ਭਾਵੇਂ ਇਹ ਸਾਰੇ ਜਾਇਜ਼ ਜਾਪਦੇ ਸਨ ਪਰ ਇਹ ਨਹੀਂ ਦੱਸਿਆ ਕਿ ਜਦੋਂ ਉਨ੍ਹਾਂ ਦੇ ਹੱਥ ਵਾਗਡੋਰ ਸੀ, ਉਦੋਂ ਕਿਹੜਾ ਤੀਰ ਕੱਦੂ ਵਿਚ ਮਾਰਿਆ ਸੀ? ਅੱਜ ਉਹ ਪ੍ਰਧਾਨ ਮੰਤਰੀ ਦੇ ਅਹੁਦੇ ਨੂੰ ਲੋਕਪਾਲ ਦੇ ਅਧਿਕਾਰ ਖੇਤਰ ਵਿਚ ਲਿਆਉਣ ਦੀ ਵਕਾਲਤ ਕਰਦੇ ਹਨ ਪਰ ਆਪਣੇ ਵੇਲੇ ਇਸ ਗੱਲ ਲਈ ਸਹਿਮਤ ਨਹੀਂ ਸਨ ਹੋਏ। ਇਹ ਵੀ ਕੌੜਾ ਸੱਚ ਹੈ ਕਿ ਭਾਰਤ ਦੇ ਕਈ ਰਾਜਾਂ ਵਿਚ ਲੋਕਪਾਲ ਜਾਂ ਲੋਕ-ਆਯੁਕਤ ਬਣਾਏ ਗਏ ਪਰ ਉਨ੍ਹਾਂ ਦੇ ਅਹੁਦੇ ਖਾਲੀ ਪਏ ਹਨ। ਜਿਨ੍ਹਾਂ ਰਾਜਾਂ ਵਿਚ ਅਹੁਦੇ ਖਾਲੀ ਹਨ, ਉਨ੍ਹਾਂ ਵਿਚ ਕਾਂਗਰਸੀ ਸਰਕਾਰਾਂ ਵੀ ਹਨ, ਵਿਰੋਧੀ ਧਿਰ ਦੀਆਂ ਵੀ ਤੇ ਜਿੱਥੇ ਅਹੁਦਾ ਵੀ ਹੈ ਅਤੇ ਕੁਰਸੀ ਖਾਲੀ ਵੀ ਨਹੀਂ, ਉਥੇ ਲੋਕਪਾਲ ਦੀ ਸਿਫਾਰਸ਼ ਨੂੰ ਮੰਨਿਆ ਨਹੀਂ ਜਾਂਦਾ। ਇਸ ਦੀ ਮਿਸਾਲ ਕਰਨਾਟਕ ਸੀ ਜਿੱਥੇ ਕਈ ਵਾਰੀ ਲੋਕਪਾਲ ਦੇ ਹੁਕਮ ਟਿੱਚ ਜਾਣੇ ਗਏ ਅਤੇ ਇਹ ਉਦੋਂ ਹੀ ਮੰਨੇ ਗਏ, ਜਦੋਂ ਹੋਰ ਕੋਈ ਰਾਹ ਨਹੀਂ ਸੀ ਰਹਿ ਗਿਆ। ਦੂਜੀ ਮਿਸਾਲ ਦਿੱਲੀ ਦੀ ਹੈ ਜਿੱਥੇ ਬੀਬੀ ਸ਼ੀਲਾ ਦੀਕਸ਼ਤ ਨੂੰ ਹਾਲੇ ਵੀ ਪ੍ਰਵਾਹ ਨਹੀਂ ਹੈ। ਅਗਲੇ ਦਿਨੀਂ, ਜੇ ਕਿਸੇ ਨੇ ਸ਼ੀਲਾ ਬੀਬੀ ਦੇ ਵਿਰੁੱਧ ਵੀ ਮੋਰਚਾ ਲਾ ਦਿੱਤਾ ਤਾਂ ਪ੍ਰਵਾਹ ਕਰਨੀ ਮਜਬੂਰੀ ਬਣ ਜਾਵੇਗੀ।

ਸਵਾਲ ਇਸ ਵਕਤ ਇਹ ਨਹੀਂ ਕਿ ਲੋਕਪਾਲ ਬਿੱਲ ਪਾਸ ਕਰਨਾ ਹੈ ਜਾਂ ਨਹੀਂ। ਇਹ ਤਾਂ ਹੁਣ ਪਾਸ ਕਰਨਾ ਹੀ ਪੈਣਾ ਹੈ। ਹੁਣ ਸਵਾਲ ਇਹ ਬਣ ਗਿਆ ਹੈ ਕਿ ਲੋਕਪਾਲ ਬਣਾਇਆ ਕਿਹੋ ਜਿਹਾ ਜਾਵੇ? ਸਰਕਾਰੀ ਧਿਰ ਦਾ ਲੋਕਪਾਲ ਬਿੱਲ ਕਿਸੇ ਵੀ ਤਰ੍ਹਾਂ ਲੋਕਾਂ ਦੀਆਂ ਭਾਵਨਾਵਾਂ ਦੀ ਤਰਜਮਾਨੀ ਨਹੀਂ ਕਰਦਾ। ਗੱਲ ਏਨੀ ਹੀ ਨਹੀਂ ਕਿ ਸਰਕਾਰ ਦੇ ਬਿੱਲ ਵਿਚ ਪ੍ਰਧਾਨ ਮੰਤਰੀ ਅਤੇ ਸਿਖਰਲੇ ਜੱਜ ਹੋਣ ਜਾਂ ਨਾ; ਸਗੋਂ ਇਹ ਵੀ ਹੈ ਕਿ ਸਰਕਾਰ ਦੇ ਬਣਾਏ ਲੋਕਪਾਲ ਕੋਲ ਕਾਰਵਾਈ ਕਰਨ ਦਾ ਕੋਈ ਅਧਿਕਾਰ ਨਹੀਂ ਹੋਣਾ। ਉਹ ਕਾਰਵਾਈ ਦੀ ਸਿਫਾਰਸ਼ ਹੀ ਕਰੇਗਾ, ਕਾਰਵਾਈ ਕਰਨੀ ਜਾਂ ਨਾ ਕਰਨੀ ਫਿਰ ਰਾਜਸੀ ਲੀਡਰਸ਼ਿਪ ਦੇ ਮਰਜ਼ੀ ਉੱਤੇ ਨਿਰਭਰ ਕਰੇਗੀ। ਪਾਰਲੀਮੈਂਟ ਮੈਂਬਰਾਂ ਉੱਤੇ ਜੇ ਪਾਰਲੀਮੈਂਟ ਵਿਚ ਪੈਸੇ ਲੈ ਕੇ ਵੋਟ ਪਾਉਣ ਦਾ ਦੋਸ਼ ਲੱਗਦਾ ਹੋਵੇ ਤਾਂ ਲੋਕਪਾਲ ਪੁੱਛਗਿੱਛ ਨਹੀਂ ਕਰ ਸਕੇਗਾ। ਦੇਸ਼ ਦੀ ਸਭ ਤੋਂ ਵੱਡੀ ਜਾਂਚ ਏਜੰਸੀ ਸੀ.ਬੀ.ਆਈ. ਲੋਕਪਾਲ ਦੇ ਅਧਿਕਾਰ ਖੇਤਰ ਤੋਂ ਬਾਹਰ ਹੋਵੇਗੀ। ਕਿਸੇ ਦੇ ਖਿਲਾਫ ਲੋੜੀਂਦੇ ਸਭ ਸਬੂਤ ਵੀ ਮਿਲ ਜਾਣ ਤਾਂ ਲੋਕਪਾਲ ਨੂੰ ਕੇਸ ਦਰਜ ਕਰਵਾਉਣ ਦਾ ਅਧਿਕਾਰ ਨਹੀਂ ਹੋਵੇਗਾ। ਇਹੋ ਜਿਹਾ ਲੋਕਪਾਲ ਭਾਰਤ ਦੇ ਭ੍ਰਿਸ਼ਟਾਚਾਰ ਦਾ ਬਾਨ੍ਹਣੂੰ ਬੰਨ੍ਹ ਹੀ ਨਹੀਂ ਸਕੇਗਾ।

ਅਸੀਂ ਵੀ ਇਸ ਰਾਏ ਦੇ ਹਾਂ ਕਿ ਲੋਕ ਰਾਜ ਵਿਚ ਦੇਸ਼ ਦੇ ਕਾਨੂੰਨ ਬਣਾਉਣ ਦਾ ਅਧਿਕਾਰ ਸਿਰਫ ਪਾਰਲੀਮੈਂਟ ਕੋਲ ਹੈ ਤੇ ਉਸੇ ਕੋਲ ਹੋਣਾ ਚਾਹੀਦਾ ਹੈ ਪਰ ਜੇ ਪਾਰਲੀਮੈਂਟ ਕੁਝ ਕਰਦੀ ਨਹੀਂ, ਜਾਂ ਕਰਨ ਦੇ ਨਾਂ ਉੱਤੇ ਗੋਗਲੂਆਂ ਤੋਂ ਮਿੱਟੀ ਝਾੜਨ ਲੱਗੀ ਰਹਿੰਦੀ ਹੈ ਤਾਂ ਲੋਕਾਂ ਨੂੰ ਆਪਣੀ ਹੋਂਦ ਦਿਖਾਉਣੀ ਪੈ ਜਾਂਦੀ ਹੈ। ਲੋਕ ਇਸ ਵਕਤ ਇਹ ਮੰਗ ਨਹੀਂ ਕਰ ਰਹੇ ਕਿ ਸਾਨੂੰ ਕਾਨੂੰਨ ਬਣਾਉਣ ਦਾ ਹੱਕ ਦਿਓ, ਸਗੋਂ ਇਹ ਮੰਗ ਕਰ ਰਹੇ ਹਨ ਕਿ ਕਾਨੂੰਨ ਦੇ ਨਾਂ ਉੱਤੇ ਸਾਡੇ ਨਾਲ ਮਜ਼ਾਕ ਨਾ ਕਰੋ। ਕਿਸੇ ਕਾਨੂੰਨ ਦੇ ਮਾਮਲੇ ਵਿਚ ਲੋਕਾਂ ਦੇ ਦਖਲ ਦਾ ਇਹ ਕੋਈ ਪਹਿਲਾ ਮੌਕਾ ਨਹੀਂ, ਸਗੋਂ ਅੱਗੇ ਵੀ ਕਈ ਵਾਰ ਇੰਜ ਹੋ ਚੁੱਕਾ ਹੈ। ਜਦੋਂ ਔਰਤਾਂ ਜਾਂ ਸਮਾਜ ਦੇ ਕੁਝ ਹੋਰ ਵਰਗਾਂ ਦੀ ਰਿਜ਼ਰਵੇਸ਼ਨ ਦੀ ਮੰਗ ਉੱਤੇ ਜਨਤਕ ਲਾਮਬੰਦੀ ਹੁੰਦੀ ਹੈ, ਉਦੋਂ ਕੋਈ ਨਹੀਂ ਕਹਿੰਦਾ ਕਿ ਕਾਨੂੰਨ ਬਣਾਉਣ ਦਾ ਪਾਰਲੀਮੈਂਟ ਮੈਂਬਰਾਂ ਦਾ ਹੱਕ ਖੋਹਣ ਦਾ ਯਤਨ ਕੀਤਾ ਜਾ ਰਿਹਾ ਹੈ। ਨਾ ਨਵੇਂ ਰਾਜਾਂ ਦੀ ਮੰਗ ਉੱਠਣ ਉੱਤੇ ਕਿਹਾ ਜਾਂਦਾ ਹੈ, ਬਲਕਿ ਗੱਲ ਟਾਲਣ ਦੀ ਜਦੋਂ ਗੁੰਜਾਇਸ਼ ਨਾ ਰਹਿ ਜਾਵੇ ਤਾਂ ਇਸ ਨੂੰ 'ਲੋਕਾਂ ਦੀ ਮੰਗ' ਆਖ ਕੇ ਪੇਸ਼ ਕਰ ਕੇ ਪਾਸ ਕਰਵਾਇਆ ਜਾਂਦਾ ਹੈ।

ਹੁਣ ਜਦੋਂ ਲੋਕਾਂ ਦੀ ਸਾਂਝੀ ਮੰਗ ਹੈ ਜਿਸ ਨੇ ਧਰਮਾਂ ਦਾ ਫਰਕ ਵੀ ਨਹੀਂ ਰਹਿਣ ਦਿੱਤਾ, ਜਾਤਾਂ ਦਾ ਵਖਰੇਵਾਂ ਵੀ ਰਾਹ ਵਿਚ ਨਹੀਂ ਆਉਣ ਦਿੱਤਾ ਤੇ ਵਰਗਾਂ ਦੀ ਵੰਡ ਛੱਡ ਕੇ ਅਮੀਰ, ਗਰੀਬ ਸਾਰੇ ਲੋਕ ਇਕੋ ਥਾਂ ਬੈਠੇ ਕਹਿ ਰਹੇ ਹਨ ਕਿ ਭ੍ਰਿਸ਼ਟਾਚਾਰ ਦੀ ਸੜ੍ਹਿਆਂਦ ਨਹੀਂ ਝੱਲ ਹੁੰਦੀ, ਤਾਂ ਪਾਰਲੀਮੈਂਟ ਮੈਂਬਰਾਂ ਦੇ ਸੰਵਿਧਾਨਕ ਹੱਕ ਦਾ ਸਵਾਲ ਬਣ ਗਿਆ ਹੈ।

ਇਹੋ ਜਿਹੇ ਮੌਕੇ ਇਤਿਹਾਸ ਵਿਚ ਕਦੇ-ਕਦਾਈਂ ਆਉਂਦੇ ਹਨ ਜਦੋਂ ਲੋਕਾਂ ਨੂੰ ਨਿਰਪੱਖਤਾ ਛੱਡ ਕੇ ਇਸ ਜਾਂ ਉਸ ਪਾਸੇ ਖੜ੍ਹੇ ਹੋਣਾ ਪੈਂਦਾ ਹੈ, ਤੇ ਇਹ ਮੌਕਾ ਹੁਣ ਹਿੰਦੁਸਤਾਨ ਦੇ ਲੋਕਾਂ ਸਾਹਮਣੇ ਆਣ ਖੜ੍ਹਾ ਹੈ, ਫੈਸਲਾ ਉਨ੍ਹਾਂ ਨੇ ਆਪ ਕਰਨਾ ਹੈ।




**www.akalidalamritsar.net**

**ਮਾਨ ਕੌਮ ਦੀ ਸ਼ਾਨ**

## ਸ. ਸਿਮਰਨਜੀਤ ਸਿੰਘ ਮਾਨ 'ਤੇ ਅਖਬਾਰ ਅੰਮ੍ਰਿਤਸਰ ਟਾਈਮਜ਼ ਦਾ ਘਟੀਆ ਹਮਲਾ

# ਸਿਆਸੀ ਸੂਝ ਦੇ ਮਿਹਣੇ ਦੇਣ ਵਾਲੇ ਆਪਣੀ ਪੀੜ੍ਹੀ ਥੱਲੇ ਤਾਂ ਸੋਟਾ ਫੇਰ ਲੈਣ

ਅਮਰੀਕਾ ਤੋਂ ਛਪਦੇ ਇਕ ਪੰਜਾਬੀ ਅਖਬਾਰ 'ਅੰਮ੍ਰਿਤਸਰ ਟਾਈਮਜ਼' ਨੇ ਆਪਣੇ 17 ਅਗਸਤ ਦੇ ਅੰਕ ਵਿਚ ਛਾਪੇ ਸੰਪਾਦਕੀ ਵਿਚ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਨੂੰ "ਗਰਮ ਖਿਆਲੀ" ਅਤੇ "ਸਿਆਸੀ ਸੂਝ ਬੂਝ ਤੋਂ ਕੋਰਾ" ਦੱਸਿਆ ਹੈ। ਸਾਡੀ ਇਸ ਅਖਬਾਰ ਦੇ ਸੰਪਾਦਕ ਅਤੇ ਇਸ ਦੇ ਮਾਲਕਾਂ ਜੋ ਆਪਣੇ ਆਪ ਨੂੰ ਸਿੱਖ ਪੰਥ ਦਾ ਠੇਕੇਦਾਰ ਸਮਝੀ ਬੈਠੇ ਹਨ, ਨੂੰ ਬੇਨਤੀ ਹੈ ਕਿ ਦੂਜੇ ਬਾਰੇ ਕੋਈ ਫਤਵਾ ਦੇਣ ਤੋਂ ਪਹਿਲਾਂ ਉਹ ਆਪਣੀ ਪੀੜ੍ਹੀ ਹੇਠ ਤਾਂ ਸੋਟਾ ਫੇਰ ਲੈਣ। ਇਸ ਅਖਬਾਰ ਦੇ ਪਿਛੇ ਕੰਮ ਕਰਦੀ ਪੰਚ ਪ੍ਰਧਾਨੀ ਧਿਰ ਦੀ ਸੂਝ-ਬੂਝ ਤਾਂ ਉਦੋਂ ਹੀ ਸਾਹਮਣੇ ਆ ਗਈ ਸੀ ਜਦੋਂ ਇਹ ਪਰਦਾ ਫਾਸ਼ ਹੋਇਆ ਸੀ ਕਿ ਪੰਚ ਪ੍ਰਧਾਨੀ ਦੀ ਮਾਂ "ਪੰਥਕ ਕਮੇਟੀ" ਨੇ ਫਰਵਰੀ 1992 ਦੀਆਂ ਵਿਧਾਨ ਸਭਾ ਚੋਣਾਂ ਦਾ ਬੇਮੁਹਾਰ ਏ ਕੇ ਸੰਤਾਲੀਆਂ ਦੀ ਨੋਕ 'ਤੇ ਜ਼ਬਰਦਸਤੀ ਬਾਈਕਾਟ ਕਰਵਾ ਕੇ ਬੇਅੰਤ ਸਿੰਘ ਦੀ ਅਗਵਾਈ ਹੇਠ ਕਾਂਗਰਸ ਸਰਕਾਰ ਬਣਾਉਣ ਵਿਚ ਅਸਿੱਧੇ ਤੌਰ 'ਤੇ ਪਰ ਫੈਸਲਾਕੁਨ ਮਦਦ ਕੀਤੀ ਸੀ। ਇਹ ਕਿਸੇ ਨੂੰ ਦੱਸਣ ਦੀ ਲੋੜ ਨਹੀਂ ਕਿ ਤਾਕਤ ਸੰਭਾਲਦੇ ਸਾਰ ਬੇਅੰਤ ਸਿੰਘ ਅਤੇ ਉਸ ਦੇ ਲਫਟੈਣ ਕੇ ਪੀ ਐਸ ਗਿੱਲ ਨੇ ਕਿਵੇਂ ਵਿਹੰਦਿਆਂ ਵਿਹੰਦਿਆਂ ਹੀ ਹਜ਼ਾਰਾਂ ਸਿੱਖ ਨੌਜਵਾਨਾਂ ਦਾ ਘਾਣ ਕਰ ਦਿੱਤਾ ਸੀ। ਕਮੇਟੀ ਦੇ ਸਰਬਰਾਹਾਂ ਨੇ ਉਸ ਭਿਆਨਕ ਕੁਰਾਹੇ ਲਈ ਅੱਜ ਤੱਕ ਸਿੱਖ ਕੌਮ ਤੋਂ ਖਿਮਾ-ਯਾਚਨਾ ਦੀ ਕੋਈ ਜ਼ਰੂਰਤ ਤੱਕ ਨਹੀਂ ਸਮਝੀ।

ਸਿੱਖ ਯੂਥ ਆਫ ਅਮੈਰਿਕਾ ਅਤੇ ਪੰਚ ਪ੍ਰਧਾਨੀ ਧਿਰ ਦਾ ਧੂਤਾ ਸਮਝੇ ਜਾਂਦੇ ਇਸ ਅਖਬਾਰ ਨੇ ਆਪਣੇ 17 ਅਗਸਤ ਦੇ ਸੰਪਾਦਕੀ 'ਅੱਗਾ ਦੌੜ ਪਿੱਛਾ ਚੌੜ' ਵਿਚ ਜੋ ਕਿਹਾ ਹੈ, ਉਸ ਬਾਰੇ ਜਲਦ ਹੀ ਜੱਗ ਜਾਹਰ ਹੋ ਜਾਵੇਗਾ ਕਿ ਕਿਸ ਮਨੋਰਥ ਨਾਲ ਇਸ ਅਖਬਾਰ ਅਤੇ ਇਸ ਦੇ ਮਾਲਕਾਂ ਨੇ ਆਪਣੀ ਸਾਰੀ ਜਹਿਰ ਸ. ਸਿਮਰਨਜੀਤ ਸਿੰਘ ਮਾਨ ਉਤੇ ਉਗਲੀ ਹੈ।

ਦੂਜਿਆਂ ਨੂੰ ਗਰਮ ਖਿਆਲੀ ਦੱਸਣ ਵਾਲੇ ਕਥਿਤ "ਨਰਮ ਖਿਆਲੀਆਂ" ਉਤੇ 1991 ਦੀਆਂ ਵਿਧਾਨ ਸਭਾ ਚੋਣਾਂ ਦੇ ਬਾਈਕਾਟ ਦੇ ਨਾਂ 'ਤੇ 24 ਉਮੀਦਵਾਰਾਂ ਨੂੰ ਮੌਤ ਦੇ ਘਾਟ ਉਤਾਰਨ ਦਾ ਦੋਸ਼ ਲਗਦਾ ਆਇਆ ਹੈ ਜਿਸ ਦੀਆਂ ਜ਼ਿੰਮੇਵਾਰੀਆਂ ਵੀ ਅਖਬਾਰਾਂ ਵਿਚ ਲਈਆਂ ਜਾਂਦੀਆਂ ਰਹੀਆਂ ਹਨ। ਮਾਰੇ ਗਏ ਇਨ੍ਹਾਂ ਉਮੀਦਵਾਰਾਂ ਵਿਚ ਚਾਰ ਅਕਾਲੀ ਦਲ (ਮਾਨ) ਦੇ ਉਮੀਦਵਾਰ ਵੀ ਸ਼ਾਮਲ ਸਨ। ਇਹੀ ਲੋਕ ਖੁਦ ਕਾਂਗਰਸੀ ਉਮੀਦਵਾਰਾਂ ਦੀਆਂ ਗੱਡੀਆਂ ਵਿਚ ਬੈਠ ਕੇ ਲੋਕਾਂ ਕੋਲੋਂ ਕਾਂਗਰਸ ਲਈ ਵੋਟਾਂ ਮੰਗਦੇ ਰਹੇ। ਇਸ ਦਾ ਸਬੂਤ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਦੀ ਰਿਕਾਰਡਿੰਗ ਦੇ ਰੂਪ ਵਿਚ ਮੌਜੂਦ ਹੈ।

ਆਪਣੇ ਆਪ ਨੂੰ ਸਾਰੀ ਸਿਆਸੀ ਅਕਲ ਦੇ ਠੇਕੇਦਾਰ ਸਮਝਣ ਵਾਲੇ ਇਨ੍ਹਾਂ ਹੀ ਲੋਕਾਂ ਦੀ "ਰਾਜਸੀ ਸੂਝ-ਬੂਝ" ਸਦਕਾ ਬੇਅੰਤ ਸਿੰਘ ਦੀ ਕਾਂਗਰਸੀ ਸਰਕਾਰ ਹੋਂਦ ਵਿਚ ਆਈ ਅਤੇ ਹਜਾਰਾਂ ਸਿੱਖ ਨੌਜਵਾਨ ਝੂਠੇ ਪੁਲਿਸ ਮੁਕਾਬਲਿਆਂ ਵਿਚ ਮੌਤ ਦੇ ਘਾਟ ਉਤਾਰੇ ਗਏ ਜਾਂ ਲਾਪਤਾ ਕਰ ਦਿਤੇ ਗਏ ਜਿਨ੍ਹਾਂ ਨੂੰ ਅਜ ਤਕ ਵੀ ਮਾਂਵਾਂ ਉਡੀਕ ਰਹੀਆਂ ਹਨ। ਰਾਜਸੀ ਸੂਝ ਦੇ ਇਹੋ ਠੇਕੇਦਾਰ ਹੁਣ ਪੰਜਾਬ ਖਾਲੀ ਕਰਨ ਤੋਂ ਬਾਅਦ ਉਨ੍ਹਾਂ ਦੇ ਵਾਰਸ ਬਣ ਕੇ ਉਜੜੇ ਘਰਾਂ ਵਿਚ ਜਾ ਕੇ ਵੋਟਾਂ ਮੰਗ ਰਹੇ ਹਨ। ਠੀਕ ਹੀ ਅਸਲ ਰਾਜਨੀਤੀ ਇਹੋ ਕਹਿੰਦੀ ਹੈ ਕਿ ਰਾਜਨੀਤਕ ਲਾਹਾ ਲੈਣ ਲਈ ਕਿੰਨੇ ਰੂਪ ਬਦਲਣੇ ਪੈਣ ਜਾਂ ਸਿਧਾਂਤਾਂ ਦੀ ਬਲੀ ਦੇਣੀ ਪਵੇ ਜਾਂ ਫਿਰ ਕੌਮ ਨਾਲ ਗੱਦਾਰੀ ਕਰਨੀ ਪਵੇ, ਸਭ ਜਾਇਜ਼ ਹੈ।

1992 ਵਿਚ ਕਾਂਗਰਸ ਦੀ ਸਰਕਾਰ ਬਣਨ ਤੋਂ ਬਾਅਦ ਫੈਡਰੇਸ਼ਨ ਦਾ ਭੋਗ ਪਾ ਕੇ ਡਾ. ਸੋਹਣ ਸਿੰਘ ਵਾਲੀ ਪੰਥਕ ਕਮੇਟੀ ਉਤੇ ਕਾਬਜ ਹੋਇਆ ਦਲਜੀਤ ਸਿੰਘ ਬਿੱਟੂ ਉਹੀ "ਜਿੰਦਾ ਸ਼ਹੀਦ" ਹੈ ਜਿਹੜਾ ਕੱਥੂ ਨੰਗਲ ਦੇ ਸਾਕੇ ਵਿਚ ਸਭ ਤੋਂ ਮੂਹਰੇ ਭੱਜਾ। ਇਸ ਦਾ ਸਬੂਤ ਉਸ ਮੌਕੇ ਦੀ ਬਣੀ ਹੋਈ ਵੀਡੀਓ ਫਿਲਮ ਮੌਜੂਦ ਹੈ। ਉਸ ਪਿਛੋਂ ਉਹ ਅਚਾਨਕ ਅਲੋਪ ਹੋ ਗਿਆ।

ਅਸੀਂ ਸਿੱਖ ਸੰਗਤਾਂ ਨੂੰ ਚੇਤੇ ਕਰਾਉਣਾ ਚਾਹੁੰਦੇ ਹਾਂ ਕਿ ਜਦੋਂ ਇਕ ਪਾਸੇ ਬੇਅੰਤ ਸਰਕਾਰ ਸਿੱਖਾਂ ਦਾ ਸ਼ਿਕਾਰ ਖੇਡ ਰਹੀ ਸੀ ਤਾਂ ਬਿੱਟੂ ਰੋਪੜ ਨੇੜੇ ਆਪਣੇ ਨਵੇਂ ਲਏ ਫਾਰਮ ਵਿਚ ਸਾਰੀ ਦੁਨੀਆਂ ਤੋਂ ਬੇਖਬਰ ਆਲੂਆਂ 'ਤੇ ਦਵਾਈ ਛਿੜਕ ਰਿਹਾ ਸੀ। ਜੁਝਾਰੂ ਉਸ ਸਮੇਂ ਬੇਚੈਨ ਸਨ ਕਿ ਖਾੜਕੂਆਂ ਦਾ ਦਿਮਾਗ ਜਾਣੇ ਜਾਂਦੇ ਇਸ ਆਗੂ ਨੂੰ ਅਚਾਨਕ ਕੀ ਹੋ ਗਿਆ? ਸ਼ਾਇਦ ਭਾਈ ਬਿੱਟੂ ਕੌਮ ਦੇ ਨੌਜਵਾਨਾਂ ਦੀ ਹੋ ਰਹੀ ਕਤਲੋਗਾਰਤ ਨਾ ਝੱਲਦਿਆਂ ਆਪਣੀ 1992 ਵਾਲੀ ਵਿਧਾਨ ਸਭਾ ਚੋਣਾਂ ਦਾ ਬਾਈਕਾਟ ਕੀਤੇ ਜਾਣ ਦੀ ਗਲਤੀ ਨਾ ਸਹਾਰਦੇ ਹੋਏ ਸ਼ਹੀਦੀ ਪਾ ਗਏ ਹਨ? ਸਵਾਲ ਇਹ ਵੀ ਹੈ ਕਿ ਜਦੋਂ ਪੰਜਾਬ ਪੁਲਿਸ ਵੱਡੇ ਪੱਧਰ 'ਤੇ ਨੌਜਵਾਨਾਂ ਦਾ ਸ਼ਿਕਾਰ ਖੇਡ ਰਹੀ ਸੀ ਤਾਂ ਇਸ ਨੇ ਬਿੱਟੂ ਤੱਕ ਪਹੁੰਚਣ ਦੀ ਕੋਈ ਕੋਸ਼ਿਸ਼ ਭਲਾ ਕਿਉਂ ਨਾ ਕੀਤੀ? ਕੀ ਕਿਤੇ ਇਹ 8% ਵੋਟ ਨਾਲ ਕਾਂਗਰਸ ਸਰਕਾਰ ਬਣਾਉਣ ਦਾ ਇਨਾਮ ਤਾਂ ਨਹੀਂ ਸੀ?

ਸਵਾਲ ਇਹ ਵੀ ਹੈ ਕਿ ਜੇ ਇੰਜ ਨਹੀਂ ਸੀ ਤਾਂ ਜਦੋਂ ਖਾੜਕੂ ਲਹਿਰ ਸਰਕਾਰੀ ਜੁਲਮ ਦੇ ਹੇਠ ਦਬ ਗਈ ਸੀ ਤਾਂ ਫਿਰ ਜ਼ਿੰਮੇਵਾਰ ਆਗੂ ਹੁੰਦਿਆਂ ਭਲਾ ਭਾਈ ਬਿੱਟੂ ਨੇ ਅਖਬਾਰਾਂ ਵਿਚ ਬਿਆਨ ਦੇ ਕੇ ਸਿੱਖ ਨੌਜਵਾਨਾਂ ਨੂੰ ਅਜਿਹੀ ਕੋਈ ਸੇਧ ਕਿਉਂ ਨਾ ਦਿੱਤੀ ਕਿ ਭਾਈ, ਦੁਸ਼ਮਣ ਬਹੁਤ ਜ਼ਿਆਦਾ ਹਾਵੀ ਹੋ ਗਿਆ ਹੈ, ਮੇਰੇ (ਬਿੱਟੂ) ਵਾਂਗ ਆਪੋ ਆਪਣੇ ਗੁਪਤ ਅੱਡਿਆਂ 'ਤੇ ਦੜ ਵੱਟ ਕੇ ਦਿਨ ਕਟੀ ਕੀਤੀ ਜਾਵੇ।

ਪੁੱਛਿਆ ਜਾ ਸਕਦਾ ਹੈ ਕਿ ਦੁਸ਼ਮਣ ਧਾੜਾਂ ਦੇ ਉਸ ਕਹਿਰੀ ਹੱਲੇ ਅੱਗੇ ਪੰਥਕ ਕਮੇਟੀ ਦੇ ਦਲਜੀਤ ਸਿੰਘ ਬਿੱਟੂ ਵਰਗੇ ਘਾਗ ਮਲਾਹ ਦੀ ਦੜ ਵੱਟ ਕੇ ਬੈਠ ਜਾਣ ਦੀ ਨੀਤੀ ਜੇਕਰ ਠੀਕ ਸੀ ਤਾਂ ਉਨ੍ਹਾਂ ਮਾੜੇ ਦਿਨਾਂ ਦੌਰਾਨ ਵੀ ਉਹ ਭਾਰਤ ਦੀ ਰਾਜਧਾਨੀ ਨਵੀਂ ਦਿੱਲੀ ਵਿਚ ਖਾਲਿਸਤਾਨ ਲਿਬਰੇਸ਼ਨ ਵਾਲਿਆਂ ਕੋਲੋਂ ਪੰਥਕ ਦੁਸ਼ਮਣਾਂ ਨੂੰ ਮਾਰਨ ਲਈ ਘਾਤਾਂ ਕਿਉਂ ਲਗਵਾਉਂਦਾ ਰਿਹਾ। ਜੇਕਰ ਇਹ ਕਾਰਜ ਬਿੱਟੂ ਨਹੀਂ ਕਰਵਾ ਰਿਹਾ ਸੀ ਤਾਂ ਅਜਿਹੀਆਂ ਕਾਰਵਾਈਆਂ ਦੇ ਨਤੀਜੇ ਵਜੋਂ ਕੇ ਐਲ ਐਫ ਦਾ ਪੂਰਨ ਸਫਾਇਆ ਹੋਣ ਤੋਂ ਬਚਾਉਣ ਲਈ ਬਿੱਟੂ ਨੇ ਕੋਈ ਸ਼ਰ੍ਹੇਆਮ ਜਾਂ ਲੁਕਵਾਂ ਨਿਰਦੇਸ਼ ਜਾਰੀ ਕਿਉਂ ਨਾ ਕੀਤਾ ਜਾਂ ਕਰਵਾਇਆ। ਉਸ ਸਮੇਂ ਮੋਹਰੀ ਖਾੜਕੂ ਧਿਰਾਂ ਦਾ ਸਿਪਾਹਸਾਲਾਰ ਹੋਣ ਦੇ ਨਾਤੇ ਕੀ ਉਸ ਦੀ ਐਸੀ ਕੋਈ ਜ਼ਿੰਮੇਵਾਰੀ ਨਹੀਂ ਸੀ ਬਣਦੀ?

ਜੇਲ੍ਹ ਤੋਂ ਬਾਹਰ ਆਉਂਦਿਆਂ ਹੀ ਭਾਈ ਬਿੱਟੂ ਨੇ ਨਵਾਂ ਸ਼੍ਰੋਮਣੀ ਪੰਥਕ ਅਕਾਲੀ ਦਲ ਕਾਇਮ ਕਰ ਲਿਆ ਪਰ ਉਦੋਂ ਤਕ ਮਾਨ ਅਕਾਲੀ ਦਲ ਜਾਂ ਅੰਮ੍ਰਿਤਸਰ ਅਕਾਲੀ ਦਲ ਪਹਿਲਾਂ ਹੀ ਪੰਥਕ ਧਿਰ ਵਜੋਂ ਸਿਆਸਤ ਵਿਚ ਆਪਣੇ ਪੈਰ ਜਮਾ ਚੁੱਕਾ ਸੀ। ਇਸ ਨੂੰ ਅਚਾਨਕ ਵਾਪਰੀ ਘਟਨਾ ਕਹੀਏ ਜਾਂ ਰਾਜਨੀਤੀ ਦੀ ਖੇਡ ਜਾਂ ਫਿਰ ਪੰਥ ਘਾਤਕਾਂ ਦੀ ਮੌਕਾਪ੍ਰਸਤੀ ਕਿ ਹਰਪਾਲ ਸਿੰਘ ਚੀਮਾ ਵੀ ਯੂ ਐਸ ਏ ਤੋਂ ਡਿਪੋਰਟ ਹੋ ਕੇ ਨਾਭਾ ਜੇਲ੍ਹ ਪਹੁੰਚ ਗਏ। ਸ਼ਾਜਿਸ ਇਹ ਘੜੀ ਗਈ ਕਿ ਪੰਥਕ ਅਕਾਲੀ ਦਲ ਭੰਗ ਕਰਕੇ ਅਸਲੀ ਅਕਾਲੀ ਦਲ ਵਿਚ ਸ਼ਾਮਲ ਹੋਇਆ ਜਾਵੇ ਅਤੇ ਵੱਧ ਤੋਂ ਵੱਧ ਮੈਂਬਰ ਭਰਤੀ ਕਰ ਕੇ ਪਾਰਟੀ 'ਤੇ ਕਬਜ਼ਾ ਕੀਤਾ ਜਾਵੇ। ਇਸੇ ਸਾਜਿਸ਼ ਅਧੀਨ ਜਿਹੜੀ ਲਿਸਟ ਪਾਰਟੀ ਮੁਖੀ ਸ. ਸਿਮਰਨਜੀਤ ਸਿੰਘ ਮਾਨ ਨੂੰ ਦਿੱਤੀ ਗਈ ਉਸ ਵਿਚ ਹਰਪਾਲ ਸਿੰਘ ਚੀਮੇ ਨੂੰ ਪਾਰਟੀ ਮੈਂਬਰ ਨਹੀਂ ਲਿਆ ਗਿਆ। ਬਾਅਦ ਵਿਚ ਵਿਦੇਸ਼ਾਂ ਵਿਚ ਬੈਠੇ ਕੌਮ ਦੀ ਲੜਾਈ ਦਾ ਸੰਤਾਪ ਹੰਢਾ ਚੁੱਕੇ ਵੀਰਾਂ ਨੂੰ ਵੀ ਇਸ ਸਾਜਿਸ਼ ਲਈ ਵਰਤਿਆ ਗਿਆ ਅਤੇ ਹਰਪਾਲ ਸਿੰਘ ਚੀਮਾ ਨੂੰ ਬੜੀ ਅਧੀਨਗੀ ਨਾਲ ਪਾਰਟੀ ਵਿਚ ਸ਼ਾਮਲ ਕਰਵਾਇਆ ਗਿਆ। ਇਹੋ ਹਰਪਾਲ ਸਿੰਘ ਚੀਮਾ ਅੱਜ ਸ. ਸਿਮਰਨਜੀਤ ਸਿੰਘ ਮਾਨ ਦੇ ਮੁਕਾਬਲੇ ਬਸੀ ਪਠਾਣਾਂ ਤੋਂ ਸ਼੍ਰੋਮਣੀ ਕਮੇਟੀ ਦੀ ਚੋਣ ਲੜ ਰਿਹਾ ਹੈ।

ਸਾਲ 2007 ਵਿਚ ਅਕਾਲੀ ਦਲ (ਅੰਮ੍ਰਿਤਸਰ) ਦੀ ਲੁਧਿਆਣਾ ਵਿਚ ਹੋਈ ਮੀਟਿੰਗ ਵਿਚ ਬਿੱਟੂ ਨੇ ਖਾਲਿਸਤਾਨ ਦਾ ਮੁੱਦਾ ਪਾਰਟੀ ਦੇ ਏਜੰਡੇ ਤੋਂ ਕੱਢਣ ਦੀ ਸਿਫਾਰਸ਼ ਲਿਖਤੀ ਰੂਪ ਵਿਚ ਕਰ ਦਿੱਤੀ ਪਰ ਸ. ਮਾਨ ਦੀ ਦ੍ਰਿੜਤਾ ਅਤੇ ਫੈਸਲਾ ਲੈਣ ਦੀ ਸੂਝ-ਬੂਝ ਸਦਕਾ ਪਾਰਟੀ ਦੀ ਹੋਂਦ ਨੂੰ ਬਚਾ ਲਿਆ ਗਿਆ। ਇਨ੍ਹਾਂ ਜਿੰਦਾ ਸ਼ਹੀਦਾਂ ਨੇ ਉਨ੍ਹਾਂ ਲੱਖਾਂ ਨੌਜਵਾਨਾਂ, ਬਜ਼ੁਰਗਾਂ ਅਤੇ ਬੱਚਿਆਂ ਦੀ ਸ਼ਹਾਦਤ ਦਾ ਮੁੱਲ ਵੱਟਣ ਲਈ ਕਦੇ ਬਾਦਲਕਿਆਂ, ਕਦੇ ਕਾਂਗਰਸੀਆਂ ਤੇ ਕਦੇ ਲੌਂਗੋਵਾਲੀਆਂ ਨਾਲ ਰਲ ਕੇ ਸਾਜਿਸ਼ਾਂ ਘੜੀਆਂ। ਕਿਸੇ ਸਿੱਖ ਬਹਿਰੂਪੀਏ 'ਤੇ ਇਤਬਾਰ ਕਰਕੇ ਸ਼੍ਰੋਮਣੀ ਅਕਾਲੀ ਦਲ (ਅ) ਨੇ ਨੁਕਸਾਨ ਉਠਾਇਆ ਤਾਂ ਉਸ ਨੂੰ ਸਿਆਸੀ ਨਾ-ਸਮਝੀ ਨਹੀਂ ਕਿਹਾ ਜਾ ਸਕਦਾ। ਜਿਹੜੀ ਭਾਸ਼ਾ ਇਨ੍ਹਾਂ ਲੋਕਾਂ ਨੇ ਸ. ਮਾਨ ਪ੍ਰਤੀ ਵਰਤੀ ਹੈ, ਅਸੀਂ ਉਸ ਤੋਂ ਵੀ ਵਧੀਆ ਸ਼ਬਦ ਇਨ੍ਹਾਂ ਦਾ ਕਿਰਦਾਰ ਨਸ਼ਰ ਕਰਨ ਲਈ ਵਰਤ ਸਕਦੇ ਹਾਂ ਪਰ ਸਾਡੇ ਸਾਹਮਣੇ ਕੌਮੀ ਹਿੱਤ ਪਹਿਲਾਂ ਹਨ।

ਅਕਾਲੀ ਦਲ (ਅ) ਛੱਡ ਕੇ ਅਕਾਲੀ ਦਲ (ਬਾਦਲ) ਵਿਚ ਸ਼ਾਮਲ ਹੋਣ ਵਾਲੇ ਰਾਮ ਸਿੰਘ ਬਾਰੇ ਜੋ ਇਸ ਅਖਬਾਰ ਨੇ ਲਿਖਿਆ ਹੈ "ਚੋਰ ਦੀ ਮਾਂ ਕੋਠੀ 'ਚ ਮੂੰਹ", ਉਸ ਬਾਰੇ ਅਸੀਂ ਇਹੀ ਕਹਾਂਗੇ ਕਿ ਇਹ ਮੁਹਾਵਰਾ ਸਾਬਤ ਕਰਦਾ ਹੈ ਕਿ ਮਾਂ ਤਾਂ ਗੈਰਤਮੰਦ ਹੈ ਪਰ ਪੁਤਰ ਮਾੜਾ ਹੈ। ਇਹ ਤਾਂ ਮਾਂ ਹੀ ਜਾਣਦੀ ਹੈ ਜਦੋਂ ਉਸ ਦੇ ਪੁੱਤਰ ਕਪੁੱਤਰ ਨਿਕਲ ਆਉਣ ਤਾਂ ਉਸ 'ਤੇ ਕੀ ਬੀਤਦੀ ਹੈ। ਸਿੱਖ ਕੌਮ ਅਜਿਹੇ ਕਪੁੱਤਰਾਂ ਦੀ ਹੀ ਸਤਾਈ ਹੋਈ ਹੈ ਜਿਹੜੇ ਡਰੱਗ ਦੇ ਕੇਸਾਂ ਵਿਚ ਫਸ ਕੇ ਪੂਰੀ ਸਿੱਖ ਕੌਮ ਦੀ ਬਦਨਾਮੀ ਕਰਦੇ ਹਨ, ਜਦੋਂ ਦਾਅਵੇ ਤਾਂ ਸਿੱਖ ਪ੍ਰਸਤ ਹੋਣ ਦੇ ਕਰਦੇ ਹਨ ਪਰ ਅਖਬਾਰ ਸੁਖਬੀਰ ਸਿੰਘ ਬਾਦਲ ਅਤੇ ਬੀ ਜੇ ਪੀ ਮੰਤਰੀ ਮਨੋਰੰਜਨ ਕਾਲੀਆ ਤੋਂ ਰਿਲੀਜ਼ ਕਰਾਉਂਦੇ ਹਨ। (ਇਸ ਦੀਆਂ ਤਸਵੀਰਾਂ ਅਖਬਾਰਾਂ ਵਿਚ ਛਪ ਹੀ ਚੁਕੀਆਂ ਹਨ)।

ਜਿਥੋਂ ਤਕ ਸ. ਮਾਨ ਜਾਂ ਕਿਸੇ ਹੋਰ ਪਾਰਟੀ ਆਗੂ ਵਲੋਂ ਵਿਦੇਸ਼ਾਂ ਤੋਂ ਫੰਡ ਇਕੱਠਾ ਕਰਨ ਦਾ ਸਵਾਲ ਹੈ, ਇਸ ਵਿਚ ਮਿਹਣੇ ਵਾਲੀ ਕਿਹੜੀ ਗੱਲ ਹੈ? ਮਿਹਣਾ ਤੇ ਤਾਂ ਸੀ ਜੇ ਪੈਸਾ ਡਰੱਗ ਜਾਂ ਕਿਸੇ ਬੈਂਕ ਡਕੈਤੀ ਤੋਂ ਆਇਆ ਹੁੰਦਾ ਜਾਂ ਪੰਥਕ ਹਿਤ ਸਰਕਾਰ ਨੂੰ ਵੇਚ ਕੇ ਲਿਆ ਹੁੰਦਾ। ਪਾਰਟੀ ਦੇ ਹਮਦਰਦ ਜੇ ਪਾਰਟੀ ਨੂੰ ਕੋਈ ਪੈਸਾ ਦਿੰਦੇ ਹਨ ਤਾਂ ਇਤਰਾਜ ਕਰਨ ਵਾਲਿਆਂ ਦੇ ਢਿੱਡ ਪੀੜ ਕਿਸ ਗੱਲ ਕਰਕੇ ਹੁੰਦੀ ਹੈ, ਇਹ ਉਹੀ ਜਾਣਨ। ਜਿਹੜੇ ਲੋਕ ਅਜ ਆਪਣੇ ਆਪ ਨੂੰ ਵਡੇ ਪੰਥਕ ਅਖਵਾ ਕੇ ਸ. ਮਾਨ ਨੂੰ ਗੱਲਾਂ ਕਰ ਰਹੇ ਹਨ ਇਹੀ ਲੋਕ ਕਲ੍ਹ ਤਕ ਵਿਦੇਸ਼ਾਂ ਵਿਚ ਸ਼ਰਨ ਹਾਸਲ ਕਰਨ ਲਈ ਸ. ਮਾਨ ਦੀਆਂ ਗਵਾਹੀਆਂ ਪੁਆਉਂਦੇ ਰਹੇ ਹਨ।

ਅਸੀਂ ਇਨ੍ਹਾਂ ਵਲੋਂ ਦਿੱਤੇ ਚੈਲੰਜ ਨੂੰ ਪ੍ਰਵਾਨ ਕਰਦੇ ਹਾਂ ਅਤੇ ਅਖ਼ੀਰ ਤੱਕ ਲੜਾਂਗੇ। ਦੇਸ਼-ਵਿਦੇਸ਼ ਵਿਚ ਇਨ੍ਹਾਂ ਦਾ ਅਖੌਤੀ ਪੰਥਕ ਚਿਹਰਾ ਜਿਹੜਾ ਕਦੀ ਪੰਥਕ ਕਮੇਟੀ ਬਣ ਕੇ, ਕਦੇ ਸ਼੍ਰੋਮਣੀ ਪੰਥਕ ਅਕਾਲੀ ਦਲ ਬਣ ਕੇ, ਕਦੇ ਐਕਸ਼ਨ ਕਮੇਟੀ ਬਣ ਕੇ ਅਤੇ ਕਦੇ ਪੰਥਕ ਮੋਰਚਾ ਬਣ ਕੇ ਲੋਕਾਂ ਮੂਹਰੇ ਆ ਰਿਹਾ ਹੈ, ਉਸ ਦਾ ਘੁੰਡ ਚੁੱਕ ਕੇ ਹੀ ਮੁੜਾਂਗੇ।

## ਜਾਰੀ ਕਰਤਾ: ਕੇਂਦਰੀ ਕਮੇਟੀ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਮਾਨ, ਅਮਰੀਕਾ

**ਸੁਰਜੀਤ ਸਿੰਘ ਕੁਲਾਰ (ਪ੍ਰਧਾਨ), ਬੂਟਾ ਸਿੰਘ ਖੜੌਂਦ (ਕਨਵੀਨਰ), ਰੇਸ਼ਮ ਸਿੰਘ (ਸੀਨੀਅਰ ਮੀਤ ਪ੍ਰਧਾਨ),ਜੀਤ ਸਿੰਘ ਆਲੋਅਰਖ (ਕੌਮੀ ਜਨਰਲ ਸਕੱਤਰ), ਪ੍ਰੀਤਮ ਸਿੰਘ ਜੋਗਾਨੰਗਲ (ਜਨਰਲ ਸਕੱਤਰ), ਮੈਂਬਰ: ਹਰਪਾਲ ਸਿੰਘ ਸੰਧਰ, ਰੁਪਿੰਦਰ ਸਿੰਘ ਬਾਠ, ਦਰਸ਼ਨ ਸਿੰਘ ਸੰਧੂ, ਰਮਿੰਦਰਜੀਤ ਸਿੰਘ ਮਿੰਟੂ, ਰਣਜੀਤ ਸਿੰਘ ਧਾਲੀਵਾਲ, ਦੀਪਇੰਦਰ ਸਿੰਘ ਮਾਨ, ਇੰਦਰਪਾਲ ਸਿੰਘ ਨਿਰਦੋਸ਼**

*Paid Advt.*



ਗੁਰਬਰਿੰਦਰ ਸਿੰਘ ਰਾਜਾ ਨੂੰ ਪੰਜਾਬ ਟਾਈਮਜ਼ ਦਾ ਸੈਕਰਾਮੈਂਟੋ ਲਈ ਪ੍ਰਤੀਨਿਧ ਨਿਯੁਕਤ ਕੀਤਾ ਗਿਆ ਹੈ। ਖਬਰਾਂ ਅਤੇ ਇਸ਼ਤਿਹਾਰ ਵਗੈਰਾ ਲਈ ਉਨ੍ਹਾਂ ਨਾਲ ਸੰਪਰਕ ਫੋਨ 916-533-2678 'ਤੇ ਕੀਤਾ ਜਾ ਸਕਦਾ ਹੈ।

# ਮਨਪ੍ਰੀਤ ਬਾਦਲ ਵੱਲੋਂ ਖੱਬੀਆਂ ਪਾਰਟੀਆਂ ਨਾਲ ਗਠਜੋੜ ਬਾਰੇ ਗੱਲਬਾਤ ਸ਼ੁਰੂ

**ਚੰਡੀਗੜ੍ਹ:** ਪੀਪਲਜ਼ ਪਾਰਟੀ ਆਫ ਪੰਜਾਬ ਦੇ ਮੁਖੀ ਮਨਪ੍ਰੀਤ ਸਿੰਘ ਬਾਦਲ ਵੱਲੋਂ ਖੱਬੀਆਂ ਪਾਰਟੀਆਂ ਨਾਲ ਗਠਜੋੜ ਬਾਰੇ ਗੱਲਬਾਤ ਸ਼ੁਰੂ ਕਰ ਦਿੱਤੀ ਗਈ ਹੈ। ਉਨ੍ਹਾਂ ਕਿਹਾ ਹੈ ਕਿ ਪੂਰੇ ਇਕ ਮਹੀਨੇ ਬਾਅਦ ਪਾਰਟੀ ਦੇ ਜਥੇਬੰਦਕ ਢਾਂਚੇ ਦਾ ਐਲਾਨ ਤੇ ਨਵੰਬਰ ਮਹੀਨੇ 'ਚ ਪੰਜਾਬ ਵਿਧਾਨ ਸਭਾ ਚੋਣਾਂ



ਲਈ ਪਾਰਟੀ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਖੱਬੇ ਪੱਖੀ ਪਾਰਟੀਆਂ ਨਾਲ ਚੋਣ ਗੱਠਜੋੜ ਬਾਰੇ ਮੁੱਢਲੇ ਦੌਰ ਦੀ ਗੱਲਬਾਤ ਸ਼ੁਰੂ ਹੋ ਚੁੱਕੀ ਹੈ ਤੇ ਅਗਲੇ ਦਿਨਾਂ 'ਚ ਮੁੜ ਗੱਲਬਾਤ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੇ ਦਸ ਦਿਨਾਂ 'ਚ ਉਹ ਵੀਹ ਜ਼ਿਲ੍ਹਿਆਂ 'ਚ ਪਾਰਟੀ ਵਰਕਰਾਂ ਨਾਲ ਮੀਟਿੰਗ ਕਰਨ ਤੋਂ ਬਾਅਦ ਪਾਰਟੀ ਦੀ ਅਗਲੀ ਰਣਨੀਤੀ ਤੈਅ ਕਰਨਗੇ। ਉਨ੍ਹਾਂ ਕਿਹਾ ਕਿ ਬਹੁਜਨ ਸਮਾਜ ਪਾਰਟੀ ਨਾਲ ਅਜੇ ਚੋਣ ਗੱਠਜੋੜ ਬਾਰੇ ਕੋਈ ਗੱਲਬਾਤ ਨਹੀਂ ਹੋਈ ਪਰ ਖੱਬੇ ਪੱਖੀ ਪਾਰਟੀਆਂ ਨਾਲ ਗੱਲਬਾਤ ਚੱਲ ਰਹੀ ਹੈ।

ਉਨ੍ਹਾਂ ਕਿਹਾ ਕਿ ਪਿਛਲੇ ਦਸ ਮਹੀਨਿਆਂ ਦੌਰਾਨ ਲੱਖਾਂ ਲੋਕ ਪਾਰਟੀ 'ਚ ਸ਼ਾਮਲ ਹੋਏ ਹਨ ਤੇ ਵੱਡੀ ਤਾਦਾਦ 'ਚ ਲੋਕ ਪਾਰਟੀ ਨਾਲ ਜੁੜ ਰਹੇ ਹਨ। ਇਸ ਲਈ ਦੋ-ਤਿੰਨ ਬੰਦੇ ਛੱਡ ਵੀ ਗਏ ਤਾਂ ਪਾਰਟੀ ਨੂੰ ਕੋਈ ਫਰਕ ਨਹੀਂ ਪਵੇਗਾ। ਉਨ੍ਹਾਂ ਕਿਹਾ ਕਿ ਸਰਕਾਰ ਪਹਿਲਾਂ ਬੰਦਿਆਂ ਨੂੰ ਡਰਾਉਂਦੀ ਹੈ ਜਦੋਂ ਬੰਦੇ ਡਰ ਜਾਂਦੇ ਹਨ ਤਾਂ ਫਿਰ ਮੰਡੀ 'ਚ ਉਨ੍ਹਾਂ ਬੰਦਿਆਂ ਦੀ ਕੀਮਤ ਲੱਗਣੀ ਸ਼ੁਰੂ ਹੋ ਜਾਂਦੀ ਹੈ। ਕਿਸੇ ਦਾ ਮੁੱਲ ਪੀ.ਏ.ਸੀ. ਮੈਂਬਰ ਤੇ ਕਿਸੇ ਦਾ ਮੁੱਲ ਮੀਡੀਆ ਸਲਾਹਕਾਰ ਵਜੋਂ ਪੈਂਦਾ ਹੈ ਪਰ ਦਰਿਆਵਾਂ ਨੂੰ ਕਦੇ ਨੱਕੇ ਲਾ ਕੇ ਰੋਕਿਆ ਨਹੀਂ ਜਾ ਸਕਦਾ ਤੇ ਨਾ ਹੀ ਥਾਣੇਦਾਰਾਂ ਤੇ ਡੀ.ਐਸ.ਪੀਆਂ ਦੇ ਕਹਿਣ 'ਤੇ ਸਰਕਾਰਾਂ ਟਿਕੀਆਂ ਰਹਿ ਸਕਦੀਆਂ ਹਨ। ਉਨ੍ਹਾਂ ਕਿਹਾ ਕਿ ਜੋ ਲੋਕ ਅੱਜ ਸਰਕਾਰ ਚਲਾ ਰਹੇ ਹਨ, ਉਸ ਸਰਕਾਰ ਦੇ ਕਿਲ੍ਹੇ ਦੀਆਂ ਕੰਧਾਂ ਕਮਜ਼ੋਰ ਤੇ ਜੜ੍ਹਾਂ ਖੋਖਲੀਆਂ ਹੋ ਚੁੱਕੀਆਂ ਹਨ, ਜਿਹੜੀਆਂ ਲੋਕਾਂ ਦੇ ਤੂਫਾਨ ਅੱਗੇ ਰੇਤ ਦੀਆਂ ਕੰਧਾਂ ਵਾਂਗ ਢਹਿ ਜਾਣਗੀਆਂ। ਪਾਰਟੀ ਨੂੰ ਸ਼੍ਰੋਮਣੀ ਕਮੇਟੀ ਚੋਣਾਂ ਤੋਂ ਦੂਰ ਰੱਖਦਿਆਂ ਉਨ੍ਹਾਂ ਪਾਰਟੀ ਆਗੂਆਂ ਤੇ ਵਰਕਰਾਂ ਨੂੰ ਕਿਹਾ ਹੈ ਕਿ ਉਹ ਨਿੱਜੀ ਤੌਰ 'ਤੇ ਫੈਸਲਾ ਕਰਕੇ ਸਾਫ਼ ਕਿਰਦਾਰ ਬਾਰੇ ਉਮੀਦਵਾਰਾਂ ਨੂੰ ਵੋਟ ਪਾਉਣ ਤਾਂ ਜੋ ਸਿੱਖ ਧਰਮ ਦਾ ਪ੍ਰਚਾਰ ਤੇ ਗੁਰੂ ਘਰਾਂ ਦਾ ਪ੍ਰਬੰਧ ਚੰਗੇ ਲੋਕਾਂ ਦੇ ਹੱਥ ਵਿਚ ਹੋਵੇ। ਮਨਪ੍ਰੀਤ ਸਿੰਘ ਬਾਦਲ ਨੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਸ੍ਰੀ ਅੰਨਾ ਹਜ਼ਾਰੇ ਦੇ ਅੰਦੋਲਨ ਦੀ ਹਮਾਇਤ 'ਚ ਦਿੱਤੇ ਧਰਨਿਆਂ 'ਤੇ ਤਿੱਖਾ ਪ੍ਰਤੀਕਰਮ ਪ੍ਰਗਟ ਕਰਦਿਆਂ ਕਿਹਾ ਕਿ ਨੌਂ ਸੌ ਚੂਹੇ ਖਾ ਕੇ ਬਿੱਲੀ ਹੱਜ ਨੂੰ ਚੱਲੀ।

# ਸੰਸਾਰ ਪੁਲਿਸ ਖੇਡਾਂ: ਬਿਨਾ ਸਹੂਲਤਾਂ ਹੀ ਜੂਝ ਰਹੇ ਨੇ ਭਾਰਤੀ ਖਿਡਾਰੀ

**ਨਿਊ ਯਾਰਕ (ਹਰਜਿੰਦਰ ਦੁਸਾਂਝ):** ਕਾਮਰਸ ਦੀ ਕੌਮਾਂਤਰੀ ਰਾਜਧਾਨੀ ਨਿਊ ਯਾਰਕ 'ਚ 25 ਅਗਸਤ ਤੋਂ ਸ਼ੁਰੂ ਹੋਈਆਂ 'ਵਰਲਡ ਪੁਲਿਸ ਅਤੇ ਫਾਇਰ ਫਾਈਟਰ ਖੇਡਾਂ' ਨੇ ਇਕ ਵਾਰ ਫਿਰ ਭਾਰਤ ਦੀ ਖੇਡ ਨੀਤੀ ਦਾ ਦਿਵਾਲੀਆਪਣ ਜੱਗ-ਜ਼ਾਹਿਰ ਕਰ ਦਿੱਤਾ ਹੈ। ਅਜਿਹੇ ਕੌਮਾਂਤਰੀ ਖੇਡ ਮੇਲਿਆਂ 'ਚ ਜਦ ਭਾਰਤੀ ਖਿਡਾਰੀ ਹਾਰ ਦੀ ਨਿਰਾਸ਼ਾ ਪੱਲੇ ਪਾ ਕੇ ਦੇਸ਼ ਪਰਤਦੇ ਹਨ ਤਾਂ ਭਾਰਤ ਦੇ ਖੇਡ ਚੌਧਰੀਆਂ ਵੱਲੋਂ ਵੱਡੇ-ਵੱਡੇ ਐਲਾਨ ਹੁੰਦੇ ਹਨ, ਨਵੀਆਂ ਖੇਡ ਨੀਤੀਆਂ ਬਣਾਉਣ ਦੀਆਂ ਗੱਲਾਂ ਹੁੰਦੀਆਂ ਹਨ, ਪਰ ਬਾਅਦ 'ਚ ਪਤਾ ਲੱਗਦਾ ਹੈ ਕਿ ਦੇਸ਼ ਦੀ ਖੇਡ ਪ੍ਰੇਮੀ ਜਨਤਾ ਨੂੰ ਭਰਮਾਉਣ ਲਈ ਪੁਰਾਣੀ ਸ਼ਰਾਬ ਹੀ ਨਵੀਆਂ ਬੋਤਲਾਂ 'ਚ ਪਾਈ ਹੁੰਦੀ ਹੈ।

ਹੈਰਾਨੀ ਦੀ ਗੱਲ ਹੈ ਕਿ ਆਲਮੀ ਪੁਲਿਸ ਖੇਡਾਂ 'ਚ ਭਾਰਤੀ ਪੁਲੀਸ ਦੇ ਖਿਡਾਰੀਆਂ ਵਿਚੋਂ ਕਈਆਂ ਨੂੰ ਪੂਰਾ ਖ਼ਰਚਾ ਅਤੇ ਵਰਦੀਆਂ ਵੀ ਨਹੀਂ ਦਿੱਤੀਆਂ ਗਈਆਂ। ਕਈ ਖਿਡਾਰੀ ਟਿਕਟ ਵੀ ਆਪਣੀ ਲਾ ਕੇ ਆਏ ਹੋਏ ਹਨ। ਯਾਦ ਰਹੇ ਭਾਰਤੀ ਪੁਲਿਸ ਖਿਡਾਰੀਆਂ ਦੀ ਚੋਣ 'ਆਲ ਇੰਡੀਆ ਸਪੋਰਟਸ ਕੰਟਰੋਲ ਬੋਰਡ' ਕਰਦਾ ਹੈ। ਇਹ ਚੋਣ ਪੂਰੇ ਦੇਸ਼ ਦੇ ਵੱਖੋ-ਵੱਖਰੇ ਪੁਲਿਸ ਵਿਭਾਗਾਂ ਅਤੇ ਰਾਜਾਂ ਦੀ ਪੁਲਿਸ 'ਚੋਂ ਹੁੰਦੀ ਹੈ। ਖਿਡਾਰੀਆਂ ਨੂੰ ਵਿਦੇਸ਼ ਖੇਡਣ ਜਾਣ ਦਾ ਖ਼ਰਚਾ 'ਕੌਮੀ ਪੁਲਿਸ ਸਪੋਰਟਸ ਬੋਰਡ' ਕਰਦਾ ਹੈ ਪਰ ਬੋਰਡ ਦੇ ਸੀਮਤ ਮਾਲੀ ਸਾਧਨਾਂ ਕਰਕੇ ਉਹ ਕਈ ਖਿਡਾਰੀਆਂ ਨੂੰ ਖ਼ਰਚਾ ਨਹੀਂ ਦਿੰਦਾ ਤੇ ਉਨ੍ਹਾਂ ਦਾ ਖਰਚਾ ਦੇਣ ਲਈ ਉਨ੍ਹਾਂ ਦੇ ਵਿਭਾਗ ਨੂੰ ਕਹਿ ਦਿੰਦਾ ਹੈ। ਕੌਮੀ ਪੁਲਿਸ ਬੋਰਡ ਵੱਲੋਂ ਵਿਦੇਸ਼ ਜਾਣ ਵਾਲੇ ਖਿਡਾਰੀਆਂ ਨੂੰ ਖ਼ਰਚਾ ਦੇਣ ਦੇ ਕਾਇਦੇ-ਕਾਨੂੰਨਾਂ ਦੀ ਵੀ ਕੋਈ ਨਿਯਮਾਂਵਲੀ ਨਹੀਂ। ਰਹੀ ਗੱਲ ਖਿਡਾਰੀਆਂ ਦੇ ਵਿਭਾਗਾਂ ਦੀ, ਭਾਰਤੀ ਪੁਲਿਸ ਕਿੰਨੀ ਕੁ ਪਾਰਦਰਸ਼ੀ ਹੈ, ਸਭ ਨੂੰ ਪਤਾ ਹੈ।

ਪੁਲਿਸ ਖੇਡਾਂ 'ਚ ਆ ਰਹੇ ਖਿਡਾਰੀਆਂ ਦਾ ਪੂਰਾ ਸ਼ੋਸ਼ਣ ਹੁੰਦਾ ਹੈ। ਕਈ ਖਿਡਾਰੀਆਂ ਨੂੰ ਅੰਤਲੇ ਸਮੇਂ ਤੱਕ ਜੇਬ ਖ਼ਰਚਾ ਨਹੀਂ ਦਿੱਤਾ ਗਿਆ ਤੇ ਜਹਾਜ਼ ਚੜ੍ਹਨ ਵੇਲੇ ਕਿਹਾ ਗਿਆ ਕਿ ਜਦੋਂ ਉਹ ਦੇਸ਼ ਪਰਤਣਗੇ ਤਾਂ ਇਹ ਬਣਦਾ ਖਰਚਾ ਉਨ੍ਹਾਂ ਨੂੰ ਤਨਖਾਹ ਦੇ ਨਾਲ ਦਿੱਤਾ ਜਾਵੇਗਾ। ਕੁਝ ਖਿਡਾਰੀਆਂ ਨੇ ਦੋਸ਼ ਲਾਏ ਹਨ ਕਿ ਉਨ੍ਹਾਂ ਦੇ ਅਧਿਕਾਰੀਆਂ ਨੇ ਉਨ੍ਹਾਂ ਨੂੰ ਚੈੱਕ ਦੇ ਕੇ ਉਨ੍ਹਾਂ ਤੋਂ ਦਸਤਖ਼ਤ ਕਰਵਾ ਕੇ ਵਾਪਸ ਲੈ ਲਏ। ਅਜਿਹੇ ਦੋਸ਼ ਲਾਉਣ ਵਾਲਿਆਂ 'ਚ ਪੰਜਾਬ ਪੁਲਿਸ ਦੇ ਕੌਮਾਂਤਰੀ ਮੱਲਾਂ ਮਾਰਨ ਵਾਲੇ ਕਈ ਖਿਡਾਰੀ ਵੀ ਸ਼ਾਮਲ ਹਨ।

ਪੰਜਾਬ ਸਰਕਾਰ ਆਏ ਦਿਨ ਨਵੇਂ ਸਟੇਡੀਅਮ ਬਣਾਉਣ, ਨਕਦ ਇਨਾਮ ਤੇ ਤਰੱਕੀਆਂ ਦੇਣ ਦੇ ਵਾਅਦੇ ਕਰਦੀ ਹੈ ਪਰ ਭਾਰਤੀ ਪੁਲਿਸ ਖੇਡ ਦਲ 'ਚ ਪੰਜਾਬ ਪੁਲਿਸ ਦੇ ਅਜਿਹੇ ਦਰਜਨ ਖਿਡਾਰੀ ਹਨ ਜਿਨ੍ਹਾਂ ਨੇ ਪਿਛਲੀਆਂ ਆਲਮੀ ਪੁਲਿਸ ਖੇਡਾਂ 'ਚ ਤਮਗੇ ਜਿੱਤੇ ਸਨ; ਇਨ੍ਹਾਂ ਨੂੰ ਨਾ ਬਣਦੀ ਤਰੱਕੀ ਦਿੱਤੀ ਗਈ ਅਤੇ ਨਾ ਹੀ ਐਲਾਨੀ ਗਈ ਨਕਦ ਰਾਸ਼ੀ ਮਿਲੀ। ਇੱਥੋਂ ਤੱਕ ਕਿ ਪਿਛਲੀਆਂ ਸੰਸਾਰ ਪੁਲਿਸ ਖੇਡਾਂ 'ਚ ਮੈਡਲ ਲੈਣ ਵਾਲੇ ਕਈ ਖਿਡਾਰੀ ਇਸ ਵਾਰ ਆਪਣੇ ਖਰਚੇ 'ਤੇ ਆਏ ਹੋਏ ਹਨ। ਇਨ੍ਹਾਂ ਨੂੰ ਨਾ ਭਾਰਤ ਦੇ ਖੇਡ ਵਿਭਾਗ ਨੇ, ਤੇ ਨਾ ਕੌਮੀ ਪੁਲਿਸ ਸਪੋਰਟਸ ਬੋਰਡ ਨੇ ਖਰਚਾ ਦਿੱਤਾ। ਇਨ੍ਹਾਂ ਦੇ ਅਧਿਕਾਰੀਆਂ ਨੇ ਸਿਰਫ਼ ਇਹੋ ਭਰੋਸਾ ਦਿੱਤਾ ਹੈ ਕਿ ਜਦੋਂ ਉਹ ਦੇਸ਼ ਪਰਤਣਗੇ ਤਾਂ ਉਨ੍ਹਾਂ ਦਾ ਸਾਰਾ ਬਣਦਾ ਹਿਸਾਬ-ਕਿਤਾਬ ਕਰਕੇ ਖਰਚਾ ਦਿੱਤਾ ਜਾਵੇਗਾ। ਅਜਿਹੀ ਨਿਰਾਸ਼ਾ 'ਚ ਵੀ ਪੰਜਾਬੀ ਖਿਡਾਰੀਆਂ ਸਮੇਤ ਭਾਰਤੀ ਖਿਡਾਰੀ ਕੌਮਾਂਤਰੀ ਪੁਲਿਸ ਖੇਡ 'ਚ ਚੰਗਾ ਪ੍ਰਦਰਸ਼ਨ ਦਾ ਜੇਰਾ ਕਰੀ ਬੈਠੇ ਹਨ।

ਭਾਰਤ ਵੱਲੋਂ ਇਨ੍ਹਾਂ ਖੇਡਾਂ 'ਚ ਓਲੰਪੀਅਨ ਕਰਤਾਰ ਭਲਵਾਨ ਅਤੇ ਬਲਵਿੰਦਰ ਬੀ.ਐਸ.ਐਫ. ਵਰਗੇ ਨਾਮੀ ਖਿਡਾਰੀਆਂ ਹਿੱਸਾ ਲੈ ਰਹੇ ਹਨ। ਕਿਹੜੀ ਖੇਡ ਕਿਹੜੇ ਸਟੇਡੀਅਮ 'ਚ ਹੋਣੀ ਹੈ, ਇਸ ਬਾਰੇ ਜਾਣਕਾਰੀ ਨਿਊ ਯਾਰਕ ਸਿਟੀ ਦਫ਼ਤਰ ਅਤੇ ਨਿਊ ਯਾਰਕ ਪੁਲਿਸ ਤੋਂ ਲਈ ਜਾ ਸਕਦੀ ਹੈ।

## ਭਾਰਤੀ ਮੂਲ ਦੀ ਪ੍ਰੇਮਿਕਾ ਨਾਲ ਰਲ ਕੇ ਪਤਨੀ ਦਾ ਕਤਲ

**ਨਿਊ ਯਾਰਕ:** ਅਮਰੀਕਾ ਵਿਚ ਪਾਕਿਸਤਾਨੀ ਮੂਲ ਦੇ ਕਾਸ਼ਿਫ ਪਰਵੇਜ਼ ਉਤੇ ਭਾਰਤੀ ਮੂਲ ਦੀ ਆਪਣੀ ਪ੍ਰੇਮਿਕਾ ਐਂਟੋਨਿਟੇ ਸਟੀਫਨ ਦੀ ਮਦਦ ਨਾਲ ਆਪਣੀ ਪਤਨੀ ਨਾਜ਼ਿਸ਼ ਨੂਰਾਨੀ ਦੀ ਹੱਤਿਆ ਦੀ ਸਾਜ਼ਿਸ਼ ਰਚਣ ਦਾ ਦੋਸ਼ ਲਗਾਇਆ ਗਿਆ ਹੈ। ਪਰਵੇਜ਼ ਨੂੰ ਹੱਤਿਆ, ਬੱਚੇ ਦੀ ਜਾਨ ਖ਼ਤਰੇ ਵਿਚ ਪਾਉਣ, ਸਾਜ਼ਿਸ਼ ਘੜਨ ਅਤੇ ਹੋਰ ਦੋਸ਼ਾਂ ਦਾ ਦੋਸ਼ੀ ਕਰਾਰ ਦਿੱਤਾ ਹੈ। ਸਟੀਫਨ ਜੋ ਮੈਸਚੁਸੈਟਸ ਵਿਚ ਰਹਿੰਦੀ ਹੈ, ਨੂੰ ਮੌਰਿਸ ਕਾਊਂਟੀ ਜੇਲ੍ਹ ਭੇਜ ਦਿੱਤਾ ਗਿਆ ਹੈ।


ਦੇਸੀ ਵਰਲਡ ਰੇਡੀਓ ਵਲੋਂ ਪੇਸ਼ ਹੈ

ਦੁਨੀਆਂ ਦਾ ਪਹਿਲਾ ਖਾਲਸ




ਦੇਸੀ ਰੇਡੀਓ

ਜਿਸ ਰਾਹੀਂ ਤੁਸੀਂ ਆਪਣੀ ਮਨ ਪਸੰਦ ਦਾ ਰੇਡੀਓ ਸੁਣ ਸਕਦੇ ਹੋ।
35000 ਤੋਂ ਵੱਧ ਰੇਡੀਓ ਸਟੇਸ਼ਨਾਂ ਨਾਲ ਲੈਸ,
WIFI ਇੰਟਰਨੈਟ ਰੇਡੀਓ 24 ਘੰਟੇ

*ਹਰਿਮੰਦਰ ਸਾਹਿਬ ਤੋਂ ਸ਼ਬਦ ਕੀਰਤਨ ਸੁਣੋ। ਇਸ ਤੋਂ ਇਲਾਵਾ 27 ਹੋਰ ਧਾਰਮਿਕ ਸਟੇਸ਼ਨ ਜਿਥੋਂ ਲਗਾਤਾਰ ਕਥਾ ਕੀਰਤਨ ਸੁਣੇ ਜਾ ਸਕਦੇ ਹਨ। ਪੰਜਾਬੀ ਗੀਤ-ਸੰਗੀਤ, ਖਬਰਾਂ ਤੇ ਚਲੰਤ ਮਾਮਲਿਆਂ ਉਤੇ ਪ੍ਰੋਗਰਾਮ 125 ਤੋਂ ਵੱਧ ਰੇਡੀਓ ਸਟੇਸ਼ਨਾਂ 'ਤੇ ਸੁਣੋ
*ਭਾਰਤ, ਅਮਰੀਕਾ, ਕੈਨੇਡਾ, ਇੰਗਲੈਂਡ, ਆਸਟਰੇਲੀਆ ਅਤੇ ਨਿਊਜ਼ੀਲੈਂਡ ਦੇ ਰੇਡੀਓ ਸਟੇਸ਼ਨ ਸੁਣੋ। ਰੇਡੀਓ ਹਮਸਫਰ, ਸ਼ੇਰੇ ਪੰਜਾਬ, ਧਮਾਲ ਰੇਡੀਓ, ਹੱਸਦਾ ਪੰਜਾਬ, ਦੇਸ ਪਰਦੇਸ, ਸਾਡੀ ਆਵਾਜ਼, ਪੰਜ ਪਾਣੀ, ਚੜ੍ਹਦੀ ਕਲਾ, ਦੇਸੀ ਰੇਡੀਓ, ਅੰਮ੍ਰਿਤ ਬਾਣੀ, ਬੀ ਬੀ ਸੀ ਹਿੰਦੀ, ਆਕਾਸ਼ਵਾਣੀ, ਪੰਜਾਬੀ ਰੇਡੀਓ, ਸ਼ਬਨਮ ਰੇਡੀਓ, ਢੋਲ ਰੇਡੀਓ ਅਤੇ ਹੋਰ ਹਿੰਦੀ, ਉਰਦੂ ਅਤੇ ਮਨਪਸੰਦ ਜ਼ੁਬਾਨਾਂ ਦੇ ਸੈਂਕੜੇ ਹੀ ਰੇਡੀਓ ਸੁਣੋ।

*ਰੇਡੀਓ ਰਿਮੋਟ ਕੰਟਰੋਲ ਨਾਲ ਉਪਲਬਧ *ਰੇਡੀਓ ਵਰਤਣਾ ਬਹੁਤ ਹੀ ਆਸਾਨ *ਰੇਡੀਓ ਵਿਚ ਦੋ ਅਲਾਰਮ ਹਨ-ਹਰਿਮੰਦਰ ਸਾਹਿਬ ਜਾਂ ਕੋਈ ਵੀ ਹੋਰ ਸਟੇਸ਼ਨ ਆਪਣੇ ਅਲਾਰਮ ਵਿਚ ਫਿਟ ਕਰਕੇ ਸੁਣ ਸਕਦੇ ਹੋ।

**Punjabi, Hindi, Urdu, Fijian, South Indian Radio Stations.**

ਡੀਲਰਸ਼ਿਪ ਲੈ ਕੇ ਚੰਗੇ ਪੈਸੇ ਕਮਾਓ

*ਇੰਡੀਅਨਐਪੋਲਿਸ ਵਿਚ ਦੇਸੀ ਰੇਡੀਓ*
***Desi Bazar, 916 E. Main Street #118, Greenwood, IN** (Tel: 317-888-2040)*
*'ਤੇ ਉਪਲਬਧ ਹੈ*

*ਆਰਡਰ ਕਰਨ 'ਤੇ ਤੀਜੇ ਦਿਨ ਰੇਡੀਓ ਤੁਹਾਡੇ ਕੋਲ ਪਹੁੰਚੇਗਾ*

*ਹੋਰ ਜਾਣਕਾਰੀ ਲਈ*
www.desiworldradio.com, info@desiworldradio.com
**Toll Free Number: 1-800-604-6024**





ਟੋਰਾਂਟੋ:ਓਂਟਾਰੀਓ ਕਬੱਡੀ ਫੈਡਰੇਸ਼ਨ ਵਲੋਂ ਕਰਵਾਏ ਗਏ ਟੋਰਾਂਟੋ ਕਬੱਡੀ ਕੱਪ ਟੂਰਨਾਮੈਂਟ ਦੌਰਾਨ ਕਬੱਡੀ ਪ੍ਰੋਮੋਟਰ ਤੇ ਯੂਨਾਈਟਿਡ ਸਪੋਰਟਸ ਕਲੱਬ, ਕੈਲੀਫੋਰਨੀਆ ਦੇ ਚੇਅਰਮੈਨ ਸ੍ਰੀ ਅਮੋਲਕ ਸਿੰਘ ਗਾਖਲ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨਾਲ ਖੜ੍ਹੇ ਹਨ ਕੈਨੇਡਾ ਸਰਕਾਰ ਵਿਚ ਮੰਤਰੀ ਟਿਮ ਉਪਲ, ਕਬੱਡੀ ਫੈਡਰੇਸ਼ਨ ਦੇ ਪ੍ਰਧਾਨ ਜੋਗਾ ਸਿੰਘ ਕੰਗ, ਸਿੰਘ ਸਭਾ ਮਾਲਟਨ ਸਪੋਰਟਸ ਕਲੱਬ ਦੇ ਪ੍ਰਧਾਨ ਬਿੱਲਾ ਸ਼ੇਰਗਿੱਲ ਤੇ ਚੇਅਰਮੈਨ ਸੇਵਾ ਸਿੰਘ ਰੰਧਾਵਾ, ਕਬੱਡੀ ਖਿਡਾਰੀ ਤੀਰਥ ਗਾਖਲ ਅਤੇ ਹੋਰ। ਅਤੇ ਹੇਠਾਂ ਯੂਨਾਈਟਿਡ ਸਪੋਰਟਸ ਕਲੱਬ ਕੈਲੀਫੋਰਨੀਆ ਦੀ ਜੇਤੂ ਅੰਡਰ 21 ਕਬੱਡੀ ਟੀਮ ਜਿੱਤੇ ਹੋਏ ਕੱਪ ਦੇ ਨਾਲ। ਟੀਮ ਦੇ ਨਾਲ ਹਨ ਅਮੋਲਕ ਸਿੰਘ ਗਾਖਲ, ਗੁਰਦਿਆਲ ਸਿੰਘ ਢਿੱਲੋਂ, ਗੁਰਦਾਵਰ ਸਿੰਘ ਮਹੇੜੂ, ਬਲਜੀਤ ਸਿੰਘ ਸੰਧੂ ਤੇ ਹੋਰ।



# ਬਾਬਾ ਭਨਿਆਰਾਂ ਨੂੰ ਮਿਲੇਗੀ 'ਭਵਸਾਗਰ' ਦੀ ਕਾਪੀ

ਚੰਡੀਗੜ੍ਹ: ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਜਸਟਿਸ ਐਮ.ਐਮ. ਕੁਮਾਰ, ਜਸਟਿਸ ਐਮ.ਐਮ.ਐਸ. ਬੇਦੀ ਅਤੇ ਜਸਟਿਸ ਜਤਿੰਦਰ ਚੌਹਾਨ 'ਤੇ ਆਧਾਰਤ ਬੈਂਚ ਨੇ ਹੁਕਮ ਦਿੱਤਾ ਕਿ ਬਾਬਾ ਪਿਆਰਾ ਸਿੰਘ ਭਨਿਆਰਾਂ ਦੀ ਵਿਵਾਦਪੂਰਨ ਕਿਤਾਬ 'ਭਵਸਾਗਰ' ਦੀਆਂ ਪੰਜ ਕਾਪੀਆਂ ਵਿਸ਼ੇਸ਼ ਕਮੇਟੀ ਦੇ ਪੰਜਾਂ ਮੈਂਬਰਾਂ ਤੋਂ ਵਾਪਸ ਲਈਆਂ ਜਾਣ। ਇਸ ਵਿਚੋਂ ਤਿੰਨ ਕਾਪੀਆਂ ਹਾਈ ਕੋਰਟ ਵਿਚ ਜਮ੍ਹਾਂ ਕਰਵਾਈਆਂ ਜਾਣ ਅਤੇ ਇਕ ਕਾਪੀ ਪਟੀਸ਼ਨਰ ਅਤੇ ਇਕ ਕਾਪੀ ਪੰਜਾਬ ਸਰਕਾਰ ਦੇ ਵਕੀਲ ਨੂੰ ਦਿੱਤੀ ਜਾਵੇ।

ਜ਼ਿਕਰਯੋਗ ਹੈ ਕਿ ਬਾਬਾ ਭਨਿਆਰਾਂ ਨੇ ਹਾਈ ਕੋਰਟ ਵਿਚ ਅਰਜ਼ੀ ਦੇ ਕੇ ਕਿਤਾਬ ਦੀ ਕਾਪੀ ਪ੍ਰਾਪਤ ਕਰਨ ਦੀ ਬੇਨਤੀ ਕੀਤੀ ਸੀ। ਹਾਈ ਕੋਰਟ ਨੇ ਪਟੀਸ਼ਨਰ ਨੂੰ ਇਹ ਵੀ ਹੁਕਮ ਦਿੱਤਾ ਹੈ ਕਿ ਉਹ ਕਿਤਾਬ ਦੀ ਦੁਰਵਰਤੋਂ ਨਾ ਕਰੇ। ਪੰਜਾਬ ਸਰਕਾਰ ਨੇ ਇਸ ਵਿਵਾਦਪੂਰਨ ਕਿਤਾਬ 'ਤੇ 27 ਸਤੰਬਰ, 2001 ਨੂੰ ਪਾਬੰਦੀ ਲਗਾ ਦਿੱਤੀ ਸੀ ਜਿਸ ਨੂੰ ਬਾਬਾ ਭਨਿਆਰਾਂ ਨੇ ਹਾਈ ਕੋਰਟ ਵਿਚ ਚੁਣੌਤੀ ਦਿੱਤੀ ਹੋਈ ਹੈ। ਇਸ ਕੇਸ ਦੀ ਅਗਲੀ ਸੁਣਵਾਈ 16 ਸਤੰਬਰ ਨੂੰ ਹੋਣੀ ਹੈ।












## ਗਦਰੀ ਬਾਬਿਆਂ ਨੂੰ ਸਮਰਪਿਤ

# ਪੰਜਾਬ ਮੇਲਾ 2011

## 27 ਅਗਸਤ 2011

(ਸਵੇਰੇ 10 ਵਜੇ ਤੋਂ ਸ਼ਾਮ 6 ਵਜੇ ਤੱਕ)

## Union City

Alvarado Middle School

31604 Alvarado Blvd., Union City, CA 94587







## Open & Under-21 Kabaddi ਓਪਨ ਅਤੇ ਅੰਡਰ 21 ਕਬੱਡੀ

**Tournament organized under rules & regulations of USA Kabaddi Fedration**

*Kabbaddi Commentator: Sukhwinder Sanghera*

Volleyball Tournament



ਸਰਬਜੀਤ ਸਿੰਘ ਸਾਜਨ ਦਾ ਢਾਡੀ ਜਥਾ ਢਾਡੀ ਵਾਰਾਂ ਪੇਸ਼ ਕਰੇਗਾ

ਕਾਲਮਨਵੀਸ ਅਸ਼ੋਕ ਭੌਰੇ ਦਾ ਵਿਸ਼ੇਸ਼ ਸਨਮਾਨ ਕੀਤਾ ਜਾਏਗਾ

Gidha/Bhangra Live Entertainment, Comedy & "Sangeet Group of California"



*Stage by Asha Sharma*

Free Admission

Enjoy Indian Food & Lots More.

Gadar Movement Exhibition

**Cultural Program By:>**



ਉਸਤਾਦ ਲਾਲ ਸਿੰਘ ਭੱਟੀ



ਅਮਰਜੀਤ ਦੁਲਈ



ਅਨੂਪ ਚੀਮਾ



ਲਾਲੀ ਸੰਧੂ



ਸੁਖਵਿੰਦਰ ਸੁੱਖੀ



ਤਰਲੋਕ ਸਿੰਘ

**For More Information Contact:**

Avtar Singh Tari 510-750-5152
Kashmir Dhugga 510-816-9044
Manjit S. Gill 510-415-2368 (www.gillfinanicial.com)
Kulbir Heer (Liberty Tax) 510-304-7733

# Indo American Cultural Org. (Bay Area)

# ਸ੍ਰੀ ਗੁਰੂ ਰਵੀਦਾਸ ਸਭਾ ਵੱਲੋਂ ਨਵੀਂ ਬਿਲਡਿੰਗ ਲਈ ਸ਼ੁਭ ਕਾਰਜ ਸ਼ੁਰੂ



**ਸੈਕਰਾਮੈਂਟੋ (ਰਾਜਾ):** ਸ੍ਰੀ ਗੁਰੂ ਰਵੀਦਾਸ ਸਭਾ, ਸੈਕਰਾਮੈਂਟੋ ਵੱਲੋਂ ਗੁਰੂਘਰ ਦੀ ਨਵੀਂ ਬਿਲਡਿੰਗ ਵਾਸਤੇ ਸੰਗਤਾਂ ਦੇ ਸਹਿਯੋਗ ਨਾਲ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ। ਸਭ ਤੋਂ ਪਹਿਲਾਂ ਗੁਰੂਘਰ ਦੀ ਖ਼ੂਬਸੂਰਤ ਇਮਾਰਤ ਲਈ ਵਧੀਆ ਆਰਟੀਟੈਕਟ ਡੈਨਿਸ ਨੂੰ ਕਮੇਟੀ ਵੱਲੋਂ ਨਿਯੁਕਤ ਕੀਤਾ ਹੈ ਜਿਸ ਨੇ ਪਹਿਲਾਂ ਵੀ ਕਾਫ਼ੀ ਗੁਰੂਘਰਾਂ ਦੇ ਨਕਸ਼ੇ ਬਣਾਏ ਹਨ। ਕਮੇਟੀ ਨੇ ਉਸ ਨੂੰ ਗੁਰੂਘਰ ਦੇ ਫਾਊਂਡਰ ਕਮੇਟੀ ਮੈਂਬਰਾਂ ਪਾਸੋਂ ਚੈਕ ਭੇਟ ਕਰ ਕੇ ਸ਼ੁਭ ਅਰੰਭ ਕਰਵਾਇਆ। ਇਨ੍ਹਾਂ ਬਾਨੀ ਮੈਂਬਰਾਂ ਵਿਚ ਬਾਬੂ ਅਜੀਤ ਰਾਮ ਬੰਗੜ, ਸ੍ਰੀ ਪਰਮਜੀਤ ਭੁੱਟਾ, ਮਰਹੂਮ ਸ. ਆਤਮਾ ਸਿੰਘ ਦੇ ਸਪੁੱਤਰ ਸ. ਹਰਜੀਤ ਸਿੰਘ ਅਤੇ ਮਰਹੂਮ ਸ. ਨਸੀਬ ਉਜਾਗਰ ਦੇ ਸਪੁੱਤਰ ਮੇਵਾ ਸਿੰਘ ਸਿੰਝੀ ਸ਼ਾਮਲ ਹਨ।

ਜ਼ਿਕਰਯੋਗ ਹੈ ਕਿ ਪਿਛਲੇ ਹਫ਼ਤੇ ਬੋਰਡ ਮੈਂਬਰਾਂ ਨੇ ਸਰਬਸੰਮਤੀ ਨਾਲ ਨਵੇਂ ਗੁਰੂਘਰ ਦੇ ਹਾਲ ਦੀ ਬਿਲਡਿੰਗ ਵਾਸਤੇ ਮਤਾ ਪਾਸ ਕੀਤਾ ਸੀ। ਇਸ ਦੇ ਨਾਲ ਹੀ ਕੰਮ ਸ਼ੁਰੂ ਹੋ ਗਿਆ। ਹੁਣ ਪਰਮਿਟ ਮਿਲਣ ਤੋਂ ਬਾਅਦ ਬਿਲਡਿੰਗ ਦਾ ਕੰਮ ਵੀ ਸ਼ੁਰੂ ਕਰ ਦਿੱਤਾ ਜਾਵੇਗਾ।

ਸੰਗਤ ਨੇ ਮੌਜੂਦਾ ਕਮੇਟੀ ਮੈਂਬਰਾਂ-ਚੇਅਰਮੈਨ ਬਲਵੀਰ ਸਿੰਘ ਕਲੇਰ, ਵਾਈਸ ਚੇਅਰਮੈਨ ਜੋਗਿੰਦਰ ਚੁੰਬਰ, ਪ੍ਰਧਾਨ ਸਤੀਸ਼ ਰੱਲ੍ਹ, ਮੀਤ ਪ੍ਰਧਾਨ ਦਰਸ਼ਨ ਵਿਰਕ ਤੇ ਸਤਨਾਮ ਮੰਢਾਲੀ, ਸੈਕਟਰੀ ਰਾਜ ਸਿੰਘ ਬੱਧੜ, ਸਟੇਜ ਸੈਕਟਰੀ ਰਮੇਸ਼ ਬੰਗੜ, ਜੀਵਨ ਰੱਤੂ, ਕੈਸ਼ੀਅਰ ਇੰਦਰਜੀਤ ਪਡਵੱਗਾਂ, ਵਾਈਸ ਕੈਸ਼ੀਅਰ ਮਹਿੰਦਰ ਸਿੰਘ ਧਾਮੀ, ਜਸਵਿੰਦਰ ਮੰਢਾਰਾਂ, ਕਿਚਨ ਇੰਚਾਰਜ ਹਰਬੰਸ ਰੱਲ੍ਹ, ਬਿਲਡਿੰਗ ਇੰਚਾਰਜ ਮਨਜੀਤ ਰੱਲ੍ਹ, ਮੀਡੀਆ ਇੰਚਾਰਜ ਜੱਸੀ ਬੰਗਾ ਅਤੇ ਜਸਵੰਤ ਸ਼ੀਮਾਰ ਦੇ ਕੰਮਾਂ ਦੀ ਸ਼ਲਾਘਾ ਕੀਤੀ। ਅੰਤ ਵਿਚ ਗੁਰੂਘਰ ਦੇ ਭਾਈ ਹਰਨਾਮ ਸਿੰਘ ਨੇ ਇਸ ਕਾਰਜ ਨੂੰ ਜਲਦੀ ਨੇਪਰੇ ਚੜ੍ਹਨ ਲਈ ਅਰਦਾਸ ਕੀਤੀ ਅਤੇ ਹੁਕਮਨਾਮਾ ਲਿਆ।



ਡਾ. ਗੁਰਨੇਕ ਸਿੰਘ ਨੂੰ ਮਿਲਦੇ ਹੋਏਵਾਈਸ ਚਾਂਸਲਰ ਡਾ. ਜਸਪਾਲ ਸਿੰਘ

# ਵਾਈਸ-ਚਾਂਸਲਰ ਬਣੇ ਪ੍ਰੋ. ਗੁਰਨੇਕ ਸਿੰਘ ਨੂੰ ਵਿਦਾਇਗੀ

**ਪਟਿਆਲਾ (ਬਿਊਰੋ):** ਪ੍ਰੋ. ਹਰਬੰਸ ਸਿੰਘ ਸਿੱਖ ਵਿਸ਼ਵਕੋਸ਼ ਵਿਭਾਗ ਅਤੇ ਧਰਮ ਅਧਿਐਨ ਵਿਭਾਗ ਵੱਲੋਂ ਸਾਂਝੇ ਤੌਰ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਨਿਯੁਕਤ ਹੋਣ ਤੇ ਪ੍ਰੋ. ਗੁਰਨੇਕ ਸਿੰਘ ਨੂੰ ਸਨਮਾਨ ਪੂਰਬਕ ਵਿਦਾਇਗੀ ਦਿੱਤੀ ਗਈ।

ਇਸ ਮੌਕੇ ਬੋਲਦਿਆਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਨੇ ਕਿਹਾ ਕਿ ਆਸ ਹੈ ਕਿ ਪ੍ਰੋ. ਗੁਰਨੇਕ ਸਿੰਘ ਵਰਗੇ ਮਿਹਨਤੀ, ਇਮਾਨਦਾਰ ਅਤੇ ਸਿੱਖੀ ਦ੍ਰਿੜਤਾ ਵਾਲੇ ਵਿਅਕਤੀ ਦੀ ਅਗਵਾਈ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਆਪਣਾ ਮਕਸਦ ਪੂਰਾ ਕਰੇਗੀ। ਸਿੱਖ ਵਿਸ਼ਵ ਕੋਸ਼ ਵਿਭਾਗ ਦੇ ਇੰਚਾਰਜ ਡਾ. ਪਰਮਵੀਰ ਸਿੰਘ ਨੇ ਕਿਹਾ ਕਿ ਸਾਡੇ ਲਈ ਇਹ ਖੁਸ਼ੀ ਅਤੇ ਮਾਣ ਵਾਲੀ ਗੱਲ ਹੈ ਕਿ ਸਾਡੇ ਸੀਨੀਅਰ ਸਾਥੀ ਅਤੇ ਸਾਡੇ ਵਿਭਾਗ ਵਿਚ ਕਾਰਜ ਕਰਨ ਵਾਲੇ ਪ੍ਰੋਫ਼ੈਸਰ ਸਾਹਿਬ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਵਿਚ ਸਭ ਤੋਂ ਉਚੇ ਅਹੁਦੇ 'ਤੇ ਸੇਵਾ ਕਰਨ ਦਾ ਮੌਕਾ ਮਿਲਿਆ ਹੈ।

ਇਸ ਮੌਕੇ ਡਾ. ਜੋਧ ਸਿੰਘ, ਡਾ. ਦਰਸ਼ਨ ਸਿੰਘ, ਡਾ. ਰਜਿੰਦਰ ਕੌਰ ਰੋਹੀ, ਡਾ. ਜਸਬੀਰ ਕੌਰ, ਡਾ. ਜਸਪ੍ਰੀਤ ਕੌਰ ਸੰਧੂ, ਡਾ. ਗੁਰਮੀਤ ਸਿੰਘ ਸਿੱਧੂ, ਡਾ. ਪ੍ਰਦੁਮਨ ਸ਼ਾਹ ਸਿੰਘ, ਡਾ. ਪਰਮਿੰਦਰ ਕੌਰ, ਨੀਰਜ ਖੰਨਾ, ਕਸ਼ਮੀਰ ਸਿੰਘ ਅਤੇ ਸਿੱਖ ਵਿਸ਼ਵ ਕੋਸ਼ ਵਿਭਾਗ ਦਾ ਸਟਾਫ਼ ਹਾਜ਼ਰ ਸਨ।

## ਯਹੂਦੀ ਰਾਜ ਵਿਰੁਧ ਜਹਾਦ ਦਾ ਸੱਦਾ

**ਕਾਹਿਰਾ:** ਗੁੱਸੇ 'ਚ ਆਏ ਲੋਕਾਂ ਨੇ ਇਸਰਾਇਲੀ ਸਫਾਰਤਖਾਨੇ ਦੇ ਬਾਹਰ ਰੈਲੀ ਕੀਤੀ ਤੇ ਇਕ ਇਸਲਾਮੀ ਧੜੇ ਨੇ ਯਹੂਦੀ ਰਾਜ ਵਿਰੁਧ ਜਹਾਦ ਦਾ ਸੱਦਾ ਦਿੱਤਾ। ਮੁਜ਼ਾਹਰਾਕਾਰੀਆਂ ਨੇ ਇਸਰਾਇਲ ਦਾ ਝੰਡਾ ਸਾੜਿਆ ਤੇ 'ਮਿਸਰੀ ਖੂਨ ਸਸਤਾ ਨਹੀਂ" ਦੇ ਨਾਅਰੇ ਮਾਰੇ।

ਇਕ ਵਿਅਕਤੀ ਨੇ ਮਿਸ਼ਨ ਦੀ ਇਮਾਰਤ 'ਤੇ ਚੜ੍ਹ ਕੇ ਇਸਰਾਇਲੀ ਝੰਡਾ ਲਾਹ ਦਿੱਤਾ ਤੇ ਮਿਸਰ ਦਾ ਝੰਡਾ ਲਹਿਰਾ ਦਿੱਤਾ। ਇਸਲਾਮਿਕ ਧੜੇ ਜਾਮਾ ਅਲ ਇਸਲਾਮੀਆ ਨੇ ਜਹਾਦ ਦਾ ਸੱਦਾ ਦਿੰਦਿਆਂ ਇਸਰਾਇਲ ਵਿਰੁੱਧ ਨਾਅਰੇਬਾਜ਼ੀ ਕੀਤੀ।

# ਸ਼ੋਰ ਦੀ ਹਨੇਰੀ 'ਚ, ਆਸ ਦਾ ਚਿਰਾਗ-ਕੰਗ

ਹਰਜਿੰਦਰ ਕੰਗ ਕਾਵਿ ਜਗਤ ਦੇ ਤਾਰਾ ਮੰਡਲ ਵਿਚ ਇੱਕ ਐਸਾ ਤਾਰਾ ਹੈ ਜਿਸ ਦੀ ਆਪਣੀ ਵੱਖਰੀ ਤੇ ਨਿਵੇਕਲੀ ਪਛਾਣ ਹੈ। ਉਹ ਆਪਣੀ ਇਸ ਵੱਖਰੀ ਦਿੱਖ ਸਦਕਾ ਹੀ ਇੱਕ ਚਾਨਣ ਦੀ ਧਾਰਾ ਬਣ ਸਾਡੇ ਮਨਾਂ ਵਿਚ ਉਤਰ ਗਿਆ ਹੈ। ਤੁਸੀਂ ਇਸ ਤਾਰੇ ਨੂੰ ਪਿਆਰ ਨਾਲ ਕਿਸੇ ਵੀ ਨਾਂ ਨਾਲ ਪੁਕਾਰ ਸਕਦੇ ਹੋ ਪਰ ਉਸ ਦਾ ਆਪਣਾ ਇੱਕ ਨਾਂ ਹੈ ਹਰਜਿੰਦਰ ਕੰਗ।

ਕੰਗ ਦੇ ਕਾਵਿ ਦਾ ਪਾਠ ਕਰਦਿਆਂ ਜਾਂ ਉਸ ਨੂੰ ਮਿਲਦਿਆਂ ਮੈਨੂੰ ਦੋਹਾਂ ਵਿਚ ਵਖਰੇਵਾਂ ਨਹੀਂ ਲੱਗਿਆ। ਇਹ ਕਿਸੇ ਦੇ ਨਸੀਬ ਵਿਚ ਹੀ ਆਉਂਦਾ ਹੈ ਕਿ ਕਵਿਤਾ ਲਿਖਦਿਆਂ ਲਿਖਦਿਆਂ ਖੁਦ ਕਵਿਤਾ ਹੋ ਜਾਣਾ। ਉਹ ਜਨਮ ਜਾਤ ਕਵੀ ਹੈ। ਉਹਨੂੰ ਹਿਸਾਬ ਨਾਲ ਵੀ ਮੋਹ ਹੈ। ਹਿਸਾਬ ਉਸ ਨੇ ਜ਼ਿੰਦਗੀ 'ਚ ਸਿੱਖਿਆ ਹੈ ਪਰ ਕਵਿਤਾ ਉਹ ਨਾਲ ਲੈ ਕੇ ਜਨਮਿਆ ਹੈ। ਜੇ ਹਿਸਾਬ ਉਸ ਦੇ ਦਿਮਾਗ ਵਿਚ ਹੈ ਤਾਂ ਕਵਿਤਾ ਉਸ ਦੇ ਲਹੂ ਵਿਚ ਹੈ। ਇਸ ਲਈ ਉਸ ਦੇ ਬੋਲਾਂ ਵਿਚ ਕਵਿਤਾ ਦੀ ਖੁਸ਼ਬੋਈ ਹੈ। ਉਹ ਕਵਿਤਾ ਬੋਲਦਾ ਹੀ ਨਹੀਂ ਸਗੋਂ ਤੋਲਦਾ ਵੀ ਹੈ। ਉਹ ਕਵਿਤਾ ਦੇ ਕਲਿਆਣਕਾਰੀ ਪੱਖ ਨੂੰ ਕਦੀ ਵੀ ਹੱਥੋਂ ਗਵਾਚਣ ਨਹੀਂ ਦਿੰਦਾ। ਇਸੇ ਲਈ ਸ਼ਬਦ ਉਹਦੇ ਨਾਲ ਤੁਰਦੇ ਹਨ।

ਉਹ ਕਵਿਤਾ ਦਾ ਕਾਰੀਗਰ ਨਹੀਂ ਹੈ ਸਗੋਂ ਰਚਨਹਾਰਾ ਹੈ। ਜਿਹੜੇ ਕਾਵਿ ਬੋਲ ਸਾਡੇ ਹੋਠਾਂ 'ਤੇ ਆਪ ਮੁਹਾਰੇ ਆ ਬੈਠਣ ਅਤੇ ਮਨ ਦੀ ਮੁਹਾਰਨੀ ਬਣ ਜਾਣ, ਉਹ ਕਵਿਤਾ ਹੁੰਦੀ ਹੈ। ਇਹ ਗੁਣ ਕੰਗ ਦੇ ਕਾਵਿ ਵਿਚ ਹੈ ਕਿਉਂਕਿ ਜਿੰਨੀ ਉਸ ਨੂੰ ਸ਼ਬਦ ਦੀ ਸਮਝ ਹੈ ਉਨੀ ਉਸ ਨੂੰ ਸ਼ਬਦ ਦੇ ਉਚਾਰਣ ਦੀ ਵੀ ਹੈ। ਉਹ ਸ਼ਬਦ ਦੀ ਧੁਨੀ ਪਛਾਣਦੈ, ਇਸੇ ਕਰਕੇ ਉਸ ਦੀ ਕਵਿਤਾ, ਗਜ਼ਲ, ਗੀਤ ਆਸ ਦੇ ਚਿਰਾਗ ਨੇ ਜੋ ਸ਼ੋਰ ਦੀ ਝੁੱਲ ਰਹੀ ਹਨੇਰੀ ਵਿਚ ਜਗਣ ਦਾ ਹੀਆ ਕਰ ਬੈਠੇ ਹਨ। ਕਾਵਿ ਦੀ ਭਾਵੇਂ ਕੋਈ ਵੀ ਵਿਧਾ ਹੋਵੇ ਜਿਹੜੀ ਗੱਲ ਉਹ ਕਹਿਣੀ ਚਾਹੁੰਦਾ ਹੈ, ਉਸ ਨੂੰ ਬਾਖ਼ੂਬੀ



ਹਰਜਿੰਦਰ ਕੰਗ

ਪਾਠਕ ਜਾਂ ਸਰੋਤੇ ਤੱਕ ਪਹੁੰਚਾ ਦਿੰਦਾ ਹੈ। ਇਹੀ ਉਸ ਦੇ ਕਾਵਿ ਦੀ ਪ੍ਰਭਾਵੀ ਸਮੱਰਥਾ ਹੈ। ਉਹ ਸ਼ਬਦਾਂ ਦੀ ਖੇਡ ਨਹੀਂ ਖੇਡਦਾ ਸਗੋਂ ਸ਼ਬਦਾਂ ਨੂੰ ਅਮੁੱਲੇ ਮੋਤੀਆਂ ਦੀ ਮਾਲਾ ਵਾਂਗ ਪਰੋਂਦਾ ਹੈ ਜੋ ਸਾਡੀ ਅੱਖ ਨੂੰ ਵੀ ਭਾਉਂਦੀ ਹੈ ਤੇ ਸਿਮਰਨ ਵੇਲੇ ਮਨ ਵੀ ਨਾਲ ਜੁੜਦਾ ਹੈ। ਸ਼ਬਦ ਨਾਲ ਇੱਕਸੁਰਤਾ ਹੀ ਤਾਂ ਉਸ ਦੀ ਕਵਿਤਾ ਦਾ ਕਮਾਲ ਹੈ। ਭਾਵੇਂ ਪੰਜਾਬੀ ਕਾਵਿ ਵਿਚ ਢੇਰਾਂ ਦੇ ਢੇਰ ਲਿਖਿਆ ਜਾ ਰਿਹਾ ਹੈ ਤੇ ਛਪੀ ਵੀ ਜਾ ਰਿਹਾ ਹੈ ਪਰ ਪੜ੍ਹਨਯੋਗ ਕਿਤਾਬਾਂ ਕੁਝ ਗਿਣਤੀ ਦੀਆਂ ਹੀ ਹਨ। ਉਨ੍ਹਾਂ ਵਿਚ ਹਰਜਿੰਦਰ ਕੰਗ ਦਾ ਨਾਂ ਮੂਹਰਲੀ ਕਤਾਰ ਵਿਚ ਆਉਂਦਾ ਹੈ। ਭਾਵੇਂ ਉਹ ਸਰਕਾਰੀ ਸਨਮਾਨਾਂ ਦੀ ਕਤਾਰ ਵਿਚ ਨਹੀਂ ਲੱਗਿਆ, ਪਰ ਲੋਕਾਂ ਦੇ ਰੱਜਵੇਂ ਪਿਆਰ ਤੇ ਸਤਿਕਾਰ ਨਾਲ ਉਸ ਦੀ ਝੋਲੀ ਨੱਕੋ ਨੱਕ ਭਰੀ ਹੋਈ ਹੈ। ਮਾਂ ਬੋਲੀ ਦੀ ਝੋਲੀ ਵਿਚ ਉਹ ਹੁਣ ਤੱਕ, 'ਚੁੱਪ ਦੇ ਟੁਕੜੇ, ਸਵਾਂਤੀ ਬੂੰਦ, ਠੀਕਰੀ ਪਹਿਰਾ ਤੇ ਆਪਾਂ ਦੋਵੇਂ ਰੁੱਸ ਬੈਠੇ' ਆਦਿ ਕਿਤਾਬਾਂ ਪਾ ਚੁਕਾ ਹੈ।

ਆਮ ਜ਼ਿੰਦਗੀ ਵਿਚ ਉਹ ਵਧੀਆ ਬੰਦਾ ਹੈ। ਚੰਗੇ ਬੰਦਿਆਂ ਵਾਲੇ ਬਹੁਤੇ ਗੁਣ ਉਹ ਇਕੱਲਾ ਹੀ ਸਾਂਭੀ ਬੈਠਾ ਹੈ। ਇਸੇ ਲਈ ਆਪਣੀ ਗੱਲ ਠੋਕ ਵਜਾ ਕੇ ਕਹਿਣ ਵੇਲੇ ਠਰੰਮਾ ਹੱਥੋਂ ਜਾਣ ਨਹੀਂ ਦਿੰਦਾ। ਤੈਸ਼ ਆਉਣਾ ਉਹ ਭੁੱਲ ਗਿਆ ਹੈ ਪਰ ਤਲਖੀ ਕਦੇ ਕਦੇ ਉਹਦਾ ਪੱਲਾ ਫੜ ਬੈਠਦੀ ਹੈ। ਇਸੇ ਲਈ ਸਾਹਿਤ ਵਿਚ ਡੇਰਾਵਾਦ ਦੇ ਵਿਰੁਧ ਉਸ ਨੂੰ ਕਦੇ ਕਦੇ ਗੁੱਸਾ ਆਉਂਦਾ ਹੈ ਪਰ ਫਿਰ ਵੀ ਉਹ ਆਪਣੀ ਚਾਲ ਵਿਚ ਮਸਤ ਹੈ। ਰਮਤੇ ਜੋਗੀ ਵਾਂਗੂ ਆਪਣੀਆਂ ਪੈੜਾਂ ਦੇ ਨਿਸ਼ਾਨ ਛੱਡਦਾ ਕਾਵਿ ਮੰਜ਼ਲ ਦੇ ਪੜਾਅ ਤੈਅ ਕਰਦਿਆਂ ਬਸ ਤੁਰਿਆ ਹੀ ਜਾ ਰਿਹਾ ਹੈ।

ਇੰਡੋ ਯੂ ਐਸ ਹੈਰੀਟੇਜ ਐਸੋਸੀਏਸ਼ਨ, ਫਰਿਜ਼ਨੋ ਗਦਰੀ ਬਾਬਿਆਂ ਦੇ ਸਾਲਾਨਾ ਮੇਲੇ 'ਤੇ ਮਾਂ ਬੋਲੀ ਪੰਜਾਬੀ ਦੇ ਇਸ ਸਮਰੱਥ ਸਪੂਤ ਨੂੰ ਸਨਮਾਨ ਦੇਣ ਵਿਚ ਮਾਣ ਮਹਿਸੂਸ ਕਰਦੀ ਹੈ।

*-ਸੰਤੋਖ ਸਿੰਘ ਮਿਨਹਾਸ*

## ਬਾਬੇ ਨਾਨਕ ਦਾ ਵਿਆਹ ਪੁਰਬ ਸਮਾਗਮ 18 ਸਤੰਬਰ ਨੂੰ

**ਸੈਨ ਹੋਜ਼ੇ (ਬਿਊਰੋ):** ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਦੀਆਂ ਸੰਗਤਾਂ ਵਲੋਂ ਗੁਰੂ ਨਾਨਕ ਦੇਵ ਜੀ ਦਾ ਵਿਆਹ ਪੁਰਬ ਇਥੇ ਗੁਰਦੁਆਰਾ ਸੈਨ ਹੋਜ਼ੇ ਵਿਚ ਆਉਂਦੀ 18 ਸਤੰਬਰ ਨੂੰ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਅਖੰਡ ਪਾਠ ਦਾ ਅਰੰਭ 16 ਸਤੰਬਰ ਨੂੰ ਹੋਵੇਗਾ। ਜ਼ਿਕਰਯੋਗ ਹੈ ਕਿ ਗੁਰੂ ਨਾਨਕ ਦੇਵ ਜੀ ਬਟਾਲੇ ਵਿਆਹੇ ਗਏ ਸਨ। ਇਨ੍ਹਾਂ ਸੰਗਤਾਂ ਵਲੋਂ ਪਿਛਲੇ ਸਾਲਾਂ ਵਿਚ ਵੀ ਇਹ ਪੁਰਬ ਮਨਾਇਆ ਜਾਂਦਾ ਰਿਹਾ ਹੈ।

ਐਤਵਾਰ 18 ਸਤੰਬਰ ਨੂੰ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਦੇ ਭੋਗ ਉਪਰੰਤ ਪੰਥ ਪ੍ਰਸਿਧ ਕੀਰਤਨੀ ਤੇ ਢਾਡੀ ਜਥੇ ਸ਼ਬਦ ਕੀਰਤਨ ਅਤੇ ਗੁਰੂ ਜਸ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਸਮਾਗਮ ਸਬੰਧੀ ਹੋਰ ਜਾਣਕਾਰੀ ਭੁਪਿੰਦਰ ਸਿੰਘ ਚੀਮਾ ਫੋਨ 408-203-8054, ਨੀਟੂ ਸਿੰਘ ਕਾਹਲੋਂ ਫੋਨ 408-398-1474, ਬਲਵਿੰਦਰ ਸਿੰਘ ਸਾਰਚੂਰ ਫੋਨ 510-461-2219, ਹਰਪਾਲ ਸਿੰਘ ਚਾਹਲ ਫੋਨ 408-981-2842 ਜਾਂ ਗੁਰਮੇਲ ਸਿੰਘ ਬਾਠ ਫੋਨ 408-532-1233 ਪਾਸੋਂ ਹਾਸਲ ਕੀਤੀ ਜਾ ਸਕਦੀ ਹੈ।

## ਫਰਿਜ਼ਨੋ ਗਦਰੀ ਮੇਲੇ 'ਚ ਹੋਵੇਗਾ 3 ਸ਼ਖਸੀਅਤਾਂ ਦਾ ਸਨਮਾਨ

**ਫਰਿਜ਼ਨੋ (ਬਿਊਰੋ):** ਇੰਡੋ ਯੂ ਐਸ ਹੈਰੀਟੇਜ ਐਸੋਸੀਏਸ਼ਨ, ਫਰਿਜਨੋ ਹਰ ਸਾਲ ਗਦਰੀ ਬਾਬਿਆਂ ਦੇ ਸਾਲਾਨਾ ਮੇਲੇ ਤੇ ਵੱਖ-ਵੱਖ ਖੇਤਰਾਂ ਵਿਚ ਉਘਾ ਯੋਗਦਾਨ ਪਾਉਣ ਵਾਲੀਆਂ ਤਿੰਨ ਸ਼ਖਸੀਅਤਾਂ ਦਾ ਸਨਮਾਨ ਕਰਦੀ ਹੈ।

ਇਸ ਵਾਰ 28 ਅਗਸਤ ਐਤਵਾਰ ਨੂੰ ਗਦਰੀ ਬਾਬਿਆਂ ਦੇ ਸਾਲਾਨਾ ਮੇਲੇ ਤੇ ਪੰਜਾਬੀ ਸਾਹਿਤ ਵਿਚ ਨਰੋਏ ਯੋਗਦਾਨ ਲਈ ਸ਼ਾਇਰ ਹਰਜਿੰਦਰ ਕੰਗ, ਸਮਾਜ ਦੀ ਨਿਸ਼ਕਾਮ ਸੇਵਾ ਲਈ ਡਾ. ਗੁਰਦਾਵਰ ਸਿੰਘ ਧਾਲੀਵਾਲ ਅਤੇ ਪੱਤਰਕਾਰੀ ਦੇ ਖੇਤਰ ਵਿਚ ਨਿੱਗਰ ਸੇਵਾ ਲਈ ਪੰਜਾਬ ਮੇਲ ਦੇ ਮੁੱਖ ਸੰਪਾਦਕ ਗੁਰਜਤਿੰਦਰ ਸਿੰਘ ਰੰਧਾਵਾ ਦਾ ਸਨਮਾਨ ਕੀਤਾ ਜਾ ਰਿਹਾ ਹੈ।

# ਬੀਬੀ ਹਰਵਿੰਦਰ ਕੌਰ ਵਲੋਂ ਗੁਰੂ ਗ੍ਰੰਥ ਸਾਹਿਬ ਦੇ ਲੜ ਲੱਗਣ ਦੀ ਪ੍ਰੇਰਨਾ

**ਸੈਨ ਹੋਜ਼ੇ (ਬਿਊਰੋ):** ਬੀਬੀ ਹਰਵਿੰਦਰ ਕੌਰ ਨੇ ਗੁਰਦੁਆਰਾ ਸੈਨ ਹੋਜ਼ੇ ਵਿਖੇ ਸਿੱਖ ਧਰਮ ਬਾਰੇ ਇਕ ਬਹੁਤ ਹੀ ਪ੍ਰੇਰਨਾਦਾਇਕ ਤਕਰੀਰ ਕਰਦਿਆਂ ਕਿਹਾ ਕਿ ਅਸੀਂ ਖੁਸ਼ਕਿਸਮਤ ਹਾਂ ਕਿ ਸਾਡੇ ਪਾਸ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਹਾਜ਼ਰ ਨਾਜ਼ਰ ਗੁਰੂ ਮੌਜੂਦ ਹੈ। ਜਦੋਂ ਅਸੀਂ ਸੱਚੇ ਦਿਲੋਂ ਗੁਰੂ ਅੱਗੇ ਨਤਮਸਤਕ ਹੁੰਦੇ ਹਾਂ ਤਾਂ ਇਕ ਸੈਕਿੰਡ ਵਿਚ ਹੀ ਗੁਰੂ ਸਾਡੇ ਸਭ ਪਾਪ ਧੋ ਦਿੰਦਾ ਹੈ। ਸਨਿਚਰ ਅਤੇ ਐਤਵਾਰ ਨੂੰ ਗੁਰੂ ਘਰ ਵਿਚ ਸੰਗਤਾਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਸਭ ਨੂੰ ਗੁਰੂ ਗ੍ਰੰਥ ਸਾਹਿਬ ਦੇ ਲੜ ਲੱਗਣ ਦੀ ਪ੍ਰੇਰਨਾ ਦਿੱਤੀ।

ਗੁਰਦੁਆਰਾ ਕਮੇਟੀ ਵਲੋਂ ਬੀਬੀ ਹਰਵਿੰਦਰ ਕੌਰ ਨੂੰ ਗੁਰੂ ਘਰ ਦੀ ਤਰਫੋਂ ਸਿਰੋਪਾਓ ਦੀ ਬਖਸ਼ਿਸ਼ ਕੀਤੀ ਗਈ। ਇਥੇ ਜ਼ਿਕਰਯੋਗ ਹੈ ਕਿ ਬੀਬੀ ਹਰਵਿੰਦਰ ਕੌਰ ਨੂੰ ਅਲੈਗਜ਼ੈਂਡਰਾ ਆਈਕਨ ਕਰਕੇ ਜਾਣਿਆ ਜਾਂਦਾ ਰਿਹਾ ਹੈ ਜੋ ਕਿ ਇਕ ਬਰਤਾਨਵੀ ਕੈਬਨਿਟ ਮੰਤਰੀ ਦੀ ਮਾਡਲ ਤੇ ਐਕਟਰੈਸ ਧੀ ਸੀ।





ਗੁਰਦੁਆਰਾ ਸੈਨ ਹੋਜ਼ੇ ਵਿਖੇ ਬੀਬੀ ਹਰਵਿੰਦਰ ਕੌਰ ਤਕਰੀਰ ਕਰਦੇ ਹੋਏ ਅਤੇ (ਸੱਜੇ) ਸਿਰੋਪਾਓ ਲੈਂਦੇ ਹੋਏ

ਭਾਰਤੀ ਇਨਕਲਾਬੀ ਆਜ਼ਾਦੀ ਲਹਿਰ ਦੇ ਮਹਾਨ ਸ਼ਹੀਦ
ਬੱਬਰ ਕਿਸ਼ਨ ਸਿੰਘ ਗੜਗੱਜ, ਰਾਮ ਪ੍ਰਸਾਦ ਬਿਸਮਿੱਲ ਅਤੇ
ਬਾਬਾ ਜਵਾਲਾ ਸਿੰਘ ਠੱਠੀਆਂ ਨੂੰ ਸਮਰਪਿਤ

# ਗਦਰੀ ਬਾਬਿਆਂ ਦਾ ਮੇਲਾ


ਬੱਬਰ ਕਿਸ਼ਨ ਸਿੰਘ ਗੜਗੱਜ


ਰਾਮ ਪ੍ਰਸਾਦ ਬਿਸਮਿੱਲ


ਬਾਬਾ ਜਵਾਲਾ ਸਿੰਘ ਠੱਠੀਆਂ

## 28 ਅਗਸਤ 2011, ਦਿਨ ਐਤਵਾਰ

*(ਦੁਪਹਿਰ ਇਕ ਵਜੇ ਤੋਂ ਸ਼ਾਮ 7 ਵਜੇ ਤੱਕ)*

**ਸਥਾਨ:** ਫਰਿਜ਼ਨੋ ਫੇਅਰ ਗਰਾਊਂਡਜ਼ (ਇੰਡਸਟਰੀ ਕਮਰਸ ਬਿਲਡਿੰਗ)
1121 S. Chance Ave., Fresno, CA

**ਮੁੱਖ ਮਹਿਮਾਨ:** ਡਾ. ਤੇਜਵੰਤ ਸਿੰਘ ਗਿੱਲ, ਨਾਮਵਰ ਪੰਜਾਬੀ ਆਲੋਚਕ ਅਤੇ ਸਾਬਕਾ ਪ੍ਰੋਫੈਸਰ (ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ)
**ਸ਼ਮਾਂ ਰੌਸ਼ਨ ਕਰਨਗੇ:** ਡਾ. ਗੁਰੂਮੇਲ ਸਿੱਧੂ, ਉਘੇ ਵਿਦਵਾਨ ਅਤੇ ਸਾਇੰਸਦਾਨ।

*ਆਓ ਗਦਰੀ ਬਾਬਿਆਂ ਦੇ ਇਸ ਮੇਲੇ ਵਿਚ ਪਰਿਵਾਰਾਂ ਸਮੇਤ ਪੁੱਜੀਏ। ਆਪਣੇ ਬੱਚਿਆਂ ਨੂੰ ਭਾਰਤ ਦੀ ਆਜ਼ਾਦੀ ਦੇ ਮਹਾਨ ਸ਼ਹੀਦਾਂ ਦੀਆਂ ਕੁਰਬਾਨੀਆਂ, ਸੋਚ ਅਤੇ ਸੁਪਨਿਆਂ ਬਾਰੇ ਜਾਣੂ ਕਰਵਾਈਏ ਅਤੇ ਸ਼ਰਧਾ ਦੇ ਫੁੱਲ ਭੇਂਟ ਕਰੀਏ।*

*ਲੋਕ ਗਾਇਕ: ਸੁਰਿੰਦਰ ਛਿੰਦਾ, ਬੱਬੂ ਗੁਰਪਾਲ, ਪ੍ਰੀਤਮ ਸੋਹੀ ਅਤੇ ਰਾਜ ਬਰਾੜ ਪ੍ਰੋਗਰਾਮ ਪੇਸ਼ ਕਰਨਗੇ*


ਸੁਰਿੰਦਰ ਛਿੰਦਾ


ਬੱਬੂ ਗੁਰਪਾਲ ਪ੍ਰੀਤਮ ਸੋਹੀ ਰਾਜ ਬਰਾੜ

**ਪ੍ਰੋਗਰਾਮ ਦਾ ਵੇਰਵਾ**

>ਸਕਿੱਟ, ਓਪੇਰਾ, ਕੋਰੀਓਗ੍ਰਾਫੀ।
>ਕਵੀਸ਼ਰੀ, ਗਿੱਧਾ, ਭੰਗੜਾ, ਮਲਵਈ ਗਿੱਧਾ।
>4.0+GPA ਵਾਲੇ ਹਾਈ ਸਕੂਲ ਬੱਚਿਆਂ ਨੂੰ ਨਕਦ ਇਨਾਮ।
>ਬੱਚਿਆਂ ਦੀਆਂ ਦਿਲਕਸ਼ ਆਈਟਮਾਂ।
>ਫੋਟੋ ਪਰਦਸ਼ਨੀ, ਚਾਹ ਪਾਣੀ ਅਤੇ ਲੰਗਰ ਦਾ ਪ੍ਰਬੰਧ।
>ਸੰਸਥਾ ਦਾ ਮੈਗਜ਼ੀਨ ਮੁਫ਼ਤ ਵੰਡਿਆ ਜਾਵੇਗਾ।
>ਡਾਕਟਰੀ ਕੈਂਪ (Dr. Gurdaver Singh Dhaliwal)
>ਵੱਖ ਵੱਖ ਖੇਤਰਾਂ ਦੀਆਂ 3 ਪ੍ਰਮੁੱਖ ਸ਼ਖਸੀਅਤਾਂ ਨੂੰ ਸਨਮਾਨਤ ਕੀਤਾ ਜਾਵੇਗਾ।

**ਪ੍ਰਬੰਧਕ ਕਮੇਟੀ:** ਪ੍ਰਿੰਸੀਪਲ ਪ੍ਰੀਤਮ ਸਿੰਘ ਨਾਹਲ (ਪ੍ਰਧਾਨ), ਸਾਧੂ ਸਿੰਘ ਸੰਘਾ (ਮੀਤ ਪ੍ਰਧਾਨ), ਸੰਤੋਖ ਸਿੰਘ ਮਿਨਹਾਸ (ਜਨਰਲ ਸਕੱਤਰ), ਪਾਲ ਧਾਲੀਵਾਲ (ਸਹਾਇਕ ਸਕੱਤਰ), ਰਜਿੰਦਰ ਬਰਾੜ ਵੈਰੋਕੇ (ਵਿੱਤ ਸਕੱਤਰ), ਰਣਜੀਤ ਸਿੰਘ ਗਿੱਲ (ਵਿੱਤ ਸਕੱਤਰ), ਗੁਰਦੀਪ ਸਿੰਘ ਨਿੱਝਰ, ਆਤਮਾ ਸਿੰਘ ਚਾਹਲ, ਨਿਰਮਲ ਗਿੱਲ ਧਨੌਲਾ, ਗੁਰਨੇਕ ਸਿੰਘ ਰਾਏ, ਹਾਕਮ ਸਿੰਘ ਢਿੱਲੋਂ, ਸਤਵੰਤ ਸਿੰਘ ਵਿਰਕ, ਸੁਲੱਖਣ ਸਿੰਘ ਗਿੱਲ, ਬਿਕਰਮਜੀਤ ਕਾਹਲੋਂ, ਮਨਜੀਤ ਕੁਲਾਰ, ਸੰਤੋਖ ਸਿੰਘ ਢਿੱਲੋਂ, ਮਨਧੀਰ ਸਿੰਘ, ਹੈਰੀ ਮਾਨ, ਪੁਸ਼ਪਿੰਦਰ ਕੁਮਾਰ, ਅਜੀਤਪਾਲ ਸਿੰਘ ਢਿਲੋਂ।

*ਹੋਰ ਜਾਣਕਾਰੀ ਲਈ ਸੰਪਰਕ ਕਰੋ*

(559) 707-2270, 283-6376, 457-8552, 942-6999

## ਇੰਡੋ-ਯੂ.ਐਸ. ਹੈਰੀਟੇਜ ਐਸੋਸੀਏਸ਼ਨ (ਫਰਿਜ਼ਨੋ)

**Directions: From Northbound 99:** Exit on Chestnut Ave, go North on Chestnut Ave, turn left on Kings Canyon Road and go to Chance Ave. ( Entrance is from Kings Canyon Road).

**Directions: From Southbound 99:** Exit on Ventura Ave, make left on Ventura, Ventura will become Kings Canyon Road, pass Chance Ave. ( Entrance is from Kings Canyon Road).

# ਸਾਕਾ ਨੀਲਾ ਤਾਰਾ ਦੀ ਯਾਦਗਾਰ ਬਣਾਉਣ ਦਾ ਕੰਮ ਫਿਰ ਲਟਕਿਆ

## ਦੂਜੀ ਕਮੇਟੀ ਤੋਂ ਵੀ ਤਿਆਰ ਨਾ ਹੋਈ ਰਿਪੋਰਟ



**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸ਼੍ਰੋਮਣੀ ਕਮੇਟੀ ਸਾਕਾ ਨੀਲਾ ਤਾਰਾ ਦੀ ਯਾਦਗਾਰ ਬਣਾਉਣ ਲਈ ਸੁਹਿਰਦ ਨਹੀਂ। ਇਸ ਵਾਰ ਜੂਨ ਚੁਰਾਸੀ ਦੇ ਘੱਲੂਘਾਰਾ ਦਿਵਸ ਮੌਕੇ ਪੰਥਕ ਜਥੇਬੰਦੀਆਂ ਦੇ ਦਬਾਅ ਕਾਰਨ ਸ਼੍ਰੋਮਣੀ ਕਮੇਟੀ ਨੇ ਸਾਕਾ ਨੀਲਾ ਤਾਰਾ ਦੀ ਯਾਦਗਾਰ ਬਣਾਉਣ ਦਾ ਐਲਾਨ ਕੀਤਾ ਸੀ ਪਰ ਹੁਣ ਫਿਰ ਇਸ ਨੂੰ ਠੰਡੇ ਬਸਤੇ 'ਚ ਪਾ ਦਿੱਤਾ ਹੈ। ਇਸ ਦੀ ਰੂਪ ਰੇਖਾ ਤਿਆਰ ਕਰਨ ਲਈ ਕਾਇਮ ਕੀਤੀ ਕਮੇਟੀ ਵੱਲੋਂ ਤੈਅ ਸਮੇਂ ਵਿਚ ਆਪਣੀ ਰਿਪੋਰਟ ਨਾ ਦੇਣ ਕਾਰਨ ਤੇ ਸ਼੍ਰੋਮਣੀ ਕਮੇਟੀ ਚੋਣਾਂ ਦੀ ਪ੍ਰਕਿਰਿਆ ਆਰੰਭ ਹੋਣ ਕਾਰਨ ਇਹ ਮਾਮਲਾ ਲਟਕ ਗਿਆ ਹੈ।

ਸਾਕਾ ਨੀਲਾ ਤਾਰਾ ਦੀ ਯਾਦਗਾਰ ਬਣਾਉਣ ਲਈ ਲਗਾਤਾਰ ਵਧ ਰਹੇ ਦਬਾਅ ਤਹਿਤ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵੱਲੋਂ ਛੇ ਜੂਨ ਨੂੰ ਯਾਦਗਾਰ ਦੀ ਰੂਪ ਰੇਖਾ ਉਲੀਕਣ ਲਈ ਕਮੇਟੀ ਬਣਾਉਣ ਦਾ ਐਲਾਨ ਕੀਤਾ ਗਿਆ ਸੀ ਤੇ ਅੱਠ ਜੂਨ ਨੂੰ ਇਸ ਬਾਰੇ ਪੰਜ ਮੈਂਬਰੀ ਕਮੇਟੀ ਬਣਾਈ ਗਈ ਸੀ। ਇਸ ਕਮੇਟੀ ਨੂੰ ਆਪਣੀ ਰਿਪੋਰਟ 60 ਦਿਨਾਂ ਵਿਚ ਦੇਣ ਦੀ ਹਦਾਇਤ ਕੀਤੀ ਗਈ ਸੀ। ਇਸ ਪੰਜ ਮੈਂਬਰੀ ਕਮੇਟੀ ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਉਪ ਕੁਲਪਤੀ ਡਾ. ਜਸਪਾਲ ਸਿੰਘ, ਸਾਬਕਾ ਪ੍ਰੋ. ਉਪ ਕੁਲਪਤੀ ਡਾ. ਪ੍ਰਿਥੀਪਾਲ ਸਿੰਘ, ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ, ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਰਘੁਜੀਤ ਸਿੰਘ ਵਿਰਕ ਤੇ ਅੰਤ੍ਰਿੰਗ ਕਮੇਟੀ ਮੈਂਬਰ ਰਜਿੰਦਰ ਸਿੰਘ ਮਹਿਤਾ ਸ਼ਾਮਲ ਸਨ। ਇਸ ਕਮੇਟੀ ਦੀਆਂ ਕੁਝ ਮੀਟਿੰਗਾਂ ਹੋ ਚੁੱਕੀਆਂ ਹਨ ਪਰ ਇਸ ਕਮੇਟੀ ਨੇ ਤੈਅ ਸਮੇਂ ਵਿਚ ਆਪਣੀ ਰਿਪੋਰਟ ਸ਼੍ਰੋਮਣੀ ਕਮੇਟੀ ਤੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਨਹੀਂ ਸੌਂਪੀ।

ਇਸੇ ਤਰ੍ਹਾਂ ਦਲ ਖਾਲਸਾ ਵੱਲੋਂ ਸਾਕਾ ਨੀਲਾ ਤਾਰਾ ਦੀ ਯਾਦਗਾਰ ਦੀ ਰੂਪ ਰੇਖਾ ਉਲੀਕਣ ਲਈ ਸ਼੍ਰੋਮਣੀ ਕਮੇਟੀ ਵੱਲੋਂ ਕਾਇਮ ਕੀਤੀ ਗਈ ਕਮੇਟੀ ਦੇ ਬਰਾਬਰ ਇਕ ਹੋਰ ਕਮੇਟੀ ਬਣਾਈ ਸੀ। ਇਸ ਚਾਰ ਮੈਂਬਰੀ ਕਮੇਟੀ ਵਿਚ ਪ੍ਰੋ. ਜਗਮੋਹਨ ਸਿੰਘ, ਸਾਬਕਾ ਆਈ.ਏ.ਐਸ. ਅਧਿਕਾਰੀ ਗੁਰਤੇਜ ਸਿੰਘ, ਏ.ਆਰ. ਦਰਸ਼ੀ ਤੇ ਅਜਮੇਰ ਸਿੰਘ ਸ਼ਾਮਲ ਸਨ। ਇਸ ਕਮੇਟੀ ਵੱਲੋਂ ਵੀ ਅੱਠ ਅਗਸਤ ਨੂੰ ਆਪਣੀ ਰਿਪੋਰਟ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਤੇ ਸ਼੍ਰੋਮਣੀ ਕਮੇਟੀ ਨੂੰ ਸੌਂਪਣ ਦਾ ਐਲਾਨ ਕੀਤਾ ਗਿਆ ਸੀ। ਇਸ ਕਮੇਟੀ ਨੇ ਵੀ ਫਿਲਹਾਲ ਆਪਣੀ ਮੁਕੰਮਲ ਰਿਪੋਰਟ ਹੁਣ ਤੱਕ ਨਹੀਂ ਸੌਂਪੀ ਹੈ। ਇਸ ਦੇ ਸਿੱਟੇ ਵਜੋਂ ਇਹ ਮਾਮਲਾ ਫਿਲਹਾਲ ਮੁੜ ਠੰਢੇ ਬਸਤੇ ਵਿਚ ਪੈ ਗਿਆ ਹੈ।

ਜ਼ਿਕਰਯੋਗ ਹੈ ਕਿ ਇਹ ਮਾਮਲਾ ਪਹਿਲਾਂ ਹੀ 2002 ਤੋਂ ਲਗਾਤਾਰ ਲਟਕਦਾ ਆ ਰਿਹਾ ਹੈ। 2002 ਵਿਚ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਵੱਲੋਂ ਮਤਾ ਪਾਸ ਕਰਕੇ ਸਾਕਾ ਨੀਲਾ ਤਾਰਾ ਦੀ ਯਾਦਗਾਰ ਬਣਾਉਣ ਦਾ ਐਲਾਨ ਕੀਤਾ ਗਿਆ ਸੀ ਤੇ 2005 ਵਿਚ ਇਸਦਾ ਨੀਂਹ ਪੱਥਰ ਰੱਖਣ ਦਾ ਵੀ ਐਲਾਨ ਕਰ ਦਿੱਤਾ ਗਿਆ ਸੀ ਪਰ ਇਹ ਮਾਮਲਾ ਅੱਜ ਵੀ ਵਿਚਾਲੇ ਲਟਕਿਆ ਹੋਇਆ ਹੈ। ਇਸ ਬਾਰੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਦਾ ਕਹਿਣਾ ਹੈ ਕਿ ਹੁਣ ਤੱਕ ਸਬੰਧਤ ਕਮੇਟੀ ਵੱਲੋਂ ਸਾਕਾ ਨੀਲਾ ਤਾਰਾ ਦੀ ਯਾਦਗਾਰ ਦੀ ਰੂਪ ਰੇਖਾ ਬਾਰੇ ਕੋਈ ਵੀ ਰਿਪੋਰਟ ਨਹੀਂ ਸੌਂਪੀ ਗਈ ਹੈ। ਇਸ ਕਮੇਟੀ ਨੇ ਕੁਝ ਮੀਟਿੰਗਾਂ ਕੀਤੀਆਂ ਹਨ ਤੇ ਅਗਲੇ ਕੁਝ ਦਿਨਾਂ ਵਿਚ ਹੀ ਮੀਟਿੰਗ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸ਼ਾਇਦ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਕਾਰਨ ਰਿਪੋਰਟ ਸੌਂਪਣ ਵਿਚ ਦੇਰੀ ਹੋਈ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਅਨੁਸਾਰ ਕਮੇਟੀ ਦੇ ਮੈਂਬਰ ਡਾ. ਜਸਪਾਲ ਸਿੰਘ ਪਿਛਲੇ ਦਿਨੀਂ ਕਿਸੇ ਵਿਸ਼ੇਸ਼ ਰੁਝੇਵੇਂ ਵਿਚ ਰੁੱਝੇ ਹੋਏ ਸਨ। ਇਸ ਲਈ ਕਮੇਟੀ ਦੀ ਮੀਟਿੰਗ ਨਹੀਂ ਹੋ ਸਕੀ ਪਰ ਹੁਣ ਜਲਦੀ ਹੀ ਕਮੇਟੀ ਵੱਲੋਂ ਮੀਟਿੰਗ ਸੱਦ ਕੇ ਅਗਲੀ ਕਾਰਵਾਈ ਕੀਤੀ ਜਾਵੇਗੀ। ਇਸ ਕਮੇਟੀ ਦੇ ਮੈਂਬਰ ਤੇ ਸਾਬਕਾ ਪ੍ਰੋ. ਉਪ ਕੁਲਪਤੀ ਡਾ. ਪ੍ਰਿਥੀਪਾਲ ਸਿੰਘ ਕਪੂਰ ਨੇ ਕਿਹਾ ਕਿ ਕਮੇਟੀ ਵੱਲੋਂ ਦੋ ਤਿੰਨ ਮੀਟਿੰਗਾਂ ਕੀਤੀਆਂ ਜਾ ਚੁੱਕੀਆਂ ਹਨ ਤੇ ਰੂਪ ਰੇਖਾ ਨੂੰ ਅੰਤਿਮ ਰੂਪ ਦੇਣ ਲਈ ਦੋ ਤਿੰਨ ਮੀਟਿੰਗਾਂ ਦੀ ਹੋਰ ਲੋੜ ਹੈ। ਉਨ੍ਹਾਂ ਦੱਸਿਆ ਕਿ ਇਸ ਬਾਰੇ ਲੋਕਾਂ ਦੀ ਰਾਏ ਵੀ ਲਈ ਜਾ ਰਹੀ ਹੈ।

ਦੂਜੇ ਪਾਸੇ ਦਲ ਖਾਲਸਾ ਵੱਲੋਂ ਕਾਇਮ ਕੀਤੀ ਗਈ ਚਾਰ ਮੈਂਬਰੀ ਕਮੇਟੀ ਦੀ ਰਿਪੋਰਟ ਬਾਰੇ ਸਿੱਖ ਆਗੂ ਕੰਵਰਪਾਲ ਸਿੰਘ ਨੇ ਦੱਸਿਆ ਕਿ ਇਸ ਕਮੇਟੀ ਨੇ ਆਪਣੀ ਰਿਪੋਰਟ ਤਿਆਰ ਕਰ ਲਈ ਹੈ ਤੇ ਇਸ ਰਿਪੋਰਟ ਦਾ ਇਕ ਸੰਖੇਪ ਹਿੱਸਾ 27 ਜੁਲਾਈ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਗਠਿਤ ਕਮੇਟੀ ਦੇ ਮੈਂਬਰਾਂ ਬਾਬਾ ਹਰਨਾਮ ਸਿੰਘ ਖਾਲਸਾ, ਡਾ. ਜਸਪਾਲ ਸਿੰਘ ਤੇ ਡਾ. ਪ੍ਰਿਥੀਪਾਲ ਸਿੰਘ ਨੂੰ ਸੌਂਪਿਆ ਜਾ ਚੁੱਕਾ ਹੈ ਜਦੋਂਕਿ ਮੁਕੰਮਲ ਰਿਪੋਰਟ ਕਮੇਟੀ ਦੀ ਮੀਟਿੰਗ ਵਾਲੇ ਦਿਨ ਸੌਂਪ ਦਿੱਤੀ ਜਾਵੇਗੀ। ਉਸੇ ਦਿਨ ਹੀ ਇਹ ਰਿਪੋਰਟ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਵੀ ਸੌਂਪ ਦੇਣਗੇ।

# ਚੋਣ ਕਮਿਸ਼ਨ ਵੱਲੋਂ ਪੰਜਾਬ ਸਰਕਾਰ ਨੂੰ ਇਕ ਹੋਰ ਝਟਕਾ

## ਗੁਰੂ ਤੇ ਗਿੱਲ ਬਾਰੇ ਰਿਪੋਰਟ ਤਲਬ





**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਭਾਰਤੀ ਚੋਣ ਕਮਿਸ਼ਨ ਵੱਲੋਂ ਪੰਜਾਬ ਸਰਕਾਰ ਨੂੰ ਇਕ ਹੋਰ ਝਟਕਾ ਦਿੰਦਿਆਂ ਮੁੱਖ ਮੰਤਰੀ ਦੇ ਪ੍ਰਮੁੱਖ ਸਕੱਤਰ ਦਰਬਾਰਾ ਸਿੰਘ ਗੁਰੂ ਤੇ ਪੰਜਾਬ ਪੁਲਿਸ ਦੇ ਮੁਖੀ ਪਰਮਦੀਪ ਸਿੰਘ ਗਿੱਲ ਬਾਰੇ ਰਿਪੋਰਟ ਤਲਬ ਕਰ ਲਈ ਹੈ। ਇਨ੍ਹਾਂ ਅਧਿਕਾਰੀਆਂ ਵਿਰੁੱਧ ਆਈਆਂ ਸ਼ਿਕਾਇਤਾਂ ਬਾਰੇ ਚੋਣ ਕਮਿਸ਼ਨ ਨੇ ਪੰਜਾਬ ਦੀ ਮੁੱਖ ਚੋਣ ਅਧਿਕਾਰੀ ਕੁਮਾਰੀ ਕੁਸੁਮਜੀਤ ਸਿੱਧੂ ਤੋਂ ਰਿਪੋਰਟ ਮੰਗੀ ਹੈ। ਇਨ੍ਹਾਂ ਦੋਹਾਂ ਅਧਿਕਾਰੀਆਂ ਉਪਰ ਕਥਿਤ ਸਿਆਸੀ ਤਾਕਤ ਦੀ ਦੁਰਵਰਤੋਂ ਦੇ ਦੋਸ਼ ਲੱਗੇ ਹਨ। ਚੋਣ ਕਮਿਸ਼ਨ ਦੀ ਚੰਡੀਗੜ੍ਹ ਫੇਰੀ ਮੌਕੇ 9 ਅਗਸਤ ਨੂੰ ਪੰਜਾਬ ਕਾਂਗਰਸ ਦੇ ਆਗੂਆਂ ਤੇ ਹੋਰ ਪਾਰਟੀਆਂ ਨੇ ਉਕਤ ਦੋਹਾਂ ਉੱਚ ਅਧਿਕਾਰੀਆਂ ਦੀ ਭੂਮਿਕਾ 'ਤੇ ਸਵਾਲੀਆ ਨਿਸ਼ਾਨ ਲਾਉਂਦਿਆਂ ਮੁੱਖ ਚੋਣ ਕਮਿਸ਼ਨਰ ਡਾ.ਐਸ.ਵਾਈ. ਕੁਰੈਸ਼ੀ ਨੂੰ ਮਿਲ ਕੇ ਸ਼ਿਕਾਇਤ ਕੀਤੀ ਸੀ।

ਚੋਣ ਕਮਿਸ਼ਨ ਨੇ ਉਸੇ ਦਿਨ ਮੁੱਖ ਸਕੱਤਰ ਸੁਬੋਧ ਚੰਦਰ ਅਗਰਵਾਲ ਨੂੰ ਰਿਪੋਰਟ ਦੇਣ ਲਈ ਕਿਹਾ ਸੀ ਪਰ ਰਾਜ ਸਰਕਾਰ ਨੇ ਇਸ ਮਾਮਲੇ ਵਿਚ ਢਿੱਲ ਮੱਠ ਕਰਦਿਆਂ ਕੋਈ ਰਿਪੋਰਟ ਨਹੀਂ ਭੇਜੀ। ਰਾਜ ਸਰਕਾਰ ਵੱਲੋਂ ਇਸ ਮਾਮਲੇ ਨੂੰ ਸਰਸਰੀ ਲਏ ਜਾਣ ਤੋਂ ਬਾਅਦ ਕਮਿਸ਼ਨ ਨੇ ਮੁੱਖ ਚੋਣ ਅਧਿਕਾਰੀ ਨੂੰ ਪੱਤਰ ਲਿਖ ਕੇ ਦੋਹਾਂ ਅਧਿਕਾਰੀਆਂ ਬਾਰੇ ਰਿਪੋਰਟ ਮੰਗੀ ਹੈ। ਬੀਬੀ ਕੁਸੁਮਜੀਤ ਸਿੱਧੂ ਨੇ ਚੋਣ ਕਮਿਸ਼ਨ ਦਾ ਪੱਤਰ ਮਿਲ ਜਾਣ ਦੀ ਪੁਸ਼ਟੀ ਕੀਤੀ ਹੈ। ਚੋਣ ਕਮਿਸ਼ਨਰ ਨੇ ਸ. ਦਰਬਾਰਾ ਸਿੰਘ ਗੁਰੂ ਦੇ ਨਾਂ ਦਾ ਹਵਾਲਾ ਦਿੰਦਿਆਂ ਕਿਹਾ ਹੈ ਕਿ ਇਸ ਅਧਿਕਾਰੀ ਦੀਆਂ ਸਰਗਰਮੀਆਂ 'ਤੇ ਧਿਆਨ ਰੱਖਿਆ ਜਾਵੇ ਕਿ ਇਹ ਅਧਿਕਾਰੀ ਚੋਣਾਂ ਨਾਲ ਜੁੜੇ ਅਮਲੇ ਜਾਂ ਚੋਣ ਪ੍ਰਕਿਰਿਆ 'ਤੇ ਆਪਣਾ ਪ੍ਰਭਾਵ ਤਾਂ ਨਹੀਂ ਵਰਤ ਰਿਹਾ। ਡੀ.ਜੀ.ਪੀ. ਵੱਲੋਂ ਮੋਗਾ ਵਿਚ 350 ਗੰਨਮੈਨ ਵੱਖ-ਵੱਖ ਵਿਅਕਤੀਆਂ ਨੂੰ ਦੇਣ ਬਾਰੇ ਵੀ ਰਿਪੋਰਟ ਮੰਗੀ ਗਈ ਹੈ। ਚੋਣ ਕਮਿਸ਼ਨ ਨੇ ਮੁੱਖ ਚੋਣ ਅਧਿਕਾਰੀ ਨੂੰ ਚੋਣਾਂ ਨਾਲ ਜੁੜੇ ਹੋਰ ਮਾਮਲਿਆਂ ਬਾਰੇ ਕਿਹਾ ਹੈ।

ਇਹ ਰਿਪੋਰਟ 25 ਅਗਸਤ ਤੱਕ ਭੇਜਣ ਲਈ ਕਿਹਾ ਹੈ। ਜ਼ਿਕਰਯੋਗ ਹੈ ਕਿ ਦਰਬਾਰਾ ਸਿੰਘ ਗੁਰੂ ਬਾਰੇ ਬਰਨਾਲਾ ਜ਼ਿਲ੍ਹੇ ਵਿਚ ਪੈਂਦੇ ਵਿਧਾਨ ਸਭਾ ਹਲਕਾ ਭਦੌੜ ਤੇ ਡੀ.ਜੀ.ਪੀ. ਦੇ ਮੋਗਾ ਹਲਕੇ ਤੋਂ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਹਾਕਮ ਸ਼੍ਰੋਮਣੀ ਅਕਾਲੀ ਦਲ ਦੀ ਟਿਕਟ 'ਤੇ ਚੋਣ ਲੜਨ ਦੇ ਚਰਚੇ ਹਨ। ਚੋਣ ਕਮਿਸ਼ਨ ਦੀ ਚੰਡੀਗੜ੍ਹ ਫੇਰੀ ਮੌਕੇ 9 ਅਗਸਤ ਨੂੰ ਪੰਜਾਬ ਕਾਂਗਰਸ ਦੇ ਆਗੂਆਂ ਤੇ ਹੋਰ ਪਾਰਟੀਆਂ ਨੇ ਉਕਤ ਦੋਹਾਂ ਉੱਚ ਅਧਿਕਾਰੀਆਂ ਦੀ ਭੂਮਿਕਾ 'ਤੇ ਸਵਾਲੀਆ ਨਿਸ਼ਾਨ ਲਾਉਂਦਿਆਂ ਮੁੱਖ ਚੋਣ ਕਮਿਸ਼ਨਰ ਡਾ.ਐਸ.ਵਾਈ. ਕੁਰੈਸ਼ੀ ਨੂੰ ਮਿਲ ਕੇ ਸ਼ਿਕਾਇਤ ਕੀਤੀ ਸੀ। ਚੋਣ ਕਮਿਸ਼ਨ ਨੇ ਉਸੇ ਦਿਨ ਮੁੱਖ ਸਕੱਤਰ ਸੁਬੋਧ ਚੰਦਰ ਅਗਰਵਾਲ ਨੂੰ ਰਿਪੋਰਟ ਦੇਣ ਲਈ ਕਿਹਾ ਸੀ ਪਰ ਰਾਜ ਸਰਕਾਰ ਨੇ ਇਸ ਮਾਮਲੇ ਵਿਚ ਢਿੱਲਮੱਠ ਕਰਦਿਆਂ ਕੋਈ ਰਿਪੋਰਟ ਨਹੀਂ ਭੇਜੀ।

# ਖਹਿਰਾ ਵੱਲੋਂ ਬੀਬੀ ਜਗੀਰ ਕੌਰ ਉਤੇ ਜ਼ਮੀਨ 'ਤੇ ਨਾਜਾਇਜ਼ ਕਬਜ਼ੇ ਦਾ ਦੋਸ਼

**ਚੰਡੀਗੜ੍ਹ:** ਭੁਲੱਥ ਵਿਧਾਨ ਸਭਾ ਹਲਕੇ ਦੇ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਐਲਾਨ ਕੀਤਾ ਹੈ ਕਿ ਪੰਜਾਬ ਦੀ ਸਾਬਕਾ ਮੰਤਰੀ ਤੇ ਅਕਾਲੀ ਆਗੂ ਬੀਬੀ ਜਗੀਰ ਕੌਰ ਵੱਲੋਂ ਨਗਰ ਪੰਚਾਇਤ ਬੇਗੋਵਾਲ (ਕਪੂਰਥਲਾ) ਦੀ 12 ਏਕੜ ਜ਼ਮੀਨ ਉਪਰ ਕੀਤੇ ਕਥਿਤ ਕਬਜ਼ੇ ਦੇ ਮਾਮਲੇ ਨੂੰ ਉਹ ਲੋਕਪਾਲ ਪੰਜਾਬ ਕੋਲ ਉਠਾਉਣਗੇ।

ਚੰਡੀਗੜ੍ਹ 'ਚ 20 ਅਗਸਤ ਨੂੰ ਪ੍ਰੈਸ ਕਾਨਫਰੰਸ ਦੌਰਾਨ ਸ. ਖਹਿਰਾ ਨੇ ਦੋਸ਼ ਲਾਇਆ ਕਿ ਉਨ੍ਹਾਂ ਵੱਲੋਂ ਮਾਲ ਵਿਭਾਗ ਤੋਂ ਸੂਚਨਾ ਲੈਣ ਦੇ ਅਧਿਕਾਰ ਤਹਿਤ ਹਾਸਲ ਕੀਤੀ ਜਾਣਕਾਰੀ ਅਨੁਸਾਰ ਇਹ ਸਪੱਸ਼ਟ ਹੋ ਗਿਆ ਹੈ ਕਿ 12 ਏਕੜ ਜ਼ਮੀਨ ਦੀ ਮਾਲਕ ਨਗਰ ਪੰਚਾਇਤ ਬੇਗੋਵਾਲ ਹੈ। ਸ. ਖਹਿਰਾ ਵੱਲੋਂ ਇਸ ਬਾਰੇ ਮੁਹੱਈਆ ਕੀਤੇ ਦਸਤਾਵੇਜ਼ ਵਿਚ ਕਾਸ਼ਤਕਾਰ ਦੇ ਤੌਰ 'ਤੇ ਪ੍ਰਧਾਨ ਕਮੇਟੀ ਸੰਤ ਪ੍ਰੇਮ ਸਿੰਘ ਖਾਲਸਾ ਹਾਈ ਸਕੂਲ ਦਿਖਾਇਆ ਗਿਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਇਹ ਸਾਰੀ ਗੜਬੜ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਸਰਪ੍ਰਸਤੀ ਹੇਠ ਹੋ ਰਹੀ ਹੈ ਤੇ ਉਹ ਲੋਕਪਾਲ ਕੋਲ ਇਸ ਮਾਮਲੇ ਵਿਚ ਬੀਬੀ ਜਗੀਰ ਕੌਰ ਤੇ ਮੁੱਖ ਮੰਤਰੀ ਵਿਰੁੱਧ ਸ਼ਿਕਾਇਤ ਕਰਨਗੇ।





ਉਧਰ ਬੀਬੀ ਜਗੀਰ ਕੌਰ ਨੇ ਕਿਹਾ ਕਿ ਸ. ਖਹਿਰਾ ਨੂੰ ਬੇਤੁਕੇ ਬਿਆਨ ਦੇਣ ਦੀ ਆਦਤ ਹੈ। ਉਨ੍ਹਾਂ ਕਿਹਾ ਕਿ 60 ਸਾਲ ਪਹਿਲਾਂ ਮੁਰੱਬੇਬੰਦੀ ਦੌਰਾਨ ਹੀ ਸੰਤ ਪ੍ਰੇਮ ਸਿੰਘ ਖਾਲਸਾ ਹਾਈ ਸਕੂਲ ਚੱਲ ਰਿਹਾ ਹੈ। ਇਸ ਤੋਂ ਇਲਾਵਾ 30 ਕਿੱਲਿਆਂ ਵਿਚ ਇਕ ਕਾਲਜ ਵੀ ਚੱਲ ਰਿਹਾ ਹੈ। ਉਨ੍ਹਾਂ ਕਿਹਾ ਕਿ ਉਹ ਇਸ ਮਾਮਲੇ ਦੀ ਪਿਛਲੇ ਸਮੇਂ ਪੜਤਾਲ ਵੀ ਕਰਵਾ ਚੁੱਕੇ ਹਨ ਪਰ ਇਸ ਦੇ ਬਾਵਜੂਦ ਉਨ੍ਹਾਂ ਉਪਰ ਜਾਣਬੁਝ ਕੇ ਗਲਤ ਦੋਸ਼ ਲਾਏ ਜਾ ਰਹੇ ਹਨ।

# ਸੰਤ ਲੌਂਗੋਵਾਲ ਨੂੰ ਸ਼ਰਧਾਂਜਲੀ ਦੇ ਬਹਾਨੇ ਵੋਟਾਂ ਮੰਗੀਆਂ



**ਸੰਗਰੂਰ:** ਸ਼੍ਰੋਮਣੀ ਅਕਾਲੀ ਦਲ (ਬ) ਨੇ 20 ਅਗਸਤ ਨੂੰ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਸ਼ਰਧਾਂਜਲੀ ਦੇਣ ਦੇ ਬਹਾਨੇ ਲੋਕਾਂ ਤੋਂ ਸ਼੍ਰੋਮਣੀ ਕਮੇਟੀ ਚੋਣਾਂ ਲਈ ਵੋਟਾਂ ਮੰਗੀਆਂ। ਕਸਬਾ ਲੌਂਗੋਵਾਲ ਵਿਖੇ ਸੰਤ ਹਰਚੰਦ ਸਿੰਘ ਲੌਂਗੋਵਾਲ ਦਾ 26ਵਾਂ ਬਰਸੀ ਸਮਾਗਮ ਹੁਕਮਰਾਨ ਸ਼੍ਰੋਮਣੀ ਅਕਾਲੀ ਦਲ ਲਈ ਇਕ ਵੱਡੀ ਚੋਣ ਰੈਲੀ ਹੋ ਨਿੱਬੜਿਆ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਸਮੇਤ ਤਕਰੀਬਨ ਹਰ ਬੁਲਾਰੇ ਨੇ ਆਪਣੇ ਭਾਸ਼ਣ ਦਾ ਅੱਧਾ ਹਿੱਸਾ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਅਕਾਲੀ ਦਲ ਦੇ ਉਮੀਦਵਾਰਾਂ ਨੂੰ ਜਿਤਾਉਣ ਲਈ ਸੰਗਤਾਂ ਨੂੰ ਅਪੀਲ ਕਰਨ 'ਤੇ ਹੀ ਲਾ ਦਿੱਤਾ।

ਇਸ ਮੌਕੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਸ਼ਹੀਦ ਸੰਤ ਹਰਚੰਦ ਸਿੰਘ ਲੌਂਗੋਵਾਲ ਇਨਸਾਨ ਨਹੀਂ ਬਲਕਿ ਇਕ ਸੰਸਥਾ ਸਨ। ਉਹ ਸਾਡੇ ਸਾਰਿਆਂ ਲਈ ਚਾਨਣ ਮੁਨਾਰਾ ਸਨ। ਉਨ੍ਹਾਂ ਵੱਲੋਂ ਦੇਸ਼ ਦੀ ਏਕਤਾ ਤੇ ਅਖੰਡਤਾ ਤੇ ਸਿੱਖ ਪੰਥ ਲਈ ਦਿੱਤੀ ਸ਼ਹਾਦਤ ਨੂੰ ਸਿੱਖ ਪੰਥ ਤਾਂ ਕੀ, ਸਮੁੱਚੀ ਦੁਨੀਆ ਵੀ ਨਹੀਂ ਭੁੱਲ ਸਕਦੀ। ਸ਼ਕਤੀ ਤੇ ਭਗਤੀ ਦੇ ਪ੍ਰਤੀਕ ਸੰਤ ਹਰਚੰਦ ਸਿੰਘ ਲੌਂਗੋਵਾਲ ਧਾਰਮਿਕ ਖੇਤਰ ਵਿਚ ਵੀ ਸਾਡੇ ਲਈ ਵੱਡੇ ਪ੍ਰੇਰਨਾ ਸਰੋਤ ਹਨ। ਸ. ਬਾਦਲ ਨੇ ਕਿਹਾ ਕਿ ਸੰਤ ਲੌਂਗੋਵਾਲ ਤੇ ਰਾਜੀਵ ਗਾਂਧੀ ਦੇ ਦਸਤਖਤਾਂ ਵਾਲਾ ਸਮਝੌਤਾ ਸਿਰਫ ਇਸ ਕਰਕੇ ਲਾਗੂ ਨਹੀਂ ਹੋ ਸਕਿਆ ਕਿਉਂਕਿ ਕਾਂਗਰਸ ਸਰਕਾਰ ਇਸ ਸਮਝੌਤੇ ਤੋਂ ਮੁੱਕਰ ਗਈ ਸੀ। ਉਨ੍ਹਾਂ ਕਾਂਗਰਸ ਨੂੰ ਧੋਖੇਬਾਜ਼ ਪਾਰਟੀ ਕਰਾਰ ਦਿੰਦਿਆਂ ਕਿਹਾ ਕਿ ਇਸ ਨੇ ਸਿਰਫ਼ ਸੰਤ ਲੌਂਗੋਵਾਲ ਨਾਲ ਹੀ ਧੋਖਾ ਨਹੀਂ ਕੀਤਾ ਸਗੋਂ ਦੇਸ਼ ਦੀ ਆਜ਼ਾਦੀ ਬਾਅਦ ਦੇਸ਼ਵਾਸੀਆਂ ਨਾਲ ਕੀਤੇ ਵਾਅਦੇ ਵੀ ਨਹੀਂ ਨਿਭਾਏ ਗਏ। ਹੁਣ ਇਹੋ ਕਾਂਗਰਸ ਪਾਰਟੀ ਪੰਥਕ ਮੋਰਚੇ ਰਾਹੀਂ ਸ਼੍ਰੋਮਣੀ ਕਮੇਟੀ ਵਿਚ ਵੀ ਘੁਸਪੈਠ ਕਰਨਾ ਚਾਹੁੰਦੀ ਹੈ।

ਸਮਾਗਮ ਦੌਰਾਨ ਸ਼੍ਰੋਮਣੀ ਕਮੇਟੀ ਦੀ ਕਾਰਗੁਜ਼ਾਰੀ ਤੇ ਭਵਿੱਖ ਦੇ ਪ੍ਰੋਗਰਾਮਾਂ ਨੂੰ ਦਰਸਾਉਂਦਾ 'ਪੰਥਕ ਏਜੰਡਾ' ਜਾਰੀ ਕਰਦਿਆਂ ਉਨ੍ਹਾਂ ਕਿਹਾ ਕਿ ਸਿੱਖ ਗੁਰਧਾਮਾਂ ਨੂੰ ਮਹੰਤਾਂ ਦੇ ਕਬਜ਼ੇ ਵਿਚੋਂ ਛੁਡਾਉਣ ਲਈ ਖਾਲਸਾ ਪੰਥ ਨੂੰ ਬੇਮਿਸਾਲ ਕੁਰਬਾਨੀਆਂ ਕਰਨੀਆਂ ਪਈਆਂ। ਸ਼੍ਰੋਮਣੀ ਅਕਾਲੀ ਦਲ ਨੂੰ ਇਸ ਗੱਲ ਦਾ ਮਾਣ ਹੈ ਕਿ ਜਦੋਂ 1920 ਵਿੱਚ ਸ਼੍ਰੋਮਣੀ ਕਮੇਟੀ ਹੋਂਦ ਵਿਚ ਆਈ ਤਾਂ ਉਸ ਸਮੇਂ ਤੋਂ ਲੈ ਕੇ ਹੁਣ ਤੱਕ ਸਿੱਖ ਸੰਗਤਾਂ ਨੇ ਸਿੱਖਾਂ ਦੀ ਪਾਰਲੀਮੈਂਟ ਦੀ ਜ਼ਿੰਮੇਵਾਰੀ ਇਥੇ ਪਾਰਟੀ ਨੂ ਨੂੰਸੌਂਪੀਖੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਮੌਜੂਦਾ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਵੀ ਸ਼੍ਰੋਮਣੀ ਅਕਾਲੀ ਦਲ ਹੂੰਝਾ-ਫੇਰੂ ਜਿੱਤ ਪ੍ਰਾਪਤ ਕਰੇਗਾ। ਪੰਥਕ ਮੋਰਚੇ ਦੀ ਆਲੋਚਨਾ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਮੋਰਚੇ ਵਿਚ ਸ਼ਾਮਲ ਵੱਖ ਵੱਖ ਧੜੇ ਸਿੱਧੇ ਅਸਿੱਧੇ ਤੌਰ 'ਤੇ ਕਾਂਗਰਸ ਦੀ ਸਰਪ੍ਰਸਤੀ ਹੇਠ ਹਨ। ਉਨ੍ਹਾਂ ਨੇ ਰਵੀਇੰਦਰ ਸਿੰਘ ਨੂੰ ਕੈਪਟਨ ਅਮਰਿੰਦਰ ਸਿੰਘ ਦੀ ਸੱਜੀ ਬਾਂਹ ਦੱਸਿਆ ਤੇ ਪਰਮਜੀਤ ਸਿੰਘ ਸਰਨਾ ਨੂੰ ਕਾਂਗਰਸ ਦਾ ਪੱਕਾ ਏਜੰਟ ਗਰਦਾਨਿਆਂ। ਅਕਾਲੀ ਦਲ (ਲੌਂਗੋਵਾਲ) 'ਤੇ ਵੀ ਤਿੱਖੇ ਵਾਰ ਕਰਦਿਆਂ ਉਨ੍ਹਾਂ ਕਿਹਾ ਕਿ ਸੁਰਜੀਤ ਸਿੰਘ ਬਰਨਾਲਾ ਕਾਂਗਰਸ ਦੀ ਮਿਹਰ ਨਾਲ ਹੀ ਗਵਰਨਰੀਆਂ ਵੀ ਮਾਣ ਰਹੇ ਹਨ ਤੇ ਪੰਜਾਬ ਵਿਚ ਆਪਣੀ ਪਾਰਟੀ ਵੀ ਚਲਾ ਰਹੇ ਹਨ।

ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲਈ ਸ਼੍ਰੋਮਣੀ ਅਕਾਲੀ ਦਲ ਤੇ ਸੰਤ ਸਮਾਜ ਵੱਲੋਂ ਸਾਂਝੇ ਰੂਪ ਵਿਚ ਆਪਣਾ ਚੋਣ ਮੈਨੀਫੈਸਟੋ ਜਾਰੀ ਕੀਤਾ ਗਿਆ ਹੈ। ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਬਰਸੀ ਸਮਾਰੋਹ ਵਿਚ 'ਪੰਥਕ ਏਜੰਡਾ' ਜਾਰੀ ਕਰਨ ਮੌਕੇ ਸ. ਬਾਦਲ ਨੇ ਕਿਹਾ ਕਿ ਇਹ ਗੱਲ ਜੱਗ ਜਾਹਿਰ ਹੈ ਕਿ ਸ਼੍ਰੋਮਣੀ ਕਮੇਟੀ ਦੇ ਹੋਂਦ ਵਿਚ ਆਉਣ ਤੋਂ ਲੈ ਕੇ ਅੱਜ ਤੱਕ ਕਾਂਗਰਸ ਪਾਰਟੀ ਨੇ ਹਮੇਸ਼ਾਂ ਸਿੱਖ ਸੰਸਥਾਵਾਂ ਤੇ ਗੁਰਧਾਮਾਂ 'ਤੇ ਕਬਜ਼ਾ ਕਰਨ ਦੇ ਅਸਫ਼ਲ ਯਤਨ ਕੀਤੇ ਹਨ।

# ਨਵੇਂ ਹੁਕਮ, ਡਿਪੋਰਟੇਸ਼ਨ ਵਾਲੇ ਲੋਕਾਂ ਲਈ ਗਰੀਨ ਕਾਰਡ ਦਾ ਮੌਕਾ

**ਨਿਊ ਯਾਰਕ (ਬਿਊਰੋ):** ਰਾਸ਼ਟਰਪਤੀ ਓਬਾਮਾ ਦੀਆਂ ਹਦਾਇਤਾਂ 'ਤੇ ਡਿਪੋਰਟੇਸ਼ਨ ਕੇਸਾਂ ਨੂੰ ਦੁਬਾਰਾ ਖੋਲਣ ਅਤੇ ਡਿਪੋਰਟ ਕਰਨ ਦੇ ਆਖਰੀ ਹੁਕਮਾਂ ਵਾਲੇ ਲੋਕਾਂ ਨੂੰ ਗਰੀਨ ਕਾਰਡ ਦੇਣ ਬਾਰੇ ਨਵੀਂ ਇਮੀਗ੍ਰੇਸ਼ਨ ਨੀਤੀ ਇਮੀਗ੍ਰੇਸ਼ਨ ਵਿਭਾਗ ਨੇ ਪ੍ਰਵਾਨ ਕਰ ਲਈ ਹੈ।

ਇਹ ਜਾਣਕਾਰੀ ਦਿੰਦਿਆਂ ਇਮੀਗ੍ਰੇਸ਼ਨ ਵਕੀਲ ਅਟਾਰਨੀ ਗੁਰਪਤਵੰਤ ਸਿੰਘ ਪੰਨੂ ਨੇ ਦਸਿਆ ਕਿ ਇਸ ਨਵੀਂ ਇਮੀਗ੍ਰੇਸ਼ਨ ਨੀਤੀ ਨਾਲ ਉਨ੍ਹਾਂ ਲੋਕਾਂ ਨੂੰ ਭਾਰੀ ਰਾਹਤ ਮਿਲੇਗੀ ਜਿਨ੍ਹਾਂ ਦੀਆਂ ਪਤਨੀਆਂ, ਬੱਚੇ ਜਾਂ ਮਾਤਾ ਪਿਤਾ ਅਮਰੀਕੀ ਨਾਗਰਿਕ ਹਨ ਜਾਂ ਗਰੀਨ ਕਾਰਡ ਧਾਰਕ ਹਨ ਪਰ ਖੁਦ ਉਹ ਅਜੇ ਪੱਕੇ ਨਹੀਂ ਹੋ ਸਕੇ। ਇਸ ਨੀਤੀ ਨਾਲ ਡਿਪੋਰਟੇਸ਼ਨ ਦਾ ਹੁਕਮ ਪਾ ਚੁਕੇ ਲੋਕਾਂ ਨੂੰ ਇਜਾਜ਼ਤ ਮਿਲ ਜਾਵੇਗੀ ਕਿ ਉਹ ਆਪਣੇ ਦੇਸ਼ ਪਰਤੇ ਬਿਨਾ ਗਰੀਨ ਕਾਰਡ ਲਈ ਅਪਲਾਈ ਕਰ ਸਕਣਗੇ।

ਅਟਾਰਨੀ ਪੰਨੂ ਅਨੁਸਾਰ ਉਹ ਵਿਅਕਤੀ, ਜਿਨ੍ਹਾਂ ਦੀ ਪਤਨੀ ਅਮਰੀਕੀ ਨਾਗਰਿਕ ਹੈ ਜਾਂ ਗਰੀਨ ਕਾਰਡ ਧਾਰਕ ਹੈ, ਬੱਚੇ ਅਮਰੀਕੀ ਨਾਗਰਿਕ ਹਨ ਜਾਂ ਫਿਰ ਗਰੀਨ ਕਾਰਡ ਹੋਲਡਰ ਹਨ, ਮਾਤਾ-ਪਿਤਾ ਵਿਚੋਂ ਕੋਈ ਇਕ ਅਮਰੀਕੀ ਨਾਗਰਿਕ ਹੈ ਜਾਂ ਗਰੀਨ ਕਾਰਡ ਹੋਲਡਰ ਹੈ, ਇਸ ਨਵੀਂ ਨੀਤੀ ਦਾ ਲਾਭ ਉਠਾ ਕੇ ਆਪਣੇ ਦੇਸ਼ ਪਰਤੇ ਬਿਨਾ ਗਰੀਨ ਕਾਰਡ ਹਾਸਲ ਕਰ ਸਕਦੇ ਹਨ। ਇਸ ਤੋਂ ਬਿਨਾ ਛੋਟੀ ਉਮਰ ਵਿਚ ਅਮਰੀਕਾ ਆਏ ਅਤੇ ਇਥੇ ਹਾਈ ਸਕੂਲ ਦੀ ਸਿਖਿਆ ਹਾਸਿਲ ਕਰਕੇ ਵੱਡੇ ਹੋ ਗਏ ਜਿਨ੍ਹਾਂ ਦਾ ਕੋਈ ਅਪਰਾਧਕ ਰਿਕਾਰਡ ਨਹੀਂ ਹੈ, ਗਰਭਵਤੀ ਤੇ ਦੁੱਧ ਚੁੰਘਾਉਂਦੀਆਂ ਮਾਂਵਾਂ, ਘਰੇਲੂ ਹਿੰਸਾ ਤੋਂ ਪੀੜਤ ਵਿਅਕਤੀ, ਗੰਭੀਰ ਸਿਹਤ ਸਮੱਸਿਆ ਤੋਂ ਪੀੜਤ ਜਾਂ ਸਰੀਰਕ ਅਯੋਗਤਾ ਵਾਲੇ ਲੋਕ ਵੀ ਇਸ ਤਬਦੀਲ ਹੋਈ ਨੀਤੀ ਦਾ ਲਾਭ ਉਠਾ ਸਕਦੇ ਹਨ।

ਅਟਾਰਨੀ ਪੰਨੂ ਅਨੁਸਾਰ ਡਿਪੋਰਟੇਸ਼ਨ ਦੇ ਆਖਰੀ ਹੁਕਮ ਪ੍ਰਾਪਤ ਕੋਈ ਵਿਅਕਤੀ ਜੇ ਉਪਰੋਕਤ ਕਿਸੇ ਵਰਗ ਵਿਚ ਆਉਂਦਾ ਹੈ ਤਾਂ ਇਸ ਨੀਤੀ ਤਹਿਤ ਗਰੀਨ ਕਾਰਡ ਲਈ ਅਪਲਾਈ ਕਰਨ ਦੇ ਯੋਗ ਹੈ। ਇਸ ਤੋਂ ਬਿਨਾ ਡਿਪੋਰਟੇਸ਼ਨ ਦੇ ਆਖਰੀ ਹੁਕਮਾਂ ਵਾਲੇ ਜੋ ਲੋਕ ਡਿਪੋਰਟੇਸ਼ਨ ਦਾ ਕੇਸ ਦੁਬਾਰਾ ਖੋਲਣ ਲਈ ਕੋਈ ਵੀ ਸ਼ਰਤ ਪੂਰੀ ਨਹੀਂ ਕਰਦੇ, ਉਹ ਫਿਰ ਵੀ ਨਵੀਂ ਇਮੀਗ੍ਰੇਸ਼ਨ ਨੀਤੀ ਤਹਿਤ ਵਰਕ ਪਰਮਿਟ ਲੈਣ ਅਤੇ ਡਿਪੋਰਟੇਸ਼ਨ 'ਤੇ ਰੋਕ ਲਈ ਯੋਗ ਹਨ।

ਇਹ ਨਵੀਂ ਇਮੀਗ੍ਰੇਸ਼ਨ ਨੀਤੀ ਉਨ੍ਹਾਂ ਲੋਕਾਂ ਲਈ ਹੈ ਜਿਨ੍ਹਾਂ ਦੇ ਡਿਪੋਰਟੇਸ਼ਨ ਕੇਸ ਇਮੀਗ੍ਰੇਸ਼ਨ ਜੱਜ, ਬੋਰਡ ਆਫ ਇਮੀਗ੍ਰੇਸ਼ਨ ਅਪੀਲਜ਼ ਅਤੇ ਸਰਕਟ ਕੋਰਟ ਵਿਚ ਚਲ ਰਹੇ ਹਨ। ਇਸ ਨਵੀਂ ਨੀਤੀ ਤਹਿਤ ਇਨ੍ਹਾਂ ਲੋਕਾਂ ਦੇ ਡਿਪੋਰਟੇਸ਼ਨ ਕੇਸ ਬੰਦ ਕਰ ਦਿੱਤੇ ਜਾਣਗੇ, ਉਨ੍ਹਾਂ ਨੂੰ ਗਰੀਨ ਕਾਰਡ ਲਈ ਅਪਲਾਈ ਕਰਨ ਦਾ ਮੌਕਾ ਦਿੱਤਾ ਜਾਵੇਗਾ ਤੇ ਵਰਕ ਪਰਮਿਟ ਦਿੱਤਾ ਜਾ ਸਕਦਾ ਹੈ। ਇਹ ਨਵੀਂ ਨੀਤੀ ਉਨ੍ਹਾਂ ਲੋਕਾਂ ਲਈ ਖਾਸ ਕਰਕੇ ਲਾਹੇਵੰਦ ਹੋਵੇਗੀ ਜਿਨ੍ਹਾਂ ਦੇ ਡਿਪੋਰਟੇਸ਼ਨ ਦੇ ਆਖਰੀ ਹੁਕਮ ਹੋ ਗਏ ਹੋਣ ਤੇ ਇਮੀਗ੍ਰੇਸ਼ਨ ਦੀ ਹਿਰਾਸਤ ਵਿਚ ਡਿਪੋਰਟ ਦੀ ਉਡੀਕ ਕਰ ਰਹੇ ਹੋਣ।

ਅਟਾਰਨੀ ਪੰਨੂ ਅਨੁਸਾਰ ਨਵੀਂ ਇਮੀਗ੍ਰੇਸ਼ਨ ਨੀਤੀ ਪਿਛਲੇ ਦੋ ਦਹਾਕਿਆਂ ਵਿਚ ਪਹਿਲਾ ਅਜਿਹਾ ਕਦਮ ਹੈ ਜਿਸ ਤਹਿਤ ਡਿਪੋਰਟੇਸ਼ਨ ਦੇ ਆਖਰੀ ਹੁਕਮਾਂ ਵਾਲੇ ਲੋਕਾਂ ਨੂੰ ਗਰੀਨ ਕਾਰਡ ਲਈ ਅਪਲਾਈ ਕਰਨ ਦਾ ਮੌਕਾ ਮਿਲਿਆ ਹੈ। ਅਜਿਹੇ ਲੋਕ ਸਹੀ ਸਲਾਹ ਲਈ ਆਪਣੇ ਵਕੀਲ ਨਾਲ ਸੰਪਰਕ ਕਰ ਸਕਦੇ ਹਨ। ਇਸ ਸਬੰਧੀ ਹੋਰ ਜਾਣਕਾਰੀ ਲਈ ਅਟਾਰਨੀ ਪੰਨੂ ਨਾਲ ਫੋਨ 718-938-7801 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਨਾਟੋ ਦੇ 19 ਟੈਂਕਰ ਉਡਾਏ

**ਇਸਲਾਮਾਬਾਦ:** ਮੋਟਰਸਾਈਕਲ 'ਤੇ ਸਵਾਰ ਅਤਿਵਾਦੀਆਂ ਨੇ ਬਲੋਚਿਸਤਾਨ 'ਚ ਨਾਟੋ ਦੇ 19 ਟੈਂਕਰ ਉਡਾ ਦਿੱਤੇ। ਉਨ੍ਹਾਂ ਨੇ ਅਫਗਾਨਿਸਤਾਨ 'ਚ ਵਿਦੇਸ਼ੀ ਫੌਜਾਂ ਲਈ ਤੇਲ ਲਿਜਾ ਰਹੇ ਇਨ੍ਹਾਂ ਟੈਂਕਰਾਂ 'ਤੇ ਗੋਲੀਆਂ ਵੀ ਚਲਾਈਆਂ। ਇਕ ਅਧਿਕਾਰੀ ਅਨੁਸਾਰ ਮਸਤੁੰਗ ਜ਼ਿਲ੍ਹੇ 'ਚ ਹਮਲਾਵਰਾਂ ਨੇ ਟੈਂਕਰਾਂ ਦੇ ਇਸ ਕਾਫਲੇ 'ਤੇ ਉਦੋਂ ਹਮਲਾ ਕੀਤਾ ਜਦੋਂ ਇਹ ਕੋਇਟਾ-ਸਿਬੀ ਨੈਸ਼ਨਲ ਹਾਈਵੇਅ 'ਤੇ ਪੁਲੀਸ ਐਸਕਾਰਟ ਦੀ ਉਡੀਕ 'ਚ ਖੜ੍ਹੇ ਸਨ। ਇਸ ਹਮਲੇ 'ਚ ਕਿਸੇ ਦਾ ਜਾਨੀ ਨੁਕਸਾਨ ਨਹੀਂ ਹੋਇਆ।





ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

National Truck Driving School

ਸੈਕਰਾਮੈਂਟੋ, ਕੈਲੀਫੋਰਨੀਆ
ਜੋਰਦਾਰ ਮੰਗ 'ਤੇ ਹੁਣ ਯੂਬਾ ਸਿਟੀ ਲੋਕੇਸ਼ਨ ਵੀ ਸ਼ੁਰੂ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-383-2785

4585 Pell Dr. Secramento CA, 95838

Short Sale Specialist

We Can Sell Your Home in Short Sale at No Cost to You



Sohanpreet (Sam) Chahal
CA Lic. 01504071
Realtor/Notary Public
email:samchahal@hotmail.com

For Buying & Selling Residential And For Loans
Call: Sohanpreet 'Sam' Chahal
@916-612-5773
Serving from Bay Area to Sacramento

Call for free listing of Reo-Bankowned Properties

Multi-Million Dollars Producer-2007, 2008 & 2009

ਜੇਕਰ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ ਜਾਂ ਫਿਰ ਵੱਡਾ ਘਰ ਅਪਗਰੇਡ ਕਰ ਰਹੇ ਹੋ, ਜਾਂ ਤੁਸੀਂ ਇਨਵੈਸਟਮੈਂਟ ਪ੍ਰਾਪਰਟੀ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ

Golden State Realty


Sacramento Office: 8695 Territorial Way, Elk Grove CA 95624
Tel: 916-612-5773 Fax: 916-689-5707

# ਪੰਜਾਬ ਮਨੁੱਖੀ ਸਮਗਲਿੰਗ ਲਈ ਦੇਸ਼ ਭਰ ’ਚੋਂ ‘ਅੱਵਲ’

## ਹਰ ਸਾਲ 20 ਹਜ਼ਾਰ ਮੁੰਡੇ ਮਾਰਦੇ ਨੇ ਗੈਰ ਕਾਨੂੰਨੀ ‘ਉਡਾਰੀ’

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬੀਆਂ ਨੂੰ ਆਪਣੇ ਸੁਪਨੇ ਬਾਹਰਲੇ ਮੁਲਕਾਂ ਦੀ ਧਰਤੀ ’ਤੇ ਜਾ ਕੇ ਹੀ ਸਾਕਾਰ ਹੋਣ ਦਾ ਭਰਮ ਹੈ। ਇਹੋ ਕਾਰਨ ਹੈ ਕਿ ਤਕਰੀਬਨ ਹਰ ਬੰਦਾ ਮਾੜਾ-ਚੰਗਾ ਹੀਲਾ ਵਰਤ ਕੇ ਬਾਹਰ ਜਾਣ ਲਈ ਕਾਹਲਾ ਹੈ। ਸੰਯੁਕਤ ਰਾਸ਼ਟਰ ਦੀ ਸੰਸਥਾ 'ਯੂਨਾਈਟਿਡ ਨੇਸ਼ਨ ਆਫਿਸ ਆਨ ਡਰੱਗਜ਼ ਐਂਡ ਕਰਾਈਮ’ (ਯੂ.ਐਨ.ਓ.ਡੀ.ਸੀ.) ਵੱਲੋਂ ਕੀਤੇ ਪੰਜਾਬ ਦੇ ਅਧਿਐਨ ਦੌਰਾਨ ਸਾਹਮਣੇ ਆਇਆ ਹੈ ਕਿ ਇਸ ਸੂਬੇ ਵਿਚੋਂ ਹਰ ਸਾਲ 20,000 ਤੋਂ ਵਧੇਰੇ ਨੌਜਵਾਨ ਗੈਰ-ਕਾਨੂੰਨੀ ਤਰੀਕਿਆਂ ਨਾਲ ਵਿਦੇਸ਼ਾਂ ਨੂੰ ਪਰਵਾਸ ਕਰਦੇ ਹਨ। ਯੂ.ਐਨ.ਓ.ਡੀ.ਸੀ. ਮੁਤਾਬਕ ਕੈਨੇਡਾ ਤੇ ਅਮਰੀਕਾ ਜਾਣ ਲਈ ਪੰਜਾਬੀ 20 ਲੱਖ ਰੁਪਏ ਖਰਚ ਦਿੰਦੇ ਹਨ। ਯੂਰਪ ਦੇ ਹੋਰ ਮੁਲਕਾਂ ਫਰਾਂਸ, ਇਟਲੀ, ਜਰਮਨੀ, ਆਸਟਰੀਆ, ਸਪੇਨ, ਬੈਲਜੀਅਮ, ਨਾਰਵੇ, ਸਵਿੱਟਜ਼ਰਲੈਂਡ, ਪੋਲੈਂਡ, ਹੰਗਰੀ, ਫਿਨਲੈਂਡ, ਹਾਲੈਂਡ,ਬੋਸਨੀਆ, ਸਵੀਡਨ, ਯੂਨਾਨ, ਚੈਕ ਗਣਰਾਜ ਲਈ 6 ਲੱਖ ਤੋਂ 12 ਲੱਖ ਤੇ ਇੰਗਲੈਂਡ ਲਈ 9 ਤੋਂ 12 ਲੱਖ ਤੱਕ ਟਰੈਵਲ ਏਜੰਟਾਂ ਨੂੰ ਦਿੰਦੇ ਹਨ। ਇਸੇ ਕਰਕੇ ਪੰਜਾਬ ’ਚ ਥਾਂ-ਥਾਂ ਟਰੈਵਲ ਏਜੰਟਾਂ ਦੀਆਂ ਦੁਕਾਨਾਂ ਖੁੱਲ੍ਹ ਗਈਆਂ ਹਨ ਤੇ ਉਹ ਧੜੱਲੇ ਨਾਲ ਆਪਣਾ ਗੋਰਖ ਧੰਦਾ ਚਲਾ ਰਹੇ ਹਨ।

ਕੇਂਦਰ ਸਰਕਾਰ ਵੱਲੋਂ ਕਰਵਾਈ ਜਾਂਚ ਪੜਤਾਲ ਦੌਰਾਨ ਸਾਹਮਣੇ ਆਇਆ ਹੈ ਕਿ ਪੰਜਾਬ ਦੇ ਟਰੈਵਲ ਏਜੰਟ ਫਰਜ਼ੀ ਦਸਤਾਵੇਜ਼ਾਂ ਨਾਲ ਵਿਦੇਸ਼ਾਂ ਵਿਚ 'ਮਨੁੱਖੀ ਤਸਕਰੀ’ ਕਰਨ ਵਿਚ ਸਭ ਤੋਂ ਮੂਹਰੇ ਹਨ। ਗ੍ਰਹਿ ਮੰਤਰਾਲੇ ਵੱਲੋਂ ਕੀਤੀ ਪੜਤਾਲ ਦੌਰਾਨ ਦੇਸ਼ ਭਰ ’ਚੋਂ 197 ਅਜਿਹੇ ਟਰੈਵਲ ਏਜੰਟਾਂ ਦੇ ਨਾਂ ਸਾਹਮਣੇ ਆਏ ਹਨ ਜਿਨ੍ਹਾਂ ਨੇ ਸਿਰਫ ਸਾਲ 2010 ਦੌਰਾਨ ਫਰਜ਼ੀ ਦਸਤਾਵੇਜ਼ਾਂ ਰਾਹੀਂ ਵਿਦੇਸ਼ ਜਾਣ ਦੇ ਚਾਹਵਾਨਾਂ ਨੂੰ ਵਿਦੇਸ਼ ਉਡਾਰੀ ਮਾਰਨ ਵਿਚ ਮਦਦ ਕੀਤੀ। ਪੰਜਾਬ ਦੇ ਮਾਮਲੇ ਵਿਚ ਹੈਰਾਨੀਜਨਕ ਤੱਥ ਇਹ ਸਾਹਮਣੇ ਆਇਆ ਹੈ ਕਿ ਸਾਰੇ ਸੂਬਿਆਂ ਦੇ



*ਸਰਹੱਦ ਪਾਰ ਕਰ ਰਹੇ ਨੌਜਵਾਨ।*

197 ਟਰੈਵਲ ਏਜੰਟਾਂ ਵਿਚੋਂ 100 ਪੰਜਾਬ ਨਾਲ ਹੀ ਸਬੰਧਤ ਹਨ। ਪੰਜਾਬ ਦੇ ਸੈਰ-ਸਪਾਟਾ ਵਿਭਾਗ ਨੂੰ ਭੇਜੀ ਸੂਚੀ ਮੁਤਾਬਕ ਕਈ ਟਰੈਵਲ ਏਜੰਟ ਅਜਿਹੇ ਵੀ ਸਾਹਮਣੇ ਆਏ ਹਨ ਜਿਨ੍ਹਾਂ ਦੇ ਪਰਿਵਾਰਕ ਮੈਂਬਰ ਵੀ ਇਸ ਧੰਦੇ ਵਿਚ ਸ਼ਾਮਲ ਹਨ ਤੇ ਵਿਦੇਸ਼ਾਂ ਵਿਚ ਵੀ ਪੰਜਾਬ ਨਾਲ ਸਬੰਧਤ ਵਿਅਕਤੀ ਇਹ ਧੰਦਾ ਚਲਾ ਰਹੇ ਹਨ। ਸੂਤਰਾਂ ਮੁਤਾਬਕ ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਸਾਲ 2010 ਨੂੰ ਅਧਾਰ ਬਣਾ ਕੇ ਫਰਜ਼ੀ ਦਸਤਾਵੇਜ਼ਾਂ ਰਾਹੀਂ ਵਿਦੇਸ਼ ਜਾਣ ਵਾਲੇ ਵਿਅਕਤੀਆਂ ਦੇ ਮਾਮਲਿਆਂ ਦੀ ਪੜਤਾਲ ਕੀਤੀ ਗਈ ਤਾਂ ਕੁੱਲ 197 ਟਰੈਵਲ ਏਜੰਟਾਂ ਦੇ ਨਾਂ ਸਾਹਮਣੇ ਆਏ ਜੋ ਮਨੁੱਖੀ ਤਸਕਰੀ ਨਾਲ ਜੁੜੇ ਹੋਏ ਹਨ। ਇਨ੍ਹਾਂ ਵਿਚੋਂ 180 ਦੇ ਕਰੀਬ ਤਾਂ ਭਾਰਤ ਦੇ ਵੱਖ-ਵੱਖ ਸੂਬਿਆਂ ਖਾਸਕਰ ਪੰਜਾਬ, ਨਵੀਂ ਦਿੱਲੀ ਤੇ ਹੋਰਾਂ ਪ੍ਰਮੁੱਖ ਸ਼ਹਿਰਾਂ ਤੋਂ ਆਪਣਾ ਗੈਰ-ਕਾਨੂੰਨੀ ਧੰਦਾ ਚਲਾ ਰਹੇ ਹਨ। ਯੂਰਪੀ ਮੁਲਕਾਂ ਵੱਲੋਂ ਭਾਰਤ ਸਰਕਾਰ ’ਤੇ ਮਨੁੱਖੀ ਤਸਕਰੀ ਰੋਕਣ ਲਈ ਦਬਾਅ ਪਾਏ ਜਾਣ ਤੋਂ ਬਾਅਦ ਗ੍ਰਹਿ ਮੰਤਰਾਲੇ ਨੇ ਇਹ ਮੁਹਿੰਮ ਸ਼ੁਰੂ ਕੀਤੀ ਹੈ। ਇਸ ਪੜਤਾਲ ਮੁਤਾਬਕ ਦੁਬਈ, ਕੈਨੇਡਾ, ਮਲੇਸ਼ੀਆ, ਸਿੰਗਾਪੁਰ ਤੋਂ ਵੀ ਇਹ ਕੰਮ ਧੜੱਲੇ ਨਾਲ ਚੱਲ ਰਿਹਾ ਹੈ। ਕੈਨੇਡਾ ਵਿਚ ਜਿਹੜੇ ਵਿਅਕਤੀ ਇਸ ਧੰਦੇ ਨਾਲ ਜੁੜੇ ਹੋਏ ਹਨ, ਉਨ੍ਹਾਂ ਵਿਚ ਪੰਜਾਬੀਆਂ ਦੇ ਨਾਂ ਸਾਹਮਣੇ ਆਏ ਹਨ। ਇਸ ਸੂਚੀ ਮੁਤਾਬਕ ਦਰਸ਼ਨ ਸਿੰਘ ਧਾਲੀਵਾਲ ਤੇ ਰਾਜਵਿੰਦਰ ਸਿੰਘ ਖਹਿਰਾ ਇਸ ਗੈਰ-ਕਾਨੂੰਨੀ ਕੰਮ ਨਾਲ ਜੁੜੇ ਹੋਏ ਹਨ। ਇਸੇ ਤਰ੍ਹਾਂ ਦੁਬਈ ਵਿਚ ਪੰਜਾਬ ਨਾਲ ਸਬੰਧਤ ਸੰਪੂਰਨ ਠਾਕੁਰ ਨਾਂ ਦਾ ਸ਼ਖ਼ਸ ਮਨੁੱਖੀ ਤਸਕਰੀ ਨਾਲ ਜੁੜਿਆ ਹੋਇਆ ਹੈ।

ਪੰਜਾਬ ਨਾਲ ਸਬੰਧਤ ਜਿਨ੍ਹਾਂ 100 ਟਰੈਵਲ ਏਜੰਟਾਂ ਦੇ ਨਾਂ ਸਾਹਮਣੇ ਆਏ ਹਨ, ਉਨ੍ਹਾਂ ਵਿਚੋਂ ਬਹੁਤੇ ਦੁਆਬੇ ਤੋਂ ਬਿਨਾਂ ਹੋਰ ਜ਼ਿਲ੍ਹਿਆਂ ਨਾਲ ’ਚੋਂ ਹਨ। ਮਨੁੱਖੀ ਤਸਕਰੀ ਦੇ ਮਾਮਲੇ ਵਿਚ ਵੱਡੀ ਗਿਣਤੀ ਔਰਤਾਂ ਵੀ ਸ਼ਾਮਲ ਹਨ। ਪੰਜਾਬ ਦੇ 100 ਟਰੈਵਲ ਏਜੰਟਾਂ ਵਿਚੋਂ 13 ਔਰਤਾਂ ਹਨ। ਮਨਜੀਤ ਸਿੰਘ ਰੱਤੂ ਨਾਮੀ ਵਿਅਕਤੀ ਦਾ ਨਾਂ ਵੀ ਇਸ ਸੂਚੀ ਵਿਚ ਸ਼ਾਮਲ ਹੈ। ਲੁਧਿਆਣੇ ਜ਼ਿਲ੍ਹੇ ਨਾਲ ਸਬੰਧਤ ਟਰੈਵਲ ਏਜੰਟਾਂ ਦੀ ਗਿਣਤੀ 22 ਤੇ ਅੰਮ੍ਰਿਤਸਰ ਨਾਲ ਸਬੰਧਤ 21 ਟਰੈਵਲ ਏਜੰਟ ਹਨ। ਮਾਲਵੇ ਦੇ ਫਰੀਦਕੋਟ ਤੇ ਸੰਗਰੂਰ ਨਾਲ ਸਬੰਧਤ ਟਰੈਵਲ ਏਜੰਟਾਂ ਦੀ ਵੀ ਕਾਫੀ ਗਿਣਤੀ ਹੈ। ਪੰਜਾਬ ਤੋਂ ਬਾਅਦ ਜੇਕਰ ਕਿਸੇ ਹੋਰ ਸੂਬੇ ਵਿਚ ਅਜਿਹੇ ਟਰੈਵਲ ਏਜੰਟਾਂ ਦੀ ਭਰਮਾਰ ਹੈ ਤਾਂ ਉਨ੍ਹਾਂ ਵਿਚ ਕੇਰਲਾ ਅਹਿਮ ਹੈ। ਇਸ ਤੋਂ ਬਾਅਦ ਨਵੀਂ ਦਿੱਲੀ, ਆਂਧਰਾ ਪ੍ਰਦੇਸ਼, ਪੱਛਮੀ ਬੰਗਾਲ, ਉੱਤਰ ਪ੍ਰਦੇਸ਼, ਗੁਜਰਾਤ, ਮਹਾਂਰਾਸ਼ਟਰ, ਹਰਿਆਣਾ, ਤਾਮਿਲਨਾਡੂ ਦਾ ਨਾਂ ਆਉਂਦਾ ਹੈ। ਅਸਾਮ, ਕਰਨਾਟਕ, ਰਾਜਸਥਾਨ, ਸੂਬਿਆਂ ਨਾਲ ਸਬੰਧਤ ਟਰੈਵਲ ਏਜੰਟਾਂ ਦੇ ਇਕਾ-ਦੁੱਕਾ ਨਾਂ ਹੀ ਸਾਹਮਣੇ ਆਏ ਹਨ। ਵਿਦੇਸ਼ੀ ਧਰਤੀ ’ਤੇ ਦੁਬਈ ਵਿਚ ਭਾਰਤ ਨਾਲ ਸਬੰਧਤ ਟਰੈਵਲ ਏਜੰਟਾਂ ਦੇ ਨਾਂ ਜ਼ਿਆਦਾ ਸਾਹਮਣੇ ਆਏ ਹਨ। ਯੂ.ਕੇ. ਵਿਚ ਅਜਿਹੇ ਦੋ ਹੀ ਵਿਅਕਤੀ ਮਿਲੇ ਹਨ। ਪੰਜਾਬ ਦੇ ਡਾਇਰੈਕਟਰ ਸੈਰ-ਸਪਾਟਾ ਹੁਸਨ ਲਾਲ ਨੇ ਅਗਲੀ ਕਾਰਵਾਈ ਲਈ ਗ੍ਰਹਿ ਵਿਭਾਗ ਨੂੰ ਲਿਖਿਆ ਹੈ।

## ਸਰਕਾਰ ਨੇ ‘ਮਨੁੱਖੀ ਤਸਕਰੀ ਰੋਕੂ’ ਕਾਨੂੰਨ ਲਟਕਾਇਆ

**ਚੰਡੀਗੜ੍ਹ:** ਮਾਲਟਾ ਕਾਂਡ ਤੋਂ ਬਾਅਦ ਪੰਜਾਬ ਸਰਕਾਰ 'ਮਨੁੱਖੀ ਤਸਕਰੀ ਰੋਕੂ’ ਕਾਨੂੰਨ ਬਣਾਉਣ ਲਈ ਸਰਗਰਮ ਹੋਈ ਸੀ ਪਰ ਅੱਜ ਤੱਕ ਇਹ ਕਾਨੂੰਨ ਵਿਚ-ਵਿਚਾਲੇ ਹੀ ਲਟਕਿਆ ਪਿਆ ਹੈ। ਪੰਜਾਬ ਵਿਚ ਮਨੁੱਖੀ ਤਸਕਰਾਂ ਖ਼ਿਲਾਫ਼ ਕਾਰਵਾਈ ਕਰਨ ਲਈ ਬਣਿਆ ਕਾਨੂੰਨ ਗ੍ਰਹਿ ਮੰਤਰਾਲੇ ਦੀ ਮਨਜ਼ੂਰੀ ਤੋਂ ਬਾਅਦ ਲਾਗੂ ਹੋਣ ਦੀ ਸੰਭਾਵਨਾ ਹੈ। ਮਾਲਟਾ ਕਾਂਡ ਵਿਚ ਗ਼ੈਰ ਕਾਨੂੰਨੀ ਢੰਗ ਨਾਲ ਭੇਜੇ ਜਾ ਰਹੇ ਸੈਂਕੜੇ ਭਾਰਤੀਆਂ ਦੇ ਡੁੱਬਣ ਤੋਂ ਬਾਅਦ ਕਾਨੂੰਨ ਬਣਾਉਣ ਦਾ ਕੰਮ ਸ਼ੁਰੂ ਹੋਇਆ ਸੀ। ਮਾਲਟਾ ਕਾਂਡ ਤੋਂ ਬਾਅਦ ਮਨੁੱਖੀ ਤਸਕਰੀ ਦਾ ਕਾਰੋਬਾਰ ਧੜੱਲੇ ਨਾਲ ਵਧਿਆ ਹੈ। ਸਾਲ 2010 ਵਿਚ 'ਪੰਜਾਬ ਹਿਊਮਨ ਸਮਗਲਿੰਗ ਐਕਟ’ ਦੇ ਬਣਨ ਤੋਂ ਬਾਅਦ ਮਾਨਤਾ ਪ੍ਰਾਪਤ ਏਜੰਟ ਵੀ ਘੇਰੇ ਵਿਚ ਆ ਜਾਣੇ ਸਨ ਤੇ ਸਿਰਫ ਇਕ ਸ਼ਿਕਾਇਤ ਨਾਲ ਹੀ ਏਜੰਟਾਂ ਖ਼ਿਲਾਫ਼ ਕਾਰਵਾਈ ਹੋਣੀ ਸੀ।

ਰਾਜ ਵਿਚ ਮਨੁੱਖੀ ਤਸਕਰੀ ਖ਼ਿਲਾਫ਼ ਕਾਰਵਾਈ ਕਰਨ ਲਈ ਕਾਨੂੰਨ ਦੀ ਲੋੜ ਇਸ ਕਰਕੇ ਮਹਿਸੂਸ ਕੀਤੀ ਗਈ ਕਿਉਂਕਿ ਵੱਡੀ ਗਿਣਤੀ ਏਜੰਟਾਂ ਨੇ ਲੋਕਾਂ ਨੂੰ ਵਿਦੇਸ਼ਾਂ ’ਚ ਭੇਜ ਕੇ ਅਰਬਾਂ ਰੁਪਏ ਇਕੱਠੇ ਕੀਤੇ ਹਨ। ਇਸ ਵਿਚੋਂ ਕੁਝ ਲੋਕਾਂ ਦੇ ਹੀ ਪੈਸੇ ਵਾਪਸ ਆ ਸਕੇ ਹਨ ਤੇ ਬਾਕੀ ਟਰੈਵਲ ਏਜੰਟ ਅਰਬਾਂ ਰੁਪਏ ਹਜ਼ਮ ਕਰਕੇ ਗਾਇਬ ਹੋ ਗਏ ਹਨ। ਇਸ ਬਾਰੇ ਟਰੈਵਲ ਏਜੰਟ ਐਸੋਸੀਏਸ਼ਨ ਆਫ਼ ਇੰਡੀਆ ਦੇ ਚੇਅਰਮੈਨ ਰਾਜੇਸ਼ਵਰ ਡਾਂਗ ਦਾ ਕਹਿਣਾ ਹੈ ਕਿ ਉਕਤ ਕਾਨੂੰਨ ਲਾਗੂ ਹੋਣਾ ਚਾਹੀਦਾ ਹੈ ਤੇ ਇਸ ਨਾਲ ਤਾਂ ਮਾਨਤਾ ਪ੍ਰਾਪਤ ਟਰੈਵਲ ਏਜੰਟਾਂ ਨੂੰ ਕਿਸੇ ਤਰ੍ਹਾਂ ਦੀ ਪ੍ਰੇਸ਼ਾਨੀ ਨਹੀਂ। ਚਾਰ ਸਾਲ ਪਹਿਲਾਂ ਪਾਸਪੋਰਟ ਦਫ਼ਤਰ ਨੇ ਡਿਪੋਰਟ ਹੋਏ ਲੋਕਾਂ ਨੂੰ ਪਾਸਪੋਰਟ ਜਾਰੀ ਕਰਨ ਲਈ ਪਹਿਲਾਂ ਭੇਜਣ ਵਾਲੇ 600 ਦੇ ਕਰੀਬ ਟਰੈਵਲ ਏਜੰਟਾਂ ਖ਼ਿਲਾਫ਼ ਹਲਫੀਆ ਬਿਆਨ ਇਕੱਠੇ ਕਰਕੇ ਪੁਲਿਸ ਨੂੰ ਕਾਰਵਾਈ ਲਈ ਭੇਜੇ ਸਨ ਪਰ ਉਕਤ ਹਲਫੀਆ ਬਿਆਨਾਂ ’ਤੇ ਕੀ ਕਾਰਵਾਈ ਹੋਈ, ਉਸ ਦਾ ਅੱਜ ਤੱਕ ਪਤਾ ਨਹੀਂ ਲੱਗ ਸਕਿਆ।

# ਭਾਜਪਾ ਨੂੰ ਸਰਵੇਖਣ ਦੇ ਨਤੀਜੇ ਨੇ ਭਾਜੜਾਂ ਪਾਈਆਂ

## ਅੱਧੀ ਦਰਜਨ ਵਿਧਾਇਕਾਂ ਤੋਂ ਸੀਟਾਂ ‘ਖੋਹਣ’ ਦੀ ਤਿਆਰੀ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ (ਬ) ਦੀ ਭਾਈਵਾਲ ਭਾਜਪਾ ਨੂੰ ਸੂਬੇ ਅੰਦਰ ਕਰਵਾਏ ਸਰਵੇਖਣ ਦੇ ਨਤੀਜੇ ਨੇ ਭਾਜੜਾਂ ਪਾ ਦਿੱਤੀਆਂ ਹਨ। ਇਨ੍ਹਾਂ ਨਤੀਜਿਆਂ ਨੂੰ ਵੇਖ ਕੇ ਭਾਜਪਾ ਦੰਗ ਰਹਿ ਗਈ ਹੈ ਤੇ ਅੱਧੀ ਦਰਜਨ ਮੌਜੂਦਾ ਵਿਧਾਇਕਾਂ ਤੋਂ ਸੀਟਾਂ 'ਖੋਹਣ’ ਦੀ ਤਿਆਰੀ ਕਰ ਲਈ ਹੈ। ਭਾਜਪਾ ਵੱਲੋਂ ਖ਼ੁਦ ਹੀ ਕਰਵਾਏ ਸਰਵੇਖਣ ਅਨੁਸਾਰ ਅਗਾਮੀ ਵਿਧਾਨ ਸਭਾ ਚੋਣਾਂ ’ਚ ਭਾਜਪਾ ਨੂੰ ਸਿਰਫ਼ ਤਿੰਨ ਸੀਟਾਂ ਹੀ ਮਿਲਦੀਆਂ ਦਿਖਾਈ ਦੇ ਰਹੀਆਂ ਹਨ। ਪੰਜਾਬ ਭਾਜਪਾ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਹਾਈਕਮਾਂਡ ਵੱਲੋਂ ਬਦਲਾਅ ਦੇ ਸੰਕੇਤ ਮਿਲਣ ਦੀ ਪੁਸ਼ਟੀ ਕੀਤੀ ਹੈ ਪਰ ਉਨ੍ਹਾਂ ਨੇ ਇਹ ਦੱਸਣ ਤੋਂ ਇਨਕਾਰ ਕੀਤਾ ਹੈ ਕਿ ਇਹ ਬਦਲਾਅ ਕਿੰਨੀਆਂ ਸੀਟਾਂ ’ਤੇ ਹੋਵੇਗਾ।

ਵਿਧਾਨ ਸਭਾ ਚੋਣਾਂ ਸਿਰ ’ਤੇ ਹੋਣ ਕਾਰਨ ਭਾਜਪਾ ’ਚ ਸਿਆਸੀ ਹਿਲਜੁੱਲ ਸ਼ੁਰੂ ਹੋ ਗਈ ਹੈ ਤੇ ਤਕਰੀਬਨ ਅੱਧੀ ਦਰਜਨ ਵਿਧਾਇਕਾਂ ਦੀਆਂ ਟਿਕਟਾਂ ਖੁੱਸਣ ਦੇ ਆਸਾਰ ਹਨ। ਭਾਵੇਂ ਇਹ ਟਿਕਟਾਂ ਭਾਜਪਾ ਕੋਲ ਹੀ ਰਹਿਣਗੀਆਂ ਪਰ ਇਨ੍ਹਾਂ ਵਿਧਾਇਕਾਂ ਦੀ ਥਾਂ ਨਵੇਂ ਚਿਹਰੇ ਮੈਦਾਨ ਵਿਚ ਉਤਾਰੇ ਜਾਣਗੇ। ਭਾਜਪਾ ਦੇ ਕੌਮੀ ਪ੍ਰਧਾਨ ਨਿਤਿਨ ਗਡਕਰੀ ਵੱਲੋਂ ਪੰਜਾਬ ਪ੍ਰਦੇਸ਼ ਭਾਜਪਾ ਦੀ ਲੀਡਰਸ਼ਿਪ ਨੂੰ ਇਸ ਫੈਸਲੇ ਬਾਰੇ ਜਾਣੂ ਕਰਵਾ ਦਿੱਤਾ ਗਿਆ ਹੈ। ਹਾਸਲ ਜਾਣਕਾਰੀ ਅਨੁਸਾਰ ਭਾਜਪਾ ਦੇ ਕੌਮੀ ਪ੍ਰਧਾਨ ਗਡਕਰੀ ਵੱਲੋਂ ਇਹ ਫੈਸਲਾ ਪਿਛਲੇ ਦਿਨੀਂ ਕਰਵਾਏ ਸਰਵੇ ’ਤੇ ਡੂੰਘੀ ਵਿਚਾਰ ਚਰਚਾ ਕਰਨ ਪਿੱਛੋਂ ਲਿਆ ਗਿਆ ਹੈ। ਸ੍ਰੀ ਗਡਕਰੀ ਵੱਲੋਂ ਕਰਵਾਏ ਸਰਵੇ ਵਿਚ ਭਾਜਪਾ ਨੂੰ ਸਿਰਫ ਤਿੰਨ ਸੀਟਾਂ ਮਿਲੀਆਂ ਹਨ। ਇਹ ਵੀ ਜਾਣਕਾਰੀ ਮਿਲੀ ਹੈ ਕਿ ਭਾਜਪਾ ਹਾਈਕਮਾਂਡ ਵੱਲੋਂ ਅੱਠ ਮਹੀਨੇ ਪਹਿਲਾਂ ਵੀ ਸਰਵੇ ਕਰਵਾਇਆ ਗਿਆ ਸੀ ਜਿਸ ਵਿੱਚ ਪੰਜਾਬ ਵਿਚ ਭਾਜਪਾ ਹੱਥੋਂ ਅੱਧੀਆਂ ਤੋਂ ਵੱਧ ਸੀਟਾਂ ਜਾਂਦੀਆਂ ਦਿਖੀਆਂ ਸਨ।

ਸੂਤਰਾਂ ਅਨੁਸਾਰ ਨਿਤਿਨ ਗਡਕਰੀ ਵੱਲੋਂ ਪੰਜਾਬ ਭਾਜਪਾ ਦੇ ਪੰਜ ਸੀਨੀਅਰ ਆਗੂਆਂ ਨਾਲ ਮੀਟਿੰਗ ਕਰਕੇ ਪਾਰਟੀ ਦੀ ਪੰਜਾਬ ਵਿਚਲੀ ਮੌਜੂਦਾ ਹਾਲਤ ’ਤੇ ਵਿਚਾਰ-ਵਟਾਂਦਰਾ ਕੀਤਾ ਗਿਆ। ਪਾਰਟੀ ਦੇ ਕੌਮੀ ਪ੍ਰਧਾਨ ਨੇ ਸਪੱਸ਼ਟ




ਕੀਤਾ ਹੈ ਕਿ ਅਗਲੀਆਂ ਵਿਧਾਨ ਸਭਾ ਚੋਣਾਂ ਵਿਚ ਛੇ ਮੌਜੂਦਾ ਵਿਧਾਇਕਾਂ ਨੂੰ ਟਿਕਟਾਂ ਨਹੀਂ ਦਿੱਤੀਆਂ ਜਾਣਗੀਆਂ ਤੇ ਟਿਕਟਾਂ ਦੀ ਵੰਡ ਵੇਲੇ ਕਿਸੇ ਵੀ ਉਮੀਦਵਾਰ ਨਾਲ ਰਿਆਇਤ ਨਹੀਂ ਕੀਤੀ ਜਾਵੇਗੀ। ਸਰਵੇ ਅਨੁਸਾਰ ਇਹ ਵਿਧਾਇਕ ਆਪਣੇ ਰਵੱਈਏ ਕਾਰਨ ਆਮ ਲੋਕਾਂ ਤੋਂ ਦੂਰ ਹੋ ਚੁੱਕੇ ਹਨ ਜਾਂ ਫੇਰ ਇਨ੍ਹਾਂ ਦੇ ਆਪਣੇ ਹਲਕੇ ਦੇ ਅਕਾਲੀ ਭਾਜਪਾ ਆਗੂਆਂ ਨਾਲ ਸੁਖਾਵੇਂ ਸਬੰਧ ਨਹੀਂ ਹਨ। ਸਰਵੇ ਰਿਪੋਰਟ ਵਿਚ ਇਨ੍ਹਾਂ ਵਿਧਾਇਕਾਂ ਨਾਲ ਵੋਟਰਾਂ ਤੇ ਨੇਤਾਵਾਂ ਦੀ ਨਾਰਾਜ਼ਗੀ ਦਿਖਾਈ ਗਈ ਹੈ।

ਭਾਜਪਾ ਹਾਈਕਮਾਂਡ ਵੱਲੋਂ ਪ੍ਰਦੇਸ਼ ਭਾਜਪਾ ਦੇ ਸੀਨੀਅਰ ਅਹੁਦੇਦਾਰਾਂ ਨੂੰ ਦਿੱਤੀ ਜਾਣਕਾਰੀ ਤੋਂ ਪਤਾ ਲੱਗਾ ਹੈ ਕਿ ਇਸ ਫੇਰਬਦਲ ਵਿਚ ਸਭ ਤੋਂ ਵੱਧ ਪ੍ਰਭਾਵ ਗੁਰਦਾਸਪੁਰ ਜ਼ਿਲ੍ਹੇ ’ਤੇ ਪਵੇਗਾ। ਇਸ ਤੋਂ ਬਿਨਾਂ ਜਲੰਧਰ ਤੇ ਲੁਧਿਆਣਾ ਵਿਚ ਤਬਦੀਲੀ ਦੇ ਵੱਡੇ ਸੰਕੇਤ ਹਨ। ਪਾਰਟੀ ਨਵੇਂ ਬਣੇ ਜ਼ਿਲ੍ਹੇ ਫਾਜ਼ਿਲਕਾ ਤੇ ਗੁਰਦਾਸਪੁਰ ਦੇ ਲੋਕਾਂ ਦੀ ਖੁਸ਼ੀ ਦਾ ਪੂਰਾ ਲਾਹਾ ਲੈਣ ਦੀ ਤਾਕ ਵਿਚ ਹੈ। ਇਸ ਦੇ ਨਾਲ ਹੀ ਭਾਜਪਾ ਵੱਲੋਂ ਭਾਈਵਾਲ ਪਾਰਟੀ ਸ਼੍ਰੋਮਣੀ ਅਕਾਲੀ ਦਲ ਨਾਲ ਤਿੰਨ ਹਲਕਿਆਂ ਦਾ ਆਪਸੀ ਤਬਾਦਲਾ ਕਰਨ ਦੀ ਰਣਨੀਤੀ ਨੂੰ ਅੰਤਿਮ ਰੂਪ ਹੀ ਨਹੀਂ ਦਿੱਤਾ ਗਿਆ ਸਗੋਂ ਇਸ ਦੀ ਜਾਣਕਾਰੀ ਅਕਾਲੀ ਦਲ ਨੂੰ ਵੀ ਦਿੱਤੀ ਜਾ ਚੁੱਕੀ ਹੈ। ਇਹ ਤਿੰਨ ਸੀਟਾਂ ਬਠਿੰਡਾ ਸ਼ਹਿਰ, ਬਰਨਾਲਾ ਤੇ ਲੁਧਿਆਣਾ ਪੱਛਮੀ ਹੋ ਸਕਦੀਆਂ ਹਨ। ਇਸ ਤੋਂ ਬਿਨਾਂ ਅੰਮ੍ਰਿਤਸਰ ਤੇ ਗੁਰਦਾਸਪੁਰ ਦੀ ਸੀਟ ਬਾਰੇ ਵੀ ਭਾਈਵਾਲ ਪਾਰਟੀ ਅਕਾਲੀ ਦਲ ਨਾਲ ਗੱਲਬਾਤ ਚਲ ਰਹੀ ਹੈ।

ਅੰਮ੍ਰਿਤਸਰ ਤੋਂ ਕੈਬਨਿਟ ਮੰਤਰੀ ਲਕਸ਼ਮੀ ਕਾਂਤਾ ਚਾਵਲਾ ਅਗਲੀਆਂ ਵਿਧਾਨ ਸਭਾ ਚੋਣਾਂ ਵਿਚ ਮੈਦਾਨ ਛੱਡਣ ਦਾ ਐਲਾਨ ਕਰ ਚੁੱਕੀ ਹੈ। ਇਹ ਵੀ ਪਤਾ ਲੱਗਾ ਹੈ ਕਿ ਅਗਲੀਆਂ ਵਿਧਾਨ ਸਭਾ ਚੋਣਾ ਵਿਚ ਉਨ੍ਹਾਂ ਸਾਰੇ ਵਿਧਾਇਕਾਂ ਪੱਲੇ ਨਿਰਾਸ਼ਾ ਪਵੇਗੀ ਜਿਨ੍ਹਾਂ ਨੂੰ ਪਿਛਲੇ ਦਿਨੀਂ ਭ੍ਰਿਸ਼ਟਾਚਾਰ ਦੇ ਦੋਸ਼ਾਂ ਤਹਿਤ ਝੰਡੀ ਵਾਲੀਆਂ ਗੱਡੀਆਂ ਛੱਡਣੀਆਂ ਪਈਆਂ ਸਨ।

# ਕਾਂਗਰਸੀਆਂ ਵਿਚਾਲੇ ਫਿਰ ‘ਡੰਡਾ’ ਖੜਕਿਆ



**ਜਲੰਧਰ:** ਕਾਂਗਰਸੀ ਪਾਰਟੀ ਅੰਦਰਲੀ ਖਿੱਚੋਤਾਣ ਸਿਖਰ ’ਤੇ ਹੈ ਤੇ ਇਸ ਦਾ ਖੁਲਾਸਾ ਕਾਂਗਰਸ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਗੁਲਚੈਨ ਸਿੰਘ ਚੜਕ ਦੀ ਹਾਜ਼ਰੀ ਵਿਚ ਹੋਈ ਹੱਥੋਪਾਈ ਰਾਹੀਂ ਹੋਇਆ ਹੈ। ਪਹਿਲਾਂ ਗੁਰਦਾਸਪੁਰ ਤੇ ਫਿਰ ਜਲੰਧਰ ਵਿਖੇ ਮੀਟਿੰਗਾਂ ਦੌਰਾਨ ਕਾਂਗਰਸੀ ਆਗੂਆਂ ਨੇ ਗਾਲੀ-ਗਲੋਚ ਕਰਨ ਵਿਚ ਵੀ ਕੋਈ ਕਸਰ ਨਹੀਂ ਛੱਡੀ। ਜਲੰਧਰ ਦੇ ਇਕ ਪੈਲੇਸ ਵਿਚ ਮੀਟਿੰਗ ਦੌਰਾਨ ਕਾਂਗਰਸੀਆਂ ਦੇ ਹੱਥੋਪਾਈ ਹੋਣ ਕਾਰਨ ਹਾਲਾਤ ਏਨੇ ਵਿਗੜ ਗਏ ਕਿ ਸੀਨੀਅਰ ਕਾਂਗਰਸੀ ਆਗੂਆਂ ਨੂੰ ਗੁਲਚੈਨ ਸਿੰਘ ਚੜਕ ਨੂੰ ਉਥੋਂ ਸੁਰੱਖਿਅਤ ਕੱਢਣਾ ਪਿਆ ਤੇ ਉਨ੍ਹਾਂ ਨੂੰ ਮੀਟਿੰਗ ਵਿਚਾਲੇ ਛੱਡ ਕੇ ਜਾਣ ਲਈ ਮਜਬੂਰ ਹੋਣਾ ਪਿਆ। ਇਹ ਲੜਾਈ ਫੋਟੋ ਖਿਚਵਾਉਣ ਦੇ ਮਾਮਲੇ ’ਤੇ ਸ਼ੁਰੂ ਹੋਈ। ਲੜਾਈ ਦਾ ਮੁੱਢ ਉਦੋਂ ਬੱਝਾ ਜਦੋਂ ਕਾਂਗਰਸੀ ਕੌਂਸਲਰ ਮਹੇਸ਼ ਪੱਪੀ ਪੁਰੀ ਤੇ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਫੋਟੋ ਖਿਚਵਾਉਣ ਲੱਗਿਆਂ ਆਪਸ ਵਿਚ ਖਹਿਬੜ ਪਏ। ਇਹ ਬਹਿਸ ਹੱਥੋਪਾਈ ਤੱਕ ਪਹੁੰਚ ਗਈ ਤੇ ਕਈ ਕਾਂਗਰਸੀ ਆਗੂਆਂ ਨੇ ਇਕ-ਦੂਜੇ ’ਤੇ ਕੁਰਸੀਆਂ ਮਾਰਨ ਦੀ ਕੋਸ਼ਿਸ਼ ਵੀ ਕੀਤੀ।

ਉਧਰ ਸੂਬਾ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਕਾਂਗਰਸੀ ਆਗੂਆਂ ਵੱਲੋਂ ਕੀਤੀ ਗਈ ਹੁੱਲੜਬਾਜ਼ੀ ਦਾ ਗੰਭੀਰ ਨੋਟਿਸ ਲਿਆ ਹੈ। ਉਨ੍ਹਾਂ ਇਸ ਬਾਰੇ ਸੀਨੀਅਰ ਆਗੂ ਰਾਣਾ ਕੇ.ਪੀ. ਦੀ ਅਗਵਾਈ ਹੇਠ ਕਮੇਟੀ ਬਣਾ ਕੇ ਸਾਰੀ ਘਟਨਾ ਬਾਰੇ ਰਿਪੋਰਟ ਦੇਣ ਦੇ ਹੁਕਮ ਜਾਰੀ ਕੀਤੇ ਹਨ। ਪੈਲੇਸ ਦੇ ਹੀ ਕਮਰੇ ਵਿਚ ਇਕ ਘੰਟੇ ਤੱਕ ਸ੍ਰੀ ਚੜਕ ਨੂੰ ਬੈਠਣ ਲਈ ਮਜਬੂਰ ਹੋਣਾ ਪਿਆ। ਘੰਟੇ ਬਾਅਦ ਜਦੋਂ ਮੁੜ ਮੀਟਿੰਗ ਸ਼ੁਰੂ ਹੋਈ ਤਾਂ ਕਾਂਗਰਸੀ ਆਗੂ ਫਿਰ ਆਪਸ ਵਿਚ ਭਿੜ ਗਏ। ਹਾਲਾਤ ਕਾਬੂ ਨਾ ਹੁੰਦੇ ਦੇਖ ਅਖੀਰ ਸ੍ਰੀ ਚੜਕ ਨੂੰ ਮੀਟਿੰਗ ਵਿਚਾਲੇ ਹੀ ਛੱਡ ਕੇ ਜਾਣਾ ਪਿਆ। ਮੀਟਿੰਗ ਦੌਰਾਨ ਮਾਮਲਾ ਉਦੋਂ ਵੀ ਵਿਗੜ ਗਿਆ ਜਦੋਂ ਵਾਲਮੀਕ ਭਾਈਚਾਰੇ ਦੇ ਕੁਝ ਆਗੂ ਸ੍ਰੀ ਚੜਕ ਨਾਲ ਕੋਈ ਗੱਲਬਾਤ ਕਰਨ ਲੱਗੇ ਤਾਂ ਉਨ੍ਹਾਂ ਨੂੰ ਮੀਟਿੰਗ ਹਾਲ ’ਚੋਂ ਬਾਹਰ ਜਾਣ ਲਈ ਕਹਿ ਦਿੱਤਾ ਗਿਆ। ਗੁੱਸੇ ਵਿੱਚ ਭੜਕੇ ਇਨ੍ਹਾਂ ਆਗੂਆਂ ਨੇ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਇਸੇ ਦੌਰਾਨ ਸਾਬਕਾ ਮੰਤਰੀ ਅਵਤਾਰ ਹੈਨਰੀ ਦੇ ਸਮਰਥਕ ਵੀ ਆਪਸ ਵਿਚ ਕਿਸੇ ਗੱਲੋਂ ਭੜਕ ਗਏ।

## ਗੋਬਿੰਦਪੁਰਾ ਕਾਂਡ ਬਾਰੇ ਤੱਥ ਖੋਜ ਕਮੇਟੀ ਦੀ ਰਿਪੋਰਟ

# ਪੰਜਾਬ ਸਰਕਾਰ ਲੋਕ ਕਚਹਿਰੀ 'ਚ ਬੇਨਕਾਬ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਗੋਬਿੰਦਪੁਰਾ ਕਾਂਡ ਪੰਜਾਬ ਸਰਕਾਰ ਲਈ ਵੱਡੀ ਚੁਣੌਤੀ ਬਣਦਾ ਜਾ ਰਿਹਾ ਹੈ। ਕਿਸਾਨ ਜਥੇਬੰਦੀਆਂ ਤੋਂ ਕਾਂਗਰਸ ਨੇ ਵੀ ਇਸ ਸੰਘਰਸ਼ 'ਚ ਕੁੱਦਦਿਆਂ 2 ਸਤੰਬਰ ਨੂੰ ਮੋਰਚਾ ਲਾਉਣ ਦਾ ਐਲਾਨ ਕਰ ਦਿੱਤਾ ਹੈ। ਚੋਣਾਂ ਦੇ ਮਾਹੌਲ 'ਚ ਕਾਂਗਰਸ ਤੇ ਵਿਰੋਧੀ ਪਾਰਟੀਆਂ ਕੋਲ ਇਹ ਵਧੀਆ ਮੌਕਾ ਹੈ ਕਿ ਅਕਾਲੀ ਦਲ-ਭਾਜਪਾ ਸਰਕਾਰ ਨੂੰ ਲੋਕ ਕਚਹਿਰੀ 'ਚ ਬੇਨਕਾਬ ਕੀਤਾ ਜਾ ਸਕੇ। ਉਧਰ ਅਪਰੇਸ਼ਨ ਗਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਨੇ ਪਿੰਡ ਗੋਬਿੰਦਪੁਰਾ ਦਾ ਜ਼ਮੀਨੀ ਸੱਚ ਲੋਕਾਂ ਸਾਹਮਣੇ ਰੱਖਿਆ ਹੈ ਜੋ ਪੰਜਾਬ ਸਰਕਾਰ ਦੀ ਨੀਅਤ ਤੇ ਨੀਤੀ ਨੂੰ ਬੇਪਰਦ ਕਰਨਾ ਵਾਲਾ ਹੈ।

ਜਮਹੂਰੀ ਫਰੰਟ ਵੱਲੋਂ ਪਿੰਡ ਗੋਬਿੰਦਪੁਰਾ 'ਚ ਪਿਓਨਾ ਪਾਵਰ ਕੰਪਨੀ ਦੇ ਪਾਵਰ ਪਲਾਂਟ ਲਈ ਲੋਕਾਂ ਨੂੰ ਬੇਜ਼ਮੀਨੇ ਤੇ ਬੇਘਰ ਕਰਨ ਵਾਸਤੇ ਲੋਕਾਂ 'ਤੇ ਹੋ ਰਹੇ ਸਰਕਾਰੀ ਜਬਰ ਦੀ ਤੈਅ ਤੱਕ ਜਾਣ ਲਈ ਤੱਥ ਖੋਜ ਕਮੇਟੀ ਕਾਇਮ ਕੀਤੀ ਗਈ ਸੀ ਜਿਸ ਦੀ ਰਿਪੋਰਟ ਫਰੰਟ ਦੇ ਸੂਬਾ ਕਮੇਟੀ ਮੈਂਬਰ ਤੇ ਨਾਟਕਕਾਰ ਪ੍ਰੋ. ਅਜਮੇਰ ਸਿੰਘ ਔਲਖ ਵੱਲੋਂ ਜਾਰੀ ਕੀਤੀ ਗਈ ਹੈ। ਤੱਥ ਖੋਜ ਕਮੇਟੀ 'ਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਡਾ. ਪਰਮਿੰਦਰ ਸਿੰਘ, ਸ. ਰਣਜੀਤ ਸਿੰਘ ਲਹਿਰਾ, ਕਹਾਣੀਕਾਰ ਅਤਰਜੀਤ ਸਿੰਘ, ਸ. ਪ੍ਰਿਤਪਾਲ ਸਿੰਘ ਮੰਡੀ ਕਲਾਂ ਤੇ ਐਡਵੋਕੇਟ ਐਨ.ਕੇ. ਜੀਤ ਸ਼ਾਮਲ ਸਨ। ਤੱਥ ਖੋਜ ਕਮੇਟੀ ਦੀ ਰਿਪੋਰਟ ਨੇ ਸਾਫ ਕੀਤਾ ਹੈ ਕਿ ਪੰਜਾਬ ਸਰਕਾਰ ਵੱਲੋਂ ਪਿੰਡ ਗੋਬਿੰਦਪੁਰਾ ਦੇ ਉਜਾੜੇ ਲਈ ਹਰ ਹੀਲਾ ਵਰਤਿਆ ਗਿਆ। ਰਿਪੋਰਟ ਅਨੁਸਾਰ ਮਾਨਸਾ ਜ਼ਿਲ੍ਹੇ ਦੇ ਪਿੰਡ ਗੋਬਿੰਦਪੁਰਾ ਦੀ ਕੁੱਲ 1458 ਏਕੜ ਜ਼ਮੀਨ 'ਚੋਂ 806 ਏਕੜ ਜ਼ਮੀਨ ਐਕੁਆਇਰ ਕੀਤੀ ਗਈ ਹੈ ਤੇ ਪਿੱਛੇ 652 ਏਕੜ ਜ਼ਮੀਨ ਬਚੀ ਹੈ ਜਿਸ 'ਚੋਂ 140 ਏਕੜ ਜ਼ਮੀਨ ਲਈ ਨਹਿਰੀ ਸਿੰਚਾਈ ਦਾ ਕੋਈ ਸਾਧਨ ਨਹੀਂ ਹੈ। ਅਕਤੂਬਰ 2010 'ਚ ਇਥੇ ਪਾਵਰ ਪਲਾਂਟ ਲਾਉਣ ਦੀ ਤਜਵੀਜ਼ ਬਣੀ।ਸੀ। ਸਰਕਾਰ ਨੇ ਪਹਿਲਾਂ ਥਰਮਲ ਪਲਾਂਟ ਦੀ ਜਗ੍ਹਾ ਬਦਲ ਕੇ ਪਿੰਡ ਗੋਬਿੰਦਪੁਰਾ ਕੀਤੀ ਤੇ ਮਗਰੋਂ ਕੁਝ ਪਿੰਡਾਂ ਦੀ ਜ਼ਮੀਨ ਛੱਡ ਕੇ ਇਥੋਂ ਦੀ ਉਪਜਾਊ ਜ਼ਮੀਨ ਹਥਿਆ ਲਈ।



ਤੱਥ ਖੋਜ ਕਮੇਟੀ ਦੇ ਮੈਂਬਰ ਰਿਪੋਰਟ ਜਾਰੀ ਕਰਦੇ ਹੋਏ।

ਰਿਪੋਰਟ ਅਨੁਸਾਰ ਜ਼ਮੀਨ ਗ੍ਰਹਿਣ ਕੀਤੇ ਜਾਣ ਨਾਲ ਪਿੰਡ ਦੇ 62 ਪਰਿਵਾਰ ਬਿਲਕੁੱਲ ਬੇਜ਼ਮੀਨੇ ਹੋ ਜਾਣਗੇ ਜਦੋਂਕਿ 123 ਹੋਰ ਪਰਿਵਾਰਾਂ ਕੋਲ ਥੋੜ੍ਹੀ ਜਿਹੀ ਜ਼ਮੀਨ ਬਚੇਗੀ। 14 ਦਲਿਤ ਖੇਤ ਮਜ਼ਦੂਰਾਂ ਦਾ ਬਿਲਕੁੱਲ ਉਜਾੜਾ ਹੋ ਗਿਆ ਹੈ। ਉਨ੍ਹਾਂ ਨੂੰ ਬੇਘਰੇ ਵੀ ਕਰ ਦਿੱਤਾ ਗਿਆ ਤੇ ਮੁਆਵਜ਼ਾ ਵੀ ਨਹੀਂ ਦਿੱਤਾ ਗਿਆ। ਪ੍ਰਾਜੈਕਟ ਦੀ ਮਾਰ ਹੇਠ ਆਏ ਲੋਕਾਂ ਲਈ ਮੁੜ ਵਸੇਬਾ ਨੀਤੀ 'ਚ ਉਨ੍ਹਾਂ ਦੇ ਪਰਿਵਾਰ ਦੇ ਕਿਸੇ ਮੈਂਬਰ ਨੂੰ ਪ੍ਰਾਜੈਕਟ 'ਚ ਨੌਕਰੀ ਦੇਣ ਦਾ ਪ੍ਰਬੰਧ ਨਹੀਂ ਹੈ। ਪੰਜਾਬ ਸਰਕਾਰ ਵੱਲੋਂ ਉਸ ਕੰਪਨੀ ਨੂੰ ਬਿਨਾਂ ਖੁੱਲ੍ਹੀ ਬੋਲੀ ਤੋਂ ਇਹ ਪ੍ਰਾਜੈਕਟ ਦੇ ਦਿੱਤਾ ਗਿਆ ਜਿਸ ਦਾ ਬਿਜਲੀ ਉਤਪਾਦਨ ਦੇ ਖੇਤਰ ਵਿਚ ਕੋਈ ਤਜਰਬਾ ਨਹੀਂ। ਇਸ ਕੰਪਨੀ 'ਚ 63 ਫੀਸਦੀ ਵਿਦੇਸ਼ੀ ਸੰਸਥਾਵਾਂ ਦਾ ਸਰਮਾਇਆ ਲੱਗਾ ਹੋਇਆ ਹੈ। ਇਸ ਪਿੰਡ ਦੇ ਆਸ ਪਾਸ ਜ਼ਮੀਨਾਂ ਦੇ ਭਾਅ 30 ਲੱਖ ਰੁਪਏ ਤੋਂ ਉਪਰ ਹੋ ਗਏ ਹਨ ਜਦੋਂਕਿ ਇਸ ਪਿੰਡ ਦੇ ਲੋਕਾਂ ਨੂੰ ਮੁਆਵਜ਼ਾ ਬਹੁਤ ਘੱਟ ਦਿੱਤਾ ਗਿਆ ਹੈ। ਰਿਪੋਰਟ ਜਾਰੀ ਕਰਨ ਸਮੇਂ ਕਮੇਟੀ ਨੇ ਇਹ ਵੀ ਦੱਸਿਆ ਕਿ ਇਸ ਤਾਪ ਬਿਜਲੀ ਘਰ ਨੂੰ ਵਾਤਾਵਰਣ ਪ੍ਰਵਾਨਗੀ ਨਹੀਂ ਦਿੱਤੀ ਗਈ ਹੈ। ਬਠਿੰਡਾ ਖੇਤਰ ਦੇ 50 ਕਿਲੋਮੀਟਰ ਦੇ ਘੇਰੇ ਵਿਚ ਅੱਧੀ ਦਰਜਨ ਥਰਮਲ ਲਾਉਣੇ ਵਾਤਾਵਰਣ ਦੇ ਪੱਖ ਤੋਂ ਠੀਕ ਨਹੀਂ ਜਦੋਂਕਿ ਇਹ ਇਲਾਕਾ ਪਹਿਲਾਂ ਹੀ ਕੈਂਸਰ ਦੀ ਮਾਰ ਹੇਠ ਹੈ।

ਰਿਪੋਰਟ ਅਨੁਸਾਰ ਗੋਬਿੰਦਪੁਰਾ ਦੇ ਅੱਤ ਦਾ ਜਬਰ, ਧਮਕੀਆਂ ਤੇ ਲਾਲਚ ਤੋਂ ਬੇਖੌਫ ਆਪਣੀ ਜ਼ਮੀਨ ਨਾ ਛੱਡਣ 'ਤੇ ਅੜੇ ਹੋਏ ਹਨ। ਰਿਪੋਰਟ ਅਨੁਸਾਰ ਭੂਮੀ ਗ੍ਰਹਿਣ ਕਾਨੂੰਨ ਤੇ ਸਰਕਾਰ ਦੀ ਭੂਮੀ ਗ੍ਰਹਿਣ ਨੀਤੀ ਲੋਕ ਵਿਰੋਧੀ ਹੈ। ਜ਼ਮੀਨ ਖੁੱਸਣ ਦੇ ਇਵਜ਼ 'ਚ ਦਿੱਤਾ ਜਾਣ ਵਾਲਾ ਕੋਈ ਵੀ ਮੁਆਵਜ਼ਾ ਕਿਸਾਨਾਂ ਦੇ ਜ਼ਖ਼ਮ ਨਹੀਂ ਭਰ ਸਕਦਾ। ਫਰੰਟ ਨੇ ਮੰਗ ਕੀਤੀ ਕਿ ਗੋਬਿੰਦਪੁਰਾ 'ਚ ਜ਼ਮੀਨ ਗ੍ਰਹਿਣ ਦਾ ਮੌਜੂਦਾ ਅਮਲ ਤੁਰੰਤ ਰੋਕਿਆ ਜਾਵੇ ਤੇ ਕਿਸਾਨਾਂ ਨੂੰ ਉਨ੍ਹਾਂ ਦੀ ਜ਼ਮੀਨ ਵਾਪਸ ਕੀਤੀ ਜਾਵੇ। ਜਿਹੜੇ ਮਕਾਨ ਜਾਂ ਪਲਾਟ ਸਰਕਾਰ ਨੇ ਗ੍ਰਹਿਣ ਕੀਤੇ ਹਨ, ਉਹ ਵਾਪਸ ਕੀਤੇ ਜਾਣ। ਪਿਓਨਾ ਕੰਪਨੀ ਨਾਲ ਮੌਜੂਦ ਸਹਿਮਤੀ ਪੱਤਰ ਰੱਦ ਕਰਕੇ ਜਨਤਕ ਖੇਤਰ 'ਚ ਪ੍ਰਾਜੈਕਟ ਲਾਇਆ ਜਾਵੇ। ਕੰਪਨੀ ਲੋੜੀਂਦੀ ਜ਼ਮੀਨ ਖ਼ੁਦ ਕਿਸਾਨਾਂ ਤੋਂ ਸਿੱਧੀ ਗੱਲਬਾਤ ਰਾਹੀਂ ਖਰੀਦ ਕਰੇ। ਪਿਓਨਾ ਕੰਪਨੀ ਨੂੰ ਮੌਜੂਦਾ ਪ੍ਰਾਜੈਕਟ ਦਿੱਤੇ ਜਾਣ ਤੇ ਜ਼ਮੀਨ ਗ੍ਰਹਿਣ ਕੀਤੇ ਜਾਣ ਦੇ ਮਾਮਲੇ ਦੀ ਸੀ.ਬੀ.ਆਈ ਤੋਂ ਜਮਹੂਰੀ ਫਰੰਟ ਨੇ ਜਾਂਚ ਮੰਗੀ ਹੈ। ਕਮੇਟੀ ਦਾ ਕਹਿਣਾ ਸੀ ਕਿ ਪੰਜਾਬ ਸਰਕਾਰ ਲੋਕ ਪੱਖੀ ਸਨਅਤਾਂ ਲਾਵੇ ਜਿਨ੍ਹਾਂ 'ਚ ਪੰਜਾਬ ਦੇ ਲੋਕਾਂ ਦੀ ਤਰੱਕੀ ਤੇ ਰੁਜ਼ਗਾਰ ਦੇ ਮੌਕੇ ਹੋਣ। ਉਨ੍ਹਾਂ ਆਖਿਆ ਕਿ ਜੋ ਮੌਜੂਦਾ ਸਨਅਤਾਂ ਲੱਗ ਰਹੀਆਂ ਹਨ, ਉਹ ਪੱਛਮੀ ਤਰਜ਼ 'ਤੇ ਹਨ ਜਿਨ੍ਹਾਂ ਨੂੰ ਵੱਡੀਆ ਰਿਆਇਤਾਂ ਦੇ ਗੱਫੇ ਦਿੱਤੇ ਜਾਂਦੇ ਹਨ ਤੇ ਬਦਲੇ 'ਚ ਲੋਕਾਂ ਦੇ ਪੱਲੇ ਕੁਝ ਨਹੀਂ ਪੈਂਦਾ।

## ਕਾਂਗਰਸ ਦੇ ਐਲਾਨ ਨੇ ਸਰਕਾਰ ਨੂੰ ਵਖਤ ਪਾਇਆ

**ਚੰਡੀਗੜ੍ਹ:** ਪੰਜਾਬ ਕਾਂਗਰਸ ਨੇ ਮਾਨਸਾ 'ਚ ਬਿਜਲੀ ਪਾਵਰ ਪ੍ਰਾਜੈਕਟ ਲਈ ਜ਼ਮੀਨ ਗ੍ਰਹਿਣ ਬਾਰੇ ਛਿੜੇ ਵਿਵਾਦ ਨੂੰ ਆ ਰਹੀਆਂ ਪੰਜਾਬ ਵਿਧਾਨ ਸਭਾ ਚੋਣਾਂ ਤੱਕ ਭਖਾ ਕੇ ਰੱਖਣ ਦੀ ਰਣਨੀਤੀ ਬਣਾਈ ਹੈ। ਪਿਛਲੇ ਦਿਨੀਂ ਚੰਡੀਗੜ੍ਹ ਦੇ ਕਾਂਗਰਸ ਭਵਨ ਵਿਖੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਸੂਬਾਈ ਅਹੁਦੇਦਾਰਾਂ, ਜ਼ਿਲ੍ਹਾ ਪ੍ਰਧਾਨਾਂ ਤੇ ਮੌਜੂਦਾ ਤੇ ਸਾਬਕਾ ਵਿਧਾਇਕਾਂ ਦੀ ਹੰਗਾਮੀ ਮੀਟਿੰਗ ਵਿਚ ਇਸ ਮੁੱਦੇ 'ਤੇ ਆਰ-ਪਾਰ ਦੀ ਲੜਾਈ ਲੜਨ ਦਾ ਫੈਸਲਾ ਲਿਆ ਗਿਆ ਹੈ।

ਪੰਜਾਬ ਕਾਂਗਰਸ ਦੀ ਮੀਟਿੰਗ ਵਿਚ ਫੈਸਲਾ ਕੀਤਾ ਗਿਆ ਕਿ ਮਾਨਸਾ ਦੇ ਕਿਸਾਨਾਂ ਦੇ ਮੁੱਦੇ 'ਤੇ ਰਾਜ ਪੱਧਰੀ ਸੰਘਰਸ਼ ਲੜਿਆ ਜਾਵੇਗਾ। ਇਸ ਲੰਮੀ-ਚੌੜੀ ਮੀਟਿੰਗ ਦੌਰਾਨ ਦੋ ਸਤੰਬਰ ਤੋਂ ਮਾਨਸਾ ਵਿਖੇ ਮੋਰਚਾ ਖੋਲ੍ਹਣ ਦੀ ਰਣਨੀਤੀ ਬਣਾਈ ਗਈ ਹੈ। ਦੋ ਸਤੰਬਰ ਨੂੰ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਮਾਨਸਾ ਜਾ ਕੇ ਪੁਲਿਸ ਦੇ ਨਾਕਿਆਂ ਜਾਂ ਧਾਰਾ 144 ਲਾਉਣ ਦੀ ਸੂਰਤ ਵਿਚ ਵੀ ਧਰਨਾ ਮਾਰ ਕੇ ਗ੍ਰਿਫਤਾਰੀਆਂ ਦਿੱਤੀਆਂ ਜਾਣਗੀਆਂ। ਦੋ ਸਤੰਬਰ ਤੋਂ ਬਾਅਦ ਰੋਜ਼ਾਨਾ ਜ਼ਿਲ੍ਹਾ ਵਾਰ ਕਾਂਗਰਸੀਆਂ ਦੇ ਜਥੇ ਮਾਨਸਾ ਵੱਲ ਕੂਚ ਕਰਨਗੇ ਤੇ ਪੁਲਿਸ ਵੱਲੋਂ ਰੋਕਾਂ ਲਾਉਣ 'ਤੇ ਉਥੇ ਹੀ ਧਰਨੇ ਮਾਰ ਕੇ ਪੰਜਾਬ ਸਰਕਾਰ ਵਿਰੁੱਧ ਰੋਸ ਪ੍ਰਗਟ ਕੀਤਾ ਜਾਵੇਗਾ। ਇਸ ਮੌਕੇ ਕੈਪਟਨ ਨੇ ਰਾਜ ਭਰ ਦੇ ਜ਼ਿਲ੍ਹਾ ਪ੍ਰਧਾਨਾਂ ਤੇ ਵਿਧਾਇਕਾਂ ਨੂੰ ਆਦੇਸ਼ ਦਿੱਤੇ ਹਨ ਕਿ ਧਰਨੇ ਮਾਰੇ ਜਾਣ ਤੇ ਗ੍ਰਿਫਤਾਰੀਆਂ ਤੋਂ ਵੀ ਗੁਰੇਜ਼ ਨਾ ਕੀਤਾ ਜਾਵੇ। ਪਹਿਲੇ ਦੌਰ ਵਿਚ ਜ਼ਿਲ੍ਹਾ ਪ੍ਰਧਾਨ ਤੇ ਬਾਅਦ ਵਿਚ ਵਿਧਾਇਕ ਧਰਨਿਆਂ ਦੀ ਲੜੀ ਜਾਰੀ ਰੱਖਣਗੇ। ਇਸ ਮੌਕੇ ਕੈਪਟਨ ਨੇ ਪੰਜਾਬ ਸਰਕਾਰ ਵੱਲੋਂ ਬਿਜਲੀ ਪ੍ਰਾਜੈਕਟਾਂ ਲਈ ਕੀਤੇ ਸਮਝੌਤਾ ਦਸਤਖ਼ਤਾਂ (ਐਮ.ਓ.ਯੂ.) 'ਤੇ ਵੀ ਸਵਾਲ ਉਠਾਇਆ।

## ਹਾਂਸੀ-ਬੁਟਾਣਾ ਨਹਿਰ ਵਿਵਾਦ ਮਾਹਰਾਂ ਦੀ ਕਮੇਟੀ ਨੂੰ ਸੌਂਪਣ ਦੀ ਪੇਸ਼ਕਸ਼ ਰੱਦ

**ਨਵੀਂ ਦਿੱਲੀ:** ਪੰਜਾਬ ਨੇ ਕੇਂਦਰ ਵੱਲੋਂ ਸੁਪਰੀਮ ਕੋਰਟ 'ਚ ਦਿੱਤਾ ਸੁਝਾਅ ਰੱਦ ਕਰ ਦਿੱਤਾ ਹੈ ਕਿ ਹਾਂਸੀ-ਬੁਟਾਣਾ ਨਹਿਰ ਬਾਰੇ ਛਿੜਿਆ ਵਿਵਾਦ ਮਾਹਰਾਂ ਦੀ ਕਮੇਟੀ ਨੂੰ ਸੌਂਪ ਦਿੱਤਾ ਜਾਵੇ ਤੇ ਇਸ ਕਮੇਟੀ 'ਚ ਪੰਜਾਬ, ਹਰਿਆਣਾ ਤੇ ਕੇਂਦਰੀ ਜਲ ਕਮਿਸ਼ਨ (ਸੀ.ਡਬਲਿਊ.ਸੀ.) ਦੇ ਮੈਂਬਰ ਸ਼ਾਮਲ ਕੀਤੇ ਜਾਣ।

ਪੰਜਾਬ ਨੇ ਕੇਂਦਰ ਦੀ ਇਸ ਤਜਵੀਜ਼ ਦਾ ਵਿਰੋਧ ਕਰਦਿਆਂ ਕਿਹਾ ਕਿ ਇਸ ਦੌਰਾਨ ਹਰਿਆਣਾ 260 ਕਰੋੜ ਰੁਪਏ ਦਾ ਚੱਲ ਰਿਹਾ ਕੰਮ ਮੁਕੰਮਲ ਕਰ ਲਵੇਗਾ ਤੇ ਮਾਹਰਾਂ ਦੀ ਕਮੇਟੀ ਦੀ ਰਿਪੋਰਟ ਕਿਤੇ ਮਗਰੋਂ ਜਾ ਕੇ ਆਏਗੀ। ਦੂਜੇ ਪਾਸੇ ਹਰਿਆਣਾ ਚਾਹੁੰਦਾ ਸੀ ਕਿ ਨਹਿਰ 'ਤੇ ਛਿੜਿਆ ਵਿਵਾਦ ਟ੍ਰਿਬਿਊਨਲ ਨੂੰ ਸੌਂਪ ਦਿੱਤਾ ਜਾਵੇ ਕਿਉਂਕਿ ਸੁਪਰੀਮ ਕੋਰਟ ਸਮੇਤ ਨਿਆਂਪਾਲਿਕਾ ਨੂੰ ਅੰਤਰਰਾਜੀ ਜਲ ਵਿਵਾਦ 'ਚ ਦਖਲ ਦੇਣ ਦਾ ਕੋਈ ਅਧਿਕਾਰ ਨਹੀਂ ਹੈ। ਪੰਜਾਬ ਨੇ ਇਸ ਦਲੀਲ ਦੇ ਜਵਾਬ 'ਚ ਪੰਜਾਬ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਹਰੀਸ਼ ਸਾਲਵੇ ਨੇ ਸਤਲੁਜ-ਯਮੁਨਾ ਲਿੰਕ (ਐਸ. ਵਾਈ.ਐਲ.) ਨਹਿਰ ਬਾਰੇ 2002 'ਚ ਹੋਈ ਸੁਪਰੀਮ ਕੋਰਟ ਦੀ ਡਿਗਰੀ ਖਤਮ ਹੋਈ ਕਰਾਰ ਦਿੱਤੇ ਜਾਣ ਦੀ ਚਿਤਾਵਨੀ ਦਿੱਤੀ। ਉਨ੍ਹਾਂ ਕਿਹਾ ਕਿ ਜੇਕਰ ਹਾਂਸੀ-ਬੁਟਾਣਾ ਨਹਿਰ ਦਾ ਝਗੜਾ ਅੰਤਰਰਾਜੀ ਜਲ ਵਿਵਾਦ ਹੈ ਤਾਂ ਐਸ.ਵਾਈ.ਐਲ. ਵੀ ਇਸੇ ਸ਼੍ਰੇਣੀ ਅਧੀਨ ਆਉਂਦੀ ਹੈ। ਸ੍ਰੀ ਸਾਲਵੇ ਨੇ ਕਿਹਾ ਕਿ ਨਾ ਸਤਲੁਜ-ਯਮੁਨਾ ਲਿੰਕ ਨਹਿਰ ਤੇ ਨਾ ਹੀ ਹਾਂਸੀ-ਬੁਟਾਣਾ ਜਲ ਵਿਵਾਦ ਅਧੀਨ ਹਨ ਕਿਉਂਕਿ ਦੋਵੇਂ ਰਾਜ ਰਾਵੀ, ਬਿਆਸ ਤੇ ਸਤਲੁਜ ਦਰਿਆਵਾਂ ਦੇ ਪਾਣੀ ਦੀ ਵੰਡ ਨੂੰ ਲੈ ਕੇ ਪਹਿਲਾਂ ਹੀ ਸਮਝੌਤਾ ਕਰ ਚੁੱਕੇ ਹਨ। ਇਹ ਨਹਿਰਾਂ ਤਾਂ ਕੇਵਲ ਹਰੇਕ ਰਾਜ ਨੂੰ ਹਿੱਸੇ ਵਹਿੰਦਾ ਪਾਣੀ ਵੰਡਣ ਦਾ ਸਾਧਨ ਹਨ।

ਰਾਜਸਥਾਨ ਵੱਲੋਂ ਪੇਸ਼ ਹੁੰਦਿਆਂ ਸੀਨੀਅਰ ਵਕੀਲ ਕੇ.ਕੇ. ਵੇਣੂਗੋਪਾਲ ਨੇ ਹਰਿਆਣਾ ਦੀ 109 ਕਿਲੋਮੀਟਰ ਲੰਮੀ ਹਾਂਸੀ-ਬੁਟਾਣਾ ਨਹਿਰ ਰਾਹੀਂ ਪਾਣੀ ਲਿਜਾਣ ਦੀ ਤਜਵੀਜ਼ ਦਾ ਵਿਰੋਧ ਕੀਤਾ ਕਿ ਭਾਖੜਾ ਮੁੱਖ ਨਹਿਰ (ਬੀ.ਐਮ.ਸੀ.) ਨੂੰ ਨਵੀਂ ਥਾਂ ਤੋਂ ਤੋੜ ਕੇ ਇਸ ਨਹਿਰ 'ਚ ਪਾਣੀ ਪਾਉਣ ਨਾਲ ਇਸ ਸੂਬੇ (ਰਾਜਸਥਾਨ) ਨੂੰ ਜਾਣ ਵਾਲਾ ਪਾਣੀ ਘੱਟ ਜਾਏਗਾ। ਉਂਜ ਰਾਜਸਥਾਨ, ਹਰਿਆਣਾ ਦੀ ਇਸ ਦਲੀਲ ਨਾਲ ਸਹਿਮਤ ਸੀ ਕਿ ਇਹ ਝਗੜਾ ਅੰਤਰਰਾਜੀ ਦਰਿਆਈ ਪਾਣੀਆਂ ਦੀ ਵੰਡ ਬਾਰੇ ਹੈ, ਨਾ ਕਿ ਪੰਜਾਬ ਦੇ ਕਹੇ ਅਨੁਸਾਰ ਰਾਜ 'ਚ ਹੀ ਵਹਿੰਦੇ ਦਰਿਆਵਾਂ ਬਾਰੇ ਹੈ। ਇਸੇ ਦੌਰਾਨ ਐਡੀਸ਼ਨਲ ਸਾਲਿਸਟਰ ਜਨਰਲ (ਏ.ਐਸ.ਜੀ.) ਹਰੀਨ ਰਾਵਲ ਨੇ ਵੀ ਅਦਾਲਤ ਨੂੰ ਜਾਣਕਾਰੀ ਦਿੱਤੀ ਕਿ ਕੇਂਦਰੀ ਜਲ ਕਮਿਸ਼ਨ ਦੀ ਮੁੱਢਲੀ ਰਿਪੋਰਟ 'ਚ ਕਮਿਸ਼ਨ ਨੇ ਦੇਖਿਆ ਹੈ ਕਿ ਹਰਿਆਣਾ ਵੱਲੋਂ ਹਾਂਸੀ-ਬੁਟਾਣਾ ਨਹਿਰ ਦੇ ਨਾਲ ਬਣਾਈ ਜਾ ਰਹੀ ਕੰਧ, ਪੰਜਾਬ ਤੋਂ ਆਉਂਦੇ ਮੀਂਹ ਦੇ ਪਾਣੀ ਨੂੰ ਰੋਕ ਨਹੀਂ ਸਕਦੀ ਤੇ ਗੁਆਂਢੀ ਸੂਬੇ (ਪੰਜਾਬ) 'ਚ ਹੜ੍ਹਾਂ ਦਾ ਕਾਰਨ ਨਹੀਂ ਬਣੇਗੀ। ਉਨ੍ਹਾਂ ਕਿਹਾ ਕਿ ਆਪਣੇ ਮਾਹਰਾਂ ਰਾਹੀਂ ਇਹ ਵਿਵਾਦ ਹੱਲ ਕਰਨ ਦੇ ਉਪਰਾਲੇ ਕੀਤੇ ਜਾ ਰਹੇ ਹਨ।



ਸ੍ਰੀ ਸਾਲਵੇ ਨੇ ਕਿਹਾ ਕਿ ਪੰਜਾਬ ਬੀ.ਐਸ.ਸੀ. ਤੋੜਨ ਜਾਂ ਹਾਂਸੀ-ਬੁਟਾਣਾ ਨਹਿਰ ਨਾਲ 10 ਫੁੱਟ ਉੱਚੀਆਂ ਕੰਧਾਂ ਬਣਾਉਣ ਜਿਹੀ ਹਾਲਤ ਨਹੀਂ ਚਾਹੁੰਦਾ। ਇਸ ਮਾਮਲੇ ਦੀ ਅਗਲੀ ਸੁਣਵਾਈ 26 ਅਗਸਤ 'ਤੇ ਪਾ ਦਿੱਤੀ ਗਈ ਹੈ।

## ਕੈਪਟਨ ਵੱਲੋਂ ਪੰਜਾਬ ਦੇ 'ਅਸਲ ਦੁਸ਼ਮਣ' ਦੇ ਨਿਤਾਰੇ ਲਈ ਬਹਿਸ ਦੀ ਚੁਣੌਤੀ

**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਚੁਣੌਤੀ ਦਿੱਤੀ ਹੈ ਕਿ ਇਸ ਮੁੱਦੇ 'ਤੇ ਖੁੱਲ੍ਹੀ ਬਹਿਸ ਕੀਤੀ ਜਾਵੇ ਕਿ ਪੰਜਾਬ ਦਾ ਅਸਲੀ ਦੁਸ਼ਮਣ ਕੌਣ ਹੈ? ਉਨ੍ਹਾਂ ਕਿਹਾ ਕਿ ਅਕਾਲੀਆਂ ਨੇ ਆਪਣੀ ਸਰਕਾਰ ਬਣਾਉਣ ਲਈ ਪੱਖਪਾਤੀ ਤੇ ਤੰਗ ਨਜ਼ਰੀਏ ਤਹਿਤ ਪੰਜਾਬੀ ਸੂਬੇ ਦੀ ਮੰਗ ਕਰਕੇ ਰਾਜ ਨੂੰ ਬਹੁਤ ਵੱਡਾ ਨੁਕਸਾਨ ਪਹੁੰਚਾਇਆ ਹੈ ਜਿਸ ਲਈ ਉਨ੍ਹਾਂ ਨੂੰ ਇਤਿਹਾਸ ਕਦੇ ਮੁਆਫ਼ ਨਹੀਂ ਕਰੇਗਾ।

ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਬਰਸੀ ਸਮਾਗਮ ਮੌਕੇ ਸ੍ਰੀ ਬਾਦਲ ਵੱਲੋਂ ਕਾਂਗਰਸ ਨੂੰ ਪੰਜਾਬ ਦੀ ਵੱਡੀ ਦੁਸ਼ਮਣ ਕਹਿਣ 'ਦਾ ਸਖ਼ਤ ਨੋਟਿਸ ਲੈਂਦਿਆਂ ਕੈਪਟਨ ਨੇ ਬਾਦਲ ਨੂੰ ਚੁਣੌਤੀ ਦਿੱਤੀ ਹੈ ਕਿ ਉਹ ਇਸ ਮੁੱਦੇ 'ਤੇ ਖੁੱਲ੍ਹੀ ਬਹਿਸ ਕਰਨ ਲਈ ਮੈਦਾਨ ਵਿਚ ਆਉਣ।ਕਿ ਪੰਜਾਬ ਦੇ ਉਜਾੜੇ ਲਈ ਜ਼ਿੰਮੇਵਾਰ ਕੌਣ ਹੈ। ਉਨ੍ਹਾਂ ਇਸ ਬਹਿਸ ਲਈ ਥਾਂ ਤੇ ਸਮਾਂ ਵੀ ਸ. ਬਾਦਲ ਨੂੰ ਤੈਅ ਕਰਨ ਦੀ ਖੁੱਲ੍ਹ ਦਿੰਦਿਆਂ ਕਿਹਾ ਕਿ ਸੱਚ ਤੇ ਝੂਠ ਦਾ ਨਿਤਾਰਾ ਲੋਕਾਂ ਦੀ ਅਦਾਲਤ 'ਚ ਹੀ ਹੋਣਾ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਪੰਜਾਬੀਆਂ ਨੂੰ ਸੱਚ ਤੇ ਝੂਠ ਦਾ ਪਤਾ ਲੱਗ ਜਾਵੇਗਾ ਕਿ ਪੰਜਾਬ ਤੇ ਸਿੱਖਾਂ ਦਾ ਅਸਲ ਦੁਸ਼ਮਣ ਕੌਣ ਹੈ। ਕੈਪਟਨ ਨੇ ਕਿਹਾ ਕਿ ਜਿਨ੍ਹਾਂ ਨੇ ਪੰਜਾਬ 'ਚ ਮਹਿਜ਼ ਆਪਣੀ ਸਰਕਾਰ ਬਣਾਉਣ ਦੇ ਲਾਲਚ ਤਹਿਤ ਹੀ ਸੂਬੇ ਨੂੰ ਛੋਟੇ-ਛੋਟੇ ਟੁਕੜਿਆਂ 'ਚ ਵੰਡ ਦਿੱਤਾ, ਅਸਲ 'ਚ ਉਹ ਹੀ ਸੂਬੇ ਦੇ ਵੱਡੇ ਦੁਸ਼ਮਣ ਹਨ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਟੁਕੜਿਆਂ 'ਚ ਵੰਡਣ ਤੋਂ ਬਾਅਦ ਵੀ ਅਕਾਲੀ ਆਪਣੇ ਪੱਧਰ 'ਤੇ ਸਰਕਾਰ ਬਣਾਉਣ ਦੇ ਕਾਬਲ ਨਹੀਂ ਹੋ ਸਕੇ ਤੇ ਇਨ੍ਹਾਂ ਨੂੰ ਦੂਸਰੀਆਂ ਪਾਰਟੀਆਂ ਦਾ ਸਹਾਰਾ ਲੈਣਾ ਪੈ ਰਿਹਾ ਹੈ।



ਉਨ੍ਹਾਂ ਅਫਸੋਸ ਜ਼ਾਹਿਰ ਕਰਦੇ ਹੋਏ ਕਿਹਾ ਕਿ ਇਸ ਵਰਤਾਰੇ ਕਾਰਨ ਪੰਜਾਬ ਨੇ ਬੇਸ਼ਕੀਮਤੀ ਵਣ ਪੂੰਜੀ, ਵੱਡਾ ਹਾਈਡ੍ਰੋ-ਇਲੈਕਟ੍ਰਿਕ ਭਵਿੱਖ, ਉਦਯੋਗਿਕ ਸ਼ਹਿਰ ਤੇ ਕੌਮੀ ਰਾਜਧਾਨੀ ਨਾਲ ਨੇੜਤਾ ਨੂੰ ਗਵਾਇਆ ਹੈ ਜਿਸ ਤੋਂ ਸਾਫ ਹੈ ਕਿ ਅਕਾਲੀ ਹੀ ਪੰਜਾਬ ਦੇ ਸਭ ਤੋਂ ਵੱਡੇ ਦੁਸ਼ਮਣ ਹਨ। ਉਨ੍ਹਾਂ ਨੇ ਤਿੱਖੀ ਟਿੱਪਣੀ ਕਰਦਿਆਂ ਕਿਹਾ ਕਿ ਅਕਾਲੀ ਖ਼ੁਦ ਹੀ ਕਦੇ ਸਪਸ਼ਟ ਨਹੀਂ ਹੋਏ ਕਿ ਉਹ ਅਸਲ ਵਿਚ ਚਾਹੁੰਦੇ ਕੀ ਹਨ। ਕੈਪਟਨ ਨੇ ਸ. ਬਾਦਲ ਨੂੰ ਸੌੜੀ ਸਿਆਸਤ ਤੋਂ ਉੱਤੇ ਉੱਠਣ ਤੇ ਲੋਕਾਂ ਦੀ ਭਾਵਨਾ ਨੂੰ ਭੜਕਾਉਣ ਤੋਂ ਗੁਰੇਜ਼ ਕਰਕੇ ਹੁਣ ਪੰਜਾਬ 'ਤੇ ਰਹਿਮ ਕਰਨ।


# ਪੰਜਾਬ 'ਚ ਤੰਬਾਕੂ ਦਾ ਰੁਝਾਨ ਵਧਿਆ

## 11.7 ਫੀਸਦੀ ਲੋਕ ਤੰਬਾਕੂ ਦੀ ਮਾਰ ਹੇਠ

**ਅੰਮ੍ਰਿਤਸਰ:** ਪੰਜਾਬ ਦੇ 11.7 ਫੀਸਦੀ ਲੋਕ ਤੰਬਾਕੂ ਦਾ ਸੇਵਨ ਕਰ ਰਹੇ ਹਨ ਇਹ ਰੁਝਾਨ ਵਧ ਰਿਹਾ ਹੈ। ਗਲੋਬਲ ਐਡਲਟ ਤੰਬਾਕੂ ਸਰਵੇ (ਗਟਸ) ਵੱਲੋਂ ਸੂਬੇ ਵਿਚ ਕਰਵਾਏ ਸਰਵੇਖਣ ਦੀ ਰਿਪੋਰਟ ਅਨੁਸਾਰ ਭਾਰਤ ਵਿਚ ਤੰਬਾਕੂ ਖਾਣ ਨਾਲ ਹੋਣ ਵਾਲੇ ਮੂੰਹ ਦੇ ਕੈਂਸਰ ਦੇ ਪੀੜਤਾਂ ਦੀ ਗਿਣਤੀ ਵਿਸ਼ਵ ਭਰ ਵਿਚ ਸਭ ਤੋਂ ਵਧੇਰੇ ਹੈ। ਪੰਜਾਬ 'ਚ ਸਿੱਖ ਧਰਮ ਦਾ ਵਧੇਰੇ ਪ੍ਰਭਾਵ ਹੋਣ ਕਾਰਨ ਇਹ ਸੂਬਾ ਭਾਵੇਂ ਤੰਬਾਕੂ ਦੇ ਨਸ਼ੇ ਤੋਂ ਕਾਫੀ ਸਮਾਂ ਬਚਿਆ ਰਿਹਾ ਹੈ ਪਰ ਹੁਣ ਪੰਜਾਬ ਦੀ ਆਬਾਦੀ ਦਾ ਤਕਰੀਬਨ 11.7 ਫੀਸਦੀ ਹਿੱਸਾ ਤੰਬਾਕੂ ਸੇਵਨ ਦਾ ਵੀ ਆਦੀ ਬਣ ਚੁੱਕਾ ਹੈ। ਰਿਪੋਰਟ ਅਨੁਸਾਰ ਇਥੇ 21.6 ਫੀਸਦੀ ਮਰਦ ਤੰਬਾਕੂ ਦਾ ਨਸ਼ਾ ਕਰਦੇ ਹਨ ਜਦੋਂਕਿ ਔਰਤਾਂ ਦੀ ਗਿਣਤੀ 0.5 ਫੀਸਦੀ ਹੀ ਹੈ। 51.4 ਫੀਸਦੀ ਮਰਦ ਬੀੜੀ ਰਾਹੀਂ ਤੇ 49 ਫੀਸਦੀ ਮਰਦ ਧੂੰਆਂ ਰਹਿਤ ਤੰਬਾਕੂ ਦੀ ਵਰਤੋਂ ਕਰਦੇ ਹਨ। ਮੂੰਹ 'ਚ ਚੱਬ ਕੇ ਤੰਬਾਕੂ ਦਾ ਨਸ਼ਾ ਕਰਨ ਨਾਲ ਮੂੰਹ 'ਚ ਜਬਾੜੇ ਦਾ ਕੈਂਸਰ ਤੇ ਜ਼ੁਬਾਨ ਦੇ ਕੈਂਸਰ ਦਾ ਰੋਗ ਹੁੰਦਾ ਹੈ।

ਪਿਛਲੇ ਵਰ੍ਹੇ 2009-2010 ਦੀ ਇਸ ਸਰਵੇਖਣ ਰਿਪੋਰਟ ਅਨੁਸਾਰ ਦੇਸ਼ ਦੀ ਕੁਲ ਆਬਾਦੀ ਦਾ 34.6 ਫੀਸਦੀ ਹਿੱਸਾ ਕਿਸੇ ਨਾ ਕਿਸੇ ਤਰ੍ਹਾਂ ਦੇ ਤੰਬਾਕੂ ਦੇ ਨਸ਼ੇ ਦਾ ਆਦੀ ਹੈ। ਇਸ ਵਿਚ 47.9 ਫੀਸਦੀ ਮਰਦ ਤੇ 20.3 ਫੀਸਦੀ ਔਰਤਾਂ ਵੀ ਸ਼ਾਮਲ ਹਨ। 14 ਫੀਸਦੀ ਲੋਕ ਤੰਬਾਕੂ ਦੀ ਵਰਤੋਂ ਸਿਗਰਟ, ਬੀੜੀ ਰਾਹੀਂ ਤੇ ਤਕਰੀਬਨ 26 ਫੀਸਦੀ ਲੋਕ ਮੂੰਹ ਰਾਹੀਂ ਚੱਬ ਕੇ ਖਾਣ ਵਾਲੇ ਤੰਬਾਕੂ ਦੀ ਵਰਤੋਂ ਕਰ ਰਹੇ ਹਨ। ਰਿਪੋਰਟ ਵਿਚ ਇਹ ਵੀ ਖੁਲਾਸਾ ਕੀਤਾ ਗਿਆ ਕਿ ਤੰਬਾਕੂ ਦੀ ਵਧੇਰੇ ਵਰਤੋਂ ਘਰ ਵਿਚ ਰਹਿੰਦਿਆਂ ਹੀ ਕੀਤੀ ਜਾ ਰਹੀ ਹੈ। ਅਜਿਹੇ ਰੋਗੀਆਂ ਦੀ ਵਿਸ਼ਵ 'ਚ ਸਭ ਤੋਂ ਵੱਡੀ ਗਿਣਤੀ ਭਾਰਤ ਵਿਚ ਹੈ। ਇਥੇ ਹਰ ਸਾਲ ਤਕਰੀਬਨ 70 ਹਜ਼ਾਰ ਲੋਕ ਇਸ ਰੋਗ ਨਾਲ ਪੀੜਤ ਹੋ ਰਹੇ ਹਨ। ਇਹ ਸਸਤਾ ਨਸ਼ਾ ਹੈ ਤੇ ਇਹ ਸੌਖਾ ਮੁਹੱਈਆ ਹੋ ਜਾਂਦਾ ਹੈ।

# ਫ਼ਿਲਮ 'ਜ਼ੂਜ਼ੂ ਏਂਜਲ' ਤੇ ਮਨੁੱਖੀ ਹਕੂਕ ਦਾ ਮਸਲਾ




ਪਹਿਲੀ ਗੱਲ
ਜਤਿੰਦਰ ਮੌਹਰ
ਫੋਨ: +91-97799-34747

ਵੀਹਵੀਂ ਸਦੀ ਦਾ ਛੇਵਾਂ ਤੇ ਸੱਤਵਾਂ ਦਹਾਕਾ ਇਨਕਲਾਬੀ ਲਹਿਰਾਂ ਦੀ ਚੜ੍ਹਤ ਦਾ ਸਮਾਂ ਸੀ। ਇਹੀ ਸਮਾਂ ਮਨੁੱਖੀ ਹਕੂਕ ਅਤੇ ਜਵਾਨੀ ਦੇ ਬੇਕਿਰਕ ਘਾਣ ਲਈ ਵੀ ਬਦਨਾਮ ਹੈ। ਖਾਸ ਕਰ ਕੇ ਅਮਰੀਕੀ ਬਸਤਾਨਾਂ (ਬਸਤੀਵਾਦੀਆਂ) ਦੀਆਂ ਥੋਪੀਆਂ 'ਲੋਕਤੰਤਰੀ' ਸਰਕਾਰਾਂ ਅਤੇ ਫ਼ੌਜੀ ਨਿਜ਼ਾਮਾਂ ਨੇ ਲਾਤੀਨੀ ਅਮਰੀਕਾ ਵਿਚ ਅੰਤ ਚੁੱਕੀ ਹੋਈ ਸੀ। ਇਨ੍ਹਾਂ ਦਾ ਇਨਕਲਾਬੀ ਲਹਿਰਾਂ ਅਤੇ ਤਬਦੀਲੀ-ਪਸੰਦ ਨੌਜਵਾਨਾਂ ਉੱਤੇ ਚਲਾਇਆ ਦਮਨ-ਚੱਕਰ ਮਨੁੱਖੀ ਇਤਿਹਾਸ ਦੇ ਕਾਲੇ ਪੰਨਿਆਂ ਵਿਚ ਦਰਜ ਹੈ।

ਬ੍ਰਾਜ਼ੀਲੀ ਫ਼ਿਲਮ 'ਜ਼ੂਜ਼ੂ ਏਂਜਲ' ਹਲਚਲ ਭਰੇ ਉਸ ਦੌਰ ਨੂੰ ਪਰਦੇ 'ਤੇ ਸਾਕਾਰ ਕਰਦੀ ਹੈ। ਫ਼ਿਲਮ ਦੀ ਸ਼ੁਰੂਆਤ ਫ਼ਿਲਮ ਕਾਮਿਆਂ ਦੇ ਨਾਮ ਅਤੇ ਕੁਝ ਤਸਵੀਰਾਂ ਨਾਲ ਹੁੰਦੀ ਹੈ। ਇਨ੍ਹਾਂ ਤਸਵੀਰਾਂ ਦੇ ਪਿਛੋਂ ਘੋੜਿਆਂ ਦੀਆਂ ਟਾਪਾਂ ਅਤੇ ਫ਼ੌਜੀ ਬੂਟਾਂ ਹੇਠ ਦਰੜੀਆਂ ਜਾਂਦੀਆਂ ਮੁਕਤੀ ਦੀਆਂ ਆਵਾਜ਼ਾਂ ਸੁਣਦੀਆਂ ਹਨ। ਫ਼ਿਲਮ ਸੱਤਰਵਿਆਂ ਦੀ ਮਸ਼ਹੂਰ ਬ੍ਰਾਜ਼ੀਲੀ ਫ਼ੈਸ਼ਨ ਡਿਜ਼ਾਇਨਰ ਜ਼ੂਜ਼ੂ ਏਂਜਲ ਦੀ ਅਸਲ ਜ਼ਿੰਦਗੀ 'ਤੇ ਅਧਾਰਿਤ ਹੈ। ਉਹਦਾ ਵਿਆਹ ਅਮਰੀਕੀ ਬਾਸ਼ਿੰਦੇ ਨਾਰਮਨ ਏਂਜਲ ਜੋਨਜ਼ ਨਾਲ ਹੋਇਆ। ਉਹ ਬ੍ਰਾਜ਼ੀਲ ਅਤੇ ਅਮਰੀਕਾ ਵਿਚ ਇਕੋ ਜਿੰਨੀ ਮਸ਼ਹੂਰ ਰਹੀ। ਉਸ ਦਾ ਗੱਭਰੂ ਪੁੱਤ ਸਟੂਅਰਟ ਏਂਜਲ ਜੋਨਜ਼, ਬ੍ਰਾਜ਼ੀਲ ਦੇ ਸ਼ਹਿਰ ਰੀਉ ਡੀ ਜਨੇਰੀਉ ਵਿਚ ਪੜ੍ਹਿਆ। ਬ੍ਰਾਜ਼ੀਲ ਵਿਚ ਉਸ ਵੇਲੇ ਫ਼ੌਜੀ ਰਾਜ (1964-1986) ਸੀ। ਇਸ ਤਾਨਾਸ਼ਾਹੀ ਨਿਜ਼ਾਮ ਨੂੰ ਜੜ੍ਹੋਂ ਪੁੱਟਣ ਲਈ ਮਾਰਕਸੀ ਗੁਰੀਲਿਆਂ ਦੀ ਲਹਿਰ ਚੱਲ ਰਹੀ ਸੀ। ਸਟੂਅਰਟ ਨੇ ਮਨੁੱਖਤਾ ਦੀ ਪੂਰਨ ਆਜ਼ਾਦੀ ਅਤੇ ਬਰਾਬਰੀ ਦਾ ਸੁਪਨਾ ਦੇਖਿਆ ਜਿਸ ਬਾਰੇ ਮਸ਼ਹੂਰ ਇਨਕਲਾਬੀ ਚੀ ਗੁਵੇਰਾ ਕਹਿੰਦਾ ਹੈ, "ਅਸੀਂ ਯਥਾਰਥਵਾਦੀ ਹਾਂ ਤੇ ਅਸੰਭਵ ਸੁਪਨੇ ਦੇਖਦੇ ਹਾਂ।"

ਗਭਰੇਟ ਸਟੂਅਰਟ ਦਾ ਧਿਆਨ ਅਮਰੀਕੀ ਬਸਤਾਨਾਂ ਵੱਲੋਂ ਲਾਤੀਨੀ ਦੇਸ਼ਾਂ ਵਿਚ ਮਚਾਈ ਲੁੱਟ ਵੱਲ ਖਿੱਚਿਆ ਗਿਆ। ਉਸ ਨੇ ਫ਼ੌਜੀ ਨਿਜ਼ਾਮ ਖ਼ਿਲਾਫ਼ ਵਿਦਿਆਰਥੀ ਸੰਘਰਸ਼ ਵਿਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ। ਉਹ 14 ਮਈ 1971 ਤੋਂ ਬਾਅਦ ਮੁੜ ਕਦੇ ਨਹੀਂ ਦੇਖਿਆ ਗਿਆ। ਕਦੇ ਕਦੇ ਪੁੱਤ ਲਾਤੀਨੀਆਂ ਦੀ ਹੋਣੀ ਦੀ ਗੱਲ ਕਰਦਾ ਪਰ ਸਿਲਾਈ ਕਢਾਈ ਵਿਚ ਰੁੱਝੀ ਮਾਂ ਆਪਣੇ ਪੁੱਤ ਦੇ ਮਨ ਦੀ ਥਾਹ ਨਾ ਪਾ ਸਕੀ। ਮਾਂ ਦੀਆਂ ਅੱਖਾਂ ਉਦੋਂ ਖੁੱਲ੍ਹੀਆਂ, ਜਦੋਂ ਪੁੱਤ ਨੂੰ ਬੇਦਰਦ ਤੇ ਬੇਕਿਰਕ ਹਾਕਮਾਂ ਨੇ ਕੋਹ ਕੋਹ ਕੇ ਮਾਰ ਦਿੱਤਾ। ਸਟੂਅਰਟ ਦੀ ਲਾਸ਼ ਨੂੰ ਸਮੁੰਦਰ ਵਿਚ 'ਮੱਛੀਆਂ ਦੀ ਖੁਰਾਕ' ਬਣਨ ਲਈ ਸੁੱਟ ਦਿੱਤਾ ਗਿਆ। ਪੰਜਾਬੀ ਦਰਸ਼ਕ ਨੂੰ ਇਸ ਦੇ ਨਾਲ 'ਹਰੀ ਕੇ ਪੱਤਣ' ਉੱਤੇ ਮੱਛੀਆਂ ਦੀ ਖੁਰਾਕ ਬਣੇ ਬੇਕਸੂਰ ਮੁੰਡੇ ਯਾਦ ਆ ਜਾਂਦੇ ਹਨ। ਮੁੰਡੇ ਦਾ ਖੁਰਾ-ਖੋਜ ਲੱਭਦਿਆਂ ਜ਼ੂਜ਼ੂ ਦੀਆਂ





ਫ਼ੈਸ਼ਨ ਡਿਜ਼ਾਇਨਰ ਜ਼ੂਜ਼ੂ ਏਂਜਲ ਅਤੇ ਉਸ ਦਾ ਪੁੱਤਰ ਸਟੂਅਰਟ ਏਂਜਲ ਜੋਨਜ਼

ਦੋ ਦੋਸਤ ਹਕੂਮਤੀ 'ਹਾਦਸਿਆਂ' ਦਾ ਸ਼ਿਕਾਰ ਹੋ ਗਈਆਂ। ਗਿਰਜਾ, ਪੱਤਰਕਾਰੀ ਤੇ ਅਦਾਲਤਾਂ, ਸਭ ਫਾਸ਼ੀ ਨਿਜ਼ਾਮ ਦੇ ਹੱਕ ਵਿਚ ਭੁਗਤੀਆਂ। ਜ਼ੂਜ਼ੂ ਆਪਣੇ ਕੱਪੜਿਆਂ, ਫ਼ੈਸ਼ਨ ਸ਼ੋਆਂ ਰਾਹੀਂ ਤੇ ਹਵਾਈ ਸਫ਼ਰ ਵਿਚ ਪੁੱਤ ਦੇ ਕਤਲ ਦੀ ਦੁਹਾਈ ਦਿੰਦੀ ਰਹੀ। ਪੁੱਤ ਦੇ ਕਾਤਲਾਂ ਨੂੰ ਬੇਪਰਦ ਕਰਨ ਦੀ ਹਰ ਸੰਭਵ ਕੋਸ਼ਿਸ਼ ਕੀਤੀ। ਫ਼ੈਸ਼ਨ ਡਿਜ਼ਾਇਨਰ ਦੇ ਹੁਨਰ ਨਾਲ ਸਿਆਸਤ ਦੀ ਜੋਟੀ ਮਹਿਰੂਮੀ ਦੀ ਪਹੁੰਚ ਵਧਾਉਂਦੀ ਹੈ ਅਤੇ ਰਾਜਤੰਤਰ ਦੀਆਂ ਸੂਖਮ ਪਰ ਬੇਕਿਰਕ ਤੰਦਾਂ ਉਜਾਗਰ ਕਰਦੀ ਹੈ। ਖ਼ੁਫ਼ੀਆ ਪੁਲੀਸ ਦਾ ਕਪਤਾਨ ਜ਼ੂਜ਼ੂ ਨੂੰ ਡਰਾਉਂਦਾ ਕਿ ਉਹ ਉਸ ਦੇ ਅੰਦਰੂਨੀ ਕੱਪੜਿਆਂ ਦਾ ਰੰਗ ਤੱਕ ਦੱਸ ਸਕਦਾ ਹੈ। ਕੋਈ ਉਨ੍ਹਾਂ ਦੀ ਪਹੁੰਚ ਤੋਂ ਬਾਹਰ ਨਹੀਂ ਹੈ। ਇਹੀ ਕਪਤਾਨ ਸਟੂਅਰਟ ਦੇ ਕਤਲ ਵਿਚ ਸ਼ਾਮਿਲ ਸੀ। ਜਦੋਂ ਜ਼ੂਜ਼ੂ ਨੂੰ ਬਹਾਦਰ ਕਰਾਰ ਦਿੱਤਾ ਜਾਂਦਾ ਹੈ ਤਾਂ ਉਸ ਦਾ ਜਵਾਬ ਹੈ, "ਬਹਾਦਰ ਤਾਂ ਮੇਰਾ ਪੁੱਤ ਸੀ। ਮੇਰਾ ਤਾਂ ਇਹ ਹੱਕ ਬਣਦਾ ਹੈ।" ਇਹੋ ਹੱਕ ਜਸਵੰਤ ਸਿੰਘ ਖਾਲੜੇ ਦਾ ਬਣਦਾ ਸੀ। ਆਖਰ 1976 ਵਿਚ ਜ਼ੂਜ਼ੂ ਨੂੰ 'ਕਾਰ-ਹਾਦਸੇ' ਵਿਚ ਕਤਲ ਕਰ ਦਿੱਤਾ ਗਿਆ। ਡਾਚੀਆਂ ਵਾਲਿਆਂ ਨੇ ਕਾਰਾਂ ਵਾਲੇ ਹੋ ਕੇ ਵੀ ਆਪਣਾ ਖਾਸਾ ਕਾਇਮ ਰੱਖਿਆ ਹੈ। ਜਸਵੰਤ ਨੂੰ ਕਾਰਾਂ ਵਾਲੇ ਲੈ ਗਏ ਅਤੇ ਜ਼ੂਜ਼ੂ ਨੂੰ ਖਤਾਨਾਂ ਵਿਚ ਸੁੱਟ ਗਏ।

ਇਹ ਫ਼ਿਲਮ ਮਾਂ-ਪੁੱਤ ਦੀ ਸਾਧਾਰਨ ਕਹਾਣੀ ਨਹੀਂ ਸਗੋਂ ਸੰਤਾਪ ਦੀ ਕਥਾ ਹੈ। ਇਹ ਸੱਚ ਲਾਤੀਨੀਆਂ ਨੇ ਆਪਣੇ ਤਨ ਮਨ 'ਤੇ ਹੰਢਾਇਆ ਹੈ। ਇਹ ਮੁਨਾਫ਼ੇ ਲਈ ਹਾਬੜੀਆਂ ਕੌਮਾਂ ਦੇ ਸ਼ਿਕਾਰ ਲੋਕਾਂ ਦਾ ਦਰਦ ਹੈ। ਇਨ੍ਹਾਂ ਜ਼ਖ਼ਮੀ ਰੂਹਾਂ ਨੇ ਬੀਤੇ ਤੋਂ ਕਈ ਸਬਕ ਸਿੱਖੇ ਹਨ ਜਿਨ੍ਹਾਂ ਦਾ ਰੰਗ ਅੱਜ ਦੇਖਣ ਨੂੰ ਮਿਲ ਰਿਹਾ ਹੈ।


ਮੌਜੂਦਾ ਬ੍ਰਾਜ਼ੀਲ ਦੇ ਹਰਮਨ ਪਿਆਰੇ ਆਗੂ ਲੂਲਾ ਡਾ ਸਿਲਵਾ ਨੇ ਆਪਣਾ ਉਤਰਾਧਿਕਾਰੀ ਡਿਲਮਾ ਰੁਸ਼ੇਫ਼ ਨੂੰ ਚੁਣਿਆ ਹੈ। ਪਿੱਛੇ ਜਿਹੇ ਹੋਈਆਂ ਚੋਣਾਂ ਵਿਚ ਡਿਲਮਾ ਰੁਸ਼ੇਫ਼ ਰਾਸ਼ਟਰਪਤੀ ਚੁਣੀ ਗਈ। ਉਸ ਨੇ ਅਮਰੀਕਾ ਪੱਖੀ ਬੁਨਿਆਦਪ੍ਰਸਤਾਂ ਅਤੇ ਸੱਜੇ ਪੱਖੀਆਂ ਨੂੰ ਕਰਾਰੀ ਹਾਰ ਦਿੱਤੀ। ਰੁਸ਼ੇਫ਼ ਚੜ੍ਹਦੀ ਉਮਰੇ ਮਾਰਕਸੀ ਗੁਰੀਲਿਆਂ ਦੇ ਦਲ ਦੀ ਮੈਂਬਰ ਬਣ ਗਈ ਸੀ। ਕੈਦ ਕਰ ਲਈ ਗਈ ਅਤੇ ਸੱਤਰਵਿਆਂ ਵਿਚ ਤਿੰਨ ਸਾਲ ਤੋਂ ਵੱਧ ਤਸ਼ੱਦਦ ਸਹਿੰਦੀ ਰਹੀ। ਸਟੂਅਰਟ ਅਤੇ ਰੁਸ਼ੇਫ਼ ਫ਼ੌਜੀ ਨਿਜ਼ਾਮ ਦੇ ਖ਼ਿਲਾਫ਼ ਲਹਿਰ ਵਿਚ ਸਾਥੀ ਰਹੇ ਹਨ। ਰੁਸ਼ੇਫ਼, ਲੂਲਾ ਦੀ ਸਰਕਾਰ ਦਾ ਅੱਠ ਸਾਲਾਂ ਤੋਂ ਹਿੱਸਾ ਸੀ। ਉਨ੍ਹਾਂ ਨੇ ਦੇਸ਼ ਵਿਚ ਲੋਕ ਪੱਖੀ ਨੀਤੀਆਂ ਲਾਗੂ ਕੀਤੀਆਂ। ਗਰੀਬੀ ਅਤੇ ਬੇਰੁਜ਼ਗਾਰੀ ਨੂੰ ਰਿਕਾਰਡ ਪੱਧਰ ਉੱਤੇ ਹੇਠਾਂ ਲਿਆਂਦਾ। ਅੱਜ ਬ੍ਰਾਜ਼ੀਲ, ਅਮਰੀਕੀ ਦਾਬੇ ਦੇ ਖ਼ਿਲਾਫ਼ ਸਖ਼ਤ ਪੈਂਤੜਾ ਅਖ਼ਤਿਆਰ ਕਰਨ ਵਾਲੇ ਲਾਤੀਨੀ ਮੁਲਕਾਂ ਨਾਲ ਹਿੱਕ ਤਾਣ ਕੇ ਖੜ੍ਹਾ ਹੈ। ਉਸ ਨੇ ਕੌਮਾਂਤਰੀ ਪੱਧਰ 'ਤੇ ਤੁਰਕੀ ਅਤੇ ਵੈਂਜ਼ੁਏਲਾ ਨਾਲ ਮਿਲ ਕੇ ਇਰਾਨ ਦਾ ਪੱਖ ਲਿਆ। ਫ਼ਿਲਸਤੀਨ ਨੂੰ ਦੇਸ਼ ਵਜੋਂ ਮਾਨਤਾ ਦਿੱਤੀ। ਰੂਸ, ਚੀਨ, ਦੱਖਣੀ ਅਫ਼ਰੀਕਾ ਅਤੇ ਭਾਰਤ ਨਾਲ ਮਿਲ ਕੇ 'ਬਰਿਕਸ' ਹੋਂਦ ਵਿਚ ਲਿਆਂਦਾ। ਯੂਰਪੀ ਯੂਨੀਅਨ ਦੀ ਤਰਜ਼ 'ਤੇ ਲਾਤੀਨੀ ਯੂਨੀਅਨ ਬਣਾਉਣ ਦੇ ਉਪਰਾਲਿਆਂ ਵਿਚ ਬ੍ਰਾਜ਼ੀਲ ਮੋਹਰੀ ਹੈ। ਵੈਂਜ਼ੁਏਲਾ, ਬ੍ਰਾਜ਼ੀਲ, ਇਕੁਆਡੋਰ, ਬੋਲੀਵੀਆ, ਉਰੂਗਵੇ, ਪੈਰੂਗਵੇ, ਚਿੱਲੀ, ਅਰਜਨਟੀਨਾ ਅਤੇ ਕਿਊਬਾ ਆਦਿ ਲਾਤੀਨੀ ਮੁਲਕ ਖੁੱਲ ਕੇ ਅਮਰੀਕੀ ਗਲਬੇ ਦੇ ਖ਼ਿਲਾਫ਼ ਇਕਸੁਰ ਹੋ ਰਹੇ ਹਨ।

ਡਿਲਮਾ ਰੁਸ਼ੇਫ਼ ਜੇਤੂ ਭਾਸ਼ਣ ਵਿਚ ਆਪਣੇ ਇਰਾਦੇ ਸਪੱਸ਼ਟ ਕਰਦੀ ਹੈ, "ਜਦੋਂ ਤੱਕ ਬ੍ਰਾਜ਼ੀਲ ਵਿਚ ਇਕ ਵੀ ਆਦਮੀ ਭੁੱਖਾ ਅਤੇ ਬੇਘਰ ਹੈ, ਅਸੀਂ ਚੈਨ ਨਾਲ ਨਹੀਂ ਬੈਠ ਸਕਦੇ। ਬ੍ਰਾਜ਼ੀਲ ਗੁਆਂਢੀਆਂ ਨਾਲ ਸਾਂਝੀਵਾਲਤਾ ਰਾਹੀਂ ਸਬੰਧ ਮਜ਼ਬੂਤ ਕਰਨਾ ਚਾਹੁੰਦਾ ਹੈ, ਸਾਮਰਾਜੀ ਨੀਤੀਆਂ ਰਾਹੀਂ ਨਹੀਂ।"

ਸੰਤ ਰਾਮ ਉਦਾਸੀ, ਸਟੂਅਰਟ ਅਤੇ ਰੁਸ਼ੇਫ਼ ਵਰਗਿਆਂ ਦੀ ਆਵਾਜ਼ 'ਚ ਆਵਾਜ਼ ਮਿਲਾਉਂਦਾ ਹੈ:

ਤੁਸੀਂ ਉਨ੍ਹਾਂ ਚਿਰ ਰਹੇ ਜਰਵਾਣਿਆਂ ਦੇ ਵਾਂਗ
ਰਹੇ ਜਿੰਨਾ ਚਿਰ ਅਸੀਂ ਹੀ ਨਿਤਾਣਿਆਂ ਦੇ ਵਾਂਗ।

ਫ਼ਿਲਮ ਦੇ ਅੰਤਲੇ ਦ੍ਰਿਸ਼ ਵਿਚ ਜ਼ੂਜ਼ੂ 'ਕਾਰ ਹਾਦਸੇ' ਵਿਚ ਕਤਲ ਕੀਤੀ ਜਾਂਦੀ ਹੈ। ਫ਼ੌਜੀ ਉਸ ਦੀ ਕਾਰ ਵਿਚ ਚੱਲ ਰਹੇ ਗੀਤ ਬੰਦ ਕਰਨ ਲਈ ਬਜ਼ਿਦ ਹੈ। ਟੇਪ ਬੰਦ ਕਰਨ ਲਈ ਲੱਤਾਂ ਬਾਹਾਂ ਚਲਾਉਂਦਾ ਫ਼ੌਜੀ ਅੱਕ ਕੇ ਤੁਰ ਜਾਂਦਾ ਹੈ। ਸੰਗੀਤ ਜ਼ੂਜ਼ੂ ਦੀ ਲਾਸ਼ ਨਾਲ ਸਕੀਰੀ ਪੂਰਦਾ ਹੈ। ਪਾਸ਼




ਕਹਿੰਦਾ ਹੈ ਕਿ ਹਥਿਆਰ ਅਤੇ ਜਰਵਾਣੇ ਜਿੰਨੇ ਮਰਜ਼ੀ ਮਾਸਖ਼ੋਰੇ ਤੇ ਅਜੋਕੇ ਹੋਣ, ਪਿਆਰ ਕਵਿਤਾ ਨੂੰ ਕਦੇ ਵੀ ਕਾਤਲਾਂ ਦੇ ਹੱਕ ਵਿਚ ਨਹੀਂ ਭੁਗਤਾ ਸਕਦੇ। ਸਾਡੇ ਕੋਲ ਸਿਰਫ਼ ਗੀਤ ਹਨ। ਸਮਾਂ ਸਾਡਾ ਨਹੀਂ ਹੈ:

ਨਾ ਕਤਲ ਹੋਏ, ਨਾ ਹੋਣਗੇ ਇਸ਼ਕ ਦੇ ਗੀਤ
ਮੌਤ ਦੀ ਸਰਦਲ 'ਤੇ ਬਹਿ ਕੇ ਗਾਉਂਦੇ ਰਹੇ ਨੇ ਲੋਕ।

ਜ਼ੂਜ਼ੂ ਏਂਜਲ ਵਰਗੀਆਂ ਫ਼ਿਲਮਾਂ ਹਮੇਸ਼ਾਂ ਜ਼ਿਕਰਯੋਗ ਰਹਿਣਗੀਆਂ ਕਿਉਂਕਿ ਇਹ ਮਨੁੱਖ ਦੇ ਮਨੁੱਖਤਾ ਵੱਲ ਵਧਦੇ ਸਦੀਵੀ ਕਦਮਾਂ ਦੀ ਬਾਤ ਪਾਉਂਦੀਆਂ ਹਨ।

# ਪੰਚ ਪ੍ਰਧਾਨੀ ਦਾ ਨਾਪਾਕ ਗਠਜੋੜ !

ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਲਈ ਕੁਝ ਧਿਰਾਂ ਵਲੋਂ ਰਲ ਕੇ ਪੰਥਕ ਮੋਰਚਾ ਬਣਾਇਆ ਗਿਆ ਹੈ। ਇਸ ਮੋਰਚੇ ਵਿਚ ਅਕਾਲੀ ਦਲ 1920, ਸਰਨਾ ਦਲ, ਪੰਚ ਪ੍ਰਧਾਨੀ ਤੇ ਬਰਨਾਲਾ ਧੜਾ (ਮੁਖ ਰੂਪ ਵਿਚ) ਵਿਚ ਸ਼ਾਮਿਲ ਹਨ। ਅਕਾਲੀ ਦਲ ਮਾਨ ਇਹਦੇ ਵਿਚ ਸ਼ਾਮਿਲ ਨਹੀਂ ਹੈ। ਬੀਬੀ ਸੁਰਜੀਤ ਕੌਰ ਬਰਨਾਲਾ ਨੇ ਆਖਿਆ ਹੈ ਕਿ ਅਕਾਲੀ ਦਲ (ਮਾਨ) ਵੀ ਇਸ ਮੋਰਚੇ ਵਿਚ ਸ਼ਾਮਿਲ ਹੋ ਸਕਦਾ ਹੈ ਬਸ਼ਰਤੇ ਕਿ ਉਹ ਆਪਣਾ ਖਾਲਿਸਤਾਨ ਦਾ ਮੁੱਦਾ ਛੱਡ ਦੇਵੇ। ਪਹਿਲੀ ਗੱਲ ਦੇਖਣ ਵਾਲੀ ਤਾਂ ਇਹ ਹੈ ਕਿ ਇਹ ਮੋਰਚਾ ਪੰਥਕ ਕਿਵੇਂ ਹੈ?

ਸਰਨੇ ਦੇ ਕਾਂਗਰਸੀ ਹੋਣ ਬਾਰੇ ਕਿਸੇ ਨੂੰ ਕੋਈ ਸ਼ੱਕ ਨਹੀਂ ਹੈ। ਕਾਂਗਰਸੀ ਤੇ ਪੰਥਕ...! ਤੌਬਾ ਤੌਬਾ ਇੱਡਾ ਝੂਠ। ਰਵੀਇੰਦਰ ਨੂੰ ਕੌਣ ਨਹੀਂ ਜਾਣਦਾ ਕਿ ਉਹ ਬਲਦੇਵ ਸਿੰਘ ਦਾ ਰੌਸ਼ਨ ਚਿਰਾਗ ਹੈ। ਇਸੇ ਮੋਰਚੇ ਵਿਚ ਸਜ ਧਜ ਕੇ ਬੈਠਾ ਮੋਹਕਮ ਸਿੰਘ ਕਿਹੜੇ ਮੂੰਹ ਨਾਲ ਬਰਨਾਲਾ ਧੜੇ ਦੀ ਹਮਾਇਤ ਕਰ ਰਿਹਾ ਹੈ? ਸ਼ਾਇਦ ਮੋਹਕਮ ਸਿੰਘ ਇਹ ਭੁੱਲ ਗਿਆ ਹੈ ਕਿ ਇਹ ਉਹੀ ਸੁਰਜੀਤ ਸਿੰਘ ਬਰਨਾਲਾ ਹੈ ਜਿਸ ਨੇ ਮੁਖ ਮੰਤਰੀ ਹੁੰਦਿਆਂ ਅਨੰਦਪੁਰ ਸਾਹਿਬ ਵਿਖੇ ਹੋਲੇ ਮਹੱਲੇ ਮੌਕੇ ਉਸ (ਮੋਹਕਮ ਸਿੰਘ) ਨੂੰ ਗ੍ਰਿਫਤਾਰ ਕਰਨ ਦਾ ਰੋਸ ਜਤਾ ਰਹੇ ਸਿੱਖਾਂ ਉਤੇ ਅੰਨ੍ਹੇਵਾਹ ਗੋਲੀ ਚਲਵਾ ਕੇ ਕਈ ਸਿੱਖਾਂ ਨੂੰ ਸ਼ਹੀਦ ਕਰ ਦਿੱਤਾ ਸੀ। ਦਰਬਾਰ ਸਾਹਿਬ ਦੇ ਘੱਲੂਘਾਰੇ ਤੋਂ ਬਾਅਦ ਦਮਦਮੀ ਟਕਸਾਲ ਦੀ ਸ਼ਾਨ ਨੂੰ ਅੰਦਰੋਂ ਬਾਹਰੋਂ ਤਬਾਹ ਕਾਰਨ ਲਈ ਜੇ ਮੋਹਕਮ ਸਿੰਘ ਵਰਗੇ ਮੋਹਤਬਰ ਬੰਦੇ ਜ਼ਿੰਮੇਵਾਰ ਨਹੀਂ ਤਾਂ ਜ਼ਰੂਰ ਹੀ ਇਸ ਪਿਛੇ ਇਥੋਪੀਆ ਦੀ ਕਿਸੇ ਖੁਫੀਆ ਏਜੰਸੀ ਦਾ ਹੱਥ ਹੋਵੇਗਾ!

ਦਰਬਾਰ ਸਾਹਿਬ ਵਿਚ ਪੁਲਿਸ ਭੇਜ ਕੇ ਸਾਕਾ ਨੀਲਾ ਤਾਰਾ ਨੂੰ ਸਹੀ ਸਾਬਤ ਕਰਨ ਵਾਲਾ ਸੁਰਜੀਤ ਸਿੰਘ ਬਰਨਾਲਾ ਅੱਜ ਪੰਥਕ ਕਿਵੇਂ ਹੋ ਗਿਆ? ਇਸ ਪੰਥਕ ਮੋਰਚੇ ਦੀ ਦੂਜੀ ਵੱਡੀ ਧਿਰ ਪੰਚ ਪ੍ਰਧਾਨੀ ਹੈ। ਬੀਬੀ ਬਰਨਾਲਾ ਦੇ ਬਿਆਨ ਤੋਂ ਬਾਅਦ ਕੀ ਇਹ ਸਮਝ ਲਿਆ ਜਾਵੇ ਕਿ ਪੰਚ ਪ੍ਰਧਾਨੀ ਵਾਲੇ ਆਪਣਾ ਖਾਲਿਸਤਾਨ ਦਾ ਮੁੱਦਾ ਛੱਡ ਕੇ ਮੋਰਚੇ ਵਿਚ ਸ਼ਾਮਿਲ ਹੋਏ ਹਨ? ਜੇ ਨਹੀਂ ਤਾਂ ਉਨ੍ਹਾਂ ਨੇ ਇਸ ਦਾ ਵਿਰੋਧ ਕਿਉਂ ਨਹੀਂ ਕੀਤਾ? ਪੰਚ ਪ੍ਰਧਾਨੀ ਦੇ ਸਿਧਾਂਤਕ ਰਹਿਬਰਾਂ ਨੇ ਵੀ ਬੀਬੀ ਦੇ ਇਸ ਬਿਆਨ ਬਾਰੇ ਚੁੱਪ ਧਾਰੀ ਹੋਈ ਹੈ। ਕੀ ਉਨ੍ਹਾਂ ਦੀ ਚੁੱਪ ਨੂੰ ਹਾਂ ਸਮਝ ਲਿਆ ਜਾਵੇ? ਜਦੋਂ ਕਿਸੇ ਕੌਮ ਦਾ ਵੱਡੀਆਂ ਤਾਕਤਾਂ ਨਾਲ ਟਾਕਰ ਹੁੰਦਾ ਹੈ ਤਾਂ ਉਸ ਕੌਮ ਦੇ ਸਭ ਤੋਂ ਅਣਮੁੱਲੇ ਹਿੱਸੇ ਭਾਵ ਕਿ ਨੌਜਵਾਨਾਂ ਨੂੰ ਆਪਣੀਆਂ ਕੀਮਤੀ ਜਾਨਾਂ ਵਾਰਨੀਆਂ ਪੈਂਦੀਆਂ ਹਨ। ਪਰ ਇਹ ਮੌਕਾ ਕੌਮ ਦੀ ਵਿਆਪਕ ਤਬਾਹੀ ਦਾ ਕਾਰਨ ਨਹੀਂ ਬਣਦਾ, ਅਸਲੀ ਤਬਾਹੀ ਉਦੋਂ ਹੁੰਦੀ ਹੈ ਜਦੋਂ ਕੌਮ ਲਈ ਲੜਨ ਵਾਲੀ ਧਿਰ ਦਾ ਹਿੱਸਾ ਹੋਣ ਦਾ ਦਾਅਵਾ ਕਰਨ ਵਾਲੇ ਅਕੀਦਿਆਂ ਨੂੰ ਮੂਲੋਂ ਮੁੱਢੋਂ ਹੀ ਭੁਲ ਜਾਂਦੇ ਹਨ। ਜਦੋਂ

## ਪਾਠਕਾਂ ਦੀ ਸੱਥ

ਸਮਝੌਤਾਵਾਦੀ ਹੋ ਕੇ ਇਸ ਸ਼ਰਮਨਾਕ ਹੱਦ ਤੱਕ ਡਿੱਗ ਜਾਂਦੇ ਹਨ ਕਿ ਉਨ੍ਹਾਂ ਨੂੰ ਖੁਦ ਨੂੰ ਭਾਵੇਂ ਨਾ ਸਹੀ ਪਰ ਸੁਹਿਰਦਤਾ ਨਾਲ ਵੇਖਣ ਵਾਲਿਆਂ ਨੂੰ ਨਮੋਸ਼ੀ ਜ਼ਰੂਰ ਹੁੰਦੀ ਹੈ।

ਸ਼ਰਮਨਾਕ ਗੱਲ ਇਹ ਹੈ ਕਿ ਇੰਨਾ ਨਿਘਰ ਜਾਣ ਦੇ ਬਾਵਜੂਦ ਵੀ ਉਹ ਆਜ਼ਾਦੀ ਦੇ ਪਰਵਾਨੇ ਹੋਣ ਦੇ ਦਮਗਜੇ ਮਾਰੀ ਜਾਂਦੇ ਹਨ। ਅੱਜ ਇਸ ਤਰ੍ਹਾਂ ਦੇ ਨਾਪਾਕ ਗਠਜੋੜ ਕਰਨਾ ਇਨ੍ਹਾਂ ਲਈ ਜਿੰਨਾ ਸੁਖਾਲਾ ਹੋ ਗਿਆ ਹੈ ਉਸ ਨੂੰ ਵੇਖ ਕੇ ਤਾਂ ਇਹੀ ਲਗਦਾ ਹੈ ਕਿ ਜਾਂ ਤਾਂ ਇਨ੍ਹਾਂ ਨੂੰ ਕੌਮੀ ਆਜ਼ਾਦੀ ਦੇ ਸੰਘਰਸ਼ ਦਾ ਕੋਈ ਥਹੁ ਪਤਾ ਨਹੀਂ ਹੈ ਜਾਂ ਫਿਰ ਅੰਦਰੋਂ ਬਾਹਰੋਂ ਇਨ੍ਹਾਂ ਦੀ ਚੰਗੀ ਤਰ੍ਹਾਂ ਭਿਆਂ ਬੋਲ ਚੁੱਕੀ ਹੈ। ਅਮਰੀਕਾ ਵਿਚ ਪੰਚ ਪ੍ਰਧਾਨੀ ਦਾ ਪਖ ਪੂਰਨ ਵਾਲੀ ਇੱਕ ਅਖਬਾਰ ਨੇ ਆਪਣੇ ਸੰਪਾਦਕੀ ਵਿਚ ਖਾਲਿਸਤਾਨ ਦੇ ਮੁੱਦੇ ਨੂੰ ਛੱਡ ਕੇ ਅਪੰਥਕ ਗਠਜੋੜ ਕਰਨ ਵਾਲੀ ਪੰਚ ਪ੍ਰਧਾਨੀ ਨੂੰ ਫਿੱਟ ਲਾਹਨਤ ਪਾਉਣ ਦੀ ਬਜਾਏ ਉਨ੍ਹਾਂ ਦੀ ਪਿਠ ਥਾਪੜਦਿਆਂ ਸਗੋਂ ਲਿਖਿਆ ਹੈ ਕਿ ਮਾਨ ਦਲ ਨੇ ਪੰਥਕ ਮੋਰਚੇ ਵਿਚ ਸ਼ਾਮਿਲ ਨਾ ਹੋ ਕੇ ਗਲਤ ਰਾਜਸੀ ਪੈਂਤੜਾ ਲਿਆ ਹੈ, ਕਿਉਂਕਿ ਮਾਨ ਦਲ ਜਿਹੜੀਆਂ ਸਾਡੀਆਂ ਵੋਟਾਂ ਤੋੜੇਗਾ ਉਹ ਬਾਦਲ ਦਲ ਦੀ ਜਿੱਤ ਦਾ ਕਾਰਨ ਬਣਨਗੀਆਂ। ਹੁਣ ਦੇਖਣ ਵਾਲੀ ਗੱਲ ਇਹ ਹੈ ਕਿ ਚੋਣਾਂ ਜਿੱਤਣੀਆਂ ਜਰੂਰੀ ਹਨ ਕਿ ਆਪਣੇ ਸਿਧਾਂਤ 'ਤੇ ਪਹਿਰਾ ਦੇਣਾ? ਸਿਧਾਂਤ ਛੱਡ ਕੇ ਜਿੱਤੀਆਂ ਚੋਣਾਂ ਭਲਾ ਕੌਮ ਦਾ ਕੀ ਸਵਾਰਨਗੀਆਂ? ਇਥੇ ਸਿਧਾਂਤ ਦੀ ਗੱਲ ਇਸ ਲਈ ਕੀਤੀ ਗਈ ਹੈ ਕਿ ਪੰਚ ਪ੍ਰਧਾਨੀ ਵਾਲੇ ਕਈ ਵਾਰ ਕਹਿ ਚੁੱਕੇ ਹਨ ਕਿ ਸਿਧਾਂਤਾਂ ਨਾਲ ਸਮਝੌਤਾ ਨਹੀਂ ਹੋ ਸਕਦਾ ਤੇ ਖਾਲਿਸਤਾਨ ਦਾ ਮੁੱਦਾ ਵੀ ਉਨ੍ਹਾਂ ਦੇ ਸਿਧਾਂਤਾਂ ਵਿਚ ਸ਼ਾਮਿਲ ਹੈ।

ਰਹੀ ਗੱਲ ਮਾਨ ਦਲ ਦੀ, ਉਨ੍ਹਾਂ ਨੇ ਸਿਧਾਂਤਾਂ ਨੂੰ ਪਹਿਲ ਦਿੱਤੀ ਹੈ ਨਾ ਕਿ ਮੌਕਾਪ੍ਰਸਤੀ ਨੂੰ। ਮਾਨ ਦਲ ਜੇ ਹਾਰ ਵੀ ਜਾਵੇ ਤਾਂ ਵੀ ਸਿਧਾਂਤਾਂ ਨੂੰ ਛੱਡ ਕੇ ਜਿਤਣ ਵਾਲਿਆਂ ਨਾਲੋਂ ਸੌ ਦਰਜੇ ਚੰਗਾ ਰਹੇਗਾ।

ਕਨਸੋਆਂ ਹਨ ਕਿ ਪੰਚ ਪ੍ਰਧਾਨੀ ਵਾਲਿਆਂ ਨੂੰ ਇਨ੍ਹਾਂ ਚਾਰ ਪੰਜ ਧਿਰਾਂ ਵਿਚੋਂ ਮਸਾਂ 25-30 ਸੀਟਾਂ ਹੀ ਮਿਲਣਗੀਆਂ। ਪੰਚ ਪ੍ਰਧਾਨੀ ਵਾਲਿਆਂ ਨੇ ਸਰਨਾ, ਰਵੀਇੰਦਰ ਤੇ ਬਰਨਾਲਾ ਧੜੇ ਨੂੰ ਬਰਾਬਰ ਦੇ ਪੰਥਕ ਧੜੇ ਹੋਣ ਦੀ ਮਾਨਤਾ ਦੇ ਦਿੱਤੀ ਹੈ ਜਦਕਿ ਸੱਚਾਈ ਇਸ ਦੇ ਉਲਟ ਹੈ। ਇਸ ਪੰਥਕ ਮੋਰਚੇ ਨੇ ਇਹ ਪ੍ਰਭਾਵ ਦੇਣ ਦੀ ਵੀ ਕੋਸ਼ਿਸ਼ ਕੀਤੀ ਹੈ ਕਿ ਅਸੀਂ ਸਾਰੇ ਪੰਥਕ ਏਕਤਾ ਚਾਹੁੰਦੇ ਹਾਂ ਤੇ ਮਾਨ ਦਲ ਇਸ ਵਿਚ ਰੁਕਾਵਟ ਪਾਉਣ ਦਾ ਦੋਸ਼ੀ ਹੈ ਪਰ ਅਸਲੀਅਤ ਇਹ ਹੈ ਕਿ ਮਾਨ ਦਲ ਨੇ ਇਸ ਨਾਪਾਕ ਗਠਜੋੜ ਵਿਚ ਸ਼ਾਮਿਲ ਨਾ ਹੋ ਕੇ ਆਪਣੇ ਪੰਥਕ ਹੋਣ ਦਾ ਇੱਕ ਹੋਰ ਸਬੂਤ ਦਿੱਤਾ ਹੈ। ਮੰਨ ਲਓ ਕਿ ਪੰਥਕ ਮੋਰਚਾ (?) ਚੋਣਾਂ ਜਿੱਤ ਵੀ ਜਾਂਦਾ ਹੈ ਤਾਂ ਪੰਚ ਪ੍ਰਧਾਨੀ ਵਾਲਿਆਂ ਦੀ ਹਿੱਸੇਦਾਰੀ ਦੇ ਹਿਸਾਬ ਨਾਲ ਮੋਰਚੇ ਵਿਚ ਇਸ ਦੀ ਕਿੰਨੀ ਕੁ ਪੁਛਗਿਛ ਹੋਵੇਗੀ?

ਬਰਨਾਲਾ ਅਤੇ ਰਵੀਇੰਦਰ ਵਰਗੇ ਬੰਦੇ ਭਲਾ ਜਿਤਣ ਤੋਂ ਬਾਅਦ ਇਨ੍ਹਾਂ ਨੂੰ ਕੌਮ ਦੇ ਹੱਕ ਵਿਚ ਫੈਸਲੇ ਲੈਣ ਦੇਣਗੇ? ਜੇ ਗੱਲ ਸਿਰਫ ਚੋਣਾਂ ਜਿਤਣ ਦੀ ਹੀ ਹੈ ਤਾਂ ਫਿਰ ਕੌਮ ਘਾਤਕ ਬਾਦਲ ਗਲਤ ਕਿਵੇਂ ਹੋਇਆ? ਉਹ ਵੀ ਤਾਂ ਘੱਟ ਗਿਣਤੀਆਂ ਦੀ ਦੁਸ਼ਮਣ ਭਾਜਪਾ ਨਾਲ ਜੋੜ ਤੋੜ ਸਿਰਫ ਚੋਣਾਂ ਜਿਤਣ ਲਈ ਹੀ ਕਰਦਾ ਹੈ।

-ਜਸਵੰਤ ਸਿੰਘ ਸ਼ਾਦ
ਫੋਨ:209-992-7185

## ਹਾਈ ਕੋਰਟ ਵੱਲੋਂ ਗੁਰਬਾਣੀ ਕੀਰਤਨ ਪ੍ਰਸਾਰਨ ਬਾਰੇ ਪਟੀਸ਼ਨ ਰੱਦ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ-ਹਰਿਆਣਾ ਹਾਈ ਕੋਰਟ ਨੇ ਸ੍ਰੀ ਹਰਿਮੰਦਰ ਸਾਹਿਬ ਤੋਂ ਗੁਰਬਾਣੀ ਕੀਰਤਨ ਦੇ ਪ੍ਰਸਾਰਨ ਲਈ ਟੈਂਡਰ ਮੰਗਣ ਦੀ ਬੇਨਤੀ ਕਰਦੇ ਹੋਏ ਮੁੜ ਦਾਖ਼ਲ ਕੀਤੀ ਗਈ ਜਨਹਿੱਤ ਪਟੀਸ਼ਨ ਰੱਦ ਕਰਦਿਆਂ ਪਟੀਸ਼ਨਰ ਨੂੰ ਹੁਕਮ ਦਿੱਤਾ ਹੈ ਕਿ ਉਹ ਖਰਚੇ ਵਜੋਂ ਪੰਜ ਹਜ਼ਾਰ ਰੁਪਏ ਹਾਈ ਕੋਰਟ ਕਾਨੂੰਨੀ ਸੇਵਾਵਾਂ ਅਥਾਰਟੀ ਨੂੰ ਅਦਾ ਕਰੇ।

ਫਤਿਹਗੜ੍ਹ ਸਾਹਿਬ ਦੇ ਪ੍ਰੀਤਮ ਸਿੰਘ ਨੇ ਪਹਿਲਾਂ ਜਨਹਿੱਤ ਪਟੀਸ਼ਨ ਦਾਖਲ ਕਰਕੇ ਕਿਹਾ ਸੀ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 15 ਸਤੰਬਰ 2000 ਨੂੰ ਦੋ ਕਰੋੜ ਇਕ ਲੱਖ ਰੁਪਏ ਵਿਚ ਈ.ਟੀ.ਸੀ. ਨੈਟਵਰਕ ਨਾਲ ਕਰਾਰ ਕੀਤਾ ਸੀ ਜਿਸ ਰਾਹੀਂ ਈ.ਟੀ.ਸੀ. ਨੈਟਵਰਕ ਨੂੰ ਸ੍ਰੀ ਹਰਿਮੰਦਰ ਸਾਹਿਬ ਤੋਂ ਗੁਰਬਾਣੀ ਰਿਕਾਰਡ ਤੇ ਪ੍ਰਸਾਰਨ ਕਰਨ ਦੇ ਸਾਰੇ ਅਧਿਕਾਰ ਦਿੱਤੇ ਗਏ ਸਨ। ਇਹ ਇਕਰਾਰ ਦਸ ਸਾਲ ਲਈ ਸੀ ਤੇ ਇਸ ਦੀ ਮਿਆਦ ਸਤੰਬਰ 2011 ਵਿਚ ਪੂਰੀ ਹੋ ਰਹੀ ਹੈ। ਸ਼੍ਰੋਮਣੀ ਕਮੇਟੀ ਨੇ ਕਰਾਰ ਕਰਨ ਵੇਲੇ ਟੈਂਡਰ ਨਹੀਂ ਸਨ ਮੰਗੇ ਜਿਸ ਕਰਕੇ ਇਹ ਪੱਖਪਾਤੀ ਸੀ, ਇਸ ਲਈ ਇਹ ਇਕਰਾਰ ਤੁਰੰਤ ਰੱਦ ਕੀਤਾ ਜਾਵੇ।

ਪਿਛਲੀ 11 ਮਈ ਨੂੰ ਹਾਈ ਕੋਰਟ ਨੇ ਇਸ ਪਟੀਸ਼ਨ ਦਾ ਨਿਬੇੜਾ ਕਰਦੇ ਹੋਏ ਕਿਹਾ ਸੀ ਕਿ ਪਟੀਸ਼ਨਰ ਇਹ ਮਾਮਲਾ ਸ਼੍ਰੋਮਣੀ ਕਮੇਟੀ ਕੋਲ ਰੱਖੇ। ਪਟੀਸ਼ਨਰ ਨੇ ਮੁੜ ਦਾਖਲ ਕੀਤੀ ਗਈ ਪਟੀਸ਼ਨ ਵਿਚ ਅਦਾਲਤ ਨੂੰ ਦੱਸਿਆ ਹੈ ਕਿ ਉਸ ਨੇ 19 ਮਈ ਨੂੰ ਆਪਣੀ ਬੇਨਤੀ ਸ਼੍ਰੋਮਣੀ ਕਮੇਟੀ ਨੂੰ ਭੇਜੀ ਸੀ ਪਰ ਸ਼੍ਰੋਮਣੀ ਕਮੇਟੀ ਨੇ ਉਸ ਦਾ ਕੋਈ ਜਵਾਬ ਨਹੀਂ ਦਿੱਤਾ।

ਸੂਚਨਾ ਦੇ ਅਧਿਕਾਰ ਤਹਿਤ 21 ਜੂਨ ਨੂੰ ਜਾਣਕਾਰੀ ਵੀ ਮੰਗੀ ਗਈ ਪਰ ਜਾਣਕਾਰੀ ਨਹੀਂ ਦਿੱਤੀ ਗਈ। ਇਸ ਲਈ ਪਟੀਸ਼ਨਰ ਨੇ ਇਹ ਕਹਿੰਦੇ ਹੋਏ ਕਿ ਕਮੇਟੀ ਨੇ ਕੰਪਨੀ ਦੀਆਂ ਸ਼ਰਤਾਂ ਮੰਨਦੇ ਹੋਏ ਕਰਾਰ ਕੀਤਾ ਹੈ ਤੇ ਸਤੰਬਰ 2011 ਵਿਚ ਇਹ ਕਰਾਰ ਬਿਨਾਂ ਟੈਂਡਰ ਮੰਗੇ ਨਹੀਂ ਹੋਣਾ ਚਾਹੀਦਾ।

# ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ

**ਡਾ. ਗੁਰਨਾਮ ਕੌਰ**

ਪਿਛਲੇ ਲੇਖ ਵਿਚ 'ਅਕਾਲ ਉਸਤਤਿ' ਸਬੰਧੀ ਸ਼ਬਦਾਰਥ ਵਿਚ ਗਿਆਰਾਂ ਤੋਂ ਵੀਹ ਦੇ ਅੰਕ ਤੱਕ 'ਕਬਿੱਤ' ਤੇ ਵਿਚਾਰ-ਚਰਚਾ ਕੀਤੀ ਗਈ ਸੀ। ਹੱਥਲੇ ਲੇਖ ਵਿਚ ਇੱਕੀ ਤੋਂ ਤੀਹ ਅੰਕ ਤੱਕ 'ਸਵੈਯੇ' ਤੇ ਵਿਚਾਰ-ਚਰਚਾ ਕੀਤੀ ਜਾਵੇਗੀ। ਭਾਈ ਰਣਧੀਰ ਸਿੰਘ ਨੇ ਸ਼ਬਦਾਰਥ ਵਿਚ ਪੈਰ-ਨੋਟ ਵਿਚ ਟਿਪਣੀ ਕਰਦਿਆਂ ਲਿਖਿਆ ਹੈ, "ਇਹ ਸਵੈਯੇ 'ਗੁਰੂ ਸਾਹਿਬ ਨੇ ਮਸੰਦਾਂ ਨਾਲ ਸਬੰਧਤ ਸੰਗਤਾਂ ਨੂੰ 'ਖਾਲਿਸਾ' (ਨਿਜ ਕੀ ਵਸਤ) ਬਣਾਉਣ ਸਮੇਂ ਸਮਾਗਮ ਵਿਚ ਸ਼ਾਮਲ ਹੋਏ ਪਰਬਤੀ ਰਾਜਿਆਂ ਨਾਲ ਹੋਈ ਗੋਸ਼ਟਿ ਦੇ ਆਧਾਰ ਪੁਰ ਰਚੇ ਹਨ। ਪਹਿਲੇ ਸਵੈਯੇ ਵਿਚ ਆਪ ਨੇ ਉਸ ਪਰਖ-ਪੜਤਾਲ ਦਾ ਹਵਾਲਾ ਦਿੱਤਾ ਹੈ ਜਿਸ ਦਾ ਜ਼ਿਕਰ ਅਗਾਂਹ 14 ਕਬਿੱਤਾਂ ਵਿਚ ਆਵੇਗਾ। ਫਿਰ ਉਨ੍ਹਾਂ ਦੀਆਂ ਵਿਅਰਥ ਹੁਜਤਾਂ ਰੱਦ ਕੀਤੀਆਂ ਹਨ। ਸੱਤਵੇਂ-ਅੱਠਵੇਂ ਸਵੈਯੇ ਵਿਚ ਪੁਨਾਂ ਦੇ ਪ੍ਰਤਾਪਿ 'ਖਾਲਿਸਾ' ਜੀ ਦੀ ਫਤਿਹ ਹੋਣ ਦਾ ਯਕੀਨ ਦਿਵਾਉਂਦਿਆਂ ਵਿਰੋਧੀਆਂ ਦੇ ਜਲੇਵੇਂ ਅਤੇ ਸੜੇਵੇਂ ਫਜ਼ੂਲ ਜਣਾਏ ਹਨ। ਅਖੀਰ 'ਤੇ ਦਿਖਾਵੇ ਦੇ ਧਰਮ-ਕਰਮ ਰੱਦ ਕੇ ਪਰਮਾਤਮਾ ਦੀ ਪ੍ਰਾਪਤੀ ਦਾ ਸਾਧਨ ਕੇਵਲ ਪ੍ਰੇਮ, ਪ੍ਰੇਮਾ ਭਗਤੀ ਦਸਿਆ ਹੈ।" ਇਨ੍ਹਾਂ ਸਵੈਯਾਂ ਦਾ ਅਸਲੀ ਮਕਸਦ ਇਹ ਦੱਸਣਾ ਹੈ ਕਿ ਪਰਮਾਤਮਾ ਦੇ ਨਾਮ-ਸਿਮਰਨ ਦੀ ਪ੍ਰੇਮਾ-ਭਗਤੀ ਰਾਹੀਂ ਹੀ ਉਸ ਨੂੰ ਪਾਇਆ ਜਾ ਸਕਦਾ ਹੈ। ਬਾਕੀ ਸਭ ਧਾਰਮਿਕ ਕਰਮ ਕਾਂਡ ਦਿਖਾਵਾ-ਮਾਤਰ ਹਨ।



ਡਾ. ਗੁਰਨਾਮ ਕੌਰ

ਪਹਿਲੇ ਸਵੈਯੇ ਵਿਚ ਵੱਖ ਵੱਖ ਧਾਰਮਿਕ ਭੇਖਾਂ ਨੂੰ ਮੰਨਣ ਵਾਲਿਆਂ ਦੇ ਹਵਾਲੇ ਨਾਲ ਦੱਸਿਆ ਹੈ ਕਿ ਮੈਂ ਆਪਣੀਆਂ ਯਾਤਰਾਵਾਂ ਦੌਰਾਨ ਜੈਨੀ ਸਾਧੂਆਂ ਦੇ ਟੋਲੇ, ਸਿੱਧਾਂ ਅਤੇ ਬੋਧੀਆਂ ਦੀਆਂ ਮੰਡਲੀਆਂ, ਜੈਨ ਧਰਮ ਦੇ ਉਪਦੇਸ਼ਕ ਸਾਧੂਆਂ ਆਦਿ ਸਭ ਨੂੰ ਦੇਖ ਲਿਆ ਹੈ। ਬਹਾਦਰ ਜੋਧੇ, ਬਲੀ ਸੂਰਮਿਆਂ, ਦੇਵਤਿਆਂ ਨੂੰ ਰਗੜਨ ਵਾਲੇ ਦੈਂਤਾਂ, ਅੰਮ੍ਰਿਤ ਪੀਣ ਵਾਲੇ ਦੇਵਤਿਆਂ, ਅਨੇਕਾਂ ਮੱਤਾਂ ਦੇ ਮੰਨਣ ਵਾਲੇ ਸੰਤਾਂ ਦੇ ਸਮੂਹਾਂ ਨੂੰ ਦੇਖ ਲਿਆ ਹੈ ਪਰ ਮੈਨੂੰ ਪ੍ਰਭੂ-ਪ੍ਰਮੇਸ਼ਰ ਦੇ ਅਨੁਸਾਰੀ ਵਾਹਿਗੁਰੂ ਦੇ ਸੱਚੇ ਭਗਤ ਕੋਈ ਨਹੀਂ ਮਿਲੇ। ਇਨ੍ਹਾਂ ਵਿਚੋਂ ਕੋਈ ਵੀ ਨਹੀਂ ਜੋ ਪਰਮਾਤਮਾ ਦੀ ਕ੍ਰਿਪਾ ਦਾ ਕਿਣਕਾ-ਭਰ ਵੀ ਹੱਕਦਾਰ ਬਣ ਸਕੇ, ਉਹ ਸਭ ਬੇਕਾਰ ਹਨ। ਇਸ ਦਾ ਭਾਵ ਇਹੀ ਨਿਕਲਦਾ ਹੈ ਕਿ ਉਸ ਦੀ ਕ੍ਰਿਪਾ ਦਾ ਪਾਤਰ ਬਣਨ ਲਈ ਕੋਸ਼ਿਸ਼ ਕਰਨੀ ਪੈਂਦੀ ਹੈ ਅਤੇ ਉਸ ਦੀ ਕ੍ਰਿਪਾ ਤੋਂ ਬਗੈਰ ਸਾਧੂ-ਪਦ, ਦੇਵ-ਪੱਦ ਜਾਂ ਦੈਂਤਾਂ ਵਰਗੀ ਤਾਕਤ ਵੀ ਕਿਸੇ ਕੰਮ ਨਹੀਂ। ਇਹ ਆਪਣੇ-ਆਪ ਨੂੰ ਅਧਿਆਤਮਕ ਕਹਾਉਣ ਵਾਲੇ ਵਰਗਾਂ ਦੀ ਮਿਸਾਲ ਹੈ:

ਸਾਰੇ ਹੀ ਦੇਸ ਕੋ ਦੇਖਿ ਰਹਿਯੋ ਮਤ<br>
ਕੋਊ ਨ ਦੇਖੀਅਤ ਪ੍ਰਾਨ ਪਤੀ ਕੇ॥<br>
ਸ੍ਰੀ ਭਗਵਾਨ ਕੀ ਭਾਇ ਕ੍ਰਿਪਾ ਹੂੰ ਤੇ<br>
ਏਕ ਰਤੀ ਬਿਨੁ ਏਕ ਰਤੀ ਕੇ॥21॥

ਗੁਰੂ ਨਾਨਕ ਦੇਵ ਇਸੇ ਵਿਚਾਰ ਨੂੰ 'ਆਸਾ ਦੀ ਵਾਰ' ਵਿਚ ਧਾਰਮਿਕ ਹਉਮੈ ਦੇ ਰੂਪ ਵਿਚ ਪੇਸ਼ ਕਰਦੇ ਹਨ। ਗੁਰਮਤਿ ਵਿਚ ਹਉਮੈਂ ਨੂੰ ਬੁਰੀ ਮੰਨਿਆ ਗਿਆ ਹੈ ਜਿਸ ਦੇ ਕਈ ਰੂਪ ਹਨ ਪਰ ਸਭ ਤੋਂ ਖਤਰਨਾਕ ਧਾਰਮਿਕ ਹਉਮੈਂ ਨੂੰ ਮੰਨਿਆ ਗਿਆ ਹੈ। ਮੁਸਲਮਾਨਾਂ ਨੂੰ ਸ਼ਰਹ ਦੀ ਵਡਿਆਈ ਚੰਗੀ ਲਗਦੀ ਹੈ ਅਤੇ ਉਹ ਸ਼ਰਹ ਨੂੰ ਪੜ੍ਹ ਪੜ੍ਹ ਕੇ ਵਿਚਾਰ ਕਰਦੇ ਹਨ ਕਿ ਰੱਬ ਦਾ ਦੀਦਾਰ ਦੇਖਣ ਲਈ ਜੋ ਮਨੁੱਖ ਸ਼ਰਹ ਦੀ ਬੰਦਸ਼ ਵਿਚ ਪੈਂਦੇ ਹਨ ਉਹੀ ਰੱਬ ਦੇ ਬੰਦੇ ਹਨ। ਇਸੇ ਤਰ੍ਹਾਂ ਹਿੰਦੂ ਸ਼ਾਸਤਰ ਦੁਆਰਾ ਹੀ ਉਸ ਨੂੰ ਸਲਾਹੁੰਦੇ ਹਨ, ਹਰੇਕ ਤੀਰਥ 'ਤੇ ਨਹਾਉਂਦੇ ਹਨ, ਮੂਰਤੀਆਂ ਨੂੰ ਭੇਟਾ ਚੜ੍ਹਾਉਂਦੇ ਹਨ, ਚੰਦਨ ਅਤੇ ਧੂਪ ਵਰਤਦੇ ਹਨ। ਜੋਗੀ ਸਮਾਧੀ ਲਾ ਕੇ ਧਿਆਉਂਦੇ ਹਨ ਅਤੇ 'ਅਲੱਖ-ਅਲੱਖ' ਕਰਦੇ ਹਨ। ਦਾਨੀ ਕਿਸੇ ਲੋੜਵੰਦ ਨੂੰ ਦਾਨ ਕਰਕੇ ਖੁਸ਼ ਹੁੰਦੇ ਹਨ ਪਰ ਦੇ ਕੇ ਪਰਮਾਤਮਾ ਕੋਲੋਂ ਹਜ਼ਾਰਾਂ ਗੁਣਾ ਮੰਗਦੇ ਹਨ। ਭੈੜੇ ਕੰਮ ਕਰਨ ਵਾਲੇ ਜਿਵੇਂ ਚੋਰ, ਵਿਭਚਾਰੀ, ਝੂਠੇ, ਵਿਕਾਰੀ ਆਦਿ ਵੀ ਪਿਛਲੀ ਕਮਾਈ ਨੂੰ ਮੁਕਾ ਕੇ ਇੱਥੋਂ ਖਾਲੀ ਹੱਥ ਤੁਰ ਜਾਂਦੇ ਹਨ ਪਰ ਭਗਤ ਜਨਾਂ ਨੂੰ ਕੇਵਲ ਪਰਮਾਤਮਾ ਦੀ ਸਿਫਤਿ-ਸਲਾਹ ਕਰਨ ਦੀ ਤਾਂਘ ਲੱਗੀ ਹੁੰਦੀ ਹੈ:

ਮੁਸਲਮਾਨਾ ਸਿਫਤਿ ਸਰੀਅਤ<br>
ਪੜਿ ਪੜਿ ਕਰਹਿ ਬੀਚਾਰੁ॥<br>
ਬੰਦੇ ਸੇ ਜਿ ਪਵਹਿ ਵਿਚਿ<br>
ਬੰਦੀ ਵੇਖਣ ਕਉ ਦੀਦਾਰੁ॥<br>
ਹਿੰਦੂ ਸਾਲਾਹੀ ਸਾਲਾਹਨਿ<br>
ਦਰਸਨਿ ਰੂਪਿ ਅਪਾਰੁ॥ (ਪੰਨਾ 465)

'ਅਕਾਲ ਉਸਤਤਿ' ਵਿਚ ਦੂਸਰੇ ਪਾਸੇ ਦੁਨਿਆਵੀ ਸ਼ਕਤੀ ਦੇ ਮਾਲਕਾਂ ਦੀ ਉਦਾਹਰਣ ਦਿੱਤੀ ਹੈ। ਮਸਤ ਹਾਥੀਆਂ ਦੇ ਮਾਲਕ, ਸੋਨੇ ਦੇ ਗਹਿਣਿਆਂ ਨਾਲ ਮੜ੍ਹੇ ਹੋਏ, ਉਚੇ, ਵੱਡੇ ਅਤੇ ਭਾਰੇ, ਸੁਹਣੇ ਰੰਗਾਂ ਨਾਲ ਸਵਾਰੇ ਹੋਏ, ਕਰੋੜਾਂ ਹੀ ਘੋੜੇ, ਮਿਰਗਾਂ ਵਾਂਗ ਕੁੱਦਦੇ ਹੋਏ, ਹਵਾ ਦੀ ਰਫ਼ਤਾਰ ਨਾਲ ਚੱਲਦੇ ਸਭ ਨੂੰ ਮਾਤ ਪਾਉਂਦੇ ਹੋਏ, ਭਾਰੀ ਸੈਨਾਵਾਂ ਦੇ ਮਾਲਕ ਰਾਜੇ ਜਿਨ੍ਹਾਂ ਨੂੰ ਸੀਸ ਝੁਕਾਉਣ ਵਾਲਿਆਂ ਦੀ ਗਿਣਤੀ ਨਹੀਂ ਕੀਤੀ ਜਾ ਸਕਦੀ, ਜੇ ਏਨੇ ਕੁਝ ਦੇ ਮਾਲਕ, ਏਨੇ ਵੱਡੇ ਰਾਜੇ ਬਣ ਵੀ ਗਏ ਤਾਂ ਕੀ ਹੋਇਆ? ਕਿਉਂਕਿ ਅੰਤ ਸਮੇਂ ਸਭ ਨੇ ਨੰਗੇ ਹੀ ਜਾਣਾ ਹੈ। ਇਹ ਹਾਥੀ ਘੋੜੇ, ਸੋਨਾ-ਚਾਂਦੀ, ਦੌਲਤਾਂ ਮਾਣ-ਸਨਮਾਨ ਸਭ ਇਥੇ ਹੀ ਰਹਿ ਜਾਣਾ ਹੈ:

ਭਾਰੀ ਭੁਜਾਨ ਕੇ ਭੂਪ ਭਲੀ ਬਿਧਿ<br>
ਨਿਆਵਤ ਸੀਸ ਨ ਜਾਤ ਬਿਚਾਰੇ॥<br>
ਏਤੇ ਭਏ ਤੋ ਕਹਾ ਭਏ ਭੂਪਤਿ<br>
ਅੰਤ ਕੋ ਅੰਤ ਕੇ ਧਾਮ ਸਿਧਾਰੇ॥23॥

ਦੁਨਿਆਵੀ ਸ਼ਕਤੀ ਦੀ ਹੋਰ ਮਿਸਾਲ ਪੇਸ਼ ਕਰਦਿਆਂ ਦੱਸਿਆ ਹੈ ਕਿ ਜੇ ਸਾਰੇ ਦੇਸ-ਦੇਸਾਂਤਰਾਂ ਨੂੰ ਜਿੱਤ ਕੇ ਜਿੱਤ ਦੇ ਬਿਗਲ ਅਤੇ ਨਗਾਰੇ ਵੱਜ ਰਹੇ ਹੋਣ, ਹਾਥੀਆਂ ਦੀਆਂ ਕਤਾਰਾਂ ਦੀਆਂ ਕਤਾਰਾਂ ਚਿੰਘਾੜ ਰਹੀਆਂ ਹੋਣ, ਹਜ਼ਾਰਾਂ ਦੀ ਗਿਣਤੀ ਵਿਚ ਸੁੰਦਰ ਕੋਤਲ ਘੋੜੇ ਹਿਣਕਦੇ ਹੋਣ, ਭੂਤ ਕਾਲ, ਭਵਿੱਖ ਅਤੇ ਵਰਤਮਾਨ ਦੇ ਰਾਜੇ ਹੋਣ ਜਿਨ੍ਹਾਂ ਦੀ ਗਿਣਤੀ ਨਾ ਕੀਤੀ ਜਾ ਸਕਦੀ ਹੋਵੇ, ਜੇ ਏਡੇ ਵੱਡੇ ਬਣ ਵੀ ਗਏ ਤਾਂ ਕੀ ਬਣ ਗਏ? ਕਿਉਂਕਿ ਅਕਾਲ ਪੁਰਖ ਦੀ ਭਗਤੀ ਤੋਂ ਬਿਨਾ ਕੋਈ ਫਾਇਦਾ ਨਹੀਂ, ਅੰਤ ਨੂੰ ਜਮ ਦੇ ਘਰ ਚਲੇ ਜਾਣਾ ਹੈ, ਇਸ ਸੰਸਾਰ ਤੋਂ ਕੂਚ ਕਰ ਜਾਣਾ ਹੈ:

ਭੂਤ ਭਵਿੱਖ ਭਵਾਨ ਕੇ ਭੂਪਤਿ<br>
ਕਉਨ ਗਨੈ ਨਹੀ ਜਾਤ ਬਿਚਾਰੇ॥<br>
ਸ੍ਰੀਪਤਿ ਸ੍ਰੀ ਭਗਵਾਨ ਭਜੇ ਬਿਨੁ<br>
ਅੰਤ ਕੋ ਅੰਤ ਕੇ ਧਾਮ ਸਿਧਾਰੇ॥23॥

'ਆਸਾ ਦੀ ਵਾਰ' ਵਿਚ ਇਸੇ ਵਿਚਾਰ ਦੀ ਉਦਾਹਰਣ ਸਾਨੂੰ ਮਿਲ ਜਾਂਦੀ ਹੈ ਜਿਥੇ ਦੱਸਿਆ ਹੈ ਕਿ ਜਿਨ੍ਹਾਂ ਪਾਸ ਕਾਠੀਆਂ ਸਮੇਤ ਭਾਵ ਸਦਾ ਤਿਆਰ-ਬਰ ਤਿਆਰ ਹਵਾ ਵਰਗੀ ਤਿੱਖੀ ਚਾਲ ਵਾਲੇ ਘੋੜੇ ਹੁੰਦੇ ਹਨ, ਜੋ ਆਪਣੇ ਹਰਮਾਂ ਨੂੰ ਕਈ ਰੰਗਾਂ ਨਾਲ ਸਜਾਉਂਦੇ ਹਨ, ਜੋ ਮਨੁੱਖ ਕੋਠੇ, ਮਹਿਲ, ਮਾੜੀਆਂ ਆਦਿ ਉਸਾਰ ਕੇ ਭਾਵ ਹਰ ਤਰ੍ਹਾਂ ਦੀ ਐਸ਼ ਦਾ ਸਾਮਾਨ ਤਿਆਰ ਕਰਕੇ ਪਾਸਾਰਾ ਪਸਾਰ ਕੇ ਬੈਠੇ ਹਨ ਅਤੇ ਰੰਗ ਰਲੀਆਂ ਮਨਾ ਰਹੇ ਹਨ ਪਰ ਪ੍ਰਭੂ ਨੂੰ ਨਹੀਂ ਪਛਾਣਦੇ, ਉਹ ਆਪਣਾ ਮਨੁੱਖਾ ਜਨਮ ਹਾਰ ਬੈਠਦੇ ਹਨ। ਜੋ ਮਨੁੱਖ ਹੁਕਮ ਚਲਾ ਕੇ ਖਾਂਦੇ ਹਨ ਅਤੇ ਮਹੱਲਾਂ ਨੂੰ ਤੱਕ ਕੇ ਆਪਣੀ ਮੌਤ ਨੂੰ ਭੁਲਾ ਦਿੰਦੇ ਹਨ, ਉਨ੍ਹਾਂ ਜਵਾਨੀ ਦੇ ਠੱਗਿਆਂ ਨੂੰ ਗ਼ਫਲਤ ਵਿਚ ਹੀ ਬੁਢਾਪਾ ਆ ਘੇਰਦਾ ਹੈ:

ਤੁਰੇ ਪਲਾਣੇ ਪਉਣ ਵੇਗ<br>
ਹਰ ਰੰਗੀ ਹਰਮ ਸਵਾਰਿਆ॥<br>
ਕੋਠੇ ਮੰਡਪ ਮਾੜੀਆ<br>
ਲਾਇ ਬੈਠੇ ਕਰਿ ਪਾਸਾਰਿਆ॥<br>
(ਪੰਨਾ 472)

ਗੁਰੂ ਸਾਹਿਬ ਨੇ ਅੱਗੇ ਫੁਰਮਾਇਆ ਹੈ ਕਿ ਮਨ ਦੀਆਂ ਇੰਦਰੀਆਂ ਨੂੰ ਕਾਬੂ ਕਰਨ ਲਈ ਤੀਰਥਾਂ ਦਾ ਇਸ਼ਨਾਨ ਕਰਦੇ ਹਨ, 'ਜੋਗ ਦਾ ਸੰਜਮ ਅਤੇ ਨੇਮ ਉਚੇਚੇ ਤੌਰ 'ਤੇ ਕੀਤੇ ਜਾਂਦੇ ਹਨ ਅਰਥਾਤ ਮਨ-ਇੰਦਰੀਆਂ ਨੂੰ ਕਾਬੂ ਕਰਨ ਲਈ ਜਪੁ, ਤਪੁ, ਸੰਜਮ-ਸੰਤੋਖ, ਦਾਨ ਅਤੇ ਇਸ਼ਨਾਨ ਆਦਿ ਨਿਤ ਨੇਮ ਨਾਲ ਕਰਦੇ ਹਨ। ਵੇਦ ਅਤੇ ਪੁਰਾਣ (ਹਿੰਦੂਆਂ ਦੇ ਧਾਰਮਿਕ ਗ੍ਰੰਥ), ਕਤੇਬ ਅਤੇ ਕੁਰਾਨ (ਮੁਸਲਮਾਨਾਂ ਦੇ ਧਾਰਮਿਕ ਗ੍ਰੰਥ), ਇਸ ਅਤੇ ਉਸ ਲੋਕ ਦੇ ਸਭ ਦੇਖ ਲਏ ਹਨ। ਪਉਣ-ਆਹਾਰੀ ਭਾਵ ਵਰਤ ਰੱਖਣ ਵਾਲੇ, ਜਤੀ ਅਤੇ ਸੰਜਮੀ, ਸ੍ਰੇਸ਼ਟ ਵਿਚਾਰਾਂ ਵਾਲੇ ਹਜਾਰਾਂ ਦੇਖੇ ਹਨ ਪਰ ਹੇ ਰਾਜਨ! ਪਰਮਾਤਮਾ ਦੇ ਨਾਮ ਦੀ ਬੰਦਗੀ ਤੋਂ ਬਿਨਾਂ, ਉਸ ਦੀ ਕਿਣਕਾ ਮਾਤਰ ਕਿਰਪਾ ਤੋਂ ਬਿਨਾ ਕੋਈ ਇੱਕ ਭੀ ਲੇਖੇ ਨਹੀਂ ਲਗਦੇ ਭਾਵ ਸਭ ਵਿਅਰਥ ਹੈ। ਸਿਧਾਈ ਹੋਈ ਅਤੇ ਸਿੱਖੀ ਹੋਈ ਫੌਜ ਜਿਨ੍ਹਾਂ ਦਾ ਅੰਤ ਲੈਣਾ ਔਖਾ ਹੈ, ਸੂਰਵੀਰ ਜੋਧੇ ਸੰਜੋਆਂ ਸਜਾ ਕੇ ਦੋਖੀਆਂ ਨੂੰ ਤਬਾਹ ਕਰ ਦੇਣ ਵਾਲੇ, ਮਨ ਵਿਚ ਇਹ ਗੁਮਾਨ ਲੈ ਕੇ ਚੱਲਣ ਵਾਲੇ ਕਿ ਜੇ ਪਹਾੜ ਖੰਭ ਲਾ ਕੇ ਵੀ ਉਨ੍ਹਾਂ ਨੂੰ ਹਿਲਾਉਣਾ ਚਾਹੁਣ ਤਾਂ ਹਿਲਾ ਨਹੀਂ ਸਕਦੇ। ਵੈਰੀਆਂ ਨੂੰ ਤੋੜ ਕੇ ਅਤੇ ਆਕੀਆਂ ਨੂੰ ਮਰੋੜ ਕੇ ਮਸਤ ਹਾਥੀਆਂ ਦਾ ਮਾਣ ਤੋੜ ਦੇਣਗੇ ਪਰ ਅਕਾਲ ਪੁਰਖ ਦੀ ਕਿਰਪਾ ਤੋਂ ਬਿਨਾ ਓੜਕ ਇਸ ਸੰਸਾਰ ਨੂੰ ਛੱਡ ਕੇ ਚਲੇ ਜਾਣਗੇ। ਭਾਵੇਂ ਵੱਡੇ ਵੱਡੇ ਬਹਾਦਰ ਜੋਧੇ ਨਿਧੜਕ ਹੋ ਕੇ ਤਲਵਾਰਾਂ ਦੇ ਫੱਟ ਖਾਣ ਵਾਲੇ, ਬਾਗੀਆਂ ਨੂੰ ਤਬਾਹ ਕਰਨ ਵਾਲੇ ਅਤੇ ਮਸਤ ਹਾਥੀਆਂ ਦਾ ਮਾਣ ਤੋੜਨ ਵਾਲੇ, ਪੱਕੇ ਕਿਲਿਆਂ ਨੂੰ ਤੋੜ ਕੇ ਸੌਖਿਆਂ ਹੀ ਸਾਰੇ ਸੰਸਾਰ ਨੂੰ ਜਿੱਤ ਲੈਣ ਵਾਲੇ ਹੋਣ, ਪਰ ਪਰਮਾਤਮਾ ਹੀ ਸਭ ਦਾ 'ਸਿਰਨਾਇਕ', ਸਾਰਿਆਂ ਦਾ ਦਾਤਾ ਹੈ, ਬਾਕੀ ਸਭ ਉਸ ਦੇ ਦਰ 'ਤੇ ਅਣਗਿਣਤ ਮੰਗਤੇ ਹਨ:

## ਗੁਰਮਤਿ ਚਿੰਤਨ

ਗਾੜ੍ਹੇ ਗੜ੍ਹਾਨ ਕੋ ਤੋੜਨਹਾਰ<br>
ਸੁ ਬਾਤਨ ਹੀ ਚਕ ਚਾਰ ਲਵੱਯਾ॥<br>
ਸਾਹਿਬ ਸ੍ਰੀ ਸਭਕੋ ਸਿਰਨਾਇਕ<br>
ਜਾਚਕ ਅਨੇਕ ਸੁ ਏਕ ਦਿਵੱਯਾ॥26॥

ਭਾਈ ਰਣਧੀਰ ਸਿੰਘ ਨੇ ਅੱਗੇ ਟਿਪਣੀ ਕੀਤੀ ਹੈ, "ਅਗਲੇ ਦੋਵੇਂ ਛੰਦ, ਗੁਰੂ ਜੀ ਨੇ ਖਾਲਿਸੇ ਦਾ ਪ੍ਰਤਾਪ ਦੱਸਣ ਦੇ ਨਿਸਚੇ ਨਾਲ ਰਾਜਿਆਂ (ਭਾਵ ਪਹਾੜੀ ਰਾਜਿਆਂ ਤੋਂ ਹੈ) ਨੂੰ ਲਲਕਾਰ ਕੇ ਕਹੇ ਹਨ।" ਦਾਨਵ, ਦੇਵਤੇ, ਸ਼ੇਸ਼ਨਾਗ ਵਰਗੇ, ਰਾਤੀਂ ਫਿਰਨ ਵਾਲੇ ਪ੍ਰਾਣੀ ਭਾਵ ਰਾਖਸ਼ ਵਗੈਰਾ ਭੂਤ ਅਤੇ ਭਵਿੱਖ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਨਗੇ ਅਰਥਾਤ ਹਰ ਇੱਕ ਨੂੰ ਉਸ ਦੇ ਨਾਮ ਦਾ ਸਿਮਰਨ ਕਰਨ ਦੀ ਖੁਲ੍ਹ ਅਤੇ ਲਗਨ ਹੋਵੇਗੀ। ਇਸੇ ਨੂੰ ਪੰਚਮ ਪਾਤਿਸ਼ਾਹ ਨੇ, 'ਹੁਣ ਹੋਆ ਹਲੇਮੀ ਰਾਜ ਜੀਓ' ਕਿਹਾ ਹੈ ਜਿਸ ਵਿਚ ਅਕਾਲ ਪੁਰਖ ਮਿਹਰਵਾਨ ਦੇ ਹੁਕਮ ਵਿਚ ਕੋਈ ਤਾਕਤਵਰ ਕਿਸੇ ਕਮਜ਼ੋਰ ਨੂੰ ਦੁੱਖ ਨਹੀਂ ਦੇ ਸਕੇਗਾ। ਐਸਾ ਨਰਮੀ ਵਾਲਾ ਰਾਜ ਹੋ ਗਿਆ ਹੈ ਕਿ ਸਾਰੀ ਰਈਅਤ ਸੁੱਖ ਨਾਲ ਵੱਸੇਗੀ। ਇਹ ਕਿਸੇ ਇੱਕ ਵਰਗ ਜਾਂ ਧਾਰਮਿਕ ਫਿਰਕੇ ਵਾਸਤੇ ਨਹੀਂ ਹੈ ਸਗੋਂ ਹਰ ਵਰਗ ਅਤੇ ਫਿਰਕੇ ਲਈ ਹੈ। ਗੁਰਮਤਿ ਦਾ ਸੰਕਲਪ ਕਿਸੇ ਇੱਕ ਖਾਸ ਜਮਾਤ ਜਾਂ ਧਰਮ ਦੀ ਭਲਾਈ ਮੰਗਣਾ ਨਹੀਂ ਸਗੋਂ ਸਰਬੱਤ ਦਾ ਭਲਾ ਮੰਗਣਾ ਹੈ ਜਿਸ ਵਿਚ ਕਿਸੇ ਕਿਸਮ ਦਾ ਕੋਈ ਵਖਰੇਵਾਂ ਨਹੀਂ ਹੈ। ਹਿੰਦੂ, ਸਿੱਖ, ਮੁਸਲਮਾਨ, ਉਚ-ਨੀਚ, ਜਾਤਿ-ਪਾਤਿ ਦਾ ਕੋਈ ਵਖਰੇਵਾਂ ਨਹੀਂ ਹੈ। ਦਸਮ ਗੁਰੂ ਨੇ ਇਸੇ ਸਿਧਾਂਤ ਦੀ ਪ੍ਰੋੜਤਾ ਕਰਦਿਆਂ ਅੱਗੇ ਫੁਰਮਾਇਆ ਹੈ ਕਿ ਜਿੰਨੇ ਵੀ ਜੀਵ ਹਨ ਜਲ ਵਿਚ, ਥਲ ਵਿਚ-ਸਭ ਵਧਣ, ਫੁੱਲਣਗੇ ਅਤੇ ਪਾਪਾਂ ਦਾ ਨਾਸ ਹੋਵੇਗਾ। ਪਲਾਂ ਵਿਚ ਮਨਸੂਬੇ ਬਣ ਜਾਣਗੇ। ਪੁੰਨਾਂ ਅਤੇ ਨੇਕੀਆਂ ਦੇ ਸਦਕੇ ਪ੍ਰਤਾਪ ਵਧਣ ਨਾਲ ਜਿੱਤ ਦੀ ਧੁਨੀ, ਫਤਿਹ ਦੇ ਨਗਾਰਿਆਂ ਦੀ ਘਨਘੋਰ ਨਾਲ ਗੁਨਾਹਾਂ ਦੇ ਪੁੰਜ ਅਰਥਾਤ ਪਾਪੀਆਂ ਦੇ ਢੇਰ ਖਤਮ ਹੋ ਜਾਣਗੇ। ਸੰਤਾਂ ਦੇ ਸਮੂਹ ਖੁਸ਼ ਹੋ ਕੇ ਫਿਰਨਗੇ, ਦੇਖ ਕੇ ਵੈਰੀ ਖਿਝ ਜਾਣਗੇ:

ਪੁੰਨ ਪ੍ਰਤਾਪਨ ਬਾਢਿ ਜੈਤ ਧੁਨਿ<br>
ਪਾਪਨ ਕੇ ਬਹੁ ਪੁੰਜ ਖਪੈਗੇ॥<br>
ਸਾਧ ਸਮੂਹ ਪ੍ਰਸੰਨ ਫਿਰੈਂ ਜਗਿ<br>
ਸੱਤ੍ਰ ਸਭੈ ਅਵਿਲੋਕ ਚਪੈਂਗੇ॥27॥

ਇਨਸਾਨਾਂ, ਦੇਵਤਿਆਂ ਤੇ ਹਾਥੀਆਂ ਦੇ ਰਾਜੇ, ਤਿੰਨਾਂ ਲੋਕਾਂ ਤੇ ਰਾਜ ਕਰਨ ਵਾਲੇ, ਇਸ਼ਨਾਨ ਕਰਕੇ ਦਾਨ ਕਰਨ ਵਾਲੇ, ਦਾਨ ਵਿਚ ਅਣਗਿਣਤ ਹਾਥੀ ਅਤੇ ਹੋਰ ਪਸ਼ੂ ਦਾਨ ਕਰਨ ਵਾਲੇ, ਅਨੇਕਾਂ ਸੁਅੰਬਰ ਰਚਾ ਕੇ ਵਰੇ ਜਾਣ ਵਾਲੇ, ਬ੍ਰਹਮਾ, ਸ਼ਿਵ, ਵਿਸ਼ਨੂੰ ਅਤੇ ਇੰਦਰ ਵਰਗੇ ਅੰਤ ਨੂੰ ਕਾਲ ਦੇ ਮੂੰਹ ਵਿਚ ਚਲੇ ਜਾਣਗੇ, ਜਮਾਂ ਦੀ ਫਾਂਸੀ ਵਿਚ ਫਸ ਜਾਣਗੇ। ਪਰ ਜਿਹੜੇ ਮਨੁੱਖ ਪਰਮਾਤਮਾ ਦੀ ਸ਼ਰਨ ਵਿਚ ਆ ਜਾਂਦੇ ਹਨ, ਉਹ ਮੁੜ ਕੇ ਸਰੀਰ ਵਿਚ ਨਹੀਂ ਆਉਂਦੇ ਭਾਵ ਉਨ੍ਹਾਂ ਦਾ ਜਨਮ-ਮਰਨ ਦਾ ਚੱਕਰ ਖਤਮ ਹੋ ਜਾਂਦਾ ਹੈ:

ਬ੍ਰਹਮ ਮਹੇਸੁਰ ਬਿਸਨੁ ਸਚੀ ਪਤਿ<br>
ਅੰਤਿ ਫਸੇ ਜਮ-ਫਾਸਿ ਪਰੈਗੇ॥<br>
ਜੇ ਨਰ ਸ੍ਰੀ ਪਤਿ ਕੇ ਪ੍ਰਸ ਹੈਂ ਪਗ<br>
ਤੇ ਨਰ ਫੇਰਿ ਨ ਦੇਹ ਧਰੈਗੇ॥28॥

ਭਾਈ ਰਣਧੀਰ ਸਿੰਘ ਨੇ ਟਿਪਣੀ ਕਰਦਿਆਂ ਅੱਗੇ ਲਿਖਿਆ ਹੈ, "ਇਸ ਛੰਦ (ਜੋ ਅੱਗੇ ਦਿੱਤਾ ਜਾਣਾ ਹੈ) ਵਿਚ, ਮਨੁੱਖ ਜੀਵਨ ਦੇ 'ਪਰਵਿਰਤੀ' ਅਤੇ 'ਨਿਰਵਿਰਤੀ' ਦੋਵੇਂ ਪਹਿਲੂ ਦੱਸ ਕੇ, ਸਾਧਨਾ, ਸਾਧਨਾ ਦੀ ਸਫਲਤਾ ਦਾ ਨਿਰਭਰ ਮਨ ਦੀ ਰੁਚੀ ਉਤੇ ਮੰਨਿਆ ਹੈ, ਪ੍ਰਭੂ ਦੀ ਪ੍ਰਾਪਤੀ ਕੇਵਲ ਪ੍ਰੇਮ ਕਰਨ ਨਾਲ ਹੀ ਹੁੰਦੀ ਹੈ। ਭਾਵੇਂ ਬੰਦਾ ਸੰਸਾਰਕ ਭੋਗਾਂ ਦਾ ਸੁੱਖ ਛੱਡ ਕੇ ਤੀਰਥਾਂ 'ਤੇ ਭੌਂਦਾ ਫਿਰੇ ਭਾਵੇਂ ਗ੍ਰਿਹਸਥੀ ਜੀਵਨ ਦਾ ਰਸ ਮਾਣਦਾ ਰਹੇ, ਪ੍ਰੇਮ ਕੀਤੇ ਬਿਨਾ ਪ੍ਰਭੂ ਕਿਸੇ ਨੂੰ ਵੀ ਨਹੀਂ ਮਿਲਦਾ।"

ਦਸਮ ਪਾਤਿਸ਼ਾਹ ਫੁਰਮਾਉਂਦੇ ਹਨ ਕਿ ਕੀ ਹੋਇਆ ਜੇ ਦੋਵੇਂ ਅੱਖਾਂ ਬੰਦ ਕਰਕੇ ਬਗਲੇ ਦੀ ਤਰ੍ਹਾਂ ਸਮਾਧੀ ਲਾ ਕੇ ਬੈਠ ਗਏ, ਇਸ ਦਾ ਕੋਈ ਫਾਇਦਾ ਨਹੀਂ (ਬਗਲਾ ਮੱਛੀ ਦਾ ਸ਼ਿਕਾਰ ਕਰਨ ਲਈ ਇੱਕ ਟੰਗ ਦੇ ਭਾਰ ਪਾਣੀ ਵਿਚ ਧਿਆਨ ਇਕਾਗਰ ਕਰਕੇ ਖੜ੍ਹਾ ਰਹਿੰਦਾ ਹੈ। ਜਦੋਂ ਸਮਾਧੀ ਪਖੰਡ ਦਾ ਰੂਪ ਧਾਰਨ ਕਰ ਲੈਂਦੀ ਹੈ ਅਤੇ ਦਿਖਾਵੇ ਲਈ ਕੀਤੀ ਜਾਂਦੀ ਹੈ ਤਾਂ ਉਸ ਦੀ ਤੁਲਨਾ ਆਮ ਤੌਰ 'ਤੇ ਬਗਲੇ ਦੀ ਸਮਾਧੀ ਨਾਲ ਕੀਤੀ ਜਾਂਦੀ ਹੈ)। ਸੱਤਾਂ ਸਮੁੰਦਰਾਂ ਤੱਕ ਤੀਰਥਾਂ ਤੇ ਨਹਾਉਂਦਾ ਫਿਰਿਆ ਜਿਸ ਨਾਲ ਇਹ ਸੰਸਾਰ ਵੀ ਬੇਕਾਰ ਗਿਆ ਭਾਵ ਸੰਸਾਰਕ ਫਰਜ਼ ਨਿਭਾਉਣ ਤੋਂ ਵੀ ਖੁੰਝ ਗਿਆ ਅਤੇ ਕੋਈ ਅਧਿਆਤਮਕ ਪ੍ਰਾਪਤੀ ਵੀ ਨਾ ਹੋਈ। ਮੁਕਤੀ ਵੀ ਨਾ ਮਿਲੀ ਜਿਸ ਕਰਕੇ ਅਗਲਾ ਸੰਸਾਰ ਵੀ ਗੁਆ ਲਿਆ ਅਤੇ ਇਹ ਸੰਸਾਰ ਵੀ ਵਿਅਰਥ ਗਿਆ।

ਦੂਸਰੇ ਪਾਸੇ ਸੰਸਾਰਕ ਐਸ਼ੋ-ਇਸ਼ਰਤ ਦੀ ਤਸਵੀਰ ਪੇਸ਼ ਕੀਤੀ ਹੈ ਜਿਸ ਵਿਚ ਇਨਸਾਨ ਵਿਸ਼ੇ-ਵਿਕਾਰਾਂ ਵਿਚ ਪੈ ਕੇ ਸਾਰੀ ਜ਼ਿੰਦਗੀ ਰੰਗ-ਰਲੀਆਂ ਮਨਾਉਣ ਅਤੇ ਭੋਗ ਵਿਲਾਸ ਵਿਚ ਲੰਘਾ ਦਿੰਦਾ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਅਸਲੀਅਤ ਇਹ ਹੈ, ਸੱਚੀ ਗੱਲ ਇਹ ਹੈ ਕਿ ਪਰਮਾਤਮਾ ਨੂੰ ਉਸ ਨਾਲ ਸੱਚੇ ਪ੍ਰੇਮ ਰਾਹੀਂ ਹੀ ਪਾ ਸਕੀਦਾ ਹੈ। ਗੁਰੂ ਨਾਨਕ 'ਆਸਾ ਦੀ ਵਾਰ' ਵਿਚ ਫੁਰਮਾਉਂਦੇ ਹਨ ਕਿ ਇੱਕ ਪਾਸੇ ਧਾਰਮਿਕ ਪੁਸਤਕਾਂ ਪੜ੍ਹਦੇ, ਸੰਧਿਆ ਕਰਦੇ ਅਤੇ ਵਾਦ-ਵਿਵਾਦ ਕਰਦੇ ਹਨ। ਪੱਥਰਾਂ ਨੂੰ ਪੂਜਦੇ ਅਤੇ ਬਗਲੇ ਵਾਂਗ ਸਮਾਧੀ ਲਾਉਂਦੇ ਹਨ। ਮੂੰਹੋਂ ਝੂਠ ਬੋਲ ਕੇ ਲੋਹੇ ਨੂੰ ਸੋਨੇ ਦੇ ਗਹਿਣੇ ਬਣਾ ਕੇ ਪੇਸ਼ ਕਰਦੇ ਹਨ, ਗਾਇਤ੍ਰੀ ਦਾ ਤਿੰਨ ਵਾਰ ਉਚਾਰਨ ਕਰਦੇ ਹਨ। ਗਲ ਵਿਚ ਮਾਲਾ ਅਤੇ ਮੱਥੇ 'ਤੇ ਤਿਲਕ ਲਾ ਕੇ ਰੱਖਦੇ ਹਨ ਅਤੇ ਸਿਰ 'ਤੇ ਧੋਤੀ ਲੈਂਦੇ ਹਨ ਪਰ ਜੇ ਬ੍ਰਹਮ (ਪਰਮਾਤਮਾ) ਦੇ ਆਚਾਰ ਦੀ ਸਮਝ ਹੁੰਦੀ ਤਾਂ ਇਹ ਸਾਰੇ ਇਹ ਨਿਸਚੇ ਅਤੇ ਕਰਮ ਫੋਕਟ ਭਾਵ ਫਜ਼ੂਲ ਨਜ਼ਰ ਆਉਣੇ ਸੀ। ਪਰਮਾਤਮਾ ਨੂੰ ਪਾਉਣ ਦਾ ਰਸਤਾ ਅੰਦਰਲੇ ਪੂਰਨ ਵਿਸ਼ਵਾਸ ਨਾਲ ਪਰਮਾਤਮਾ ਦੀ ਅਰਾਧਨਾ ਕਰਨਾ ਹੈ ਜਿਸ ਦੀ ਸਮਝ ਸਤਿਗੁਰੂ ਦੀ ਅਗਵਾਈ ਤੋਂ ਬਿਨਾ ਨਹੀਂ ਲਗਦੀ:

ਕਹੁ ਨਾਨਕ ਨਿਹਚਉ ਧਿਆਵੈ॥<br>
ਵਿਣੁ ਸਤਿਗੁਰ ਵਾਟ ਨ ਪਾਵੈ॥<br>
(ਪੰਨਾ 470)

ਇਸੇ ਸਿਧਾਂਤ ਦੀ ਪ੍ਰੋੜਤਾ ਗੁਰੂ ਗੋਬਿੰਦ ਸਿੰਘ ਅਗਲੇ ਸਵੈਯੇ ਵਿਚ ਕਰਦਿਆਂ ਦਸਦੇ ਹਨ ਕਿ ਕਿਸ ਲਈ ਪੱਥਰ ਪੂਜਦਾ ਅਤੇ ਗਲੇ ਵਿਚ ਸ਼ਿਵਲਿੰਗ ਲਟਕਾਈ ਫਿਰਦਾ ਹੈ? (ਇਹ ਸਭ ਭੇਖ ਹੈ) ਕਿਸ ਲਈ ਹਰੀ ਦਾ ਨਿਵਾਸ ਦਵਾਰਿਕਾ ਨਗਰੀ ਵਿਚ ਮੰਨਿਆ ਹੈ ਅਤੇ ਕਿਸ ਲਈ ਪੱਛਮ ਵੱਲ ਭਾਵ ਕਾਬੇ (ਮੱਕੇ) ਵੱਲ ਸੀਸ ਝੁਕਾਉਂਦਾ ਹੈ? (ਗੁਰਮਤਿ ਅਨੁਸਾਰ ਪਰਮਾਤਮਾ ਹਰ ਥਾਂ ਤੇ ਵਿਆਪਕ ਹੈ, ਉਸ ਨੂੰ ਕਿਸੇ ਇੱਕ ਖਾਸ ਥਾਂ 'ਤੇ ਹੀ ਵੱਸਦਾ ਨਹੀਂ ਮੰਨਿਆ ਜਾ ਸਕਦਾ)। ਕੋਈ ਪਸ਼ੂਆਂ ਦੀ ਤਰ੍ਹਾਂ ਬੁੱਤਾਂ ਨੂੰ ਪੂਜ ਰਿਹਾ ਹੈ ਅਤੇ ਕੋਈ ਕਬਰਾਂ ਦੀ ਪੂਜਾ ਕਰ ਰਿਹਾ ਹੈ। ਇਸ ਤਰ੍ਹਾਂ ਸਾਰਾ ਸੰਸਾਰ ਫੋਕੇ ਕਰਮ-ਕਾਂਡਾਂ ਵਿਚ, ਝੂਠੀ ਕਿਰਤ ਵਿਚ ਉਲਝਿਆ ਹੋਇਆ ਹੈ। ਕਿਸੇ ਨੇ ਵੀ ਪਰਮਾਤਮਾ ਦੇ ਅਸਲੀ ਭੇਦ ਨੂੰ ਨਹੀਂ ਸਮਝਿਆ:

ਕਾਹੂੰ ਲੈ ਪਾਹਨ ਪੂਜ ਧਰਿਓ ਸਿਰਿ<br>
ਕਾਹੂੰ ਲੈ ਲਿੰਗੁ ਗਰੇ ਲਟਕਾਇਓ॥<br>
ਕਾਹੂੰ ਲਖਿਓ ਹਰਿ ਅਵਾਚੀ ਦਿਸਾ ਮਹਿ<br>
ਕਾਹੂੰ ਪਛਾਹ ਕੋ ਸੀਸ ਨਿਵਾਇਓ॥<br>
ਕੋਊ ਬੁਤਾਨ ਕੋ ਪੂਜਤ ਹੈ ਪਸੁ<br>
ਕੋਊ ਮ੍ਰਿਤਾਨ ਕੋ ਪੂਜਨ ਧਾਇਓ॥<br>
ਕੂਰ ਕ੍ਰਿਆ ਉਰਝਿਓ ਸਭ ਹੀ ਜਗੁ<br>
ਸ੍ਰੀ ਭਗਵਾਨ ਕੋ ਭੇਦੁ ਨ ਪਾਇਓ॥30॥

## ਸਿਆਣਿਆਂ ਦਾ ਕਿਹਾ

(1) ਸਿੱਖੀ ਦੇ ਸਰਮਾਏਦਾਰ ਦੁਸ਼ਮਣਾਂ ਨੇ ਜ਼ਹਿਰ ਭਿੱਜੀ ਉੱਗਲ ਸ਼ਹਿਦ ਵਿਚ ਡੋਬ ਕੇ ਸਿੱਖ ਬੁੱਧੀਜੀਵੀਆਂ ਦੇ ਮੂੰਹ ਦਿੱਤੀ ਹੋਈ ਹੈ।

(2) ਪੰਜਾਬ ਦੀਆਂ ਸਾਰੀਆਂ ਹੀ ਰਾਜਸੀ ਪਾਰਟੀਆਂ ਪੰਜਾਬ ਉਜਾੜੂ ਹਨ। ਪੰਜਾਬ ਨੂੰ ਲਾਹਨਤ ਬਣ ਕੇ ਚੰਬੜੀਆਂ ਹਨ।

(3) ਚੋਰ ਦੀ ਮਾਂ ਨੂੰ ਮਾਰੋ, ਉਹ ਹੋਰ ਚੋਰ ਨਾ ਜੰਮ ਧਰੇ।

(4) ਨਰੋਆ ਸੋਟਾ ਹੱਥ ਲਏ ਬਿਨਾਂ ਕਾਲੇ ਨਾਗ ਨੂੰ ਨਾ ਛੇੜੋ।

(5) ਰਾਜਨੀਤੀ ਦਾ ਮੋਟਾ ਅਸੂਲ ਹੈ, ਜੇ ਦੁਸ਼ਮਣ ਨੂੰ ਨਹੀਂ ਮਾਰੋਗੇ, ਉਹ ਤੁਹਾਨੂੰ ਮਾਰ ਦੇਵੇਗਾ।

(6) ਪੰਜਾਬ ਅਜੇ ਮਰਿਆ ਨਹੀਂ ਪਰ ਇਸ ਨੂੰ ਮਾਰਿਆ ਜਾ ਰਿਹਾ ਹੈ।

(7) ਰਾਜਨੀਤੀ ਵਿਚ ਜ਼ਬਾਨੀ ਕੌਲ ਕਰਾਰਾਂ ਦੀ ਕੀ ਅਹਿਮੀਅਤ?

(8) ਪੰਜਾਬੀ ਸੂਬੇ ਦੀ ਹੱਦ, ਪੁਰਾਣੀ ਪੰਜਾਬ ਵੰਡ ਅਨੁਸਾਰ ਮਾਰਕੰਡਾ ਦਰਿਆ ਤੱਕ ਜਾਂਦੀ ਸੀ, ਲਿਆ ਮਾਰੀ ਘੱਗਰ ਦਰਿਆ 'ਤੇ।

(9) ਪੰਜਾਬ ਕਾਂਗਰਸ ਕੇਂਦਰ ਦੀ ਚਾਕਰੀ ਹੰਢਾ ਰਹੀ ਹੈ ਅਤੇ ਅਕਾਲੀਆਂ ਨੇ ਭਾਜਪਾ ਦੇ ਗੋਡੇ ਫੜ੍ਹੇ ਹੋਏ ਹਨ।

(10) ਕੌਮੀਅਤ ਅਤੇ ਸਭਿਅਤਾ ਦਾ ਰਿਸ਼ਤਾ ਰੂਹ ਤੇ ਸਰੀਰ ਦੀ ਸਾਂਝ ਦਾ ਹੈ।

(11) ਬ੍ਰਾਹਮਣਵਾਦ ਨੇ ਪੰਜਾਬ ਦਾ ਅਮੀਰ ਵਿਰਸਾ ਚੁਸਤ ਚਲਾਕੀ ਨਾਲ ਲੁੱਟ ਲਿਆ ਹੈ।

(12) ਨਾਸ਼ੁਕਰਾ ਬ੍ਰਾਹਮਣਵਾਦ ਸਾਡੀਆਂ ਲਹੂ ਭਿੱਜੀਆਂ ਹਜਾਰਾਂ ਕੁਰਬਾਨੀਆਂ ਖਾ ਕੇ ਸਾਡਾ ਹੀ ਦੁਸ਼ਮਣ ਬਣ ਬੈਠਾ।

(13) ਸਾਮਰਾਜ ਨੂੰ ਸਿਰ ਅਸਾਂ ਦਿੱਤੇ, ਫਲ ਖਾਧਾ ਬ੍ਰਾਹਮਣਵਾਦ ਨੇ।

(14) ਆਜ਼ਾਦੀ ਹਾਸਲ ਕਰਨ ਲਈ ਪੰਜਾਬ ਲਹੂ ਲੁਹਾਣ ਹੋਇਆ ਅਤੇ ਬ੍ਰਾਹਮਣਵਾਦ ਨੂੰ ਮੁੜ੍ਹਕਾ ਤੱਕ ਨਾ ਆਇਆ।

(15) ਸਭ ਕੁੱਝ ਲੁਟਾ ਕੇ ਹੋਸ਼ ਮੇਂ ਆਏ ਤੋ ਕਿਆ ਆਏ।

(16) ਕਦੇ ਮੁਸਲਮਾਨ ਧਾੜਾਂ ਹਥਿਆਰ ਲੈ ਕੇ ਪੰਜਾਬ ਲੁੱਟ ਲੈਂਦੀਆਂ ਸਨ, ਹੁਣ ਤਾਂ ਸਿੰਘੋ ਬਿਨਾਂ ਹਥਿਆਰ ਪੰਜਾਬ ਉਤੇ ਹਮੇਸ਼ਾਂ ਲਈ ਕਬਜ਼ਾ ਕੀਤਾ ਜਾ ਰਿਹਾ ਹੈ।

(17) ਲੱਸੀ ਲੈਣ ਆਈ ਘਰ ਦੀ ਮਾਲਿਕ ਬਣ ਬੈਠੀ।

(18) ਪੰਜਾਬ ਦੀਆਂ ਸ਼ਾਨਦਾਰ ਕੋਠੀਆਂ ਵਿਚੋਂ ਭਈਆਂ ਦੀਆਂ ਬੀੜੀਆਂ ਦੇ ਧੂੰਏ ਨਿਕਲ ਰਹੇ ਨੇ। ਜੇ ਗੁਰੂ ਗੋਬਿੰਦ ਸਿੰਘ ਦੀ ਔਲਾਦ ਹੋ ਤਾਂ ਉਨ੍ਹਾਂ ਦੀ ਗੈਰਤ ਅਤੇ ਰਾਹ 'ਤੇ ਆਉ।

(19) ਚਲਾਕ ਦੁਸ਼ਮਣ, ਹੁਣ ਤੱਕ ਸਿੱਖ ਲੀਡਰਾਂ ਨੂੰ ਸਾਊ ਢੱਗਿਆਂ ਵਾਂਗ ਪਰਾਣੀ ਦੇ ਜ਼ੋਰ ਵਾਹੁੰਦਾ ਰਿਹਾ ਹੈ ਅਤੇ ਇਹ ਸਾਊ ਅਸੀਲ ਬਣੇ ਉਸ ਦੀ ਅਗਿਆਕਾਰੀ ਵਿਚ ਚਲਦੇ ਰਹੇ ਅਤੇ ਚਲ ਰਹੇ ਹਨ।

(20) ਪੰਜਾਬ ਦੇ ਅਮਲੀ ਡੋਡਿਆਂ, ਅਫੀਮਾਂ ਅਤੇ ਹੋਰ ਮਾਰੂ ਨਸ਼ਿਆਂ ਨਾਲ ਊਂਘ ਰਹੇ ਨੇ। ਪ੍ਰਦੇਸੀ ਸਿੱਖ ਭਰਾ ਸੋਨੇ ਦੀ ਚਮਕ ਵਿਚ ਅਮਲੀ ਹੋਏ ਹੋਣੀ ਦੀ ਮਾਰ ਤੋਂ ਅਵੇਸਲੇ ਬੇਖਬਰ ਹਨ। ਅਮਲੀ ਦੋਵੇਂ ਹਨ। ਇੱਕ ਬੇਕਫਨ ਮਰ ਰਿਹਾ ਹੈ, ਦੂਜਾ ਸੋਨੇ ਦੀ ਚਾਦਰ ਹੇਠ ਦਮ ਤੋੜ ਰਿਹਾ ਹੈ।

(21) ਬਾਰਾਂ ਵਰ੍ਹੇ ਮੀਂਹ ਨਾ ਪਵੇ, ਧਰਤੀ ਤੇ ਤਾਰੀਖ ਦੇ ਬੀਜ ਸੜ ਮਰ ਨਹੀਂ ਜਾਂਦੇ। ਜਦੋਂ ਵੀ ਬਾਰਸ਼ ਆਵੇਗੀ, ਸ਼ਾਨਦਾਰ ਹਰਿਆਵਲ ਫਿਰ ਉਠ ਖਲੋਵੇਗੀ।

(22) ਤੂੰ ਕੌਮ ਦਾ ਲੇਖਕ, ਪਹਿਰੇਦਾਰ ਆਪਾ ਜਲਾ ਕੇ ਸਿੱਖ ਕੌਮ ਦੀ ਗੁਲਾਮੀ ਦਾ ਹਨੇਰਾ ਫੂਕ ਸੁੱਟ।

(23) ਗੁਰੂ ਦੇ ਸਿਦਕ ਨੇ ਕਦੇ ਲਲਕਾਰਿਆ ਸੀ, ਮੇਰਾ ਸਿੱਖ ਸ਼ਹੀਦ ਹੋਵੇਗਾ, ਬੁਜ਼ਦਿਲੀ ਦੀ ਮੌਤ ਨਹੀਂ ਮਰੇਗਾ।

(24) ਬੁਜ਼ਦਿਲੀ ਦੀ ਮਰਨ ਅਤੇ ਕੁੱਤੇ ਦੀ ਮੌਤ ਮਰਨ ਵਿਚ ਕਿੰਨਾ ਕੁ ਫਰਕ ਹੈ?

(25) ਸਿੱਖਾਂ ਨੇ ਇੱਕ ਕੌਮ ਹੋਣ ਦਾ ਫਤਵਾ ਨਹਿਰੂ ਦੇ ਵਿਧਾਨ ਤੋਂ ਨਹੀਂ ਲੈਣਾ।

(26) ਔਰੰਗਜ਼ੇਬ ਹਿੰਦੂ ਮੁਸਲਮਾਨ ਦੋ ਤੋਂ ਜ਼ਬਰਦਸਤੀ ਇੱਕ ਕੌਮ ਕਰਨਾ ਚਾਹੁੰਦਾ ਸੀ। ਪਰ ਗੁਰੂ ਗੋਬਿੰਦ ਸਿੰਘ ਨੇ ਉਸ ਨੂੰ ਅਨੰਦਪੁਰ ਸਾਹਿਬ ਤੋਂ ਲਲਕਾਰਿਆ, ਤੇਰੇ ਜ਼ੁਲਮ ਦੇ ਪ੍ਰਤੀਕਰਮ ਦੇ ਹਾਲਾਤ ਤੋਂ ਤਿੰਨ ਕੌਮਾਂ ਬਣਾਉਣ ਵਾਲੇ ਹਾਂ।

*ਪੇਸ਼ਕਾਰ-ਪਰਮਜੀਤ ਸਿੰਘ ਦਾਖਾ*

ISBN # 978-0-9781624-9-8

# ਗੁਰੂ ਨਾਨਕ ਬੁੱਢੇ ਨਹੀਂ ਸਨ

***ਅਸੀਂ ਗੁਰੂ ਨਾਨਕ ਸਾਹਿਬ ਨੂੰ ਬੁੱਢੇ ਦੇ ਰੂਪ ਵਿਚ ਚਿਤਵ ਕੇ ਅੰਧੀ ਰਯਤਿ ਗਿਆਨ ਵਿਹੂਣੀ ਹੋਣ ਦਾ ਪ੍ਰਮਾਣ ਦੇ ਰਹੇ ਹਾਂ। ਗੁਰੂ ਗੋਬਿੰਦ ਸਿੰਘ ਜੀ ਦੀ ਕੁੱਲ ਉਮਰ 42 ਸਾਲ ਦੀ ਹੋਈ ਹੈ। ਸਾਡੇ ਮਨਾਂ ਵਿਚ ਉਨ੍ਹਾਂ ਦਾ ਤਸੱਵਰ ਨੌਜਵਾਨ ਸੂਰਬੀਰ ਵਾਲਾ ਹੈ। ਇਹ ਉਨ੍ਹਾਂ ਦੀ ਕੁਰਬਾਨੀ ਦੇ ਨਾਲ ਨਾਲ ਨੌਜਵਾਨੀ ਦੀ ਸ਼ਕਤੀ ਹੈ ਕਿ ਉਨ੍ਹਾਂ ਦੁਆਰਾ ਬਖਸ਼ੇ ਗਏ ਸਰੂਪ ਦੀ ਚਰਚਾ ਹੁੰਦੀ ਹੈ। ਇਸ ਸਰੂਪ ਦੇ ਧਾਰਨੀ ਗੌਰਵ ਮਹਿਸੂਸ ਕਰਦੇ ਹਨ। ਇਸ ਸਰੂਪ ਨੂੰ ਢਾਹ ਲੱਗਣ ਨੂੰ ਹੀ ਸਿੱਖੀ ਨੂੰ ਵੱਡਾ ਖਤਰਾ ਮੰਨਿਆਂ ਜਾਣ ਲੱਗਿਆ ਹੈ। ਨਤੀਜੇ ਵਜੋਂ 'ਪੰਥ ਦਰਦੀ' ਪਤਿਤਪੁਣੇ ਨੂੰ ਠੱਲ੍ਹਣ ਦੀਆਂ ਵਿਉਂਤਾਂ ਘੜਦੇ ਹਨ ਅਤੇ ਪ੍ਰਚਾਰ ਲਈ ਪੈਸਾ ਖਰਚਿਆ ਜਾਂਦਾ ਹੈ ਪਰ ਸਿੱਖੀ ਦੇ ਮੁੱਢਲੇ ਸਿਧਾਂਤਕਾਰ ਗੁਰੂ ਨਾਨਕ ਨੇ ਜਿਸ ਤਰ੍ਹਾਂ ਦੇ ਆਚਾਰ ਅਤੇ ਵਿਹਾਰ ਨੂੰ ਸੁਚੱਜੇ ਜੀਵਨ ਦੀਆਂ ਜ਼ਰੂਰੀ ਸ਼ਰਤਾਂ ਵਜੋਂ ਨਿਰਧਾਰਤ ਕਰਕੇ ਪ੍ਰਚਾਰਿਆ, ਉਨ੍ਹਾਂ ਦੇ ਛਿਪਨ ਹੋਣ 'ਤੇ ਕੋਈ ਹਾਲ ਪਾਰਿਆ ਨਹੀਂ ਹੋ ਰਹੀ। ਹੁਣ ਜਦ ਅਸੀਂ ਬੁਢਾਪੇ ਨੂੰ ਸੂਝ, ਸਿਆਣਪ, ਗਿਆਨ ਅਤੇ ਵਡੱਪਣ ਦੀ ਬਜਾਏ ਬੇਵਸੀ, ਕਮਜ਼ੋਰੀ ਅਤੇ ਅਪ੍ਰਸੰਗਿਤਾ ਨਾਲ ਸਬੰਧਤ ਕਰ ਲਿਆ ਹੈ ਤਾਂ ਲੋੜ ਹੈ ਕਿ ਨੁਕਰੇ ਲੱਗੇ ਬਿਰਧ ਨਾਨਕ ਦੀ ਬਜਾਏ ਗੱਭਰੂ ਨਾਨਕ ਨੂੰ ਕੇਂਦਰ ਵਿਚ ਲਿਆਈਏ।***

ਘਰਾਂ ਵਿਚ ਬੁੱਢਿਆਂ ਦੀ ਵੁੱਕਤ ਨਹੀਂ ਹੁੰਦੀ। ਆਮ ਤੌਰ 'ਤੇ ਇਹ ਘਰਾਂ ਦੀਆਂ ਨੁੱਕਰਾਂ ਵਿਚ ਪਏ ਹੁੰਦੇ ਹਨ। ਵਡੇਰੀ ਉਮਰ ਕਾਰਨ ਉਨ੍ਹਾਂ ਦਾ ਸਤਿਕਾਰ ਤਾਂ ਹੋ ਸਕਦਾ ਹੈ ਪਰ ਉਨ੍ਹਾਂ ਦੀਆਂ ਗੱਲਾਂ ਨੂੰ ਸਮੇਂ ਦੇ ਹਾਣ ਦੀਆਂ ਨਹੀਂ ਸਮਝਿਆ ਜਾਂਦਾ। ਉਨ੍ਹਾਂ ਦੇ ਵਿਚਾਰਾਂ ਜਾਂ ਸਿਧਾਂਤਾਂ ਦੀ ਕੋਈ ਅਹਿਮੀਅਤ ਨਹੀਂ ਮੰਨੀ ਜਾਂਦੀ। ਉਨ੍ਹਾਂ ਦੀ ਅਸੀਸ ਅਤੇ ਆਸ਼ੀਰਵਾਦ ਤਾਂ ਸੁਹਾਵਣੇ ਲੱਗਦੇ ਹਨ, ਪਰ ਕਾਰ-ਵਿਹਾਰ ਵਿਚ ਉਨ੍ਹਾਂ ਦਾ ਦਖ਼ਲ ਚੁੱਭਦਾ ਹੈ। ਉਨ੍ਹਾਂ ਦਾ ਨਾਮ ਪਰਿਵਾਰ ਦੀ ਪਛਾਣ ਲਈ ਵਰਤਿਆ ਜਾਂਦਾ ਹੈ



ਜਸਵੰਤ ਜ਼ਫਰ

ਪਰ ਉਨ੍ਹਾਂ ਦੀ ਹਸਤੀ ਪਰਿਵਾਰ ਦੀ ਸਮੁੱਚੀ ਸਰਗਰਮੀ ਦਾ ਕੇਂਦਰੀ ਧੁਰਾ ਨਹੀਂ ਹੁੰਦੀ। ਪਰਿਵਾਰਾਂ ਦੇ ਜੀਅ ਆਪਣੇ ਬਜ਼ੁਰਗਾਂ ਦੇ ਵਾਰਿਸ ਹੋਣ 'ਤੇ ਮਾਣ ਤਾਂ ਕਰਦੇ ਹਨ ਪਰ ਉਨ੍ਹਾਂ ਦੇ ਅਸੂਲਾਂ ਦੇ ਧਾਰਨੀ ਹੋਣ ਦਾ ਸਿਦਕ ਘੱਟ ਹੀ ਪਾਲਦੇ ਹਨ। ਇਸ ਵਿਚ ਕਿਸੇ ਦਾ ਕਸੂਰ ਨਹੀਂ, ਸਗੋਂ ਇਹ ਤਾਂ ਬੁਢਾਪੇ ਨਾਲ ਜੁੜਿਆ ਅੱਜ ਕੱਲ੍ਹ ਦਾ ਸੁਭਾਵਿਕ ਸੱਚ ਹੈ।

ਗੁਰੂ ਨਾਨਕ ਵਲੋਂ ਮਨੁੱਖਾਂ ਲਈ ਨਿਰਧਾਰਤ ਕੀਤੇ ਗਏ ਆਚਾਰ ਵਿਹਾਰ ਦੇ ਸਿਧਾਂਤਾਂ ਪ੍ਰਤੀ ਸਾਡੇ ਰਵੱਈਏ ਕਾਰਨ ਇਹ ਲਾਜ਼ਮੀ ਹੋ ਗਿਆ ਕਿ ਗੁਰੂ ਨਾਨਕ ਨੂੰ ਬਿਰਧ ਬਾਬੇ ਵਾਂਗ ਹੀ ਚਿਤਵਿਆ ਜਾਏ। ਜਿਸ ਦੀ ਸ਼ਰਧਾ ਸਹਿਤ ਪੂਜਾ ਕਰ ਸਕਦੇ ਹੋਈਏ, ਧੂਫ ਬੱਤੀ ਕਰ ਸਕਦੇ ਹੋਈਏ, ਮੱਥੇ ਟੇਕ ਸਕਦੇ ਹੋਈਏ ਪਰ ਆਖੇ ਨਾ ਲੱਗ ਸਕਦੇ ਹੋਈਏ, ਉਸ ਨੂੰ ਬਿਰਧ ਰੂਪ ਵਿਚ ਚਿਤਵਣ ਨਾਲ ਮਾਨਸਿਕ ਸਹੂਲਤ ਰਹਿੰਦੀ ਹੈ। ਆਪਣੇ ਜੀਵਨ ਨੂੰ ਗੁਰੂ ਦੇ ਉਪਦੇਸ਼ ਅਨੁਸਾਰ ਢਾਲਣ ਦੀ ਬਜਾਏ ਅਸੀਂ ਗੁਰੂ ਦੀ ਦਿੱਖ ਨੂੰ ਆਪਣੀ ਮਾਨਸਿਕਤਾ ਦੇ ਅਨੁਸਾਰ ਚਿੱਤਰ ਲਿਆ।

ਗੁਰੂ ਨਾਨਕ ਸਾਹਿਬ 1469 ਈ. ਤੋਂ ਲੈ ਕੇ 1539 ਈ. ਤੱਕ ਸੰਸਾਰ ਵਿਚ ਸਰੀਰਕ ਤੌਰ 'ਤੇ ਵਿਚਰੇ ਹਨ। ਉਨ੍ਹਾਂ ਦੀ ਕੁਲ ਆਯੂ 69 ਤੋਂ 70 ਸਾਲ ਦੇ ਦਰਮਿਆਨ ਹੋਈ ਹੈ। ਇਸ ਦੇ ਬਾਵਜੂਦ ਘਰ ਘਰ ਲੱਗੀਆਂ ਤਸਵੀਰਾਂ ਵਿਚ ਉਨ੍ਹਾਂ ਦੀ ਉਮਰ 80 ਸਾਲ ਜਾਂ ਇਸ ਤੋਂ ਵੱਧ ਜਾਪਦੀ ਹੈ। ਇਹ ਗੱਲ ਇਕੱਲੀ ਪੋਰਟਰੇਟ ਚਿੱਤਰਾਂ ਦੀ ਹੀ ਨਹੀਂ ਸਗੋਂ ਉਨ੍ਹਾਂ ਦੇ ਜੀਵਨ ਨਾਲ ਸਬੰਧਤ ਘਟਨਾਵਾਂ (ਸਾਖੀਆਂ) ਨੂੰ ਦਰਸਾਉਂਦੇ ਚਿੱਤਰਾਂ ਵਿਚ ਵੀ ਇਸੇ ਤਰ੍ਹਾਂ ਹੈ। ਛਪੀ ਹੋਈ ਅਜਿਹੀ ਤਸਵੀਰ ਵੀ ਦੇਖੀ ਹੈ ਜਿਸ ਵਿਚ ਬਜ਼ੁਰਗ ਗੁਰੂ ਨਾਨਕ ਵੇਈਂ ਨਦੀ ਵਿਚ ਚੁੱਭੀ ਮਾਰਨ ਮਗਰੋਂ ਨਦੀ ਵਿਚ ਖੜ੍ਹੇ ਮੂਲ ਮੰਤਰ ਦਾ ਉਚਾਰਨ ਕਰਦੇ ਦਿਖਾਏ ਗਏ ਹਨ। ਇਹ ਕਿੰਨਾ ਵੱਡਾ ਜ਼ੁਲਮ ਤੇ ਬੇਅਦਬੀ ਹੈ। ਵੇਈਂ ਵਿਚ ਚੁੱਭੀ ਮਾਰਨ ਵਾਲੀ ਘਟਨਾ ਸਮੇਂ ਉਨ੍ਹਾਂ ਦੀ ਉਮਰ 18 ਤੋਂ 20 ਸਾਲ ਦੇ ਦਰਮਿਆਨ ਸੀ। ਅਜਿਹੇ ਚਿੱਤਰ ਉਨ੍ਹਾਂ ਅਸ਼ਲੀਲ ਫਿਲਮਾਂ ਜਾਂ ਗੀਤਾਂ ਦੇ ਵੀਡੀਓ ਵਾਂਗ ਹਨ ਜਿਨ੍ਹਾਂ ਦੇ ਨਿਰਮਾਤਾ ਕਹਿੰਦੇ ਹਨ ਕਿ ਉਨ੍ਹਾਂ ਨੇ ਲੋਕਾਂ ਦੀ ਮੰਗ ਨੂੰ ਧਿਆਨ ਵਿਚ ਰੱਖਦੇ ਹੋਏ ਇਨ੍ਹਾਂ ਦਾ ਨਿਰਮਾਣ ਕੀਤਾ ਹੈ।

ਗੁਰੂ ਨਾਨਕ ਦੇਵ ਜੀ ਨੇ ਪਹਿਲੀ ਉਦਾਸੀ (ਲੰਮੀ ਯਾਤਰਾ) 28 ਸਾਲ ਦੀ ਉਮਰ ਵਿਚ 1497 ਈ. ਨੂੰ ਅਰੰਭ ਕੀਤੀ ਜੋ 40 ਸਾਲ ਦੀ ਉਮਰ ਵਿਚ 1509 ਈ. ਵਿਚ ਸਮਾਪਤ ਹੋਈ। ਇਸ ਉਦਾਸੀ ਦੌਰਾਨ ਆਪ ਨੇ ਹਿੰਦੂ ਧਰਮ ਦੇ ਮੁੱਖ ਧਾਰਮਿਕ ਸਥਾਨਾਂ 'ਤੇ ਉਚੇਚੇ ਪਹੁੰਚ ਕੇ ਨਿਰਾਰਥਕ ਰੀਤਾਂ, ਰਸਮਾਂ, ਮਨੌਤਾਂ, ਮਰਿਆਦਾਵਾਂ ਅਤੇ ਵਹਿਮਾਂ-ਭਰਮਾਂ ਦਾ ਖੰਡਨ ਕੀਤਾ। ਇਸ ਉਦਾਸੀ ਦੌਰਾਨ ਉਨ੍ਹਾਂ ਦੇ ਮੁੱਖ ਪੜਾਅ ਕੁਰੂਕਸ਼ੇਤਰ, ਹਰਿਦੁਆਰ, ਦਿੱਲੀ, ਮਥਰਾ, ਬਿੰਦਰਾਬਨ, ਅਯੁੱਧਿਆ, ਬਨਾਰਸ, ਗਯਾ, ਢਾਕਾ, ਕਲਕੱਤਾ, ਜਗਨ ਨਾਥ ਪੁਰੀ ਆਦਿ ਸਨ। ਕੁਰਕਸ਼ੇਤਰ ਵਿਖੇ ਵੈਸ਼ਨਵ ਪੰਡਤਾਂ ਦੁਆਰ ਮਾਸ ਖਾਣ ਬਾਰੇ ਛੇੜੀ ਚਰਚਾ ਦਾ ਉਤਰ ਦਿੰਦਿਆਂ ਆਪ ਨੇ ਕਿਹਾ,

ਮਾਸੁ ਮਾਸੁ ਕਰਿ ਮੂਰਖੁ ਝਗੜੇ
ਗਿਆਨੁ ਧਿਆਨੁ ਨਹੀ ਜਾਣੈ॥
ਕਉਣੁ ਮਾਸੁ ਕਉਣੁ ਸਾਗੁ ਕਹਾਵੈ
ਕਿਸੁ ਮਹਿ ਪਾਪ ਸਮਾਣੇ॥
ਗੈਂਡਾ ਮਾਰਿ ਹੋਮ ਜਗ ਕੀਏ
ਦੇਵਤਿਆ ਕੀ ਬਾਣੇ॥
ਮਾਸੁ ਛੋਡਿ ਬੈਸਿ ਨਕੁ ਪਕੜਹਿ
ਰਾਤੀ ਮਾਣਸ ਖਾਣੇ॥

ਇਸ ਮਗਰੋਂ ਪਿਤਰ ਪੂਜਾ ਲਈ ਪ੍ਰਸਿੱਧ ਤੀਰਥ ਹਰਿਦੁਆਰ ਵਿਖੇ ਪਹੁੰਚ ਕੇ ਆਪ ਨੇ ਪਿਤਰ ਪੂਜਾ ਸਬੰਧੀ ਪਾਂਡਿਆਂ ਦੁਆਰਾ ਫੈਲਾਏ ਭਰਮ ਜਾਲ ਪ੍ਰਤੀ ਵਿਅੰਗਾਤਮਕ ਅਤੇ ਪ੍ਰਭਾਵਸ਼ਾਲੀ ਟਿੱਪਣੀਆਂ ਕੀਤੀਆਂ:

ਜੇ ਮੋਹਾਕਾ ਘਰੁ ਮੁਹੈ
ਘਰੁ ਮੁਹਿ ਪਿਤਰੀ ਦੇਇ॥
ਅਗੈ ਵਸਤੁ ਸਿਞਾਣੀਐ
ਪਿਤਰੀ ਚੋਰ ਕਰੇਇ॥
ਵਢੀਅਹਿ ਹਥ ਦਲਾਲ ਕੇ
ਮੁਸਫੀ ਏਹ ਕਰੇਇ॥
ਨਾਨਕ ਅਗੈ ਸੋ ਮਿਲੈ
ਜਿ ਖਟੇ ਘਾਲੇ ਦੇਇ॥

ਸਾਖੀ ਹੈ ਕਿ ਗੁਰੂ ਜੀ ਨੇ ਲੋਕਾਂ ਦੇ ਚੜ੍ਹਦੀ ਵੱਲ ਨੂੰ ਮੂੰਹ ਕਰਕੇ ਪਿਤਰਾਂ ਤੱਕ ਪਾਣੀ ਪਹੁੰਚਾਉਣ ਦੀ ਪ੍ਰਕਿਰਿਆ ਦਾ ਮਖੌਲ ਉਡਾਉਂਦਿਆਂ ਲਹਿੰਦੇ ਵੱਲ ਪੰਜਾਬ ਵਿਚ ਆਪਣੇ ਖੇਤਾਂ ਨੂੰ ਪਾਣੀ ਪਹੁੰਚਾਉਣ ਦਾ ਨਾਟਕ ਕੀਤਾ। ਇਸ ਘਟਨਾ ਨੂੰ ਦਰਸਾਉਣ ਵਾਲੇ ਬਹੁਤੇ ਚਿੱਤਰਾਂ ਵਿਚ ਗੁਰੂ ਨਾਨਕ ਸਾਹਿਬ ਨੂੰ ਚਿੱਟੀ ਦਾੜ੍ਹੀ ਵਾਲੇ ਬਜ਼ੁਰਗ ਵਜੋਂ ਦਰਸਾਇਆ ਗਿਆ ਹੈ, ਜਦ ਕਿ ਉਸ ਸਮੇਂ ਉਨ੍ਹਾਂ ਦੀ ਉਮਰ 28-29 ਸਾਲ ਦੀ ਸੀ।

ਇਸ ਪਿੱਛੋਂ ਉਨ੍ਹਾਂ ਦੀ ਹਿੰਦੂ ਧਰਮ ਦੇ ਕਰਮ ਕਾਂਡਾਂ ਦੇ ਕੇਂਦਰੀ ਸਥਾਨ ਕਾਸ਼ੀ (ਬਨਾਰਸ, ਹੁਣ ਵਾਰਾਣਸੀ) ਵਿਖੇ ਪੰਡਤ ਚਤੁਰ ਦਾਸ ਨਾਲ ਚਰਚਾ ਹੋਈ। ਚਤੁਰ ਦਾਸ ਨੇ ਕਿਹਾ, ਹੇ ਨਾਨਕ, ਤੇਰੇ ਪਾਸ ਸਾਲਗ੍ਰਾਮ ਨਹੀਂ, ਤੁਲਸੀ ਦੀ ਮਾਲਾ ਨਹੀਂ, ਸਿਮਰਣੀ ਨਹੀਂ, ਜਨੇਊ ਨਹੀਂ ਅਤੇ ਮੱਥੇ ਚੰਦਨ ਦਾ ਟਿੱਕਾ ਵੀ ਨਹੀਂ। ਕਿਵੇਂ ਮੰਨਿਆਂ ਜਾਏ ਕਿ ਤੂੰ ਰੱਬ ਦਾ ਭਗਤ ਹੈਂ? ਗੁਰੂ ਨਾਨਕ ਦੇ ਉਤਰ ਸਨ:

ਸਾਲ ਗ੍ਰਾਮ ਬਿਪ ਪੂਜਿ ਮਨਾਵਹੁ
ਸੁਕ੍ਰਿਤੁ ਤੁਲਸੀ ਮਾਲਾ॥
ਰਾਮ ਨਾਮੁ ਜਪਿ ਬੇੜਾ ਬਾਂਧਹੁ
ਦਇਆ ਕਰਹੁ ਦਇਆਲਾ॥
ਕਾਇਆ ਬ੍ਰਹਮਾ ਮਨੁ ਹੈ ਧੋਤੀ॥
ਗਿਆਨੁ ਜਨੇਊ ਧਿਆਨੁ ਕੁਸਪਾਤੀ॥
ਹਰਿ ਨਾਮਾ ਜਸੁ ਜਾਚਉ ਨਾਉ॥
ਗੁਰ ਪਰਸਾਦੀ ਬ੍ਰਹਮਿ ਸਮਾਉ॥
ਪਾਂਡੇ ਐਸਾ ਬ੍ਰਹਮ ਬੀਚਾਰੁ॥
ਨਾਮੇ ਸੁਚਿ ਨਾਮੋ ਪੜਉ
ਨਾਮੇ ਚਜੁ ਆਚਾਰੁ॥

ਕਾਸ਼ੀ ਦੇ ਪੰਡਿਆਂ ਦੇ ਸਵਾਲਾਂ ਨੂੰ ਧਿਆਨ ਵਿਚ ਰੱਖਦੇ ਹੋਏ ਇਥੇ ਹੀ ਆਪ ਨੇ 'ਦੱਖਣੀ ਓਅੰਕਾਰ' ਨਾਂ ਦੀ ਲੰਮੀ ਬਾਣੀ ਦੀ ਰਚਨਾ ਕੀਤੀ। ਇਸ ਬਾਣੀ ਦੀਆਂ 54 ਪਉੜੀਆਂ ਹਨ।

ਗੁਰੂ ਜੀ ਬਨਾਰਸ ਤੋਂ ਗਯਾ ਪਹੁੰਚੇ। ਗਯਾ ਵਿਖੇ ਪਾਂਡਿਆਂ ਨੇ ਆਪ ਨੂੰ ਪਿਤਰਾਂ ਦੀ ਮੁਕਤੀ ਲਈ ਪਿੰਡ ਭਰਾਉਣ ਅਤੇ ਦੀਵੇ ਬਾਲਣ ਦੀ ਪ੍ਰੇਰਨਾ ਕੀਤੀ। ਆਪ ਨੇ ਪ੍ਰੇਮ ਅਤੇ ਦਲੀਲ ਨਾਲ ਇਸ ਵਹਿਮ ਦਾ ਖੰਡਨ ਕੀਤਾ:

ਦੀਵਾ ਮੇਰਾ ਏਕੁ ਨਾਮੁ
ਦੁਖੁ ਵਿਚਿ ਪਾਇਆ ਤੇਲੁ॥
ਉਨਿ ਚਾਨਣਿ ਓਹੁ ਸੋਖਿਆ
ਚੂਕਾ ਜਮ ਸਿਉ ਮੇਲੁ॥
ਲੋਕਾ ਮਤ ਕੋ ਫਕੜਿ ਪਾਇ॥
ਲਖ ਮੜਿਆ ਕਰਿ ਏਕਠੇ
ਏਕ ਰਤੀ ਲੇ ਭਾਹਿ॥ਰਹਾਉ॥
ਪਿੰਡੁ ਪਤਲਿ ਮੇਰੀ ਕੇਸਉ
ਕਿਰਿਆ ਸਚੁ ਨਾਮੁ ਕਰਤਾਰੁ॥
ਐਥੈ ਓਥੈ ਆਗੈ ਪਾਛੈ
ਏਹੁ ਮੇਰਾ ਆਧਾਰੁ॥
ਗੰਗ ਬਨਾਰਸਿ ਸਿਫਤਿ ਤੁਮਾਰੀ
ਨਾਵੈ ਆਤਮ ਰਾਉ॥
ਸਚਾ ਨਾਵਣੁ ਤਾ ਥੀਐ
ਜਾ ਅਹਿਨਿਸਿ ਲਾਗੈ ਭਾਉ॥



***ਗੁਰੂ ਨਾਨਕ ਜੀ ਦਾ ਇਹ ਚਿੱਤਰ ਸੱਚੇ ਸੌਦੇ ਦਾ ਦ੍ਰਿਸ਼ ਪੇਸ਼ ਕਰ ਰਿਹਾ ਹੈ। ਇਸ ਦੁਰਲੱਭ ਚਿੱਤਰ ਵਿਚ ਗੁਰੂ ਨਾਨਕ ਨੂੰ ਨੌਜਵਾਨ ਚਿਤਰਿਆ ਗਿਆ ਹੈ।***

ਇਕ ਲੋਕੀ ਹੋਰੁ ਛਮਿਛਰੀ
ਬ੍ਰਾਹਮਣੁ ਵਟਿ ਪਿੰਡੁ ਖਾਇ॥
ਨਾਨਕ ਪਿੰਡੁ ਬਖਸੀਸ ਕਾ
ਕਬਹੂੰ ਨਿਖੂਟਸਿ ਨਾਹਿ॥

ਬਿੰਦਰਾਬਨ, ਬਨਾਰਸ, ਅਤੇ ਗਯਾ ਦੇ ਪੰਡਿਆਂ ਨੂੰ ਧਰਮ ਦਾ ਸੱਚਾ ਮਾਰਗ ਸਮਝਾਉਣ ਵਾਲੇ ਗੁਰੂ ਨਾਨਕ ਕੋਈ ਬਿਰਧ ਬਾਬੇ ਨਹੀਂ ਸਗੋਂ 35 ਸਾਲ ਤੋਂ ਘੱਟ ਉਮਰ ਦੇ ਗੱਭਰੂ ਸਨ ਜੋ ਗਯਾ ਤੋਂ ਬਾਅਦ ਢਾਕਾ, ਚਿਟਾਗਾਂਗ, ਆਸਾਮ ਤੇ ਬਰਮਾ ਵਲੋਂ ਚੱਕਰ ਕੱਢ ਕੇ ਜਗਨਨਾਥ ਪੁਰੀ ਪਹੁੰਚੇ। ਜਗਨਨਾਥ ਪੁਰੀ ਵਿਖੇ ਵਿਸ਼ਨੂੰ ਦੀ ਮੂਰਤੀ ਦੀ ਪੂਜਾ ਹੁੰਦੀ ਸੀ। ਪੁਜਾਰੀਆਂ ਨੇ ਮੂਰਤੀ ਨੂੰ ਚੌਰ ਕਰਦਿਆਂ ਸਾਹਮਣੇ ਥਾਲੀ ਵਿਚ ਦੀਵੇ ਬਾਲ ਕੇ, ਧੂਫ਼, ਪੁਸ਼ਪ ਆਦਿ ਸੁਗੰਧੀ ਵਾਲੀਆਂ ਵਸਤਾਂ ਸਹਿਤ ਆਰਤੀ ਉਤਾਰੀ। ਗੁਰੂ ਨਾਨਕ ਦੇ ਇਸ ਰਸਮ ਵਿਚ ਸ਼ਾਮਲ ਨਾ ਹੋਣ 'ਤੇ ਪੁਜਾਰੀਆਂ ਨੇ ਬਹੁਤ ਬੁਰਾ ਮਨਾਇਆ। ਉਸ ਸਮੇਂ ਆਪ ਨੇ ਸਰਬ ਵਿਆਪਕ ਈਸ਼ਵਰ ਦੀ ਸਮੁੱਚੀ ਕੁਦਰਤ ਰਾਹੀਂ ਲਗਾਤਾਰ ਹੋ ਰਹੀ ਵਿਸ਼ਾਲ ਬ੍ਰਹਿਮੰਡੀ ਆਰਤੀ ਦਾ ਕਾਵਿ-ਚਿਤਰ ਪੇਸ਼ ਕੀਤਾ:

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ
ਤਾਰਿਕਾ ਮੰਡਲ ਜਨਕ ਮੋਤੀ॥
ਧੂਪੁ ਮਲਆਨਲੋ ਪਵਣੁ ਚਵਰੋ ਕਰੇ
ਸਗਲ ਬਨਰਾਇ ਫੂਲੰਤ ਜੋਤੀ॥
ਕੈਸੀ ਆਰਤੀ ਹੋਇ॥
ਭਵ ਖੰਡਨਾ ਤੇਰੀ ਆਰਤੀ॥
ਅਨਹਤਾ ਸਬਦ ਵਾਜੰਤ ਭੇਰੀ॥ਰਹਾਉ॥
ਸਹਸ ਤਵ ਨੈਨ ਨਨ ਨੈਨ ਹਹਿ
ਤੋਹਿ ਕਉ ਸਹਸ ਮੂਰਤਿ ਨਨਾ ਏਕ ਤੋਹੀ॥
ਸਹਸ ਪਦ ਬਿਮਲ
ਨਨ ਏਕ ਪਦ ਗੰਧ ਬਿਨੁ
ਸਹਸ ਤਵ ਗੰਧ ਇਵ ਚਲਤ ਮੋਹੀ॥
ਸਭ ਮਹਿ ਜੋਤਿ ਜੋਤਿ ਹੈ ਸੋਇ॥
ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥
ਗੁਰ ਸਾਖੀ ਜੋਤਿ ਪਰਗਟੁ ਹੋਇ॥
ਜੋ ਤਿਸੁ ਭਾਵੈ ਸੁ ਆਰਤੀ ਹੋਇ॥
ਹਰਿ ਚਰਣ ਕਵਲ ਮਕਰੰਦ ਲੋਭਿਤ ਮਨੋ
ਅਨਦਿਨੋੁ ਮੋਹਿ ਆਹੀ ਪਿਆਸਾ॥
ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ
ਹੋਇ ਜਾ ਤੇ ਤੇਰੈ ਨਾਇ ਵਾਸਾ॥

ਇਸ ਘਟਨਾ ਸਮੇਂ ਗੁਰੂ ਜੀ ਦੀ ਉਮਰ 36-37 ਸਾਲ ਸੀ ਪਰ ਇਸ ਘਟਨਾ ਨਾਲ ਸਬੰਧਤ ਬਹੁਤੇ ਚਿਤਰਾਂ ਵਿਚ ਉਨ੍ਹਾਂ ਨੂੰ ਬਿਰਧ ਰੂਪ ਵਿਚ ਦਰਸਾਇਆ ਗਿਆ ਹੈ।

ਦੂਜੀ ਉਦਾਸੀ 41 ਸਾਲ ਦੀ ਉਮਰ ਵਿਚ 1510 ਈ. ਨੂੰ ਅਰੰਭ ਅਤੇ 46 ਸਾਲ ਦੀ ਉਮਰ ਵਿਚ 1515 ਈ. ਨੂੰ ਸਮਾਪਤ ਹੋਈ। ਦੱਖਣ ਦਿਸ਼ਾ ਦੀ ਇਸ ਉਦਾਸੀ ਦੌਰਾਨ ਜਾਣ ਸਮੇਂ ਸਰਸਾ, ਬੀਕਾਨੇਰ, ਅਜਮੇਰ, ਇੰਦੌਰ, ਉਜੈਨ, ਬਿਦਰ, ਹੈਦਰਾਬਾਦ, ਮਦਰਾਸ, ਪਾਂਡੀਚਰੀ ਅਤੇ ਲੰਕਾ ਮੁੱਖ ਟਿਕਾਣੇ ਸਨ। ਵਾਪਸੀ ਸਮੇਂ ਸੋਮਨਾਥ, ਦੁਆਰਕਾ, ਕੱਛ, ਮਾਂਡਵੀ ਅਤੇ ਬਹਾਵਲਪੁਰ ਮੁੱਖ ਪੜਾਅ ਸਨ। ਇਹ ਉਦਾਸੀ ਜੈਨ ਅਤੇ ਬੁੱਧ ਧਰਮ ਦੇ ਸਥਾਨਾਂ ਦੀ ਉਦਾਸੀ ਕਰਕੇ ਜਾਣੀ ਜਾਂਦੀ ਹੈ। ਸਰੋਹੀ ਅਤੇ ਮਾਊਂਟ ਆਬੂ ਦੇ ਸਥਾਨਾਂ 'ਤੇ ਬਹੁਤ ਸਾਰੇ ਜੈਨ ਸਾਧੂ ਮੱਠਾਂ ਵਿਚ ਰਹਿੰਦੇ ਸਨ। ਇਥੇ ਅਨੁਭੀ ਨਾਂ ਦੇ ਜੈਨ ਮੁਖੀ ਨਾਲ ਆਪ ਦੀ ਚਰਚਾ ਹੋਈ। ਗੁਰੂ ਜੀ ਨੇ ਜੈਨ ਧਰਮ ਦੀਆਂ ਨਿਰਾਰਥਕ ਰਸਮਾਂ ਦਾ ਖੰਡਨ ਕੀਤਾ ਜੋ ਮਨੁੱਖ ਨੂੰ ਸੁਚੱਜੇ ਦੀ ਬਜਾਏ ਕੁਚੀਲ ਬਣਾਉਂਦੀਆਂ ਹਨ:

ਸਿਰੁ ਖੋਹਾਇ ਪੀਅਹਿ ਮਲਵਾਣੀ
ਜੂਠਾ ਮੰਗਿ ਮੰਗਿ ਖਾਹੀ॥
ਫੋਲਿ ਫਦੀਹਤਿ ਮੁਹਿ ਲੈਨਿ ਭੜਾਸਾ
ਪਾਣੀ ਦੇਖਿ ਸਗਾਹੀ॥
ਭੇਡਾ ਵਾਗੀ ਸਿਰੁ ਖੋਹਾਇਨਿ
ਭਰੀਅਨਿ ਹਥ ਸੁਆਹੀ॥
ਮਾਊ ਪੀਊ ਕਿਰਤੁ ਗਵਾਇਨਿ
ਟਬਰ ਰੋਵਨਿ ਧਾਹੀ॥

ਬ੍ਰਾਹਮਣ ਮੱਤ ਦੇ ਦਬਦਬੇ ਕਾਰਨ ਬੁੱਧ ਧਰਮ ਭਾਰਤ ਵਿਚੋਂ ਨਿਕਲ ਕੇ ਚੀਨ, ਜਪਾਨ, ਬਰਮਾ ਅਤੇ ਲੰਕਾ ਵਿਚ ਫੈਲ ਚੁੱਕਾ ਸੀ। ਇਸ ਉਦਾਸੀ ਦੌਰਾਨ ਆਪ ਉਚੇਚੇ ਤੌਰ 'ਤੇ ਬੁੱਧ ਧਰਮ ਦੇ ਮੁੱਖ ਕੇਂਦਰ ਲੰਕਾ ਵਿਚ ਗਏ। ਬੁੱਧ ਧਰਮ ਸ਼ੁਭ ਕਰਮਾਂ 'ਤੇ ਜ਼ੋਰ ਦਿੰਦਾ ਹੈ। 'ਅਸ਼ਟਾਂਗ ਮਾਰਗ' ਭਾਵ ਅੱਠ ਵਿਸ਼ੇਸ਼ ਕਰਮਾਂ ਦਾ ਪਾਲਣ ਨਿਰਵਾਣ ਦੀ ਪ੍ਰਾਪਤੀ ਲਈ ਜ਼ਰੂਰੀ ਮੰਨਿਆ ਗਿਆ ਹੈ ਪਰ ਬੋਧੀ ਲੋਕ ਈਸ਼ਵਰ ਦੀ ਹਸਤੀ ਅਤੇ ਹੋਂਦ ਤੋਂ ਇਨਕਾਰੀ ਹਨ। ਉਨ੍ਹਾਂ ਮੁਤਾਬਕ ਤੱਤਾਂ ਦੇ ਮਿਲਾਪ ਨਾਲ ਸ੍ਰਿਸ਼ਟੀ ਹੋਂਦ ਵਿਚ ਆਉਂਦੀ ਹੈ ਅਤੇ ਇਨ੍ਹਾਂ ਤੱਤਾਂ ਦੇ ਨਿਖੇੜ ਨਾਲ ਨਸ਼ਟ ਹੋ ਜਾਂਦੀ ਹੈ। ਗੁਰੂ ਸਾਹਿਬ ਨੇ ਬੋਧ-ਅਚਾਰੀਆਂ ਨਾਲ ਸੰਵਾਦ ਰਚਾਉਂਦਿਆਂ ਸਾਰੇ ਤੱਤਾਂ ਨੂੰ ਇਕ ਹੁਕਮ ਅਤੇ ਨੇਮ ਵਿਚ ਬੱਝੇ ਹੋਏ ਐਲਾਨਿਆ। ਤੱਤਾਂ ਦੀ ਇਸ ਅਧੀਨਤਾ ਦੇ ਆਧਾਰ 'ਤੇ ਉਨ੍ਹਾਂ 'ਨਿਰਭਉ ਪ੍ਰਭੂ' ਦੇ ਹੁਕਮ ਤਹਿਤ ਚੱਲਣ ਵਾਲੇ ਜੀਵਨ ਨੂੰ ਹੀ ਸਫ਼ਲ ਅਤੇ ਸੁੱਚਾ ਜੀਵਨ ਕਿਹਾ:

ਭੈ ਵਿਚਿ ਪਵਣੁ ਵਹੈ ਸਦਵਾਉ॥
ਭੈ ਵਿਚਿ ਚਲਹਿ ਲਖ ਦਰੀਆਉ॥
ਭੈ ਵਿਚਿ ਅਗਨਿ ਕਢੈ ਵੇਗਾਰਿ॥
ਭੈ ਵਿਚਿ ਧਰਤੀ ਦਬੀ ਭਾਰਿ॥
ਭੈ ਵਿਚਿ ਇੰਦੁ ਫਿਰੈ ਸਿਰ ਭਾਰਿ॥
ਭੈ ਵਿਚਿ ਰਾਜਾ ਧਰਮ ਦੁਆਰੁ॥
ਭੈ ਵਿਚਿ ਸੂਰਜੁ ਭੈ ਵਿਚਿ ਚੰਦੁ॥
ਕੋਹ ਕਰੋੜੀ ਚਲਤ ਨ ਅੰਤੁ॥
ਭੈ ਵਿਚਿ ਸਿਧ ਬੁਧ ਸੁਰ ਨਾਥ॥
ਭੈ ਵਿਚਿ ਆਡਾਣੇ ਆਕਾਸ॥
ਭੈ ਵਿਚਿ ਜੋਧ ਮਹਾਬਲ ਸੂਰ॥
ਭੈ ਵਿਚਿ ਆਵਹਿ ਜਾਵਹਿ ਪੂਰ॥
ਸਗਲਿਆ ਭਉ ਲਿਖਿਆ ਸਿਰਿ ਲੇਖੁ॥
ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ॥

ਇਸ ਤਰ੍ਹਾਂ ਦੂਜੀ ਉਦਾਸੀ ਦੌਰਾਨ ਨੌਜਵਾਨ ਗੁਰੂ ਨਾਨਕ ਨੇ ਜੈਨੀ ਅਤੇ ਬੋਧੀ ਅਚਾਰੀਆਂ ਨਾਲ ਵਾਰਤਾਲਾਪ ਕਰਕੇ ਆਪਣੇ ਸਿਧਾਂਤ ਨੂੰ ਨਿਖਰਵੇਂ ਰੂਪ ਵਿਚ ਪੇਸ਼ ਕੀਤਾ।

ਤੀਜੀ ਉਦਾਸੀ ਦੌਰਾਨ ਆਪ ਨੇ ਉਤਰ ਦਿਸ਼ਾ ਵਿਚ ਜੰਮੂ, ਕਸ਼ਮੀਰ, ਗੜ੍ਹਵਾਲ, ਬਦਰੀਨਾਥ, ਤਿੱਬਤ, ਭੂਟਾਨ ਤੇ ਨੇਪਾਲ ਆਦਿ ਇਲਾਕੇ ਗਾਹੇ। ਉਤਰੀ ਭਾਰਤ ਵਿਚ ਉਸ ਸਮੇਂ ਜੋਗ ਮੱਤ ਦਾ ਜ਼ੋਰ ਸੀ। ਇਨ੍ਹਾਂ ਪਹਾੜੀ ਇਲਾਕਿਆਂ ਵਿਚ ਸਿੱਧਾਂ ਜੋਗੀਆਂ ਦੇ ਟਿਕਾਣੇ ਸਨ। ਜੋਗੀ ਸੁਰਤਿ ਨੂੰ ਤਾੜੇ ਲਾ ਕੇ ਅਨਹਦ ਸ਼ਬਦ ਸੁਣਨ ਲਈ ਮਦ (ਸ਼ਰਾਬ) ਪੀਂਦੇ ਸਨ। ਜਦ ਗੁਰੂ ਜੀ ਸੁਮੇਰ ਪਰਬਤ 'ਤੇ ਸਿੱਧਾਂ ਪਾਸ ਪਹੁੰਚੇ ਤਾਂ ਉਨ੍ਹਾਂ ਆਪ ਨੂੰ ਪੀਣ ਲਈ ਮਦ ਦਾ ਪਿਆਲਾ ਪੇਸ਼ ਕੀਤਾ। ਜਦ ਗੁਰੂ ਜੀ ਨੇ ਪੁੱਛਿਆ ਕਿ ਇਸ ਵਿਚ ਕੀ ਪਾਇਆ ਹੈ ਤਾਂ ਸਿੱਧਾਂ ਨੇ ਕਿਹਾ ਕਿ ਇਸ ਵਿਚ ਕੋਈ ਬੁਰੀ ਚੀਜ਼ ਨਹੀਂ ਸਗੋਂ ਗੁੜ ਅਤੇ ਧਾਵੈ ਦੇ ਫੁੱਲ ਹਨ। ਉਥੇ ਗੁਰੂ ਜੀ ਨੇ ਮਨੁੱਖੀ ਜੀਵਨ ਦੀ ਲੋੜ ਅਤੇ ਮਸਤੀ ਲਈ ਲੋੜੀਂਦੀ ਮਦ ਨੂੰ ਇਸ ਤਰ੍ਹਾਂ ਪਰਿਭਾਸ਼ਤ ਕੀਤਾ:

ਗੁੜੁ ਕਰਿ ਗਿਆਨੁ ਧਿਆਨੁ ਕਰਿ ਧਾਵੈ
ਕਰਿ ਕਰਣੀ ਕਸੁ ਪਾਈਐ॥
ਭਾਠੀ ਭਵਨੁ ਪ੍ਰੇਮ ਕਾ ਪੋਚਾ
ਇਤੁ ਰਸਿ ਅਮਿਉ ਚੁਆਈਐ॥
ਬਾਬਾ ਮਨੁ ਮਤਵਾਰੋ ਨਾਮ ਰਸੁ ਪੀਵੈ
ਸਹਜ ਰੰਗ ਰਚਿ ਰਹਿਆ॥
ਅਹਿਨਿਸਿ ਬਨੀ ਪ੍ਰੇਮ ਲਿਵ ਲਾਗੀ
ਸਬਦੁ ਅਨਾਹਦ ਗਹਿਆ॥ਰਹਾਉ॥
ਪੂਰਾ ਸਾਚੁ ਪਿਆਲਾ ਸਹਜੇ ਤਿਸਹਿ
ਪੀਆਏ ਜਾ ਕਉ ਨਦਰਿ ਕਰੇ॥

ਅੰਮ੍ਰਿਤ ਕਾ ਵਾਪਾਰੀ ਹੋਵੈ
ਕਿਆ ਮਦਿ ਛੂਛੈ ਭਾਉ ਧਰੇ॥
ਗੁਰ ਕੀ ਸਾਖੀ ਅੰਮ੍ਰਿਤ ਬਾਣੀ
ਪੀਵਤ ਹੀ ਪਰਵਾਣੁ ਭਇਆ॥
ਦਰ ਦਰਸਨ ਕਾ ਪ੍ਰੀਤਮੁ ਹੋਵੈ
ਮੁਕਤਿ ਬੈਕੁੰਠੈ ਕਰੈ ਕਿਆ॥
ਸਿਫਤੀ ਰਤਾ ਸਦ ਬੈਰਾਗੀ
ਜੂਐ ਜਨਮੁ ਨ ਹਾਰੈ॥
ਕਹੁ ਨਾਨਕ ਸੁਣਿ ਭਰਥਰਿ
ਜੋਗੀ ਖੀਵਾ ਅੰਮ੍ਰਿਤ ਧਾਰੈ॥

ਗੁਰੂ ਜੀ ਨੇ ਗੋਰਖ, ਚਰਪਟ, ਮਛੰਦਰ ਅਤੇ ਲੋਹਾਰੀਪਾ ਆਦਿ ਸਿੱਧਾਂ ਨਾਲ ਹੋਈ ਵਾਰਤਾਲਾਪ ਦੇ ਆਧਾਰ 'ਤੇ 'ਸਿਧ ਗੋਸ਼ਟਿ' ਦੀ ਰਚਨਾ ਕੀਤੀ। ਬੁੱਧੀ ਅਤੇ ਜੁਗਤੀ ਦੀ ਪ੍ਰਧਾਨਤਾ ਵਾਲੀ ਇਸ ਲੰਮੀ ਅਤੇ ਦਾਰਸ਼ਨਿਕ ਕਾਵਿ ਰਚਨਾ ਦੇ 73 ਬੰਦ ਹਨ। ਜੋਗ ਮੱਤ ਨੂੰ ਪ੍ਰਚਾਰਨ ਅਤੇ ਪ੍ਰਸਾਰਨ ਵਾਲੇ ਇਨ੍ਹਾਂ ਧਾਗ ਦਿਮਾਗਾਂ ਨਾਲ ਸੰਵਾਦ ਰਚਾਉਣ ਵਾਲਾ ਗੁਰੂ ਨਾਨਕ ਕੋਈ ਬਿਰਧ ਬਾਬਾ ਨਹੀਂ ਸੀ। ਉਸ ਸਮੇਂ ਉਨ੍ਹਾਂ ਦੀ ਉਮਰ ਕੇਵਲ 47 ਸਾਲ ਦੇ ਆਸ ਪਾਸ ਸੀ। ਕਾਵਿ-ਪੁਸਤਕ 'ਅਸੀ ਨਾਨਕ ਦੇ ਕੀ ਲਗਦੇ ਹਾਂ' ਛਾਪਣ ਸਮੇਂ ਮੇਰੀ ਇਹ ਰੀਝ ਸੀ ਕਿ ਇਸ ਦੀ ਜਿਲਦ 'ਤੇ ਸਿੱਧਾਂ ਨਾਲ ਵਾਰਤਾਲਾਪ ਕਰਦੇ ਗੁਰੂ ਨਾਨਕ ਦਾ ਚਿੱਤਰ ਛਾਪਿਆ ਜਾਏ ਪਰ ਵਾਹ ਜਹਾਨ ਦੀ ਲਾ ਛੱਡੀ, ਸਿੱਧ ਗੋਸ਼ਟ ਨੂੰ ਦਰਸਾਉਂਦੀ ਅਜਿਹੀ ਕੋਈ ਤਸਵੀਰ ਨਹੀਂ ਮਿਲੀ ਜਿਸ ਵਿਚ ਗੁਰੂ ਨਾਨਕ ਦੀ ਉਮਰ 47 ਸਾਲ ਦੇ ਆਸ ਪਾਸ ਹੋਵੇ। ਚਿੱਤਰਕਾਰਾਂ ਨੇ ਸੁਮੇਰ ਪਰਬਤ 'ਤੇ ਭ੍ਰਮਣ ਕਰਦੇ ਜਾਂ ਸਿੱਧਾਂ ਨਾਲ ਚਰਚਾ ਕਰਦੇ ਗੁਰੂ ਨਾਨਕ ਨੂੰ ਬਿਰਧ ਬਾਬੇ ਦੇ ਰੂਪ ਵਿਚ ਹੀ ਚਿੱਤਰਿਆ ਹੈ।

ਚੌਥੀ ਉਦਾਸੀ ਸਮੇਂ ਗੁਰੂ ਨਾਨਕ ਦੇਵ ਪੱਛਮ ਵੱਲ ਇਸਲਾਮ ਦੇ ਕੇਂਦਰੀ ਸਥਾਨਾਂ 'ਤੇ ਗਏ। ਮੁਸਲਮਾਨੀ ਵੇਸ ਧਾਰਨ ਕਰਕੇ ਕਰਤਾਰਪੁਰ ਤੋਂ ਸਿੰਧ ਦੇ ਰਸਤੇ ਹੁੰਦੇ ਹੋਏ ਹਾਜੀਆਂ ਨਾਲ ਮੱਕੇ ਪਹੁੰਚੇ। ਹਾਜੀਆਂ ਅਤੇ ਮੱਕੇ ਦੇ ਮੌਲਵੀਆਂ ਨੇ ਪਛਾਣ ਕਰ ਲਈ ਕਿ ਆਪ ਮੁਸਲਮਾਨ ਨਹੀਂ ਹਨ। ਉਨ੍ਹਾਂ ਗੁਰੂ ਸਾਹਿਬ ਤੋਂ ਪੁੱਛਿਆ ਕਿ ਹਿੰਦੂ ਧਰਮ ਅਤੇ ਇਸਲਾਮ ਵਿਚੋਂ ਕਿਸ ਨੂੰ ਉਤਮ ਮੰਨਦੇ ਹੋ, ਤਦ:

ਬਾਬਾ ਆਖੇ ਹਾਜੀਆ
ਸੁਭ ਅਮਲਾ ਬਾਝੋ ਦੋਵੇ ਰੋਈ॥
ਹਿੰਦੂ ਮੁਸਲਮਾਨ ਦੋਇ
ਦਰਗਹਿ ਅੰਦਰ ਲੈਨ ਨਾ ਢੋਈ॥

ਇਸ ਉਦਾਸੀ ਦੌਰਾਨ ਆਪ ਨੇ ਇਸਲਾਮੀ ਚਿੰਨ੍ਹਾਂ, ਪ੍ਰਤੀਕਾਂ, ਸੰਕੇਤਾਂ ਅਤੇ ਮੁਹਾਵਰੇ ਵਾਲੀ ਬਾਣੀ ਦੀ ਰਚਨਾ ਕੀਤੀ ਅਤੇ ਸੁਚੱਜੇ ਅਮਲਾਂ ਵਾਲੇ ਜੀਵਨ ਦੀ ਪ੍ਰੇਰਨਾ ਕੀਤੀ। ਮਿਸਾਲ ਦੇ ਤੌਰ 'ਤੇ:

ਯਕ ਅਰਜ ਗੁਫਤਮ ਪੇਸਿ ਤੋ
ਦਰ ਗੋਸ ਕੁਨ ਕਰਤਾਰ॥
ਹਕਾ ਕਬੀਰ ਕਰੀਮ ਤੂ
ਬੇਐਬ ਪਰਵਦਗਾਰ॥
ਦੁਨੀਆ ਮੁਕਾਮੇ ਫਾਨੀ
ਤਹਕੀਕ ਦਿਲ ਦਾਨੀ॥
ਮਮ ਸਰ ਮੂਇ ਅਜਰਾਈਲ
ਗਿਰਫਤਹ ਦਿਲ ਹੇਚਿ ਨ ਦਾਨੀ॥ਰਹਾਉ॥
ਜਨ ਪਿਸਰ ਪਦਰ ਬਿਰਾਦਰਾ
ਕਸ ਨੇਸ ਦਸਤੰਗੀਰ॥
ਆਖਿਰ ਬਿਅਫਤਮ ਕਸ ਨ
ਦਾਰਦ ਚੂੰ ਸਵਦ ਤਕਬੀਰ॥
ਸਬ ਰੋਜ ਗਸਤਮ ਦਰ ਹਵਾ
ਕਰਦੇਮ ਬਦੀ ਖਿਆਲ॥
ਗਾਹੇ ਨ ਨੇਕੀ ਕਾਰ ਕਰਦਮ
ਮਮ ਈ ਚਿਨੀ ਅਹਵਾਲ॥
ਬਦਬਖਤ ਹਮ ਚੁ ਬਖੀਲ
ਗਾਫਿਲ ਬੇਨਜਰ ਬੇਬਾਕ॥
ਨਾਨਕ ਬੁਗੋਯਦ ਜਨੁ ਤੁਰਾ
ਤੇਰੇ ਚਾਕਰਾ ਪਾ ਖਾਕ॥

ਮੱਕੇ ਤੇ ਮਦੀਨੇ ਜਾਣ ਸਮੇਂ ਗੁਰੂ ਸਾਹਿਬ ਦੀ ਉਮਰ 48-49 ਸਾਲ ਦੀ ਸੀ ਪਰ ਮੱਕੇ ਨਾਲ ਸਬੰਧਤ ਚਿੱਤਰਾਂ ਵਿਚ ਉਨ੍ਹਾਂ ਨੂੰ ਇੰਨੀ ਘੱਟ ਉਮਰ ਦੇ ਨਹੀਂ ਸਗੋਂ ਬਿਰਧ ਬਾਬੇ ਦੇ ਰੂਪ ਵਿਚ ਹੀ ਦਿਖਾਇਆ ਜਾਂਦਾ ਹੈ।

ਮੱਕੇ ਤੇ ਮਦੀਨੇ ਤੋਂ ਮਗਰੋਂ ਆਪ ਬਗਦਾਦ, ਮਿਸਰ, ਤੁਰਕੀ, ਇਰਾਨ ਅਤੇ ਅਫਗਾਨਿਸਤਾਨ ਤੋਂ ਹੁੰਦੇ ਹੋਏ ਹਸਨ ਅਬਦਾਲ ਰਾਹੀਂ 1521 ਵਿਚ ਕਰਤਾਰਪੁਰ ਪਰਤੇ। ਹਸਨ ਅਬਦਾਲ ਵਿਖੇ ਅੱਜ ਕੱਲ੍ਹ ਗੁਰਦੁਆਰਾ ਪੰਜਾ ਸਾਹਿਬ ਹੈ ਜਿਸ ਨਾਲ ਵਲੀ ਕੰਧਾਰੀ ਵਾਲੀ ਸਾਖੀ ਜੁੜੀ ਹੋਈ ਹੈ। ਵਲੀ ਕੰਧਾਰੀ ਦੀ ਹਉਮੈ ਦੇ ਪਹਾੜ ਨੂੰ ਪੰਜਾ ਲਾਉਣ ਵਾਲੇ ਗੁਰੂ ਨਾਨਕ ਵੀ ਕੋਈ ਬੁੱਢੇ ਬਾਬੇ ਨਹੀਂ ਸਨ, ਸਗੋਂ ਉਦੋਂ ਉਨ੍ਹਾਂ ਦੀ ਉਮਰ ਤਾਂ 51 ਸਾਲ ਦੇ ਕਰੀਬ ਸੀ ਪਰ ਇਸ ਸਾਖੀ ਨਾਲ ਸਬੰਧਤ ਕਿਸੇ ਚਿਤਰ ਵਿਚ ਵੀ ਉਨ੍ਹਾਂ ਨੂੰ ਇੰਨੀ ਘੱਟ ਉਮਰ ਦੇ ਨਹੀਂ ਦਿਖਾਇਆ ਗਿਆ।

ਸਪੱਸ਼ਟ ਹੈ ਕਿ ਗੁਰੂ ਸਾਹਿਬ ਨੇ ਆਪਣੀਆਂ ਲੰਮੀਆਂ ਉਦਾਸੀਆਂ ਦਾ ਸਿਲਸਿਲਾ 51 ਸਾਲ ਦੀ ਉਮਰ ਵਿਚ ਮੁਕੰਮਲ ਕਰ ਲਿਆ ਸੀ। ਬਹੁਤ ਸਾਰੀ ਬਾਣੀ ਦੀ ਰਚਨਾ ਵੀ ਇਨ੍ਹਾਂ ਉਦਾਸੀਆਂ ਦੌਰਾਨ ਹੀ ਹੋਈ। ਇਨ੍ਹਾਂ ਉਦਾਸੀਆਂ ਦੌਰਾਨ ਵਾਪਰੀਆ ਘਟਨਾਵਾਂ ਨੂੰ ਦਰਸਾਉਂਦੇ ਚਿੱਤਰਾਂ ਵਿਚ ਉਨ੍ਹਾਂ ਦੀ ਉਮਰ ਕਿਸੇ ਹਾਲਤ ਵਿਚ ਵੀ 51 ਸਾਲ ਤੋਂ ਵਧੇਰੇ ਨਹੀਂ ਜਾਪਣੀ ਚਾਹੀਦੀ। ਆਖਰੀ ਉਦਾਸੀ ਦੌਰਾਨ ਭਾਈ ਮਰਦਾਨਾ ਦਾ ਅਕਾਲ ਚਲਾਣਾ ਹੋਇਆ ਦੱਸਿਆ ਜਾਂਦਾ ਹੈ। ਇਸ ਲਈ ਗੁਰੂ ਨਾਨਕ ਅਤੇ ਭਾਈ ਮਰਦਾਨਾ ਜਿੰਨਾ ਚਿਰ ਇਕੱਠੇ ਵਿਚਰੇ, ਉਸ ਦੌਰਾਨ ਗੁਰੂ ਸਾਹਿਬ ਦੀ ਉਮਰ 28 ਤੋਂ 51 ਸਾਲ ਦੇ ਦਰਮਿਆਨ ਸੀ ਪਰ ਇਨ੍ਹਾਂ ਨੂੰ ਇਕੱਠੇ ਦਰਸਾਉਣ ਵਾਲੇ ਸਾਰੇ ਚਿੱਤਰਾਂ ਵਿਚ ਗੁਰੂ ਸਾਹਿਬ ਨੂੰ ਬੁੱਢੇ ਬਾਬੇ ਦੇ ਰੂਪ ਵਿਚ ਹੀ ਦਰਸਾਇਆ ਗਿਆ ਹੈ। ਇਕ ਗੱਲ ਹੋਰ, ਉਦਾਸੀਆਂ ਦੌਰਾਨ ਤੈਅ ਕੀਤੇ ਕੁੱਲ ਪੈਂਡੇ ਨੂੰ ਦੇਖਿਆ ਜਾਏ ਤਾਂ ਪਤਾ ਲੱਗਦਾ ਹੈ ਕਿ ਉਨ੍ਹਾਂ ਔਸਤਨ 25 ਕਿਲੋਮੀਟਰ ਤੋਂ ਜ਼ਿਆਦਾ ਰੋਜ਼ਾਨਾ ਪੈਦਲ ਪੈਂਡਾ ਤੈਅ ਕੀਤਾ। ਹਮੇਸ਼ਾ ਚੰਗਾ ਚੋਸਾ ਖਾਣ ਦਾ ਵੀ ਪ੍ਰਬੰਧ ਨਹੀਂ ਸੀ। ਕਿਸੇ ਵੇਲੇ ਪ੍ਰਸ਼ਾਦਾ ਮਿਲਦਾ ਹੋਵੇਗਾ, ਤੇ ਕਿਸੇ ਵੇਲੇ ਨਹੀਂ ਵੀ ਮਿਲਦਾ ਹੋਵੇਗਾ। ਚਿੰਤਨਸ਼ੀਲ ਸ਼ਖਸੀਅਤ ਅਤੇ ਕਿਰਿਆਵੰਤ ਸਰੀਰ ਹੋਣ ਕਰਕੇ ਉਨ੍ਹਾਂ ਦਾ ਭਾਰ 50-60 ਕਿਲੋ ਦੇ ਕਰੀਬ ਹੀ ਹੋਏਗਾ ਪਰ ਚਿਤਰਕਾਰਾਂ ਨੇ ਉਨ੍ਹਾਂ ਨੂੰ ਭਾਰੀ ਭਰਕਮ ਚਰਬੀਦਾਰ ਦੇਹ ਦੇ ਮਾਲਕ ਵਜੋਂ ਹੀ ਚਿੱਤਰਿਆ ਹੈ।

ਉਦਾਸੀਆਂ ਉਪਰੰਤ ਗੁਰੂ ਸਾਹਿਬ ਦਾ 1521 ਈ. ਵਿਚ ਏਮਨਾਬਾਦ (ਸੈਦਪੁਰ) ਜਾਣਾ ਹੋਇਆ। ਆਪ ਸਥਾਪਤ ਜਾਤੀ ਪ੍ਰਬੰਧ ਅਨੁਸਾਰ ਨੀਵੀਂ ਸਮਝੀ ਜਾਂਦੀ ਜਾਤ ਦੇ ਕਿਰਤੀ ਸਿੱਖ ਭਾਈ ਲਾਲੋ ਦੇ ਘਰ ਠਹਿਰੇ। ਲਾਲੋ ਦੀ ਕਿਰਤ ਨੂੰ ਵਡਿਆਉਂਦਿਆਂ ਅਤੇ ਕਿਰਤੀਆਂ ਦਾ ਸ਼ੋਸ਼ਣ ਕਰਨ ਵਾਲੇ ਉਚ ਜਾਤ ਦੇ ਭਾਗੋ ਦੇ ਅਭਿਮਾਨ ਨੂੰ ਝੰਜੋੜਦਿਆਂ ਇਹ ਸ਼ਬਦ ਉਚਾਰਣ ਕੀਤਾ:



**ਗੁਰੂ ਨਾਨਕ ਵਲੋਂ ਮਨੁੱਖਾਂ ਲਈ ਨਿਰਧਾਰਤ ਕੀਤੇ ਗਏ ਆਚਾਰ ਵਿਹਾਰ ਦੇ ਸਿਧਾਂਤਾਂ ਪ੍ਰਤੀ ਸਾਡੇ ਰਵੱਈਏ ਕਾਰਨ ਇਹ ਲਾਜ਼ਮੀ ਹੋ ਗਿਆ ਕਿ ਗੁਰੂ ਨਾਨਕ ਨੂੰ ਬਿਰਧ ਬਾਬੇ ਵਾਂਗ ਹੀ ਚਿਤਵਿਆ ਜਾਏ। ਜਿਸ ਦੀ ਸ਼ਰਧਾ ਸਹਿਤ ਪੂਜਾ ਕਰ ਸਕਦੇ ਹੋਈਏ, ਧੂਫ ਬੱਤੀ ਕਰ ਸਕਦੇ ਹੋਈਏ, ਮੱਥੇ ਟੇਕ ਸਕਦੇ ਹੋਈਏ ਪਰ ਆਖੇ ਨਾ ਲੱਗ ਸਕਦੇ ਹੋਈਏ, ਉਸ ਨੂੰ ਬਿਰਧ ਰੂਪ ਵਿਚ ਚਿਤਵਣ ਨਾਲ ਮਾਨਸਿਕ ਸਹੂਲਤ ਰਹਿੰਦੀ ਹੈ। ਆਪਣੇ ਜੀਵਨ ਨੂੰ ਗੁਰੂ ਦੇ ਉਪਦੇਸ਼ ਅਨੁਸਾਰ ਢਾਲਣ ਦੀ ਬਜਾਏ ਅਸੀਂ ਗੁਰੂ ਦੀ ਦਿੱਖ ਨੂੰ ਆਪਣੀ ਮਾਨਸਿਕਤਾ ਦੇ ਅਨੁਸਾਰ ਚਿੱਤਰ ਲਿਆ।**

ਨੀਚਾ ਅੰਦਰਿ ਨੀਚ ਜਾਤਿ
ਨੀਚੀ ਹੂ ਅਤਿ ਨੀਚੁ॥
ਨਾਨਕੁ ਤਿਨ ਕੈ ਸੰਗਿ ਸਾਥਿ
ਵਡਿਆ ਸਿਉ ਕਿਆ ਰੀਸ॥
ਜਿਥੈ ਨੀਚ ਸਮਾਲੀਅਨਿ
ਤਿਥੈ ਨਦਰਿ ਤੇਰੀ ਬਖਸੀਸ॥

ਆਪ ਨੇ ਕਿਰਤ ਨੂੰ ਧਰਮ ਦਾ ਪਵਿੱਤਰ ਮਾਰਗ ਕਿਹਾ ਅਤੇ ਦੂਸਰਿਆਂ ਦੀ ਕਿਰਤ ਤੇ ਪਲਣ ਵਾਲੇ ਵਿਹਲੜਾਂ ਨੂੰ ਰੱਤ ਪੀਣੇ ਪਾਪੀ ਕਹਿ ਕੇ ਫਿਟਕਾਰਿਆ। ਇਸ ਘਟਨਾ ਸਮੇਂ ਗੁਰੂ ਸਾਹਿਬ ਦੀ ਉਮਰ 52 ਸਾਲ ਤੋਂ ਘੱਟ ਹੀ ਸੀ ਪਰ ਇਸ ਨਾਲ ਸਬੰਧਤ ਚਿਤਰਾਂ ਵਿਚ ਉਨ੍ਹਾਂ ਨੂੰ ਬਹੁਤ ਵਡੇਰੀ ਉਮਰ ਦਾ ਦਰਸਾਇਆ ਜਾਂਦਾ ਹੈ।

ਇਨ੍ਹਾਂ ਦਿਨਾਂ ਵਿਚ ਬਾਬਰ ਕਾਬਲ ਤੋਂ ਚੱਲ ਕੇ ਹਿੰਦੋਸਤਾਨ ਦੇ ਪੱਛਮੀ ਹਿੱਸੇ ਵਿਚ ਕਾਬਜ਼ ਹੋਣਾ ਸ਼ੁਰੂ ਕਰ ਚੁੱਕਾ ਸੀ। ਲੋਕਾਂ ਨੂੰ ਲੁੱਟਿਆ ਅਤੇ ਕੁੱਟਿਆ ਜਾ ਰਿਹਾ ਸੀ। ਮਾਸੂਮ ਬੱਚਿਆਂ 'ਤੇ ਵੀ ਜ਼ੁਲਮ ਢਹਿ ਰਿਹਾ ਸੀ। ਇਸਤਰੀਆਂ ਦੀ ਬੇਪਤੀ ਹੋ ਰਹੀ ਸੀ। ਉਸ ਸਮੇਂ ਦੀ ਸਿਆਸੀ ਅਤੇ ਸਮਾਜਿਕ ਸਥਿਤੀ ਦੇ ਕਰੂਪ ਚਿਹਰੇ ਅਤੇ ਇਸ ਪ੍ਰਤੀ ਸਥਾਪਤ ਧਰਮਾਂ ਦੀ ਨਿਰਾਰਥਕ ਉਦਾਸੀਨਤਾ ਬਾਰੇ ਗੁਰੂ ਨਾਨਕ ਦਾ ਕਾਵਿ-ਬਿਆਨ ਦੇਖੋ:

ਜੈਸੀ ਮੈ ਆਵੈ ਖਸਮ ਕੀ ਬਾਣੀ
ਤੈਸੜਾ ਕਰੀ ਗਿਆਨੁ ਵੇ ਲਾਲੋ॥
ਪਾਪ ਕੀ ਜੰਞ ਲੈ ਕਾਬਲਹੁ ਧਾਇਆ
ਜੋਰੀ ਮੰਗੈ ਦਾਨੁ ਵੇ ਲਾਲੋ॥
ਸਰਮੁ ਧਰਮੁ ਦੁਇ ਛਪਿ ਖਲੋਏ
ਕੂੜੁ ਫਿਰੈ ਪਰਧਾਨੁ ਵੇ ਲਾਲੋ॥
ਕਾਜੀਆ ਬਾਮਣਾ ਕੀ ਗਲ ਥਕੀ
ਅਗਦੁ ਪੜੈ ਸੈਤਾਨੁ ਵੇ ਲਾਲੋ॥
ਮੁਸਲਮਾਨੀਆ ਪੜਹਿ ਕਤੇਬਾ
ਕਸਟ ਮਹਿ ਕਰਹਿ
ਖੁਦਾਇ ਵੇ ਲਾਲੋ॥
ਜਾਤਿ ਸਨਾਤੀ ਹੋਰਿ ਹਿਦਵਾਣੀਆ
ਏਹਿ ਭੀ ਲੇਖੈ ਲਾਇ ਵੇ ਲਾਲੋ॥
ਖੂਨ ਕੇ ਸੋਹਿਲੇ ਗਾਵੀਅਹਿ ਨਾਨਕ
ਰਤੁ ਕਾ ਕੁੰਗੂ ਪਾਇ ਵੇ ਲਾਲੋ॥

ਗੁਰੂ ਜੀ ਅਜੇ ਭਾਈ ਲਾਲੋ ਕੋਲ ਹੀ ਠਹਿਰੇ ਹੋਏ ਸਨ ਜਦ ਬਾਬਰ ਦੀਆਂ ਫੌਜਾਂ ਨੇ ਏਮਨਾਬਾਦ ਸ਼ਹਿਰ 'ਤੇ ਹਮਲਾ ਕੀਤਾ। ਹਾਕਮਾਂ ਦੇ ਅਣਮਨੁੱਖੀ ਵਤੀਰੇ ਨੂੰ ਗੁਰੂ ਸਾਹਿਬ ਨੇ ਅੱਖੀਂ ਡਿੱਠਾ। 52 ਸਾਲਾਂ ਦੇ ਗੁਰੂ ਨਾਨਕ ਇਸ ਕਹਿਰ ਨੂੰ ਦੇਖ ਕੇ ਵਿਦਰੋਹੀ ਸੁਰ ਵਿਚ ਰੱਬ ਨੂੰ ਸੰਬੋਧਿਤ ਹੋਏ:

ਖੁਰਾਸਾਨ ਖਸਮਾਨਾ ਕੀਆ
ਹਿੰਦੁਸਤਾਨੁ ਡਰਾਇਆ॥
ਆਪੈ ਦੋਸੁ ਨ ਦੇਈ ਕਰਤਾ
ਜਮੁ ਕਰਿ ਮੁਗਲੁ ਚੜਾਇਆ॥
ਏਤੀ ਮਾਰ ਪਈ ਕਰਲਾਣੇ
ਤੈਂ ਕੀ ਦਰਦੁ ਨ ਆਇਆ॥

ਗੁਰੂ ਸਾਹਿਬਾਨ ਵਿਚੋਂ ਗੁਰੂ ਅਮਰਦਾਸ ਸਭ ਤੋਂ ਵੱਧ ਉਮਰ (95 ਸਾਲ) ਦੇ ਹੋਏ ਹਨ। ਵਡੇਰੀ ਉਮਰ ਵਿਚ ਹੀ ਆਪ ਨੇ ਗੁਰੂ ਪਦਵੀ ਧਾਰਨ ਕੀਤੀ ਸੀ ਪਰ ਆਪ ਦਾ ਫਰਮਾਨ ਹੈ:

ਗੁਰਮੁਖਿ ਬੁਢੇ ਕਦੇ ਨਾਹੀ
ਜਿਨਾ ਅੰਤਰਿ ਸੁਰਤਿ ਗਿਆਨੁ॥
ਸਦਾ ਸਦਾ ਹਰਿ ਗੁਣ ਰਵਹਿ
ਅੰਤਰਿ ਸਹਜ ਧਿਆਨੁ॥

ਪਰ ਅਸੀਂ ਗੁਰੂ ਨਾਨਕ ਸਾਹਿਬ ਨੂੰ ਬੁੱਢੇ ਦੇ ਰੂਪ ਵਿਚ ਚਿਤਵ ਕੇ 'ਅੰਧੀ ਰਯਤਿ ਗਿਆਨ ਵਿਹੂਣੀ' ਹੋਣ ਦਾ ਪ੍ਰਮਾਣ ਦੇ ਰਹੇ ਹਾਂ। ਗੁਰੂ ਗੋਬਿੰਦ ਸਿੰਘ ਦੀ ਕੁੱਲ ਉਮਰ 42 ਸਾਲ ਦੀ ਹੋਈ ਹੈ। ਸਾਡੇ ਮਨਾਂ ਵਿਚ ਉਨ੍ਹਾਂ ਦਾ ਤਸੱਵਰ ਨੌਜਵਾਨ ਸੂਰਬੀਰ ਵਾਲਾ ਹੈ। ਇਹ ਉਨ੍ਹਾਂ ਦੀ ਕੁਰਬਾਨੀ ਦੇ ਨਾਲ ਨਾਲ ਨੌਜਵਾਨੀ ਦੀ ਸ਼ਕਤੀ ਹੈ ਕਿ ਉਨ੍ਹਾਂ ਦੁਆਰਾ ਬਖਸ਼ੇ ਗਏ ਸਰੂਪ ਦੀ ਚਰਚਾ ਹੁੰਦੀ ਹੈ। ਇਸ ਸਰੂਪ ਦੇ ਧਾਰਨੀ ਗੌਰਵ ਮਹਿਸੂਸ ਕਰਦੇ ਹਨ। ਇਸ ਸਰੂਪ ਨੂੰ ਢਾਹ ਲੱਗਣ ਨੂੰ ਹੀ ਸਿੱਖੀ ਨੂੰ ਵੱਡਾ ਖਤਰਾ ਮੰਨਿਆ ਜਾਣ ਲੱਗਿਆ ਹੈ। ਨਤੀਜੇ ਵਜੋਂ 'ਪੰਥ ਦਰਦੀ' ਪਤਿਤਪੁਣੇ ਨੂੰ ਠੱਲ੍ਹਣ ਦੀਆਂ ਵਿਉਂਤਾਂ ਘੜਦੇ ਹਨ ਅਤੇ ਪ੍ਰਚਾਰ ਲਈ ਪੈਸਾ ਖਰਚਿਆ ਜਾਂਦਾ ਹੈ ਪਰ ਸਿੱਖੀ ਦੇ ਮੁੱਢਲੇ ਸਿਧਾਂਤਕਾਰ ਗੁਰੂ ਨਾਨਕ ਨੇ ਜਿਸ ਤਰ੍ਹਾਂ ਦੇ ਆਚਾਰ ਅਤੇ ਵਿਹਾਰ ਨੂੰ ਸੁਚੱਜੇ ਜੀਵਨ ਦੀਆਂ ਜ਼ਰੂਰੀ ਸ਼ਰਤਾਂ ਵਜੋਂ ਨਿਰਧਾਰਤ ਕਰਕੇ ਪ੍ਰਚਾਰਿਆ, ਉਨ੍ਹਾਂ ਦੇ ਛਿਪਨ ਹੋਣ 'ਤੇ ਕੋਈ ਹਾਲ ਪਾਹਰਿਆ ਨਹੀਂ ਹੋ ਰਹੀ।

ਹੁਣ ਜਦ ਅਸੀਂ ਬੁਢਾਪੇ ਨੂੰ ਸੂਝ, ਸਿਆਣਪ, ਗਿਆਨ ਅਤੇ ਵਡੱਪਣ ਦੀ ਬਜਾਏ ਬੇਵਸੀ, ਕਮਜ਼ੋਰੀ ਅਤੇ ਅਪ੍ਰਸੰਗਿਤਾ ਨਾਲ ਸਬੰਧਤ ਕਰ ਲਿਆ ਹੈ ਤਾਂ ਲੋੜ ਹੈ ਕਿ ਨੁਕਰੇ ਲੱਗੇ ਬਿਰਧ ਨਾਨਕ ਦੀ ਬਜਾਏ ਗੱਭਰੂ ਨਾਨਕ ਨੂੰ ਕੇਂਦਰ ਵਿਚ ਲਿਆਈਏ। ਗੁਰੂ ਨਾਨਕ ਬੁੱਢਿਆਂ ਦੀ ਸ਼ਰਧਾ ਲਈ ਆਸਰੇ ਮਾਤਰ ਨਹੀਂ ਸਗੋਂ ਸੰਸਾਰ ਭਰ ਦੇ ਨੌਜਵਾਨਾਂ ਲਈ ਪ੍ਰੇਰਨਾ ਸਰੋਤ ਵੀ ਹੋਣੇ ਚਾਹੀਦੇ ਹਨ। ਜੇ ਅਸੀਂ ਗੁਰੂ ਨਾਨਕ ਦੀ ਵਿਚਾਰਧਾਰਾ ਨੂੰ ਅੱਜ ਵੀ ਪ੍ਰਸੰਗਿਕ ਮੰਨਦੇ ਹਾਂ ਅਤੇ ਉਨ੍ਹਾਂ ਦੀ ਪ੍ਰਚਾਰੀ ਜੀਵਨ ਸ਼ੈਲੀ ਨੂੰ ਜਿਉਣ ਜੋਗੀ ਮੰਨਦੇ ਹਾਂ ਤਾਂ ਸਥਾਪਤ ਹੋ ਚੁੱਕੇ ਬਿਰਧ ਨਾਨਕ ਦੇ ਜਾਅਲੀ ਤਸੱਵਰ ਨੂੰ ਬੇਕਿਰਕੀ ਨਾਲ ਤੋੜਨਾ ਪਏਗਾ। ਚਿੱਤਰਕਾਰਾਂ ਨੂੰ ਬਜ਼ਾਰੂ ਪਹੁੰਚ ਤਜ ਕੇ ਇਤਿਹਾਸਕ ਅਤੇ ਸਿਧਾਂਤਕ ਦ੍ਰਿਸ਼ਟੀ ਅਪਨਾਉਣ ਦਾ ਜੇਰਾ ਕਰਨਾ ਪਏਗਾ। ਉਨ੍ਹਾਂ ਨੂੰ ਕ੍ਰਾਂਤੀਕਾਰੀ ਨੌਜਵਾਨ ਗੁਰੂ ਨਾਨਕ ਨੂੰ ਲੋਕ ਮਨਾਂ ਵਿਚ ਸਥਾਪਤ ਕਰਨ ਲਈ ਸੁੰਦਰਤਾ ਦੇ ਮਿਸ ਵਰਤੀ ਪ੍ਰਤੀਮਾਨਾਂ ਨੂੰ ਤਿਆਗ ਕੇ ਉਨ੍ਹਾਂ ਦੀ ਸ਼ਖਸੀਅਤ ਦੇ ਸੱਚ ਨੂੰ ਖੋਜਣ ਅਤੇ ਪ੍ਰਗਟਾਉਣ ਲਈ ਮਿਹਨਤ ਕਰਨੀ ਪਏਗੀ। ਘਰਾਂ, ਦਫਤਰਾਂ, ਦੁਕਾਨਾਂ, ਚਿੱਤਰ ਗੈਲਰੀਆਂ, ਧਾਰਮਿਕ ਅਤੇ ਵਿਦਿਅਕ ਸੰਸਥਾਵਾਂ ਵਿਚੋਂ ਗੁਰੂ ਨਾਨਕ ਨੂੰ ਬੁੱਢਾ ਦਰਸਾਉਣ ਵਾਲੀਆਂ ਝੂਠੀਆਂ ਅਤੇ ਗੁਮਰਾਹਕੁਨ ਤਸਵੀਰਾਂ ਨੂੰ ਉਤਾਰ ਕੇ ਜਲ ਪ੍ਰਵਾਹ ਜਾਂ ਅਗਨ ਭੇਟ ਕਰਨਾ ਪਏਗਾ। ਅਜਿਹੀਆਂ ਤਸਵੀਰਾਂ ਦੇ ਪੋਸਟਰ ਜਾਂ ਕਲੰਡਰ ਛਾਪਣ 'ਤੇ ਪਾਬੰਦੀ ਲਾਉਣੀ ਪਵੇਗੀ।

## ਕਾਵਿ-ਸੰਸਾਰ

### ਅੰਨਾ ਹਜ਼ਾਰੇ

ਭਾਰਤ ਮਾਂ ਦਾ ਉਠਿਆ ਪੁੱਤ ਯੋਧਾ,
ਦਿੱਤੀ ਚੋਟ ਨਗਾਰੇ ਨੂੰ ਲਾ ਮੀਆਂ।
ਹੋਕਾ ਦੇ ਕੇ ਲੋਕਾਂ ਨੂੰ ਸ਼ਾਂਤੀ ਦਾ,
ਚੁਣਿਆ ਉਸ ਅਵੱਲੜਾ ਰਾਹ ਮੀਆਂ।
ਨੱਥ ਪਾਉਣ ਲਈ ਦੈਂਤ ਕੁਰਪਟ ਤਾਈਂ,
ਉਸ ਨੇ ਦਿੱਤਾ ਸੀ ਬਿਗਲ ਵਜਾ ਮੀਆਂ।
ਪੰਦਰਾਂ ਅਗਸਤ ਦੀ ਖੁਸ਼ੀ ਮਨਾਉਣ ਪਿੱਛੋਂ,
ਸ਼ੇਰ ਗੱਜਿਆ ਦਿਲੀ ਵਿਚ ਆ ਮੀਆਂ।
ਵਖਤ ਪੈ ਗਿਆ ਫਿਰ ਸਰਕਾਰ ਤਾਈਂ,
ਉਨ੍ਹਾਂ ਦਿੱਤੀ ਚੁਤਾਲੀ ਸੀ ਲਾ ਮੀਆਂ।
ਫੜ ਕੇ ਸ਼ੇਰ ਬਿਠਾਇਆ ਵਿਚ ਗੱਡੀ,
ਤਿਹਾੜ ਜੇਲ੍ਹ ਨੂੰ ਪੈ ਗਏ ਸੀ ਰਾਹ ਮੀਆਂ।
ਸਰਕਾਰ ਆਖਿਆ ਛੱਡ ਦੇ ਮੋਰਚਾ ਤੂੰ,
ਤੈਨੂੰ ਦਿਆਂਗੇ ਘਰੇ ਪਹੁੰਚਾ ਮੀਆਂ।
ਅੱਗੋਂ ਸ਼ੇਰ ਨੇ ਫਿਰ ਸੀ ਭਬਕ ਮਾਰੀ,
ਸਾਰੀ ਦਿੱਤੀ ਸੀ ਜੇਲ੍ਹ ਹਿਲਾ ਮੀਆਂ।
ਕਿਹੜੇ ਘਰ ਦੀ ਤੁਸੀਂ ਹੋ ਗੱਲ ਕਰਦੇ,
ਘਰ ਲਊਂਗਾ ਜੇਲ੍ਹ ਬਣਾ ਮੀਆਂ।
ਲੱਖਾਂ ਕਰੂੰ ਹਜ਼ਾਰੇ ਮੈਂ ਹੋਰ ਪੈਦਾ,
ਜਿਹੜੇ ਦੇਣਗੇ ਤਖਤ ਹਿਲਾ ਮੀਆਂ।
ਪਿੱਛੇ ਮੁੜਨਾ ਕਦੇ ਵੀ ਸੋਚਿਆ ਨਹੀਂ,
ਗੋਲੀ ਛਾਤੀ ਵਿਚ ਲਊਂਗਾ ਖਾ ਮੀਆਂ।
ਦੇਸ਼ ਆਪਣਾ ਮੈਂ ਬਚਾਉਣ ਖਾਤਰ,
ਬਾਜ਼ੀ ਦੇਊਂਗਾ ਜਾਨ ਦੀ ਲਾ ਮੀਆਂ।

*-ਭੂਪਿੰਦਰ ਸਿੰਘ ਗਿੱਲ*
*ਫੋਨ:832-298-6642*

***

### ਬਿਲ ਆਉਣ ਰੋਜ਼ਾਨਾ ਹੀ

ਘਰ ਛੱਡ ਕੇ ਵਤਨਾਂ ਦਾ
ਕਿਹੜੇ ਚਾਅ ਨੂੰ ਉਥੋਂ ਆਇਆਂ?
ਇਥੇ ਕਿਸ਼ਤਾਂ ਦੇ ਦੇ ਕੇ
ਕਰਜ਼ਾ ਮੁੱਕਦਾ ਨਹੀਂ ਮੁਕਾਇਆਂ।
ਬਸ ਸਾਫ ਸਫਾਈਆਂ ਨੇ,
ਡਿਗਦੀ ਚਾਹ ਵਿਚ ਨ੍ਹੀਂ ਕੋਈ ਮੱਖੀ...
ਬਿਲ ਆਉਣ ਰੋਜ਼ਾਨਾ ਹੀ,
ਦੁਨੀਆਂ ਪਈ ਵਿਚੋਂ ਵਿਚ ਅੱਕੀ।

ਉਥੇ ਕੰਮਾਂ-ਧੰਦਿਆਂ ਤੋਂ
ਸ਼ਾਮੀਂ ਮੁੜ ਘਰ ਨੂੰ ਨੇ ਪੈਂਦੇ।
ਉਹ ਵੀ ਟੈਨਸ਼ਨ ਲੈਂਦੇ ਨਾ
ਜਿਹੜੇ ਝੁੱਗੀਆਂ ਵਿਚ ਵੀ ਰਹਿੰਦੇ।
ਇਥੇ ਹਰ ਵੇਲੇ ਕਾਹਲੀ ਆ,
ਪੁਲਿਸ ਨੇ ਟਿਕਟ ਵੀ ਕਈ ਵਾਰੀ ਕੱਟੀ...।
ਬਿਲ ਆਉਣ ਰੋਜ਼ਾਨਾ ਹੀ,
ਦੁਨੀਆਂ ਪਈ ਵਿਚੋਂ ਵਿਚ ਅੱਕੀ।

ਇਥੇ ਸ਼ਿਫਟਾਂ ਨਾਈਟ ਦੀਆਂ,
ਉਥੇ ਰਾਤਾਂ ਨੂੰ ਸਭ ਸੌਂਦੇ।
ਇਥੇ ਮਰਨਾ ਵੀ ਮੁੱਲ ਦਾ,
ਉਥੇ ਖਰਚ ਬਹੁਤੇ ਨਾ ਆਉਂਦੇ।
ਇਥੇ ਹੋਟਲ ਖੜ੍ਹ ਜਾਂਦੇ,
ਉਥੇ ਚੱਲ ਜਾਂਦੀ ਆ ਹੱਟੀ।
ਬਿਲ ਆਉਣ ਰੋਜ਼ਾਨਾ ਹੀ...।

ਇਥੇ ਕਾਰਾਂ ਦੀਆਂ ਮੌਜਾਂ
ਫਿਰ ਵੀ ਲੋਕੀਂ ਰਹਿੰਦੇ ਥੱਕੇ ਹਾਰੇ।
ਉਥੇ ਬੁੱਢਾ ਬਾਪੂ ਵੀ,
ਮੋਢੇ ਕਸੀਆਂ, ਨੱਕੇ ਮਾਰੇ।
ਇਥੇ ਸੀਨੀਅਰ ਬਿਲਡਿੰਗਾਂ
ਉਤੇ ਬਾਬੇ ਖਿੱਚਦੇ ਰੱਸੀ।
ਬਿਲ ਆਉਣ ਰੋਜ਼ਾਨਾ ਹੀ...।

ਉਥੇ ਪੂਜਣ ਗਊਆਂ ਨੂੰ
ਇਥੇ ਖਾਂਦੇ ਵੱਢ ਵੱਢ ਦੰਦੀਆਂ।
ਉਥੇ ਸਿਰ ਵੀ ਢਕਦੀਆਂ ਨੇ,
ਇਥੇ ਗੋਰੀਆਂ ਫਿਰਦੀਆਂ ਨੰਗੀਆਂ।
ਉਥੇ ਇਕ ਵਿਆਹ ਹੁੰਦੈ,
ਇਥੇ ਲਿਸਟ ਕੋਈ ਨ੍ਹੀਂ ਰੱਖੀ।
ਬਿਲ ਆਉਣ ਰੋਜ਼ਾਨਾ ਹੀ...।

ਇਥੇ ਸਖਤ ਮਨਾਹੀ ਏ,
ਦਾਰੂ ਪੀ ਕੇ ਕਾਰ ਚਲਾਉਣੀ।
ਉਥੇ ਨਾਲ ਕਢਾ ਦਿੰਦੇ,
ਪੁਲਸੀਏ ਦੱਸ ਦੇਣ ਕਿਵੇਂ ਬਣਾਉਣੀ।
ਇਥੇ ਗੱਲ ਵੀ ਕਰਦੇ ਨਾ,
ਉਥੇ 'ਰਾਜ' ਤਾਂ ਪੀ ਲੈਣ ਲੱਸੀ...।
ਬਿਲ ਆਉਣ ਰੋਜ਼ਾਨਾ ਹੀ,
ਦੁਨੀਆਂ ਪਈ ਵਿਚੋਂ ਵਿਚ ਅੱਕੀ।

*-ਰਾਜ ਧਾਲੀਵਾਲ*

***

### ਕਿਸਾਨ

ਅੱਜ ਦਾ ਜ਼ਿਮੀਂਦਾਰ ਵੇਖ ਲਓ,
ਹੋਇਆ ਫਿਰੇ ਲਾਚਾਰ ਵੇਖ ਲਓ।
ਜਿਹੜਾ ਸਾਰੇ ਮੁਲਕ ਦਾ ਯਾਰੋ
ਢਿੱਡ ਭਰੇ,
ਖੁਦਖੁਸ਼ੀਆਂ ਕਿਉਂ ਅੱਜ
ਕਿਸਾਨ ਕਰੇ?

ਨੰਗੇ ਪੈਰੀਂ ਸੱਪਾਂ ਦੇ ਸਿਰ
ਮਿੱਧਦਾ ਫਿਰਦਾ ਸੀ।
ਮੱਥੇ ਉਤੋਂ ਖੂਨ ਪਸੀਨਾ
ਬਣ ਬਣ ਕਿਰਦਾ ਏ।
ਪਹਿਲਾਂ ਮਰ ਗਈ ਕਣਕ
ਹੁਣ ਜੀ ਧਾਨ ਮਰੇ...।
ਖੁਦਖੁਸ਼ੀਆਂ ਕਿਉਂ ਅੱਜ
ਕਿਸਾਨ ਕਰੇ?

ਅੱਧੇ ਸਾਲ ਦੀ ਮਿਹਨਤ
ਮੰਡੀਆਂ 'ਚ ਕਿਉਂ ਰੁਲਦੀ ਏ,
ਜਦ ਵੀ ਤੁਲਦੀ ਯਾਰੋ
ਘਾਟੇ ਵਿਚ ਹੀ ਤੁਲਦੀ ਏ।
ਸਿਖਰ ਦੁਪਹਿਰੇ ਖੇਤਾਂ ਵਿਚ
ਜਿਹੜੀ ਜਾਨ ਮਰੇ।
ਖੁਦਖੁਸ਼ੀਆਂ ਕਿਉਂ ਅੱਜ
ਕਿਸਾਨ ਕਰੇ?

ਲੋਕੋ ਇਹ ਅੰਨਦਾਤੇ ਨੂੰ
ਸਰਕਾਰਾਂ ਭੁੱਲੀਆਂ ਨੇ,
ਕਰਜ਼ੇ ਥੱਲੇ ਦੱਬਿਆ
ਸਭ ਨੂੰ ਸਾਰਾਂ ਭੁੱਲੀਆਂ ਨੇ।
ਨਾ ਇਕ ਨਜ਼ਰ ਮਿਹਰ ਦੀ
ਇਹਦੇ ਵੱਲ ਸੰਵਿਧਾਨ ਕਰੇ।
ਖੁਦਖੁਸ਼ੀਆਂ ਕਿਉਂ ਅੱਜ
ਕਿਸਾਨ ਕਰੇ?

ਮਹਿੰਗਾ ਹੋਇਆ ਤੇਲ
ਮਹਿੰਗੀਆਂ ਖਾਦਾਂ ਹੋਈਆਂ ਨੇ,
ਮਹਿੰਗੀਆਂ ਵੀ ਫਸਲਾਂ ਨਾਲੋਂ
ਯਾਰੋ ਜ਼ਿਆਦਾ ਹੋਈਆਂ ਨੇ।
ਨਿੰਮਾ ਡੱਲੇ ਵਾਲਾ ਜੱਟ ਦੀ
ਦੁਰਦਸ਼ਾ ਬਿਆਨ ਕਰੇ।
ਖੁਦਖੁਸ਼ੀਆਂ ਕਿਉਂ ਅੱਜ
ਕਿਸਾਨ ਕਰੇ?

*-ਨਿੰਮਾ ਡੱਲੇਵਾਲਾ*

# ਅਸਲ ਲੋਕ ਕਵੀ ਸੰਤ ਰਾਮ ਉਦਾਸੀ

■ ਸੁਖਦੇਵ ਸਿੱਧੂ

*ਸੰਤ ਰਾਮ ਉਦਾਸੀ ਨੇ ਸ਼ਾਇਰੀ ਭਾਵੇਂ 1960ਵਿਆਂ ਵਿਚ ਸ਼ੁਰੂ ਕਰ ਦਿੱਤੀ ਸੀ ਪਰ ਉਹ ਪੰਜਾਬੀ ਸਾਹਿਤ ਜਗਤ ਵਿਚ ਨਕਸਲਬਾੜੀ ਲਹਿਰ ਦੌਰਾਨ ਹੀ ਪ੍ਰਵਾਨ ਚੜ੍ਹਿਆ। ਉਹਦੀ ਕਵਿਤਾ ਵਿਚ ਲੋਹੜੇ ਦੀ ਲੈਅ ਸੀ ਅਤੇ ਉਹਦੀ ਪੰਚਮ ਸੁਰ ਸਰੋਤਿਆਂ 'ਚ ਜੋਸ਼ ਭਰ ਦਿੰਦੀ ਸੀ। ਦੰਦ ਕਰੇੜੇ, ਚੁੰਨ੍ਹੀਆਂ ਅੱਖਾਂ, ਗ਼ਲ ਚੀਥੜੇ, ਕੰਮੀਆਂ ਦੀ ਜੀਤੋ, ਭੁੱਖੀ ਪਤਨੀ ਨੂੰ ਉਤਰੇ ਨਾ ਦੁੱਧ, ਮੁੜ੍ਹਕੇ ਦਾ ਮੋਹ, ਸੀਰੀ 'ਤੇ ਤੜੀ, ਵਰਗੀਆਂ ਗੱਲਾਂ ਪਹਿਲੀ ਵਾਰ ਸਹਿਤ ਦਾ ਸ਼ਿੰਗਾਰ ਬਣੀਆਂ। ਹੁਣ ਕੁਝ ਲੋਕ ਭਾਵੇਂ ਆਪਣੇ ਹਿਤਾਂ ਕਰਕੇ ਉਸ ਨੂੰ ਦਲਿਤ ਜਾਂ ਸਿੱਖ ਕਵੀ ਵਜੋਂ ਵੀ ਪ੍ਰਚਾਰਨ ਲੱਗ ਪਏ ਹਨ ਪਰ ਉਹਦੀ ਅਤੇ ਉਹਦੀ ਕਵਿਤਾ ਦੀ ਮੁੱਖ ਟੇਕ ਆਮ ਲੋਕ ਹੀ ਹਨ। ਇਸ ਲੇਖ ਵਿਚ ਸੁਖਦੇਵ ਸਿੱਧੂ ਨੇ ਉਸ ਦੀ ਕਵਿਤਾ ਅਤੇ ਉਹਦੀ ਜ਼ਿੰਦਗੀ ਬਾਰੇ ਬਾਤਾਂ ਪਾਈਆਂ ਹਨ। -ਸੰਪਾਦਕ*

ਉਦਾਸੀ ਮਾਲਵੇ ਦੇ ਜੰਗ਼ਲ ਦਾ ਸੀ, ਅਸੀਂ ਅੰਬੀਆਂ ਵਾਲੇ ਦੇਸ ਦੁਆਬੇ ਦੇ। ਇਹ ਸਾਰੇ ਪੰਜਾਬ 'ਚ ਘੁੰਮਿਆਂ-ਫਿਰਿਆ ਸੀ। ਪੰਜਾਬ ਤੋਂ ਬਾਹਰ ਵੀ। ਨਕਸਲਬਾੜੀ ਲਹਿਰ ਸਦਕਾ, ਇਹਦਾ ਨਾਂ ਪੂਰਾ ਚਮਕਿਆ ਹੋਇਆ ਸੀ। ਲਹਿਰ ਮੱਠੀ ਪਈ ਤੋਂ ਵੀ ਇਹਦੀ ਕਵਿਤਾ ਦੀ ਭੱਲ ਬਣੀ ਰਹੀ।



ਲਹਿਰ ਦੇ ਨਾਮੀ ਸ਼ਾਇਰਾਂ 'ਚ ਇਹਦਾ ਨਾਂ ਸੀ। ਤੱਟਫੱਟ ਸਮਝ ਆਉਣ ਵਾਲੀ ਸ਼ਾਇਰੀ ਕਰਕੇ ਇਹਦੀ ਪੂਰੀ ਚੜ੍ਹਾਈ ਸੀ। ਕਵਿਤਾ 'ਚ ਲੈਅ ਵੀ ਸੀ ਤੇ ਉੱਤੋਂ ਇਹਦੀ ਪੰਚਮ ਸੁਰ ਵੀ ਜੋਸ਼ ਭਰ ਦਿੰਦੀ ਸੀ। ਜਦ ਇਹ ਆਪ ਗਾਉਂਦਾ, ਤਾਂ ਠੁੱਕ ਬੰਨ੍ਹ ਦਿੰਦਾ। ਕੀਲ ਕੇ ਬਿਠਾ ਲੈਣ ਦੀ ਇਹਦੀ ਗੱਲ ਮਸ਼ਹੂਰ ਸੀ। ਇਨਕਲਾਬ ਨੂੰ ਉਡੀਕ-ਉਡੀਕ ਅੱਕੇ ਹੋਏ ਕਾਹਲ਼ਿਆਂ ਲਈ ਇਹ ਹੋਰ ਗਰਮਾਇਸ਼ ਪੈਦਾ ਕਰ ਦਿੰਦਾ ਸੀ। ਇਹੋ ਇਹਦਾ ਮਕਸਦ ਸੀ। ਉਦਾਸੀ ਕਲਾ ਵਾਸਤੇ ਕਲਾ ਦਾ ਹਾਮੀ ਨਹੀਂ ਸੀ। ਮੰਗ ਤਾਂ ਭਾਵੇ ਹੋਰਾਂ ਦੀ ਵੀ ਬਥੇਰੀ ਸੀ ਪਰ ਉਦਾਸੀ ਦੀ ਵਧੇਰੇ ਸੀ। ਜਿੱਥੇ ਇਹ ਜਾਂਦਾ, ਲੋਕਾਂ ਵਹੀਰਾਂ ਘੱਤ ਓਥੇ ਹੀ ਇਹਨੂੰ ਸੁਣਨ ਪਹੁੰਚ ਜਾਂਦੇ।

ਪੰਜਾਬ ਰਹਿੰਦਿਆਂ ਮੈਂ ਇਹਨੂੰ ਮਿਲ਼ਿਆ ਨਹੀਂ ਸੀ। ਸਿਰਫ਼ ਦੋ ਵਾਰੀ ਹੀ ਦੇਖਿਆ-ਸੁਣਿਆ ਸੀ। ਦੋਵੇਂ ਵਾਰ ਟੀਚਰਾਂ ਦੇ ਮੁਜ਼ਾਹਰਿਆਂ 'ਤੇ। ਇਕ ਵਾਰੀ ਚੰਡੀਗੜ੍ਹ ਤੇ ਦੂਜੀ ਵਾਰੀ ਨਵੇਂ ਸ਼ਹਿਰ। ਮੈਂ ਆਪ ਤਾਂ ਟੀਚਰ ਨਹੀਂ ਸੀ, ਨਾ ਹੀ ਜੱਥੇਬੰਦੀ ਦਾ ਮੈਂਬਰ; ਪਰ ਮੇਰੇ ਪਿੰਡ ਦੇ ਸਕੂਲੇ ਨਵੇਂ-ਨਵੇਂ ਮਾਸਟਰ ਆਏ ਸੀ। ਚੜ੍ਹਦੀ ਮਾਲੀ ਸੱਜਦੇ ਫਬਦੇ ਜੁਆਨ ਮਾਸਟਰਾਂ ਦੀਆਂ ਦੋ ਟੋਲੀਆਂ। ਉਨ੍ਹਾਂ 'ਚ ਕੁਛ ਸਟੇਟ ਲੈਵਲ ਦੇ ਵਧੀਆ ਖਿਡਾਰੀ ਸੀ, ਕੁਛ ਖੱਬੀ ਸੁਰ ਵਾਲੇ ਸੋਚਵਾਨ ਵੀ ਸੀ। ਇਨ੍ਹਾਂ ਮਾਸਟਰਾਂ ਨਾਲ਼ ਮੇਰਾ ਨੇੜ ਹੋ ਜਾਣਾ ਬੜਾ ਸੁਭਾਵਕ ਹੀ ਸੀ। ਅਸੀਂ ਰਲ਼ ਕੇ ਸਿਆਸੀ ਪਰਚੇ ਵੀ ਪੜ੍ਹਦੇ। ਮੈਂ ਉਨ੍ਹਾਂ ਨਾਲ਼ ਹੀ ਟਰੱਕਾਂ 'ਤੇ ਬਹਿ ਕੇ ਮੁਜ਼ਾਹਰਿਆਂ 'ਤੇ ਚਲੇ ਜਾਂਦਾ ਸੀ।

ਉਦਾਸੀ ਨੇ ਪਹਿਲਾਂ ਸਾਫ਼ ਸੁਥਰੇ ਗੀਤ ਲਿਖੇ। ਬਾਅਦ 'ਚ ਚੱਕਵੇਂ ਗੀਤ ਗਾ ਕੇ ਦਿਲ ਲੁੱਟ ਲੈਂਦਾ ਸੀ। ਏਸੇ ਕਰਕੇ ਇਹਦਾ ਨਾਂ ਵੱਡਾ ਸੀ। ਇਹਨੂੰ ਦੇਖ ਕੇ ਲੱਗਦਾ ਸੀ ਜਿਵੇਂ ਇਹ ਹਵਾ 'ਚ ਤੁਰਿਆ-ਫਿਰਦਾ ਸੀ। ਇਹਦੇ ਪਾਠਕ ਸਰੋਤੇ ਆਪ ਵੀ ਤਾਂ ਇਨਕਲਾਬੀ ਤਾਅ 'ਚ ਤਪੇ ਹੋਏ ਸੀ। ਲੋਹਾ ਗਰਮ ਸੀ, ਉਦਾਸੀ ਦੇ ਗੀਤ ਬਰਾਬਰ ਸੱਟ ਮਾਰੀ ਜਾਂਦੇ ਸੀ:

ਦਬਾ ਦਬ ਚੱਲ ਮੇਰੇ ਬੈਲਾਂ ਦੀਏ ਜੋੜੀਏ ਨੀ,
ਬੀਜਣੇ ਨੇ ਅਸੀਂ ਹਥਿਆਰ।
ਮੁੜ੍ਹਕੇ ਦਾ ਵੱਤਰ ਮੈਂ ਮਸਾਂ ਹੈ ਸੰਭਾਲ਼ਿਆ ਨੀ,
ਪਵੇ ਨਾ ਚੌਮਾਸਿਆਂ ਦੀ ਮਾਰ।

ਉਦਾਸੀ ਦੀ ਕਵਿਤਾ ਕਿਰਤੀ ਵਰਗ ਨੂੰ ਹਲੂਣਾ ਦਿੰਦੀ ਸੀ। ਇਹਦੇ ਗੀਤ ਲੋਕਾਂ ਨੂੰ ਉਦਾਸ ਨਹੀਂ ਕਰਦੇ; ਉੱਠ ਕੇ ਹਿੰਮਤ ਕਰਨ ਲਈ ਛੇੜਦੇ:

ਲੋਕੋ ਬਾਜ ਆ ਜਾਓ ਝੂਠੇ ਲੀਡਰਾਂ ਤੋਂ,
ਏਹਨਾਂ ਦੇਸ਼ ਨੂੰ ਬਿਲੇ ਲਗਾ ਛੱਡਣਾ।
ਏਹਨਾਂ ਦੇਸ਼ ਦਾ ਕੁਝ ਵੀ ਛੱਡਿਆ ਨਹੀਂ,
ਏਹਨਾਂ ਥੋਨੂੰ ਵੀ ਵੇਚ ਕੇ ਖਾ ਛੱਡਣਾ।
ਏਹਨਾਂ ਰੱਜ ਕੇ ਸਾਡੇ ਅਰਮਾਨ ਖੋਹੇ,
ਰਤਾ ਹੱਥ ਵੀ ਏਹਨਾਂ ਦਾ ਰੁਕਿਆ ਨਾ।
ਬਾਹਾਂ ਚੁੱਕ ਕੇ ਅਸੀਂ ਜਦ ਹੱਕ ਮੰਗੇ,
ਏਹਨਾਂ ਸਾਡਿਆਂ ਹੱਥਾਂ 'ਤੇ ਥੁੱਕਿਆ ਨਾ।

ਉਦਾਸੀ ਦੀ ਸ਼ਾਇਰੀ ਨੂੰ ਸਿੱਖੀ ਦੀ ਪਾਣ ਵੀ ਚੜ੍ਹੀ ਹੋਈ ਸੀ। ਇਹਦਾ ਪਰਿਵਾਰ ਨਾਮਧਾਰੀ ਲਹਿਰ ਦਾ ਪੈਰੋਕਾਰ ਸੀ। ਇਹਦੀਆਂ ਪਹਿਲ ਉਮਰ ਦੀਆਂ ਕਵਿਤਾਵਾਂ ਨਿਰੋਲ ਧਾਰਮਿਕ ਜਾਂ ਨਾਮਧਾਰੀ ਰੰਗ ਦੀਆਂ ਹੀ ਨੇ। ਬੰਦਾ ਆਪਣੇ ਪਿੱਛੇ ਨਾਲ਼ੋਂ ਟੁੱਟਦਾ-ਟੁੱਟਦਾ ਹੀ ਟੁੱਟ ਸਕਦਾ ਹੁੰਦਾ। ਨਾਮਧਾਰੀ ਸਤਿਗੁਰੂ ਦੀ ਮਹਿਮਾ ਵਾਲ਼ੀ ਇਹਦੀ ਸ਼ਾਇਰੀ ਵੀ ਮਿਲਦੀ ਹੈ। ਇਹ ਚੜ੍ਹਦੀ ਉਮਰ ਦੀਆਂ ਗੱਲਾਂ ਸੀ। ਫਿਰ ਇਹਨੇ ਦੇਸ-ਭਗਤੀ ਦੇ ਗੀਤ ਵੀ ਲਿਖੇ। ਇਹ ਹੈਰਾਨੀ ਦੀ ਗੱਲ ਨਹੀਂ ਕਿ 60-61 'ਚ ਹੀ ਲੋਕ ਰੰਗ ਦੇ ਸਾਹਿਤਕ ਗੀਤ ਰੇਡੀਓ ਸਟੇਸ਼ਨ 'ਤੇ ਵੀ ਗਾ ਆਇਆ ਸੀ। ਵੰਨਗੀ ਦੇਖੋ:

ਜਦ ਤਕ ਪੰਜ ਦਰਿਆ ਨਾ ਬੰਮ੍ਹਣ,
ਵਗਦਾ ਰਹੇ ਤੇਰਾ ਖੂਹ ਮਿੱਤਰਾ
ਵਧੇਂ ਫੁੱਲੇਂ ਤੇ ਮਾਣੇ ਜੁਆਨੀ,
ਵਸਦੀ ਰਹੇ ਤੇਰੀ ਰੂਹ ਮਿੱਤਰਾ।
ਅਤੇ
ਬਾਜਰੇ ਦਾ ਸਿੱਟਾ ਉੱਤੇ ਬੂਰ ਚਿੱਟਾ ਚਿੱਟਾ,
ਵਿਚ ਪੈਂਦਾ ਜਾਂਦਾ ਦਾਣਾ ਏ।
ਬਾਜਰੇ ਦਾ ਦਾਣਾ ਦਾਣਾ,
ਮੋਤੀ ਬਣ ਜਾਣਾ ਏ।

ਏਦੂੰ ਮਗਰਲੀ ਸਾਰੀ ਦੀ ਸਾਰੀ ਕਵਿਤਾ ਆਮ ਨਿਮਨ ਬੰਦੇ-ਮਜ਼ਦੂਰ ਕਿਸਾਨ-ਦੇ ਦੁੱਖਾਂ ਦੀ ਕਵਿਤਾ ਸੀ। ਜੱਟ-ਸੀਰੀ ਦਾ ਦੁੱਖ। ਗ਼ੁਰਬਤ ਦੇ ਮਾਰੇ ਦਰੜੇ ਕਾਮਿਆਂ ਦੇ ਹਾਲ ਬਿਆਨ ਕਰਕੇ ਉਦਾਸੀ ਨੇ ਅਜਿਹੇ ਇਸ਼ਤਿਆਰੇ ਪਹਿਲੀ ਵਾਰ ਸਾਹਿਤ 'ਚ ਲਿਆਂਦੇ: ਦੰਦ ਕਰੇੜੇ, ਚੁੰਨ੍ਹੀਆਂ ਅੱਖਾਂ, ਖਾਲੀ ਖੀਸੇ ਜੇਬਾਂ, ਗ਼ਲ ਚੀਥੜੇ, ਕੰਮੀਆਂ ਦੀ ਜੀਤੋ, ਭੁੱਖੀ ਪਤਨੀ ਨੂੰ ਉਤਰੇ ਨਾ ਦੁੱਧ, ਮੁੜ੍ਹਕੇ ਦਾ ਮੋਹ, ਸੀਰੀ 'ਤੇ ਤੜੀ, ਗ਼ਮਾਂ ਦੀ ਪੰਡ। ਇਸੇ ਤਰ੍ਹਾਂ ਸਿੱਖ ਇਤਿਹਾਸ 'ਚੋਂ ਵੀ ਬਿੰਬ ਲਏ ਜਿਹਦੇ ਕਰਕੇ ਉਦਾਸੀ 'ਤੇ ਸਿੱਖ ਉਲਾਰੂ ਹੋਣ ਦਾ ਫਤਵਾ ਵੀ ਲੱਗਦਾ ਰਿਹਾ। ਉਦਾਸੀ 'ਤੇ ਜਾਂ ਕਿਸੇ ਹੋਰ 'ਤੇ ਵੀ ਸਿੱਖ ਪਰਿਵਾਰ 'ਚੋਂ ਆਉਣ ਕਰਕੇ ਮੁੱਢਲੇ ਸੰਸਕਾਰਾਂ ਦਾ ਅਸਰ ਹੋਣਾ ਹੀ ਸੀ। ਉਦਾਸੀ ਆਪ ਸਰਵਹਾਰਿਆਂ 'ਚੋ ਸੀ-ਦਲਿਤਾਂ ਭਾਈਚਾਰੇ 'ਚੋਂ। ਮਾਲਵੇ ਵੱਲ ਇਨ੍ਹਾਂ ਨੂੰ ਮਜ਼੍ਹਬੀ ਵੀ ਕਹਿੰਦੇ ਨੇ। ਪਾਸ਼ ਇਹਨੂੰ ਸ਼ੁੱਧ ਮਜ਼ਦੂਰ ਜਮਾਤ ਕਹਿੰਦਾ ਹੁੰਦਾ ਸੀ ਅਤੇ ਉਦਾਸੀ ਨੂੰ ਅਸਲ ਲੋਕ ਕਵੀ। ਉਦਾਸੀ, ਪਾਸ਼ ਅਤੇ ਕਈ ਹੋਰ ਨਾਂ ਵਾਲ਼ੇ ਪਹਿਲੀ ਵਾਰ ਅਮਰਜੀਤ ਚੰਦਨ ਦੇ ਅੰਡਰਗਰਾਊਂਡ ਪਰਚੇ ਦਸਤਾਵੇਜ਼ 'ਚ ਛਪੇ। ਫਿਰ ਤਾਂ ਜਾਣੋ ਇਹ ਸਾਰੇ ਇਕਦਮ ਛਾ ਹੀ ਗਏ ਸੀ; ਹੋਰ ਤਰ੍ਹਾਂ ਦੀਆਂ ਲਿਖਤਾਂ ਇਕਦਮ ਨਕਾਰ ਦਿੱਤੀਆਂ ਗਈਆਂ। ਥਾਂ-ਥਾਂ ਉਦਾਸੀ ਦੀਆਂ ਲਿਖਤਾਂ 'ਚੋਂ ਅਪਣੇ ਪਿਛੋਕੜ ਦੇ ਝਲਕਾਰੇ ਮਿਲ ਜਾਂਦੇ ਨੇ। ਸਿੱਖ ਇਤਿਹਾਸ ਦੇ ਹਵਾਲਿਆਂ ਨਾਲ ਉਦਾਸੀ ਗੱਲ ਤਾਂ ਇਨਕਲਾਬ ਦੀ ਹੀ ਕਰਦਾ ਸੀ। ਸਰਕਾਰਾਂ ਵੀ ਏਨੀਆਂ ਸਿੱਧਰੀਆਂ ਤਾਂ ਨਹੀਂ ਹੁੰਦੀਆਂ ਪਰ ਇਹ ਲੁਕੋ ਵੀ ਨਹੀਂ ਸੀ ਰੱਖਦਾ। ਏਦੂੰ ਸਿੱਧੀ ਗੱਲ ਹੋਰ ਭਲਾ ਕੀ ਹੋ ਸਕਣੀ ਹੈ:

ਮਾਂ ਧਰਤੀਏ ਤੇਰੀ ਗੋਦ ਨੂੰ ਚੰਨ ਹੋਰ ਬਥੇਰੇ ਨੂੰ,
ਤੂੰ ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵਿਹੜੇ।
ਜਿੱਥੇ ਤੰਗ ਨਾ ਸਮਝਣ ਤੰਗੀਆਂ ਨੂੰ,
ਜਿੱਥੇ ਮਿਲਣ ਅੰਗੂਠੇ ਸੰਘੀਆਂ ਨੂੰ।
ਜਿੱਥੇ ਵਾਲ ਤਰਸਦੇ ਕੰਘੀਆਂ ਨੂੰ,
ਨੱਕ ਵਗਦੇ ਅੱਖਾਂ ਚੁੰਨ੍ਹੀਆਂ ਤੇ ਦੰਦ ਕਰੇੜੇ
ਤੂੰ ਮਘਦਾ ਰਹੀਂ ਵੇ ਸੂਰਜਾ...

ਪੰਜਾਬ 'ਚ ਅਤੇ ਲਾਗੇ ਬੰਨੇ ਉਦਾਸੀ ਦੀ ਬੱਲੇ-ਬੱਲੇ ਹੋਈ ਪਈ ਸੀ। ਬਾਹਰ ਵਲੈਤੀਂ ਵਸਦੇ ਪੰਜਾਬੀਆਂ ਨੂੰ ਵੀ ਉਦਾਸੀ ਨੂੰ ਸੁਣਨ ਦੀ ਤਾਂਘ ਸੀ। ਨਾਲ਼ੇ ਇਹ ਲਾਟ ਮਘਦੀ ਰੱਖਣ ਦਾ ਵਸੀਲਾ ਵੀ ਸੀ। ਕਨੇਡੇ-ਅਮਰੀਕਾ-ਵਲੈਤ ਵਸਦੇ ਅੱਗੇ ਵਧੂਆਂ ਨੇ ਰਲ਼ ਕੇ ਉਦਾਸੀ ਨੂੰ ਸੱਦਣ ਦਾ ਪ੍ਰੋਗਰਾਮ ਬਣਾ ਲਿਆ। ਉਦਾਸੀ ਦੇ ਦੱਸਣ ਮੁਜਬ ਜਗਮੋਹਨ ਜੋਸ਼ੀ ਦੀਆਂ ਉਦਾਸੀ ਨੂੰ ਚਿੱਠੀਆਂ ਵੀ ਗਈਆਂ ਸੀ। ਇਹ ਆਪ ਓਦੋਂ ਜੇਲ੍ਹ 'ਚ ਸੀ। ਜਗਮੋਹਨ ਜੋਸ਼ੀ ਭਾਰਤੀ ਮਜ਼ਦੂਰ ਸਭਾ ਦਾ ਜਨਰਲ ਸਕੱਤਰ ਵੀ ਸੀ ਅਤੇ ਉਰਦੂ ਦਾ ਸ਼ਾਇਰ ਵੀ। ਜਦੋਂ ਤਾਈਂ ਉਦਾਸੀ ਆਇਆ ਜੋਸ਼ੀ ਆਪ ਨਾ ਰਿਹਾ। ਲੰਡਨ 'ਚ 1979 ਵਿਚ ਨਸਲਵਾਦ ਵਿਰੁੱਧ ਮੁਜ਼ਾਹਰੇ ਦੀ ਅਗਵਾਈ ਕਰਦਾ ਦਿਲ ਦੇ ਦੌਰੇ ਨਾਲ਼ ਪੂਰਾ ਹੋ ਗਿਆ ਸੀ।

ਉਦਾਸੀ 1979 'ਚ ਇਪਾਨਾ (ਇੰਡੀਅਨ ਪੀਪਲਜ਼ ਐਸੋਸੀਏਸ਼ਨ ਆਫ ਨੌਰਥ ਅਮੈਰਿਕਾ) ਤੇ ਆਈ.ਡਬਲਿਊ.ਏ. (ਇੰਡੀਅਨ ਵਰਕਰਜ਼ ਐਸੋਸੀਏਸ਼ਨ) ਦੇ ਸਾਂਝੇ ਸੱਦੇ 'ਤੇ ਆਇਆ। ਉਦੋਂ ਸਾਂਝੇ ਪ੍ਰੋਗਰਾਮ ਏਦਾਂ ਹੀ ਤੈਅ ਹੁੰਦੇ ਸੀ। ਪੰਜਾਬ ਤੋਂ ਆਉਣ ਵਾਲ਼ੇ ਕਲਾਕਾਰ, ਲੇਖਕ, ਸਿਆਸੀ ਕਾਰਕੁਨ ਪਹਿਲਾਂ ਕਨੇਡਾ-ਅਮਰੀਕਾ ਜਾਂਦੇ, ਤੇ ਫਿਰ ਵਾਪਸੀ 'ਤੇ ਵਲੈਤ ਦਾ ਫੇਰਾ ਲੱਗਦਾ ਸੀ। ਉਦਾਸੀ ਦਾ ਪ੍ਰੋਗਰਾਮ ਵੀ ਏਦਾਂ ਹੀ ਬਣਿਆ। ਦਿੱਲੀਓਂ ਇਹ ਸਿੱਧਾ ਕਨੇਡੇ ਪਹੁੰਚ ਗਿਆ। ਇਹਨੇ ਉਥੇ ਜਾ ਕੇ ਬੜਾ ਠੁੱਕ ਬੰਨ੍ਹਿਆ ਸੀ। ਇਹਦੇ ਚਹੇਤੇ-ਪਾਠਕ ਉਥੇ ਵੀ ਬਥੇਰੇ ਸੀ। ਇਪਾਨਾ ਵਾਲ਼ਿਆਂ ਨੇ ਇਹਦੀ ਆਵਦੀ ਆਵਾਜ਼ 'ਚ ਤਵੇ ਵੀ ਭਰਾਏ ਸੀ। ਉਦੋਂ ਤਵੇ ਹੀ ਭਰਾਏ ਜਾਂਦੇ ਸੀ। ਅਜੇ ਵੀ ਸਾਨੂੰ ਲੋਕ ਪੁੱਛਦੇ ਰਹਿੰਦੇ ਨੇ ਕਿ ਉਦਾਸੀ ਦੇ ਗਾਏ ਗੀਤ ਕਿਤਿਓਂ ਮਿਲ ਸਕਦੇ ਨੇ?

ਵਲੈਤ ਆ ਕੇ ਇਹ ਥੋੜ੍ਹਾ-ਥੋੜ੍ਹਾ ਸਭ ਸ਼ਹਿਰੀਂ ਰਿਹਾ। ਬਹੁਤਾ ਚਿਰ ਸਾਡੇ ਕੋਲ਼ ਬਰੈਡਫ਼ਰਡ ਰਿਹਾ। ਜਿਸ ਸ਼ਹਿਰ ਵੀ ਪ੍ਰੋਗਰਾਮ ਹੋਣਾ, ਅਸੀਂ ਉਦਾਸੀ ਨੂੰ ਉਥੇ ਪਹੁੰਚਦਾ ਕਰ ਦੇਣਾ। ਬਰੈਡਫ਼ਰਡ ਦੀ ਬਰਾਂਚ ਯੰਗ (ਜੁਆਨਾਂ ਦੀ) ਬਰਾਂਚ ਮੰਨੀ ਜਾਂਦੀ ਸੀ। ਸਾਰੇ ਪੱਚੀਆਂ-ਪੱਚੀਆਂ ਤੀਹਾਂ-ਤੀਹਾਂ ਸਾਲਾਂ ਦੇ ਚੜ੍ਹਦੀ ਮਾਲੀ ਮੁੰਡੇ। ਕੰਮ ਕਰਨ ਨੂੰ ਵੀ ਧੱਕੜ। ਜਿਹੜੇ ਕੰਮ ਨੂੰ ਹੱਥ ਪਾਉਂਦੇ, ਫ਼ਤਿਹ ਪਾ ਕੇ ਛੱਡਦੇ। ਉਦਾਸੀ ਕੰਨ 'ਤੇ ਹੱਥ ਰੱਖ ਕੇ ਉੱਚੀ ਹੇਕ ਲਾਉਂਦਾ। ਆਪ ਵੀ ਖ਼ੁਸ਼, ਗਾਹਕ ਵੀ ਖ਼ੁਸ਼। ਉਦੋਂ ਕੁ ਹੀ ਪ੍ਰਿਥੀਪਾਲ ਰੰਧਾਵੇ ਦਾ ਕਤਲ ਹੋਇਆ ਸੀ: ਲਹਿਰ ਦੇ ਹਮਾਇਤੀ ਵੀ ਅੰਬੇ ਹੋਏ ਸੀ। ਰੰਧਾਵੇ ਦੇ ਹਮਦਰਦ ਏਥੇ ਵੀ ਬਹੁਤ ਸੀ। ਲੋਕ ਹਿਰਖ 'ਚ ਵੀ ਸੀ, ਤੇ ਉੱਤੋਂ ਉਦਾਸੀ ਨੇ ਜੋਸ਼ ਭਰੇ ਗੀਤ ਗਾਉਣੇ। ਬੜੇ ਵੱਡੇ-ਵੱਡੇ 'ਕੱਠ ਹੋਏ। ਉਦਾਸੀ ਗਾਉਂਦਾ: ਜੱਟ ਤੇ ਸੀਰੀ ਦਾ ਹਾਲ, ਸਾਡਾ ਅੰਮੀਓਂ ਰਤਾ ਨਾ ਕਰੋ ਝੋਰਾ, ਮੇਰੇ ਮਿੱਤਰਾਂ ਨੂੰ, ਡੋਲੀ, ਮੈਨੂੰ ਰਹਿਣ ਦੇ ਹਵਾਏ ਮੇਰੇ ਦੇਸ਼, ਕੰਮੀਆਂ ਦਾ ਵਿਹੜਾ, ਦੇਸ਼ ਹੈ ਪਿਆਰਾ ਸਾਨੂੰ, ਉੱਠਣ ਦਾ ਵੇਲਾ।

ਸਾਡੇ ਕੋਲ ਆ ਕੇ ਉਦਾਸੀ ਨੇ ਦੱਸਿਆ ਸੀ ਕਿ ਉਹ ਸਾਡੇ ਪਿੰਡਾਂ ਵੱਲ ਵੀ ਲੁਕ-ਲੁਕਾ ਕੇ ਵਿਚਰਦਾ ਰਿਹਾ ਸੀ। ਪਰਲੇ ਪਾਸਿਓਂ ਆ ਕੇ ਨਸੀਰੇਵਾਲਾ, ਕਿਸ਼ਨਪੁਰਾ, ਪੱਤੀ ਮੁਲਤਾਨੀ, ਤਰਫ ਕੋਟਲੀ, ਤਿਹਾੜਾ ਜਾਂ ਕੰਨੀਆਂ ਕੋਲੋਂ ਦੀ ਹੋ ਕੇ ਸਤਲੁਜ ਨੂੰ ਵੇਲੇ ਕੁਵੇਲੇ ਪਾਰ ਕਰਦੇ। ਫਿਰ ਏਧਰਲੇ ਪਿੰਡਾਂ ਚ ਵਿਚਰਦੇ, ਮੀਟਿੰਗਾਂ ਕਰ ਕਰਾ ਕੇ ਵਾਪਸ ਚਲੇ ਜਾਂਦੇ।

ਉਦਾਸੀ ਬਹੁਤਾ ਪਰੇਸ਼ਾਨ ਉਦੋਂ ਹੁੰਦਾ ਸੀ, ਜਦ ਕਿਸੇ ਸੰਗੀ-ਸਾਥੀ ਦਾ ਝੂਠੇ ਪੁਲਿਸ ਮੁਕਾਬਲੇ 'ਚ ਕਤਲ ਹੋ ਜਾਂਦਾ ਸੀ। ਸਾਰਾ ਜਹਾਨ ਜਾਣਦਾ ਸੀ ਕਿ ਮੁਕਾਬਲਾ-ਮਕੂਬਲਾ ਕੋਈ ਨਹੀਂ ਸੀ ਹੁੰਦਾ। ਬਹੁਤੇ ਸੰਗੀ-ਸਾਥੀ ਤਾਂ ਅਣਜਾਣ ਹੀ ਫੜੇ ਜਾਂਦੇ ਸੀ ਜਾਂ ਮੁਖ਼ਬਰੀ ਕਾਰਣ ਪੁਲਿਸ ਦੇ ਅੜਿੱਕੇ ਆ ਜਾਂਦੇ ਸੀ ਜਾਂ ਫਿਰ ਜੁਆਨੀ ਦੇ ਜੋਸ਼ ਦੀ ਬੇਲੋੜੀ ਫੂਕ ਫੜਵਾ-ਮਰਵਾ ਦਿੰਦੀ ਸੀ। ਪੁਲਿਸ ਵੀ ਉਰ੍ਹੇ-ਪਰ੍ਹੇ ਕਰਕੇ ਮਾਰ ਦਿੰਦੀ ਸੀ। ਅਖ਼ਬਾਰਾਂ 'ਚ ਖ਼ਬਰ ਮੁਕਾਬਲੇ ਦੀ ਬਣਾ ਕੇ ਲਵਾ ਦਿੰਦੀ। ਬਹੁਤਾ ਇਹ ਉਦੋਂ ਤੜਫਦਾ ਸੀ ਜਦੋਂ ਆਪਣੇ ਹੀ ਜਾਂ ਆਪਣਿਆਂ ਨੂੰ ਮਾਰ ਦਿੰਦੇ ਸੀ ਜਾਂ ਕੁੱਟ ਤੋਂ ਡਰਦੇ ਬਕ ਪੈਂਦੇ ਸੀ। ਸਾਰਾ ਭੇਤ ਖੁੱਲ੍ਹ ਜਾਂਦਾ ਸੀ। ਲਗਦੇ ਹੱਥ ਹੋਰ ਸੰਗੀ-ਸਾਥੀ ਫੜੇ ਵੀ ਜਾਂਦੇ ਪਰ ਇਹ ਏਸ ਪਾਸੇ ਤੁਰੇ ਰਹਿਣ ਦਾ ਅਹਿਦ ਕਰੀ ਰੱਖਦਾ ਹੈ:


ਸਾਡਾ ਅੰਮੀਓਂ ਜ਼ਰਾ ਨਾ ਕਰੋ ਝੋਰਾ,
ਸਾਨੂੰ ਜ਼ਿੰਦਗੀ ਸੁਰਖ਼ਰੂ ਕਰਨ ਦੇਵੋ।
ਅਸੀਂ ਜੰਮੇ ਹਾਂ ਹਉਕੇ ਦੀ ਲਾਟ ਵਿਚੋਂ,
ਸਾਨੂੰ ਸੇਕ ਜੁਦਾਈ ਦਾ ਜਰਨ ਦੇਵੋ।
ਸਾਡੇ ਸਿਰਾਂ ਉੱਤੇ ਨੇਹਚਾ ਰੱਖ ਬਾਪੂ,
ਨੰਗੀ ਹੋਣ ਨਾ ਦਿਆਂਗੇ ਕੰਡ ਤੇਰੀ।
ਤਿਪ ਤਿਪ ਜੁਆਨੀ ਦੀ ਡੋਹਲ ਕੇ ਵੀ,
ਹੌਲੀ ਕਰਾਂਗੇ ਗ਼ਮਾਂ ਦੀ ਪੰਡ ਤੇਰੀ।

'ਵਰ ਕਿ ਸਰਾਪ' ਕਵਿਤਾ ਵਿਚ ਉਦਾਸੀ ਦੱਸਦਾ ਹੈ ਕਿ ਜੇ ਉਹ ਕਿਸੇ ਸਰਦੇ-ਪੁੱਜਦੇ ਘਰ ਦਾ ਹੁੰਦਾ ਤਾਂ ਗੱਲ ਹੋਰ ਹੋਣੀ ਸੀ। ਜੇ ਉਹ ਸਰਕਾਰੀ ਧੂਤੂ ਹੁੰਦਾ ਤਾਂ ਵੀ ਕਈ ਨਿਹਮਤਾਂ ਉਤਰਨੀਆਂ ਸੀ। ਜੇ ਉਹ ਧਰਮ ਪ੍ਰਚਾਰ ਹੀ ਕਰਦਾ ਤਾਂ ਵੀ ਮਿਹਰਾਂ ਦੀਆਂ ਬਰਸਾਤਾਂ ਹੋਣੀਆਂ ਸੀ ਪਰ ਉਹ ਲੋਕਾਂ ਦਾ ਦਰਦ ਬਿਆਨਦਾ ਹੈ; ਇਸੇ ਲਈ ਔਖਿਆਈਆਂ ਤਾਂ ਝੱਲਣੀਆਂ ਹੀ ਪੈਣੀਆ ਨੇ। ਉਦਾਸੀ ਨੂੰ ਇਸ ਗੱਲ ਦਾ ਖ਼ਿਆਲ ਸੀ ਕਿ ਇਹਨੇ ਰਸਤਾ ਔਖਾ ਚੁਣਿਆ ਹੈ। ਵਿਅੰਗ 'ਚ ਇਹ ਲਿਖਦਾ ਹੈ:

ਨਾਲੇ ਪਿੰਡ ਦੇ ਚੌਧਰੀ ਖ਼ੁਸ਼ ਰਹਿੰਦੇ,
ਕੀ ਕਹਿਣਾ ਸੀ ਨਾਲੇ ਸਰਕਾਰ ਮੈਨੂੰ।
ਤਿੰਨ ਬਾਂਦਰਾਂ ਦੇ ਮਹਾਂ ਕਾਵਿ ਲਿਖਕੇ,
ਹੁਣ ਨੂੰ ਕੋਈ ਕਿਤਾਬ ਛਪਵਾਈ ਹੁੰਦੀ।
ਜਿਹੜੀ ਆਪ ਵਿਕਦੀ ਆਪੇ ਵੇਚ ਲੈਂਦੇ,
ਰਹਿੰਦੀ ਵਿਚ ਸਕੂਲਾਂ ਲਗਵਾਈ ਹੁੰਦੀ।

ਸੰਤ ਰਾਮ ਉਦਾਸੀ ਦੇ ਜੀਂਦੇ-ਜੀਅ ਤਿੰਨ ਕਾਵਿ ਸੰਗ੍ਰਹਿ ਛਪੇ-ਲਹੂ ਭਿੱਜੇ ਬੋਲ (1972), ਸੈਨਤਾਂ (1977), ਚੌਨੁਕਰੀਆਂ ਸੀਖਾਂ (1978)। ਮਗਰੋਂ ਇਹਦੀ ਸਾਰੀ ਕਵਿਤਾ ਹੀ ਇਕ ਥਾਂ ਪ੍ਰਕਾਸ਼ਿਤ ਕਰ ਦਿੱਤੀ ਗਈ। ਪਹਿਲੀਆਂ ਕਿਤਾਬਾਂ ਦੇ ਤਿੰਨ-ਤਿੰਨ, ਚਾਰ ਚਾਰ ਐਡੀਸ਼ਨ ਵੀ ਛਪੇ।

ਉਦਾਸੀ ਪੈੱਗ ਦਾ ਸ਼ੌਕੀਨ ਸੀ। ਆਪਣੇ ਜੁਜ ਵਾਲਿਆਂ ਨਾਲ਼ ਰਲ਼ ਕੇ ਹੀ ਪੀਂਦਾ ਸੀ ਪਰ ਵੱਤ 'ਚ ਰਹਿ ਕੇ। ਤਾਂ ਵੀ ਪੰਜਾਬ ਵਿਚ ਸ਼ਰਾਬ ਬਾਰੇ ਤੋਹਮਤਾਂ ਹੋਰ ਤਿੱਖੀਆਂ ਹੋ ਗਈਆਂ। ਅਸੀਂ ਇਹਨੂੰ ਕਦੇ ਪੀ ਕੇ ਖ਼ਰਾਬ ਹੁੰਦਾ ਨਹੀਂ ਦੇਖਿਆ। ਆਪਣੇ ਕਹਿੰਦੇ ਨੇ ਕਿ ਆਵਦਿਆਂ ਦੇ ਮਾਰੇ ਫੁੱਲਾਂ ਦਾ ਦੁੱਖ ਦੁਸ਼ਮਣਾਂ ਦੇ ਮਾਰੇ ਪੱਥਰਾਂ ਤੋਂ ਵੱਧ ਹੁੰਦਾ ਹੈ। ਉਦਾਸੀ ਕੋਲ ਸੀਮਿਤ ਸਰੋਤ ਸੀ ਤੇ ਜੱਥੇਬੰਦੀਆਂ 'ਚ ਸਰਗਰਮੀ ਕਾਰਣ ਆਰਥਿਕ ਬੋਝ ਵਧੀ ਜਾਂਦਾ ਸੀ। ਬੱਚੇ ਵੱਡੇ ਹੋ ਰਹੇ ਸੀ। ਟੱਬਰ ਦਾ ਖ਼ਰਚ ਵੀ ਫ਼ਿਕਰ ਸੀ। ਲਹਿਰ ਵੀ ਮੱਠੀ ਪੈ ਗਈ ਸੀ।



ਬਲਦੇਵ ਕਲੇਰ, ਉਦਾਸੀ ਤੇ ਬਲਵੀਰ ਦੱਤ-ਲੰਡਨ ਮਾਰਕਸ ਦੀ ਕਬਰ ਅੱਗੇ (1979)

*ਪੰਜਾਬ 'ਚ ਅਤੇ ਲਾਗੇ ਬੰਨੇ ਉਦਾਸੀ ਦੀ ਬੱਲੇ-ਬੱਲੇ ਹੋਈ ਪਈ ਸੀ। ਬਾਹਰ ਵਲੈਤੀਂ ਵਸਦੇ ਪੰਜਾਬੀਆਂ ਨੂੰ ਵੀ ਉਦਾਸੀ ਨੂੰ ਸੁਣਨ ਦੀ ਤਾਂਘ ਸੀ। ਨਾਲ਼ੇ ਇਹ ਲਾਟ ਮਘਦੀ ਰੱਖਣ ਦਾ ਵਸੀਲਾ ਵੀ ਸੀ। ਕਨੇਡੇ-ਅਮਰੀਕਾ-ਵਲੈਤ ਵਸਦੇ ਅੱਗੇ ਵਧੂਆਂ ਨੇ ਰਲ਼ ਕੇ ਉਦਾਸੀ ਨੂੰ ਸੱਦਣ ਦਾ ਪ੍ਰੋਗਰਾਮ ਬਣਾ ਲਿਆ। ਉਦਾਸੀ ਦੇ ਦੱਸਣ ਮੁਜਬ ਜਗਮੋਹਨ ਜੋਸ਼ੀ ਦੀਆਂ ਉਦਾਸੀ ਨੂੰ ਚਿੱਠੀਆਂ ਵੀ ਗਈਆਂ ਸੀ। ਇਹ ਆਪ ਓਦੋਂ ਜੇਲ੍ਹ 'ਚ ਸੀ।*

ਕਈਆਂ ਨੂੰ ਉਦਾਸੀ ਦੀ ਹਸਤੀ ਦਾ ਪਤਾ ਹੀ ਨਹੀਂ ਸੀ। ਪਹਿਲਾਂ ਦੇ ਬਣੇ ਸੰਸਕਾਰਾਂ ਦੀ ਆਪਣੀ ਥਾਂ ਸੀ। ਕਿਸੇ ਸਾਥੀ ਨੇ ਆਪਣੇ ਬਾਪ ਨੂੰ ਕਿਹਾ: ਉਦਾਸੀ ਦੇ ਗੀਤ ਸੁਣਨ ਚੱਲੇ ਆਂ, ਤੂੰ ਵੀ ਜਾਣਾ ਤਾਂ ਚਲੇ ਚੱਲ। ਬਜ਼ੁਰਗ ਮੋੜ ਕੇ ਕਹਿੰਦਾ: ਇਨ੍ਹਾਂ ਨੂੰ ਕੀ ਪਤਾ ਕਿੱਦਾਂ ਗਾਈਦਾ। ਤੇ ਜਦੋਂ ਉਦਾਸੀ ਨੂੰ ਗਾਉਂਦੇ ਨੂੰ ਸੁਣਿਆ, ਤਾਂ ਬਜ਼ੁਰਗ ਹੈਰਾਨ ਰਹਿ ਗਿਆ। ਉਦਾਸੀ ਦੀ ਲੰਮੀ ਦਰਦੀਲੀ ਹੇਕ ਨੇ ਉਹਨੂੰ ਮੋਹ ਲਿਆ ਸੀ। ਗੀਤਾਂ ਵਿਚਲੇ ਸਿੱਖ ਹਵਾਲਿਆਂ ਨੇ ਹੋਰ ਖਿੱਚਿਆ। ਉਹ ਉਦਾਸੀ ਦੇ ਬਲਿਹਾਰੇ ਜਾਣ ਲੱਗ ਪਿਆ।

ਭਾਰਤੀ ਮਜ਼ਦੂਰ ਸਭਾ ਦਾ ਪ੍ਰਧਾਨ ਤੇਜਾ ਸਿੰਘ ਸਹੋਤਾ ਇਹਦੀ ਮਾਰਕਸਜ਼ਿਮ ਬਾਰੇ ਸਮਝ ਪਰਖਣ ਲੱਗ ਪਿਆ। ਮਖੌਲ ਕਰਦਾ ਤੇਜਾ ਸਭ ਨਾਲ ਇਓਂ ਹੀ ਕਰਦਾ ਹੁੰਦਾ ਸੀ। ਉਦਾਸੀ ਨੂੰ ਛੇਤੀ ਪਤਾ ਲੱਗ ਗਿਆ ਕਿ ਵਿਚਲੀ ਗੱਲ ਕੀ ਆ। ਉਦਾਸੀ ਮੋਹਰਿਓਂ ਕਹਿੰਦਾ: ਦੇਖੋ ਹਿੰਦੋਸਤਾਨ ਦੇ ਅਸਲੀ ਬਸ਼ਿੰਦੇ ਅਸੀਂ ਆਂ। ਇਨਕਲਾਬ ਵੀ ਸਾਨੂੰ ਹੀ ਲਿਆਉਣਾ ਪੈਣਾ।

ਮਿੱਥੇ ਪ੍ਰੋਗਰਾਮ ਅਨੁਸਾਰ ਉਦਾਸੀ ਨੂੰ ਬੈਡਫਰਡ ਵਾਲੇ ਸਾਥੀ ਲੰਡਨ ਲੈ ਕੇ ਗਏ। ਗੱਲਾਂਬਾਤਾਂ ਹੁੰਦੀਆਂ ਗਈਆਂ। ਜਿਸ ਸਾਥੀ ਕੋਲ ਗਏ, ਉਥੇ ਵੀ ਖ਼ੁਸ਼ੀ 'ਚ ਗੱਲਾਂ ਹੀ ਕਰਦੇ ਰਹੇ। ਕਿਸੇ ਨੂੰ ਵੀ ਨਾ ਸਮੇਂ ਦਾ ਤੇ ਨਾ ਹੀ ਖਾਣ ਪੀਣ ਦਾ ਧਿਆਨ ਰਿਹਾ। ਅਖ਼ੀਰ ਤੇ ਉਦਾਸੀ ਆਪ ਹੀ ਕਹਿੰਦਾ: ਮੈਨੂੰ ਸੁਪਰਮੈਨ ਨਾ ਸਮਝੋ, ਕੋਈ ਰੋਟੀ ਪਾਣੀ ਦਾ ਪ੍ਰੋਗਰਾਮ ਵੀ ਕਰੋ। ਜਦੋ ਰੋਟੀ ਪਾਣੀ ਦਾ ਬੰਦੋਬਸਤ ਹੋ ਰਿਹਾ ਸੀ, ਤਾਂ ਉਹਨੂੰ ਯਾਦ ਆ ਗਿਆ ਕਿ ਲੰਡਨ ਤਾਂ ਮਾਰਕਸ ਦੀ ਸਮਾਧ 'ਤੇ ਜਾਣ ਦਾ ਕਰਕੇ ਆਏ ਸੀ। ਕਹਿੰਦਾ: ਰੋਟੀ ਫਿਰ ਖਾਣੀ ਹੈ, ਪਹਿਲਾਂ ਸਮਾਧ 'ਤੇ ਜਾਣਾ ਹੈ। ਕੁਵੇਲਾ ਹੋਣ ਦੇ ਬਾਵਜੂਦ ਸਾਰਾ ਦਿਨ ਰੋਟੀ ਨਾ ਖਾਧੀ। ਸਮਾਧ ਦੇਖ ਕੇ ਹੀ ਖਾਧੀ।

ਉਦਾਸੀ ਦੇ ਮਨ 'ਚ ਨਵਾਂ ਜਾਣਨ ਦੀ ਪ੍ਰਬਲ ਚਾਹ ਸੀ। ਬੈਠਿਆਂ-ਬੈਠਿਆਂ ਤੋਂ ਕਹਿੰਦਾ: ਮੈਨੂੰ ਐਟਮ ਬਾਰੇ ਸਮਝਾਓ, ਇਹ ਕੀ ਹੁੰਦਾ? ਕਿੱਦਾਂ ਕੰਮ ਕਰਦਾ? ਪਿੰਡਾਂ ਵਾਲ਼ੇ ਅੱਧਪੜ੍ਹ ਕਾਮਰੇਡ ਆਪ ਏਨੀ ਜੋਗੇ ਨਹੀਂ ਸੀ। ਉਨ੍ਹਾਂ ਨੇ ਊਟ-ਪਟਾਂਗ ਜਵਾਬ ਦੇ ਕੇ ਹਾਸੇ ਠੱਠੇ ਚ ਉਦਾਸੀ ਦਾ ਮਜ਼ਾਕ ਉਡਾਇਆ। ਏਨਾ ਅਣਜਾਣ ਤਾਂ ਉਹ ਵੀ ਨਾ ਸੀ; ਉਹਨੂੰ ਪਤਾ ਲੱਗ ਗਿਆ। ਉਦਾਸੀ ਨੇ ਐਸਾ ਮੋੜਵਾਂ ਵਾਰ ਕੀਤਾ ਕਿ ਸਭ ਦੀਆ ਬੋਲਤੀਆਂ ਬੰਦ ਹੋ ਗਈਆਂ। ਸਾਰੇ ਹੈਰਾਨ ਰਹਿ ਗਏ।

ਉਦਾਸੀ ਆਪਣੇ ਪਰਿਵਾਰ ਦੀਆਂ ਗੱਲਾਂ ਕਰਦਾ। ਧੀਆਂ ਪੁੱਤਾਂ ਦਾ ਦੱਸਦਾ। ਮਨੋਂ ਇਹ ਚਾਹੁੰਦਾ ਸੀ ਕਿ ਇਹਦੇ ਕਿਸੇ ਧੀ-ਪੁੱਤ ਦਾ ਰਿਸ਼ਤਾ ਬਾਹਰ ਹੋ ਜਾਏ। ਇਹ ਕੋਈ ਨਿਆਰੀ ਗੱਲ ਨਹੀਂ। ਸਾਰੇ ਏਦਾਂ ਹੀ ਚਾਹੁੰਦੇ ਹੁੰਦੇ ਆ ਪਰ ਇਹਦੇ ਲਈ ਉਹਨੇ ਕੋਈ ਖ਼ਾਸ ਉਚੇਚ ਨਹੀਂ ਸੀ ਕੀਤੀ। ਏਦਾਂ ਗੱਲ ਬਣਨੀ ਵੀ ਕਿੱਥੇ ਸੀ; ਨਾ ਹੀ ਬਣੀ। ਇਹਦੀ ਮਾਲੀ ਹਾਲਤ ਪਤਲੀ ਸੀ। ਪਤਲੀ ਹੀ ਰਹਿਣੀ ਸੀ। ਪਤਲੀ ਹੀ ਰਹੀ। ਸੀਮਿਤ ਆਮਦਨ ਤੇ ਸੰਗੀਆਂ-ਸਾਥੀਆਂ ਦਾ ਆਉਣ ਜਾਣ। ਖਾਣ-ਪੀਣ ਸਾਰਾ ਬੋਝ ਹੀ ਸੀ। ਵਲੈਤ ਵਾਲ਼ੇ ਥੋੜ੍ਹੇ ਬਹੁਤ ਸੰਗੀ ਸਾਥੀ ਵੇਲੇ ਕੁਵੇਲੇ ਮੱਦਦ ਕਰ ਦਿੰਦੇ ਸੀ। ਉਦਾਸੀ ਨੇ ਆਪ ਕਦੇ ਕਿਸੇ ਤੋਂ ਮੰਗ ਨਹੀਂ ਕੀਤੀ।

ਸਾਡੇ ਸ਼ਹਿਰ ਵਾਲਾ ਪ੍ਰੋਗਰਾਮ ਸਾਰਿਆਂ ਤੋਂ ਅਖ਼ੀਰਲਾ ਸੀ। ਬੜਾ ਵੱਡਾ 'ਕੱਠ ਹੋਇਆ। ਹਾਲ ਤੂੜਿਆ ਹੋਇਆ ਸੀ। ਤਿਲ਼ ਸੁੱਟਣ ਨੂੰ ਥਾਂ ਨਹੀਂ ਸੀ। ਸ਼ਹਿਰ ਦੇ ਬਸ਼ਿੰਦਿਆਂ ਤੋਂ ਬਿਨਾਂ ਲਾਗੇ ਬੰਨੇ ਦੇ ਬੰਦੇ ਵੀ 'ਕੱਠੇ ਹੋਏ ਸੀ ਤੇ ਸਭ ਬਰਾਂਚਾਂ ਵਾਲੇ ਵੀ ਹਾਜ਼ਰ ਸੀ। ਉਦੋਂ ਤੱਕ ਪੂਰੀ ਵਲੈਤ 'ਚ ਉਦਾਸੀ ਦੀ ਖ਼ਬਰ ਧੁੰਮੀ ਹੋਈ ਸੀ। ਏਨਾ 'ਕੱਠ ਬਹੁਤ ਘੱਟ ਦੇਖਿਆ ਸੀ। ਅਸੀਂ ਵੀ ਖ਼ੁਸ਼ ਸੀ, ਉਦਾਸੀ ਵੀ ਉੱਡਿਆ ਫਿਰਦਾ ਸੀ। ਲੋਕਾਂ ਉਦਾਸੀ ਨੂੰ ਖ਼ੁਸ਼ ਹੋ ਕੇ ਬੜੇ ਪੈਸੇ ਦਿੱਤੇ। ਧੰਨਵਾਦ ਕਰਦਿਆਂ ਜਿੰਨੇ ਪੈਸੇ ਹੋਏ ਉਦਾਸੀ ਨੇ ਸਾਰੇ ਆਈ.ਡਬਲਿਊ.ਏ. ਨੂੰ ਦੇ ਦਿੱਤੇ। ਹੋਰ ਬਰਾਂਚਾਂ ਵਾਲਿਆਂ ਵੀ ਤੋਹਫ਼ੇ ਦਿੱਤੇ ਪਰ ਇਹ ਕੀ-ਕੀ ਲੈ ਜਾ ਸਕਦਾ ਸੀ। ਭਾਰ ਲਿਆਉਣ-ਲੈ ਜਾਣ ਦੇ ਹੱਦ ਬੰਨੇ ਹੁੰਦੇ ਨੇ। ਉਦਾਸੀ ਕਨੇਡੇ ਤੋਂ ਹੋ ਕੇ ਇੰਗਲੈਂਡ ਆਇਆ ਸੀ। ਉਥੋਂ ਵੀ ਸਾਥੀਆਂ ਨੇ ਮਾਣ ਕੀਤਾ ਸੀ।

ਵਾਪਿਸ ਗਏ ਤੋਂ ਵੀ ਕੁਝ ਚਿੱਠੀ-ਪੱਤਰ ਚਲਦਾ ਰਿਹਾ ਸੀ। ਏਧਰੋਂ ਕੋਈ ਜਾਂਦਾ, ਤਾਂ ਮੇਲ਼-ਮਿਲਾਪ ਹੁੰਦਾ ਰਿਹਾ। ਹੌਲ਼ੀ-ਹੌਲ਼ੀ ਰੁਝੇਵਿਆਂ ਨਮਿੱਤ ਇਹ ਘਟਦਾ-ਘਟਦਾ ਘਟ ਵੀ ਗਿਆ। ਉਦਾਸੀ ਵੀ ਹੋਰਾਂ ਬਹੁਤਿਆਂ ਵਾਂਗ ਅਖੀਰਲੇ ਦਿਨਾਂ ਚ ਉਦਾਸ ਸੀ। ਕੁੰਠਾ ਪ੍ਰਬਲ ਹੋ ਰਹੀ ਸੀ-ਹੋਣੀ ਸੀ। ਆਉਂਦਾ-ਆਉਂਦਾ ਦਿਸਦਾ ਇਨਕਲਾਬ ਫਿਰ ਤਿਲਕ ਗਿਆ ਸੀ। ਇਨਕਲਾਬ ਦਾ ਭਰਮ ਨੰਗਾ ਹੋ ਗਿਆ ਸੀ। ਹੁਣ ਕੀ ਕੀਤਾ ਜਾ ਸਕਦਾ ਸੀ। ਵੱਡੇ-ਵੱਡੇ ਦਮਗੱਜੇ ਮਾਰੇ ਸੀ। ਆਸਾਂ ਨੂੰ ਬੂਰ

(ਬਾਕੀ ਅਗਲੇ ਸਫ਼ੇ 'ਤੇ)

ਪੈਣ ਦੀ ਪੂਰੀ ਆਸ ਲਾਈ ਹੋਈ ਸੀ। ਸਰਦੇ-ਪੁੱਜਦੇ ਆਪਣੇ-ਆਪਣੇ ਹੀਲੇ ਮਾਰ ਕੇ ਕਨੇਡੇ ਅਮਰੀਕਾ ਚਲੇ ਗਏ ਸੀ। ਜ਼ਮੀਨ ਭਾਂਡੇ ਵਾਲ਼ਿਆਂ ਨੂੰ ਫ਼ਿਕਰ ਹੀ ਨਹੀਂ ਸੀ। ਤੇ ਕੁਝ ਹੋਰ ਰਾਹੀਂ ਤੁਰ ਪਏ ਸੀ। ਇਹ ਕੀ ਕਰਦਾ।

ਉਦਾਸੀ ਨੇ ਥੋੜ੍ਹੀਆਂ ਕੁ ਗ਼ਜ਼ਲਾਂ ਵੀ ਲਿਖੀਆਂ। ਗ਼ਜ਼ਲਾਂ ਦਾ ਵਿਸ਼ਾ ਤਾਂ ਕੀ ਬਦਲਣਾ ਸੀ। ਸਭ ਇਨਕਲਾਬੀ ਸੁਰ ਵਾਲ਼ੀਆਂ ਹੀ ਸੀ। ਇਕ ਸਾਧੂ ਸਿੰਘ ਹਮਦਰਦ ਦੀ ਘੜੰਮ-ਚੌਧਰ ਦੀ ਲਾਲਸਾ ਤੋਂ ਅੱਕ ਕੇ ਲਿਖੀ ਸੀ। ਹਮਦਰਦ ਆਪੇ ਹੀ ਗ਼ਜ਼ਲ ਦਾ ਉਸਤਾਦ ਬਣਦਾ ਫਿਰਦਾ ਸੀ। ਪੰਜਾਬੀ ਗ਼ਜ਼ਲ ਦੀ ਸਾਰੀ ਦੀ ਸਾਰੀ ਤਰੱਕੀ ਦਾ ਸਿਹਰਾ ਆਪਣੇ ਸਿਰ ਬੰਨ੍ਹਦਾ ਸੀ। ਉਦਾਸੀ ਨੇ ਚੋਭ ਲਾ ਕੇ ਉਹਦੇ ਮੂੰਹੋਂ ਅਖਵਾਇਆ ਸੀ:

ਕਿਹੜਾ ਮੈਨੂੰ ਮੰਨਦਾ ਨਹੀਂ ਸਰਦਾਰ ਗ਼ਜ਼ਲ ਦਾ
ਮੇਰੇ ਹੱਥ ਵਿਚ ਸਾਰਾ ਕਾਰੋਬਾਰ ਗ਼ਜ਼ਲ ਦਾ।
ਤੁਸੀਂ ਤਾਂ ਦੂਰੋਂ ਨੇੜਿਓਂ ਅੰਗਲੀ ਸੰਗਲੀ ਲੱਭਦੇ
ਮੈਂ ਹਾਂ ਸੱਭ ਤੋਂ ਨੇੜੇ ਰਿਸ਼ਤੇਦਾਰ ਗ਼ਜ਼ਲ ਦਾ।
ਜੇ ਪਾਉਣਾ ਕੋਈ ਰੁਤਬਾ ਚਰਨੀਂ ਮੇਰੇ ਲੱਗ
ਲਾ ਦੇਵਾਂਗਾ ਤੈਨੂੰ ਚੌਕੀਦਾਰ ਗ਼ਜ਼ਲ ਦਾ।

ਫਿਰ ਅਚਾਨਕ ਉਦਾਸੀ ਦੇ ਵਿਛੋੜੇ ਦੀ ਖ਼ਬਰ ਆ ਗਈ। ਉਹ ਵੀ ਘਰੋਂ ਸੈਆਂ ਮੀਲ ਦੂਰ। ਨਾ ਘਰਦਿਆਂ ਆਖ਼ਿਰੀ ਵਾਰ ਮੂੰਹ ਦੇਖਿਆ; ਨਾ ਸੰਗੀਆਂ-ਸਾਥੀਆਂ ਤੇ ਨਾ ਹੀ ਪਾਠਕਾਂ ਪ੍ਰਸੰਸਕਾਂ ਨੇ। ਸਭ ਨੂੰ ਇਸ ਗੱਲ ਦਾ ਝੋਰਾ ਰਿਹਾ। ਮੈਨੂੰ ਯਾਦ ਹੈ ਵਲੈਤ ਦੌਰੇ ਵੇਲੇ ਉਦਾਸੀ ਨੇ ਜਗਮੋਹਣ ਜੋਸ਼ੀ ਦਾ ਮਰਸੀਆ ਬਹੁਤ ਵਾਰੀ ਪੜ੍ਹਿਆ ਸੀ। ਹਰ ਵਾਰੀ ਵਧ ਕੇ ਦਾਦ ਮਿਲੀ ਸੀ। ਲੋਕਾਂ ਦੇ ਹਜੂਮ ਵਿਚ ਹੋਈ ਮੌਤ ਨੂੰ ਉਹਨੇ ਉੱਤਮ ਕਿਹਾ ਸੀ। (ਆਈ.ਡਬਲਿਊ.ਏ. ਦੇ ਲੀਡਰ ਜਗਮੋਹਨ ਜੋਸ਼ੀ ਮੁਜ਼ਾਹਰੇ ਦੀ ਅਗਵਾਈ ਕਰਦਿਆਂ ਦਿਲ ਦੇ ਦੌਰੇ ਨਾਲ਼ 1979 ਲੰਡਨ 'ਚ ਪੂਰੇ ਹੋਏ ਸੀ) ਹੱਕਾਂ ਲਈ ਘੋਲ ਕਰਦਿਆਂ। ਜਗਮੋਹਣ ਜੋਸ਼ੀ ਲਈ ਉਦਾਸੀ ਦੇ ਵਿਰਲਾਪ ਦੇ ਬੋਲ ਸੀ:

ਚੰਨ ਧੁੱਪ ਦੇ ਵਿਚ ਹੈ ਸੌਂ ਗਿਆ, ਹੈ ਨੀ ਸਿਖਰ ਦੁਪਹਿਰੇ
ਕਿਰਨਾਂ ਹੋਈਆਂ ਸੌਲੀਆਂ, ਅੱਜ ਸਿਖਰ ਦੁਪਹਿਰੇ।

***

ਜੋ ਸੈਆਂ ਦੀ ਹਾਜ਼ਰੀ ਵਿਚ ਤੁਰਦਾ ਬੰਦਾ
ਓਹਦੇ ਵਰਗੀ ਮੌਤ ਨੂੰ ਹਰ ਝੁਰਦੈ ਬੰਦਾ

***

ਪਲ ਦੀ ਪਲ ਤੁਸੀਂ ਤਾਰਿਓ, ਸਿਰ ਨੀਵੇਂ ਕਰ ਲੋ
ਸਿਜਦਾ ਕਰਕੇ ਤੋਰ ਨੂੰ ਹੋਰ ਤਿੱਖੀ ਕਰ ਲੋ


ਉਦਾਸੀ ਦੇ ਪਰਿਵਾਰ ਵਾਲ਼ੇ ਏਸ ਗੱਲੋਂ ਨਾਰਾਜ਼ ਨੇ ਕਿ ਇਹਨੂੰ ਬਿਨ੍ਹਾਂ ਵਜਾਹ ਭੰਡਿਆ ਗਿਆ ਹੈ। ਆਪਣਿਆਂ ਵੀ ਤੇ ਬੇਗ਼ਾਨਿਆਂ ਵੀ। ਲਹਿਰ ਦਾ ਸੇਕ ਨਾ ਝੱਲਦੇ ਜਿਹੜੇ ਭੱਜ ਗਏ ਸੀ, ਉਹ ਹੁਣ ਫਿਰ ਲਾਡਲੇ ਹੋ ਗਏ ਨੇ। ਸਨਮਾਨਾਂ ਦੇ ਹੱਕਦਾਰ ਹੋ ਗਏ ਤੇ ਉਦਾਸੀ ਤ੍ਰਿਸਕਾਰ ਦਾ ਭਾਗੀ। ਉਦਾਸੀ ਦੀ ਧੀ ਦਾ ਕਹਿਣਾ ਹੈ: ਜੇ ਚਾਹੁੰਦੇ ਤਾਂ ਪਾਪਾ ਜੀ ਹੋਰ ਬਹੁਤੇ ਕਵੀਆਂ ਵਾਂਗ, ਗੀਤ ਲਿਖਕੇ ਜਾਂ ਗਾ ਕੇ ਹੀ ਆਪਣਾ ਚੰਮ ਵੀ ਬਚਾ ਸਕਦੇ ਸਨ ਤੇ ਆਪਣਾ ਨਾਂ ਵੀ ਚਮਕਾ ਸਕਦੇ ਸਨ। ਸਭਿਆਚਾਰਕ ਮੇਲਿਆਂ 'ਤੇ ਉਨ੍ਹਾਂ ਦੇ ਗਲ਼ 'ਚ ਨੋਟਾਂ ਦੇ ਹਾਰ ਵੀ ਪਾਏ ਜਾਣੇ ਸਨ; ਉਨ੍ਹਾਂ ਦੇ ਥੱਲੇ ਮਹਿੰਗੀ ਕਾਰ ਹੋਇਆ ਕਰਨੀ ਸੀ, ਸਰਕਾਰੇ-ਦਰਬਾਰੇ ਪੁੱਛਗਿੱਛ ਹੋਇਆ ਕਰਨੀ ਸੀ, ਉਨ੍ਹਾਂ ਦੇ ਬੱਚੇ ਕਨੇਡਾ-ਅਮਰੀਕਾ ਵਿੱਚ ਸੈੱਟ ਹੋਣੇ ਸਨ। ਚਾਰੇ ਪਾਸੇ ਬੱਲੇ ਬੱਲੇ ਹੋਇਆ ਕਰਨੀ ਸੀ। ਇਹ ਨਹੀਂ ਸੀ ਕਿ ਉਨ੍ਹਾਂ ਨੇ ਜੋ ਰਾਹ ਚੁਣਿਆ, ਉਨ੍ਹਾਂ ਨੇ ਐਵੇਂ ਵਿਸਰ ਭੋਲ ਹੀ ਚੁਣ ਲਿਆ। ਉਨ੍ਹਾਂ ਦੇ ਸਾਹਮਣੇ ਦੋਵਾਂ ਰਾਹਾਂ ਦੀ ਚੋਣ ਖੜ੍ਹੀ ਸੀ, ਇਕ ਰਾਹ ਤੁਰਿਆਂ ਮੂਹਰੇ ਸੂਲ਼ੀ ਗੱਡੀ ਨਜ਼ਰ ਆਉਂਦੀ ਸੀ; ਖੋਪੜੀਆਂ ਲਾਹੁਣ ਵਾਲੀਆਂ ਰੰਬੀਆਂ ਪਈਆਂ ਸਨ; ਬੰਦ ਬੰਦ ਕੱਟਣ ਵਾਲ਼ੇ ਟੋਕੇ ਪਏ ਸਨ; ਵਿਚਕਾਰੋਂ ਚੀਰਨ ਵਾਲ਼ੇ ਆਰੇ ਖੜ੍ਹੇ ਸਨ; ਦਰ-ਦਰ ਰੁਲ਼ਦਾ ਪਰਿਵਾਰ ਦਿਸਦਾ ਸੀ; ਦੂਜੇ ਰਾਹ ਪਿਆਂ ਜਿਵੇਂ ਕਹਿੰਦੇ ਹਨ ਕਿ ਜੱਨਤ ਦੀਆਂ ਹੂਰਾਂ ਮਿਲਣੀਆਂ ਸਨ, ਕੋਠੀਆਂ ਮਿਲਣੀਆਂ ਸਨ, ਕਾਰਾਂ ਮਿਲਣੀਆਂ ਸਨ। ਪਰ ਪਾਪਾ ਜੀ ਨੇ ਆਪਣੇ ਪੁਰਖੇ, ਸ਼ਹੀਦਾਂ ਸੂਰਮਿਆਂ ਵਾਲ਼ਾ ਰਾਹ ਚੁਣਨ ਦਾ ਸੁਚੇਤ ਫ਼ੈਸਲਾ ਕੀਤਾ। ਉਹ ਕਹਿੰਦੇ ਸਨ ਕਿ ਮੈਂ ਦਿਓਰ ਭਾਬੀਆਂ, ਜੀਜੇ ਸਾਲ਼ੀਆਂ, ਛੜਿਆਂ ਜੇਠਾਂ ਤੇ ਮੁੰਡਿਆਂ ਕੁੜੀਆਂ ਦੇ ਗੀਤ ਲਿਖਕੇ ਜ਼ਿੰਦਗੀ ਦਾ ਸੁੱਖ ਆਰਾਮ ਤਾਂ ਹਾਸਿਲ ਕਰ ਸਕਦਾ ਸੀ, ਸਾਧਾਰਣ ਲੋਕਾਂ ਦਾ ਮਨ ਪਰਚਾਵਾ ਤਾਂ ਕਰ ਸਕਦਾ ਸੀ, ਪਰ ਮੈਂ ਉਨ੍ਹਾਂ ਦੀ ਗ਼ੁਲਾਮੀ ਦੇ ਸੰਗਲ ਕੱਟਣ ਦਾ ਅਹਿਸਾਸ ਨਹੀਂ ਕਰਵਾ ਸਕਦਾ ਸੀ ਜਿਸ ਨੇ ਉਨ੍ਹਾਂ ਨੂੰ ਸਦੀਆਂ ਤੋਂ ਬੰਦੇ ਹੀ ਨਹੀਂ ਰਹਿਣ ਦਿੱਤਾ, ਜਿਨ੍ਹਾਂ ਦੀਆਂ ਸਿਰਫ਼ ਸ਼ਕਲਾਂ ਹੀ ਬੰਦਿਆਂ ਵਰਗੀਆਂ ਲੱਗਦੀਆਂ ਹਨ। ਉਨ੍ਹਾਂ ਨੇ ਦੋ ਰਾਹਾਂ 'ਚੋਂ ਇਕ ਦੀ ਚੋਣ ਬਾਰੇ ਆਪਣੀ ਕਵਿਤਾ 'ਵਰ ਕਿ ਸਰਾਪ' ਵਿਚ ਪੂਰੀ ਤਰ੍ਹਾਂ ਜ਼ਿਕਰ ਕੀਤਾ ਹੈ।

ਮੇਰੇ ਰੱਬਾ ਜੇ ਮੇਰੇ 'ਤੇ ਮਿਹਰ ਕਰਦਾ
ਘਰੇ ਕਿਰਤੀ ਦੇ ਦਿੰਦਾ ਨਾ ਜਨਮ ਮੈਨੂੰ।

ਉਦਾਸੀ ਨੇ ਜ਼ਿੰਦਗੀ ਵਿਚ ਬੜੇ ਉਤਰਾਅ-ਚੜ੍ਹਾਅ ਦੇਖੇ। ਇਹਦੀ ਕਵਿਤਾ ਦਾ ਮੁੱਲ ਰਿਹਾ ਵੀ ਹੈ ਤੇ ਰਹਿਣਾ ਵੀ ਹੈ। ਇਹਦੀ ਨਿਵੇਕਲੀ ਸਾਦਾ ਸ਼ੈਲੀ ਤੇ ਸੁਹਜ ਉਹਦਾ ਆਪਣਾ ਹੈ ਜੋ ਪਹਿਲਾਂ ਨਹੀਂ ਸੀ ਦੇਖਿਆ ਗਿਆ। ਤਾਂ ਹੀ ਸੰਤ ਰਾਮ ਉਦਾਸੀ ਵਰਗਾ ਕਵੀ ਲੋਕਾਂ ਦੇ ਦਿਲਾਂ 'ਤੇ ਰਾਜ ਕਰਦਾ ਹੈ।

ਮੇਰੀ ਮੌਤ 'ਤੇ ਨਾ ਰੋਇਓ, ਮੇਰੀ ਸੋਚ ਨੂੰ ਬਚਾਇਓ।
ਮੇਰੇ ਲਹੂ ਦਾ ਕੇਸਰ, ਰੇਤੇ 'ਚ ਨਾ ਰਲ਼ਾਇਓ।
ਜੀਵਨ ਤੋਂ ਮੌਤ ਤਾਈਂ, ਆਉਂਦੇ ਬੜੇ ਚੁਰਾਹੇ,
ਜਿਸਦਾ ਹੈ ਪੰਧ ਬਿਖੜਾ, ਉਸੇ ਹੀ ਰਾਹ ਲਿਜਾਇਓ।

ਊਠ ਦਾ ਬੁੱਲ੍ਹ ਬਣਿਆ ਇਨਕਲਾਬ ਭਾਰਤ 'ਚ ਜਦੋਂ ਵੀ ਆਵੇ, ਉਹਦੀ ਉਡੀਕ ਹੈ। ਉਦਾਸੀ ਦੀ ਸ਼ਾਇਰੀ ਦਾ ਆਪਣਾ ਮੁਕਾਮ ਹੈ। ਲਿਖਤ ਲੇਖਕ ਦਾ ਹਲਫ਼ੀਆ ਬਿਆਨ ਹੀ ਹੁੰਦੀ ਹੈ। ਉਦਾਸੀ ਦੇ ਗੀਤ ਜੀਅ ਰਹੇ ਹਨ; ਜੀਉਂਦੇ ਜਗਦੇ ਰਹਿਣਗੇ।



*ਸੰਤ ਰਾਮ ਉਦਾਸੀ 1979 ਵਿੱਚ ਬਰੈੱਡਫਰਡ, ਇੰਗਲੈਂਡ ਵਿਚ*

***ਕਈਆਂ ਨੂੰ ਉਦਾਸੀ ਦੀ ਹਸਤੀ ਦਾ ਪਤਾ ਹੀ ਨਹੀਂ ਸੀ। ਪਹਿਲਾਂ ਦੇ ਬਣੇ ਸੰਸਕਾਰਾਂ ਦੀ ਆਪਣੀ ਥਾਂ ਸੀ। ਕਿਸੇ ਸਾਥੀ ਨੇ ਆਪਣੇ ਬਾਪ ਨੂੰ ਕਿਹਾ: ਉਦਾਸੀ ਦੇ ਗੀਤ ਸੁਣਨ ਚੱਲੇ ਆਂ, ਤੂੰ ਵੀ ਜਾਣਾ ਤਾਂ ਚਲੇ ਚੱਲ। ਬਜ਼ੁਰਗ ਮੋੜ ਕੇ ਕਹਿੰਦਾ: ਇਨ੍ਹਾਂ ਨੂੰ ਕੀ ਪਤਾ ਕਿੱਦਾਂ ਗਾਈਦਾ। ਤੇ ਜਦੋਂ ਉਦਾਸੀ ਨੂੰ ਗਾਉਂਦੇ ਨੂੰ ਸੁਣਿਆ, ਤਾਂ ਬਜ਼ੁਰਗ ਹੈਰਾਨ ਰਹਿ ਗਿਆ। ਉਦਾਸੀ ਦੀ ਲੰਮੀ ਦਰਦੀਲੀ ਹੇਕ ਨੇ ਉਹਨੂੰ ਮੋਹ ਲਿਆ ਸੀ। ਗੀਤਾਂ ਵਿਚਲੇ ਸਿੱਖ ਹਵਾਲਿਆਂ ਨੇ ਹੋਰ ਖਿੱਚਿਆ। ਉਹ ਉਦਾਸੀ ਦੇ ਬਲਿਹਾਰੇ ਜਾਣ ਲੱਗ ਪਿਆ।***

---

# ਸ਼੍ਰੋਮਣੀ ਕਮੇਟੀ ਅਤੇ ਪੰਥਕ ਸਰੋਕਾਰ

***ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉਤੇ ਅਸਿੱਧੇ ਤੌਰ 'ਤੇ ਹੁਕਮਰਾਨ ਅਕਾਲੀ ਦਲ ਦਾ ਕਬਜ਼ਾ ਅਕਸਰ ਪੰਥਕ ਹਲਕਿਆਂ ਵਿਚ ਵਿਵਾਦ ਦਾ ਵਿਸ਼ਾ ਰਿਹਾ ਹੈ। ਇਨ੍ਹਾਂ ਦੋਹਾਂ ਸੰਸਥਾਵਾਂ ਦੀ ਭੂਮਿਕਾ ਦੀ ਨਵੇਂ ਸਿਰਿਓਂ ਪਰਿਭਾਸ਼ਾ ਕੀਤੇ ਜਾਣ ਦੀ ਗੱਲ ਵਾਰ ਵਾਰ ਉਠਦੀ ਰਹੀ ਹੈ। ਸਥਾਪਤ ਸਿੱਖ ਵਿਦਵਾਨ ਪ੍ਰਿੰਸੀਪਲ ਅਮਰਜੀਤ ਸਿੰਘ ਪਰਾਗ ਨੇ ਹਥਲੇ ਲੇਖ ਵਿਚ ਇਸੇ ਨੁਕਤੇ 'ਤੇ ਗੱਲ ਕੀਤੀ ਹੈ। -ਸੰਪਾਦਕ***

**ਅਮਰਜੀਤ ਸਿੰਘ ਪਰਾਗ***

19ਵੀਂ ਸਦੀ ਦੇ ਅੰਤ ਤੱਕ ਭਾਰਤ ਦੇ ਪ੍ਰਮੁੱਖ ਧਰਮਾਂ ਅੰਦਰ ਪੁਨਰ ਜਾਗ੍ਰਿਤੀ ਦੀਆਂ ਲਹਿਰਾਂ ਸ਼ੁਰੂ ਹੋਈਆਂ, ਜਿਨ੍ਹਾਂ ਨੇ ਆਪੋ-ਆਪਣੇ ਧਰਮ ਨੂੰ ਬਦਲੇ ਸਮਿਆਂ ਦੇ ਸੰਦਰਭ ਵਿਚ ਤਰਕਸੰਗਤ ਬਣਾਉਣ ਲਈ ਇਨ੍ਹਾਂ ਦੀ ਪੁਨਰ ਵਿਆਖਿਆ ਅਤੇ ਲੋੜੀਂਦੇ ਸੁਧਾਰਾਂ ਉਪਰ ਜ਼ੋਰ ਦਿੱਤਾ। ਹਿੰਦੂ ਮਹਾਂਸਭਾ, ਆਰੀਆ ਸਮਾਜ, ਬੰਗਾਲ ਦੇ ਬ੍ਰਹਮੋ ਸਮਾਜ ਅਤੇ ਸਰ ਸਈਅਦ ਅਹਿਮਦ ਖਾਂ ਦੇ ਵਿੱਦਿਅਕ ਅੰਦੋਲਨ ਦਾ ਉਦੇਸ਼ ਇਹੋ ਸੀ। ਸਿੱਖਾਂ ਨੇ ਆਰੀਆ ਸਮਾਜ ਨੂੰ ਧਰਮ ਅਤੇ ਸਮਾਜ ਦੇ ਸੁਧਾਰ ਦੀ ਲਹਿਰ ਮੰਨ ਕੇ ਸਭ ਤੋਂ ਮੂਹਰੇ ਹੋ ਕੇ ਅਪਨਾਇਆ। ਸਿੱਖ ਪ੍ਰਚਾਰਕਾਂ ਅਤੇ ਵਿਦਵਾਨਾਂ-ਸਾਰਿਆਂ ਨੇ ਹੀ ਆਰੀਆ ਸਮਾਜ ਨੂੰ ਭਰਵਾਂ ਹੁੰਗਾਰਾ ਦਿੱਤਾ। ਪ੍ਰੰਤੂ ਇਸ ਨਵੀਂ ਲਹਿਰ ਨਾਲ ਜੁੜੇ ਕੁਝ ਜੋਸ਼ੀਲੇ ਆਰੀਆ ਸਮਾਜੀ ਪ੍ਰਚਾਰਕਾਂ ਨੇ ਗੁਰਬਾਣੀ ਅਤੇ ਸਿੱਖ ਧਰਮ ਬਾਰੇ ਨਾਗਵਾਰ ਗੱਲਾਂ ਕਹਿਣੀਆਂ ਅਰੰਭ ਕਰ ਦਿੱਤੀਆਂ। ਆਰੀਆ ਸਮਾਜ ਦੇ ਬਾਨੀ ਸਵਾਮੀ ਦਇਆਨੰਦ ਨੇ ਆਪਣੇ ਗ੍ਰੰਥ 'ਸਤਿਆਰਥ ਪ੍ਰਕਾਸ਼' ਵਿਚ ਖੁਦ ਗੁਰੂ ਸਾਹਿਬਾਨ ਬਾਰੇ ਅਸ਼ੋਭਨੀਕ ਟਿੱਪਣੀਆਂ ਦਰਜ ਕਰ ਦਿੱਤੀਆਂ। ਇਨ੍ਹਾਂ ਗੱਲਾਂ ਨੂੰ ਲੈ ਕੇ ਸਿੱਖਾਂ ਦਾ ਆਰੀਆ ਸਮਾਜ ਨਾਲੋਂ ਮੋਹ ਭੰਗ ਹੋ ਗਿਆ। ਖੁਦ ਸਿੱਖਾਂ ਅੰਦਰ ਸਿੰਘ ਸਭਾ ਨਾਂ ਦੀ ਇੱਕ ਜੋਰਦਾਰ ਲਹਿਰ ਖੜ੍ਹੀ ਹੋ ਗਈ।

ਸਿੰਘ ਸਭਾ ਲਹਿਰ ਦੇ ਪ੍ਰਚਾਰ ਨਾਲ ਸਿੱਖਾਂ ਅੰਦਰ ਆਪਣੇ ਧਰਮ ਦੀ ਦਸ਼ਾ ਤੇ ਦਿਸ਼ਾ ਬਾਰੇ ਚਿੰਤਾ ਤੇ ਚੇਤਨਾ ਤੀਬਰ ਹੋਈਆਂ। ਉਨ੍ਹਾਂ ਨੇ ਵੇਖਿਆ ਕਿ ਸਿੱਖੀ ਦੇ ਕੇਂਦਰ ਗੁਰੂ ਘਰਾਂ ਉਪਰ ਸਿੱਖ ਪਰੰਪਰਾਵਾਂ ਦੀ ਘੋਰ ਉਲੰਘਣਾ ਕਰਨ ਵਾਲੇ ਆਚਰਣਹੀਣ ਮਹੰਤਾਂ ਨੇ ਕਬਜ਼ਾ ਕੀਤਾ ਹੋਇਆ ਹੈ। ਇਹ ਦਸ਼ਾ ਜਾਗ੍ਰਿਤ ਸਿੱਖਾਂ ਨੂੰ ਅਸਿਹ ਜਾਪੀ। ਉਨ੍ਹਾਂ ਨੇ ਗੁਰੂ ਘਰਾਂ ਨੂੰ ਕੁਕਰਮੀ ਮਹੰਤਾਂ ਤੋਂ ਆਜ਼ਾਦ ਕਰਾਉਣ ਲਈ ਜ਼ੋਰਦਾਰ ਲਹਿਰ ਚਲਾਈ, ਭਾਰੀ ਕੁਰਬਾਨੀਆਂ ਅਤੇ ਸ਼ਹੀਦੀਆਂ ਦਿੱਤੀਆਂ। 1920 ਵਿਚ 175 ਗੁਰਸਿੱਖਾਂ ਉਪਰ ਆਧਾਰਤ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਈ ਗਈ। ਇਸ ਕਮੇਟੀ ਨੇ ਸਿੱਖੀ ਮਰਿਆਦਾ ਸਥਾਪਤ ਕਰਨ ਲਈ ਅਮਲੀ ਕਦਮ ਚੁੱਕਣੇ ਸ਼ੁਰੂ ਕਰ ਦਿੱਤੇ ਜਿਵੇਂ ਕਿ ਦਲਿਤ ਸਿੱਖਾਂ ਦਾ ਪ੍ਰਸ਼ਾਦ ਦਰਬਾਰ ਸਾਹਿਬ ਵਿਚ ਸਮਾਨ ਰੂਪ ਵਿਚ ਸਵੀਕਾਰ ਕਰਨਾ ਅਤੇ ਦਰਬਾਰ ਸਾਹਿਬ ਦੀ ਪਰਿਕਰਮਾ ਵਿਚੋਂ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਨੂੰ ਹਟਾਉਣਾ ਆਦਿ।

ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮਤਿਆਂ ਨੂੰ ਲਾਗੂ ਕਰਾਉਣ ਹਿੱਤ ਸ਼੍ਰੋਮਣੀ ਅਕਾਲੀ ਦਲ ਦੀ ਨੀਂਹ ਰੱਖੀ ਗਈ ਜਿਸ ਨੇ ਆਪਣਾ ਫ਼ਰਜ਼ ਪੂਰੀ ਸਿਦਕਦਿਲੀ ਨਾਲ ਪੂਰਾ ਕੀਤਾ। ਗੁਰਦੁਆਰਾ ਸੁਧਾਰ ਲਹਿਰ ਦੇ ਫਲਸਰੂਪ ਅੰਗਰੇਜ਼ ਸਰਕਾਰ ਨੇ ਗੁਰਦੁਆਰਾ ਐਕਟ ਬਣਾਉਣਾ ਮੰਨ ਲਿਆ। ਜਿਹੜਾ ਐਕਟ ਸਰਕਾਰ ਨੇ ਬਣਾਇਆ ਉਸ ਪ੍ਰਤੀ ਸਿੱਖਾਂ ਦੀ ਪ੍ਰਵਾਨਗੀ ਸਬੰਧੀ ਸਰਕਾਰ ਨੂੰ ਵੀ ਭਰੋਸਾ ਨਹੀਂ ਸੀ ਇਸ ਲਈ ਉਨ੍ਹਾਂ ਨੇ ਜੇਲ੍ਹਾਂ ਅੰਦਰ ਬੰਦ ਅਕਾਲੀ ਲੀਡਰਾਂ ਨੂੰ ਰਿਹਾਅ ਕਰਨ ਦੀ ਸ਼ਰਤ ਹੀ ਇਹ ਰੱਖੀ ਕਿ ਉਹ ਇਸ ਐਕਟ ਨੂੰ ਪ੍ਰਵਾਨਗੀ ਦੇਣ। ਪ੍ਰਵਾਨਗੀ ਦੇ ਮੁੱਦੇ ਤੇ ਸਿੱਖ ਲੀਡਰਾਂ ਵਿਚ ਤਿਖੇ ਮੱਤਭੇਦ ਵੀ ਪੈਦਾ ਹੋ ਗਏ। ਫਿਰ ਵੀ ਘਟਨਾਕ੍ਰਮ ਅਜਿਹਾ ਹੋਇਆ ਕਿ ਇਹ ਐਕਟ ਲਾਗੂ ਹੋ ਗਿਆ।

ਇਸ ਐਕਟ ਅਨੁਸਾਰ ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੌਂਪਿਆ ਗਿਆ। ਇਸ ਦੇ ਮੈਂਬਰ ਬਾਲਗ ਸਿੱਖਾਂ ਦੀਆਂ ਵੋਟਾਂ ਨਾਲ ਚੁਣੇ ਜਾਣੇ ਸਨ। ਸ਼ਰਧਾਵਾਨ ਤੇ ਕੁਰਬਾਨੀ ਕਰਨ ਵਾਲੇ ਸਰਲ-ਭਾਵੀ ਸਿੱਖਾਂ ਅਤੇ ਉਨ੍ਹਾਂ ਦੇ ਆਗੂਆਂ ਨੇ ਸਮਝਿਆ ਕਿ ਕੁਕਰਮੀ ਮਹੰਤਾਂ ਤੋਂ ਗੁਰੂਘਰ ਆਜਾਦ ਹੋਣ ਨਾਲ ਸਾਰੀਆਂ ਬੁਰਾਈਆਂ ਦਾ ਅੰਤ ਆਪਣੇ ਆਪ ਹੀ ਹੋ ਜਾਵੇਗਾ। ਜਦੋਂਕਿ ਉਸ ਸਮੇਂ ਸੰਤ ਤੇਜਾ ਸਿੰਘ ਵਰਗੇ ਯੂਰਪ, ਅਮਰੀਕਾ ਘੁੰਮ ਕੇ ਆਏ, ਉਚ ਵਿੱਦਿਆ ਪ੍ਰਾਪਤ ਵਿਅਕਤੀ ਨੇ ਚੋਣ ਪ੍ਰਣਾਲੀ ਨੂੰ ਗੁਰਦੁਆਰਾ ਪ੍ਰਬੰਧ ਉਪਰ ਲਾਗੂ ਕਰਨ ਦੇ ਹਾਨੀਕਾਰਕ ਸਿੱਟਿਆਂ ਬਾਰੇ ਚੇਤਾਵਨੀ ਵੀ ਦਿੱਤੀ ਸੀ। ਐਕਟ ਲਾਗੂ ਕਰਾਉਣ ਵਾਲੇ ਉਸ ਸਮੇਂ ਦੇ ਅੰਗਰੇਜ਼ ਗਵਰਨਰ ਮਿਸਟਰ ਹੇਲੀ ਨੇ ਖੁਦ ਕਿਹਾ ਸੀ ਕਿ ਇਹ ਐਕਟ ਲਾਗੂ ਹੋਣ ਨਾਲ ਸਿੱਖਾਂ ਦੀ ਹਾਲਤ ਅਜਿਹੇ ਊਠ ਵਰਗੀ ਹੋਵੇਗੀ ਜਿਸ ਦੇ ਗਲ ਨਾਲ ਭਾਰਾ ਪੱਧਰ ਬੰਨਿਆ ਹੋਵੇ ਭਾਵ ਸਿੱਖ ਹੁਣ ਧਾਰਮਿਕ ਖੇਤਰ ਵਿਚ ਸਿੱਧੀ ਚਾਲ ਕਦੇ ਵੀ ਨਹੀਂ ਚੱਲ ਸਕਣਗੇ।

ਸੰਤ ਤੇਜਾ ਸਿੰਘ ਅਤੇ ਉਨ੍ਹਾਂ ਵਰਗੇ ਹੋਰ ਸੱਜਣਾਂ ਦੀਆਂ ਚੇਤਾਵਨੀਆਂ ਵੱਲ ਜੋਸ਼ੀਲੇ ਸਿੱਖਾਂ ਨੇ ਕੋਈ ਧਿਆਨ ਨਹੀਂ ਦਿੱਤਾ। ਨਤੀਜੇ ਅੱਜ ਤੀਕ ਪੰਥ ਭੁਗਤ ਰਿਹਾ ਹੈ। ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਦੀ ਚੋਣ ਵਿਚ ਉਹ ਸਾਰੇ ਕੁਕਰਮ ਅਤੇ ਭੈੜ ਦੇਰ ਤੋਂ ਸ਼ਾਮਿਲ ਹੋ ਚੁੱਕੇ ਹਨ ਜੋ ਪੰਚਾਇਤਾਂ, ਬੈਂਕਾਂ ਦੀਆਂ ਡਾਇਰੈਕਟਰੀਆਂ, ਸਹਿਕਾਰੀ ਸਭਾਵਾਂ ਅਤੇ ਵਿਧਾਨ ਸਭਾਵਾਂ ਦੀਆਂ ਚੋਣਾਂ ਵਿਚ ਦੇਖਣ ਨੂੰ ਮਿਲਦੇ ਹਨ। ਪੈਸੇ, ਨਸ਼ਾ ਅਤੇ ਭੰਡੀ ਪ੍ਰਚਾਰ ਇਸ ਪ੍ਰਣਾਲੀ ਦਾ ਅਟੁੱਟ ਅੰਗ ਹਨ। ਸਿੱਖ ਧਰਮ ਹੀ ਅਜਿਹਾ ਇਕੋ ਇੱਕ ਮਹਾਨ ਧਰਮ ਹੈ ਜਿਸ ਦੇ ਧਰਮ ਅਸਥਾਨਾਂ ਦਾ ਪ੍ਰਬੰਧ ਬਾਲਗ ਵੋਟ ਪ੍ਰਣਾਲੀ ਰਾਹੀਂ ਗਠਿਤ ਹੁੰਦਾ ਹੈ। ਮੁਕਾਬਲੇਬਾਜੀ ਦੀ ਸਿਆਸਤ ਅਤੇ ਹਰ ਗੱਲ ਵਿਚ ਧਰਮ ਨਾਲੋਂ ਧੜਾ ਮੂਹਰੇ ਰੱਖਣ ਕਰਕੇ ਅੱਜ ਪੰਥ ਦੀ ਹਰ ਸੰਸਥਾ ਵਿਆਪਕ ਵਿਵਾਦਾਂ ਵਿਚ ਘਿਰੀ ਹੋਈ ਹੈ। ਸਿਰੋਪਾਓ ਬਖਸ਼ਿਸ਼ ਕਰਨ, ਹੁਕਮਨਾਮਾ, ਅਕਾਲ ਤਖਤ ਦੇ ਜਥੇਦਾਰ ਦੀ ਭੂਮਿਕਾ, ਨਿਯੁਕਤੀ ਤੇ ਬਰਖ਼ਾਸਤਗੀ, ਨਿਤਨੇਮ ਦੀਆਂ ਬਾਣੀਆਂ, ਨਾਨਕਸ਼ਾਹੀ ਕੈਲੰਡਰ, ਰਾਗ ਮਾਲਾ, ਲੰਗਰ, ਸਰਬੱਤ ਖਾਲਸਾ ਆਦਿਕ ਕੋਈ ਵੀ ਪਰੰਪਰਾ ਜਾਂ ਸੰਸਥਾ ਅਜਿਹੀ ਨਹੀਂ ਜਿਸ ਨੂੰ ਲੈ ਕੇ ਪੰਥਕ ਆਗੂਆਂ ਵਿਚ ਤਿਖੇ ਵਿਰੋਧ ਪੈਦਾ ਨਾ ਹੋਏ ਹੋਣ। ਭਲੇ ਤੇ ਸ਼ਰਧਾਵਾਨ ਗੁਰਸਿੱਖ ਸ਼੍ਰੋਮਣੀ ਕਮੇਟੀ ਵਲੋਂ ਉਕਾ ਹੀ ਉਪਰਾਮ ਅਤੇ ਨਿਰਾਸ਼ ਹੋ ਚੁੱਕੇ ਹਨ। ਧਰਮ ਅਤੇ ਰਾਜਨੀਤੀ ਦੀ ਏਕਤਾ ਦੀ ਗੱਲ ਅਕਾਲੀ ਲੀਡਰਾਂ ਵਲੋਂ ਬੜੇ ਜ਼ੋਰ ਸ਼ੋਰ ਨਾਲ ਕੀਤੀ ਜਾਂਦੀ ਹੈ। ਇਸ ਨੂੰ ਮੀਰੀ-ਪੀਰੀ ਦੀ ਏਕਤਾ ਦੇ ਪ੍ਰਸੰਗ ਵਿਚ ਰੱਖ ਕੇ ਇਤਿਹਾਸਕ ਆਭਾ ਪ੍ਰਦਾਨ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਅਸਲ ਵਿਚ ਰਾਜਨੀਤਕ ਅਕਾਂਖਿਆ ਦੀ ਪੂਰਤੀ ਲਈ ਸ਼੍ਰੋਮਣੀ ਕਮੇਟੀ ਦੇ ਸਾਧਨਾਂ ਦੀ ਵਰਤੋਂ ਕਰਨ ਦੀ ਲਾਲਸਾ ਹੀ ਸਭ ਪੁਆੜਿਆਂ ਦੀ ਜੜ੍ਹ ਹੈ। ਕਰੋੜਾਂ ਰੁਪਏ ਦੀ ਗੋਲਕ, ਵੀਹ ਹਜ਼ਾਰ ਦੇ ਕਰੀਬ ਕਰਮਚਾਰੀ, ਗੁਰਦੁਆਰਿਆਂ ਦਾ ਵਿਆਪਕ ਨੈਟਵਰਕ, ਅਕਾਲੀ ਦਲ ਦੀਆਂ ਸਰਗਰਮੀਆਂ ਲਈ ਬਣੇ ਬਣਾਏ ਦਫ਼ਤਰ ਅਤੇ ਲੰਗਰ ਪਾਣੀ ਆਦਿ ਸਾਰੇ ਸਾਧਨ ਕਾਬਜ ਅਕਾਲੀ ਧੜੇ ਨੂੰ ਖੁਦ-ਬ-ਖੁਦ ਹੀ ਪ੍ਰਾਪਤ ਹੋ ਜਾਂਦੇ ਹਨ। ਇਨ੍ਹਾਂ ਦੀ ਵਰਤੋਂ ਕਰਕੇ ਉਹ ਆਪਣੀ ਰਾਜਨੀਤੀ ਕਰਦੇ ਹਨ। ਗੁਰਦੁਆਰਾ ਪ੍ਰਬੰਧ ਨਾਲ ਜੁੜੀਆਂ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਦਾ ਰਾਜਨੀਤਕ ਲਾਭ ਲਈ ਸ਼ੋਸ਼ਣ ਹੋ ਰਿਹਾ ਹੈ।

ਭਾਰਤ ਵਿਚ ਦਰਜ਼ਨਾਂ ਹਿੰਦੂ ਮੰਦਿਰ ਅਜਿਹੇ ਹਨ ਜਿਨ੍ਹਾਂ ਦੀ ਆਮਦਨ ਸ਼੍ਰੋਮਣੀ ਕਮੇਟੀ ਦੀ ਕੁੱਲ ਆਮਦਨ ਤੋਂ ਵੀ ਜਿਆਦਾ ਹੈ, ਪ੍ਰੰਤੂ ਵਿਰਾਟ ਹਿੰਦੂ ਸਮਾਜ ਉਪਰ ਉਨ੍ਹਾਂ ਦਾ ਇੰਨਾ ਪ੍ਰਭਾਵ ਨਹੀਂ ਪੈਂਦਾ ਜਿੰਨਾ ਕਿ ਸ਼੍ਰੋਮਣੀ ਕਮੇਟੀ ਦਾ ਸਿੱਖ ਸਮਾਜ ਉਪਰ। ਇਸ ਦਾ ਕਾਰਨ ਸਿੱਖਾਂ ਦੀ ਬਹੁਗਿਣਤੀ ਦਾ ਛੋਟੇ ਜਿਹੇ ਖਿਤੇ ਵਿਚ ਨਿਵਾਸ ਅਤੇ ਪੰਜਾਬ ਵਰਗੇ ਛੋਟੇ ਜਿਹੇ ਸੂਬੇ ਦਾ ਅਕਾਲੀ ਰਾਜਨੀਤੀ ਵਿਚ ਕੇਂਦਰੀ ਸਥਾਨ ਹੋਣਾ ਹੈ। ਹਿੰਦੂ ਮੰਦਿਰਾਂ ਦੇ ਪੁਜਾਰੀ ਅਨੇਕਾਂ ਗੈਰਕਾਨੂੰਨੀ ਕਾਰਵਾਈਆਂ ਕਰਕੇ ਜੇਲ੍ਹਾਂ ਵਿਚ ਵੀ ਜਾਂਦੇ ਹਨ ਤਾਂ ਉਨ੍ਹਾਂ ਦੀਆਂ ਹਰਕਤਾਂ ਨੂੰ ਪੁਜਾਰੀਆਂ ਦਾ ਗੁਨਾਹ ਮੰਨਿਆ ਜਾਂਦਾ ਹੈ, ਹਿੰਦੂ ਧਰਮ ਉਪਰ ਕੋਈ ਊਜ ਨਹੀਂ ਆਉਂਦੀ, ਪ੍ਰੰਤੂ ਸਿੱਖਾਂ ਨੇ ਜਿਸ ਤਰ੍ਹਾਂ ਧਰਮ ਅਤੇ ਸਿਆਸਤ ਨੂੰ ਬੇਅਸੂਲਾ ਰਲਗਡ ਕੀਤਾ ਹੈ ਅਤੇ ਸ਼੍ਰੋਮਣੀ ਕਮੇਟੀ ਦੀ ਹਰ ਸੰਸਥਾ ਦੀ ਰਾਜਸੀ ਹਿੱਤਾਂ ਲਈ ਵਰਤੋਂ ਦੁਰਵਰਤੋਂ ਕੀਤੀ ਗਈ ਹੈ, ਉਸ ਨਾਲ ਸਿੱਖ ਧਾਰਮਿਕ ਆਗੂਆਂ ਦਾ ਸਤਿਕਾਰ ਬੇਹੱਦ ਘਟਿਆ ਹੈ। ਸਰਬਉਚ ਪੰਥਕ ਸੰਸਥਾ ਅਕਾਲ ਤਖਤ ਦੇ ਮੁਖੀਆਂ ਦੀ ਜੋ ਦੁਰਗਤ ਪਿਛਲੇ ਦਿਨਾਂ ਵਿਚ ਹੋਈ ਹੈ, ਉਹ ਸਿੱਖ ਪੰਥ ਲਈ ਭਾਰੀ ਨਮੋਸ਼ੀ ਦਾ ਕਾਰਨ ਬਣੀ ਹੈ।



ਸੋ ਲੋੜ ਹੈ, ਸ਼੍ਰੋਮਣੀ ਕਮੇਟੀ ਦੀ ਧਾਰਮਿਕ ਅਤੇ ਅਕਾਲੀ ਦਲ ਦੀ ਰਾਜਸੀ ਭੂਮਿਕਾ ਦਰਮਿਆਨ ਕੋਈ ਸਪੱਸ਼ਟ ਸੀਮਾ ਰੇਖਾ ਤੈਅ ਕੀਤੀ ਜਾਵੇ ਜਿਸ ਨਾਲ ਇਹ

## ਭਖਦੀ ਗੱਲ

ਦੋਵੇਂ ਸਿੱਖ ਸੰਗਠਨ ਇੱਕ ਦੂਜੇ ਦੇ ਸਹਾਈ ਹੋਣ ਪਰ ਇੱਕ ਦੂਜੇ ਵਿਚ ਰਲਗਡ ਨਾ ਹੋਣ। ਘੱਟੋ-ਘੱਟ ਆਰ. ਐਸ. ਐਸ. ਤੇ ਭਾਜਪਾ ਦੇ ਆਪਸੀ ਸੰਬੰਧਾਂ ਵਰਗੀ ਕੋਈ ਜੁਗਤ ਸਿਰਜਣੀ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਲਈ ਜ਼ਰੂਰੀ ਹੈ। ਅਕਾਲ ਤਖਤ ਦੇ ਮੁਖੀ ਦੀ ਨਿਯੁਕਤੀ ਬਾਰੇ ਪੰਥ ਪ੍ਰਵਾਨਿਤ ਸਿੱਖ ਸੰਸਥਾਵਾਂ ਦੇ ਪ੍ਰਤੀਨਿਧੀਆਂ ਉਪਰ ਆਧਾਰਤ ਚੋਣ ਕਾਲਜ ਸਥਾਪਿਤ ਹੋਣਾ ਚਾਹੀਦਾ ਹੈ।

ਖ਼ੁਦ ਸ਼ੋਮਣੀ ਅਕਾਲੀ ਦਲ ਦੇ ਆਗੂਆਂ ਲਈ ਭੀ ਅਜਿਹੀ ਵਿਵਸਥਾ ਜ਼ਰੂਰੀ ਹੈ ਕਿਉਂਕਿ ਪੰਜਾਬ ਅੰਦਰ ਵੋਟਾਂ ਦਾ ਸੰਤੁਲਨ ਹੀ ਅਜਿਹਾ ਹੈ ਕਿ ਵਿਆਪਕ ਪੰਥਕ ਏਕਤਾ ਬਿਨਾ ਨਿਰੋਲ ਅਕਾਲੀ ਸਰਕਾਰ ਬਣਨੀ ਲਗਭਗ ਅਸੰਭਵ ਹੈ। ਪੰਜਾਬ ਵਿਚ ਸਰਕਾਰ ਬਣਾਉਣ ਲਈ ਗੈਰ-ਸਿੱਖ ਤੇ ਗੈਰ-ਪੰਥਕ ਧੜਿਆਂ ਨਾਲ ਸਾਂਝ ਪਾਉਣੀ ਹੀ ਪੈਂਦੀ ਹੈ। ਅਜਿਹੀ ਸਰਕਾਰ ਦੀ ਸਥਿਰਤਾ ਲਈ ਪੰਥਕ ਏਜੰਡੇ ਦੀਆਂ ਅਨੇਕਾਂ ਮੱਦਾਂ ਨੂੰ ਠੰਡੇ ਬਸਤੇ ਵਿਚ ਪਾਉਣਾ ਮਜਬੂਰੀ ਬਣ ਜਾਂਦੀ ਹੈ। ਇਹ ਮਜਬੂਰੀ ਰਾਜਸੀ ਵਿੰਗ ਦੇ ਕਬਜੇ ਅਧੀਨ ਚੱਲ ਰਹੀ ਸ਼੍ਰੋਮਣੀ ਕਮੇਟੀ ਦੇ ਵੀ ਗਲ ਪੈ ਜਾਂਦੀ ਹੈ। ਪੰਥਕ ਮੰਗਾਂ ਵਲੋਂ ਪਿਛੇ ਹਟਣ ਨਾਲ ਕਈ ਸਿੱਖ ਸੰਗਠਨ ਅਤੇ ਦੂਜੇ ਅਕਾਲੀ ਧੜੇ ਕਾਬਜ ਧੜੇ ਉਪਰ ਪੰਥ ਨਾਲ ਗੱਦਾਰੀ, ਮੌਕਾਪ੍ਰਸਤੀ, ਭ੍ਰਿਸ਼ਟਾਚਾਰ, ਧਾਰਮਿਕ ਪੱਖੋਂ ਹੀਣੇ ਜਾਂ ਕੱਚੇ ਪਿਲੇ ਹੋਣ ਦੇ ਇਲਜ਼ਾਮ ਲਾਉਂਦੇ ਹਨ। ਜਦੋਂ ਤੱਕ ਅਕਾਲੀ ਦਲ ਧਰਮ ਵਿਚ ਸਿੱਧਾ ਦਖਲ ਦਿੰਦਾ ਰਹੇਗਾ ਉਸ ਤੋਂ ਪੰਥਕ ਮੁਦਿਆਂ ਉਪਰ ਪੂਰੇ ਮਨ ਨਾਲ ਪੈਰਵੀ ਕਰਨ ਦੀ ਆਸ ਕੀਤੀ ਹੀ ਜਾਵੇਗੀ ਅਤੇ ਅਜਿਹਾ ਨਾ ਕਰ ਸਕਣ ਦੀ ਸੂਰਤ ਵਿਚ ਸਿੱਖਾਂ ਅੰਦਰੋਂ ਹੀ ਤਾਅਨੇ-ਮਿਹਣੇ ਅਤੇ ਮਲਾਮਤਾਂ ਵੀ ਸੁਣਨੀਆਂ ਹੀ ਪੈਣਗੀਆਂ। ਇਸ ਨਾਲ ਪੰਥ ਵਿਚ ਕਦੇ ਵੀ ਲੋੜੀਂਦੀ ਏਕਤਾ ਨਹੀਂ ਹੋ ਸਕੇਗੀ। ਅਕਾਲੀਆਂ ਦਾ ਆਪਣਾ ਇਤਿਹਾਸ ਗਵਾਹ ਹੈ ਕਿ ਹੁਣ ਤੱਕ ਦੇ ਸਾਰੇ ਪ੍ਰਮੁੱਖ ਅਕਾਲੀ ਆਗੂਆਂ ਦਾ ਅੰਤ ਬੇਹੱਦ ਨਮੋਸ਼ੀ ਭਰਿਆ ਹੋਇਆ ਹੈ ਅਤੇ ਅੱਗੋਂ ਲਈ ਵੀ ਅਜਿਹਾ ਹੋਣਾ ਤੈਅ ਵਿਖਾਈ ਦਿੰਦਾ ਹੈ।

ਸਾਡੀ ਜਾਚੇ ਇਸ ਕੁਚੱਕਰ ਦਾ ਅੰਤ ਪ੍ਰਚੰਡ ਚੇਤਨਾ ਨਾਲ ਲੈਸ ਜਾਗ੍ਰਿਤ ਸਿੱਖ ਕੌਮ ਵਲੋਂ ਆਪਣੀਆਂ ਧਾਰਮਿਕ, ਸਮਾਜਿਕ, ਵਿੱਦਿਅਕ ਅਤੇ ਰਾਜਸੀ ਸੰਸਥਾਵਾਂ ਦੇ ਸਰੂਪ ਅਤੇ ਭੂਮਿਕਾ ਨੂੰ ਪੁਨਰ ਪਰਿਭਾਸ਼ਿਤ ਕਰਨ ਨਾਲ ਹੀ ਹੋਵੇਗਾ। ਉਦੋਂ ਤੀਕ ਵਰਤਮਾਨ ਦੁਰਵਿਵਸਥਾ ਦਾ ਖਮਿਆਜ਼ਾ ਭੁਗਤਣਾ ਸਿੱਖਾਂ ਦੀ ਹੋਣੀ ਬਣੀ ਰਹੇਗੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਵਰਤਮਾਨ ਚੋਣਾਂ ਇਸੇ ਪ੍ਰੇਸ਼ਾਨ ਸੁਪਨੇ ਦਾ ਇੱਕ ਹੋਰ ਦ੍ਰਿਸ਼ ਹੀ ਬਣ ਕੇ ਰਹਿ ਜਾਣਗੀਆਂ।

**ਫੋਨ:91-92168-27400*

# ਪਾਕਿਸਤਾਨੀ ਉਰਦੂ ਕਹਾਣੀ

# ਆਖ਼ਰੀ ਪੱਥਰ

*'ਆਖ਼ਰੀ ਪੱਥਰ' ਪੀੜ ਪੀੜ ਹੋਈ ਪਈ ਲੋਕਾਈ ਦੀ ਕਥਾ ਹੈ। ਇਸ ਕਹਾਣੀ ਦਾ ਪਲਾਟ ਭਾਵੇਂ ਪਾਕਿਸਤਾਨ ਹੈ ਪਰ ਇਸ ਵਿਚ ਪੇਸ਼ ਹੋਇਆ ਦਰਦ ਤੀਜੀ ਦੁਨੀਆ ਦੇ ਲੋਕਾਂ ਦਾ ਦਰਦ ਹੈ। ਆਮ ਬੰਦੇ ਦੀ ਵੁਕਅਤ ਬਲੀ ਦੇ ਬੱਕਰੇ ਤੋਂ ਵੱਧ ਕੁਝ ਵੀ ਨਹੀਂ। ਕਹਾਣੀ ਵਿਚ ਜ਼ਾਲਮ ਧਿਰਾਂ ਦੀਆਂ ਪਰਤਾਂ ਹੌਲੀ ਹੌਲੀ ਖੁੱਲ੍ਹਦੀਆਂ ਜਾਂਦੀਆਂ ਹਨ ਪਰ ਕਹਾਣੀ ਦੇ ਅੰਤ 'ਤੇ ਜੋ ਖੁਲਾਸਾ ਹੁੰਦਾ ਹੈ, ਉਹ ਬਹੁਤ ਹੌਲਨਾਕ ਹੈ।- ਸੰਪਾਦਕ*

**ਰਜ਼ੀ-ਉਲ-ਦੀਨ ਸਿੱਦੀਕੀ**

ਰਾਤ ਦੇ ਪਹਿਲੇ ਪਹਿਰ ਦਾ ਜ਼ਿਕਰ ਹੈ...

ਜੇਲ੍ਹ ਦੀ ਕੋਠੜੀ ਦਾ ਦਰਵਾਜ਼ਾ ਖੁੱਲ੍ਹਿਆ, ਤੇ ਉਹ ਕਿਸੇ ਪ੍ਰਛਾਵੇਂ ਵਾਂਗ ਅੰਦਰ ਸਰਕ ਗਿਆ। ਜੇਲ੍ਹ ਦੇ ਵੱਡੇ ਅਫ਼ਸਰ ਅਤੇ ਕੋਠੜੀ ਦੇ ਪਹਿਰੇਦਾਰ ਨੂੰ ਖ਼ੁਸ਼ ਕਰਨ ਵਾਸਤੇ ਉਸ ਨੂੰ ਚੋਖੀ ਰਕਮ ਖ਼ਰਚ ਕਰਨੀ ਪਈ ਸੀ।

ਅੰਦਰ ਪਤਲਾ ਜਿਹਾ ਹਨੇਰਾ ਪਸਰਿਆ ਹੋਇਆ ਸੀ। ਸਾਹਮਣੇ ਇਕ ਖੂੰਜੇ ਵਿਚ ਨਾਦੀਆ ਲੇਟੀ ਹੋਈ ਸੀ। ਅਜੇ ਉਹ ਸੁੱਤੀ ਨਹੀਂ ਸੀ ਸ਼ਾਇਦ। ਜਿਸ ਦੀ ਜ਼ਿੰਦਗੀ ਦਾ ਫ਼ੈਸਲਾ ਹੋ ਚੁੱਕਿਆ ਹੋਵੇ ਤੇ ਉਸ ਨੇ ਸਿਰਫ ਇਕੋ ਰਾਤ ਜਿਉਣਾ ਹੋਏ...ਉਹ ਭਲਾ ਸੌਂ ਵੀ ਕਿਂਜ ਸਕਦਾ ਹੈ?

ਆਉਣ ਵਾਲਾ ਨਾਦੀਆ ਵੱਲ ਵਧਣ ਲੱਗਾ। ਉਸ ਨੇ ਮੂੰਹ ਸਿਰ ਲਪੇਟਿਆ ਹੋਇਆ ਸੀ। ਨਾਦੀਆ ਉਠ ਕੇ ਬੈਠ ਗਈ, ਪਰ ਮੂੰਹੋਂ ਕੁਝ ਨਾ ਬੋਲੀ। ਨੇੜੇ ਪਹੁੰਚ ਕੇ ਉਹਨੇ ਬੜੀ ਧੀਮੀ ਆਵਾਜ਼ ਵਿਚ ਕਿਹਾ, "ਨਾਦੀਆ...!" ਆਵਾਜ਼ ਪਛਾਣ ਕੇ ਨਾਦੀਆ ਨੇ ਨੀਵੀਂ ਪਾ ਲਈ ਸੀ।

"ਨਾਦੀਆ!" ਉਹ ਬੋਲਣ ਲੱਗਾ, "ਮੈਂ ਸ਼ਾਮੀਂ ਹੀ ਵਾਪਸ ਆਇਆ ਸਾਂ। ਬੜਾ ਦੁੱਖ ਹੋਇਆ ਪੰਚਾਇਤ ਦਾ ਫ਼ੈਸਲਾ ਸੁਣ ਕੇ। ਜੇ ਮੈਂ ਏਥੇ ਹੁੰਦਾ...ਪਰ ਕੀਤਾ ਕੀ ਜਾ ਸਕਦਾ ਏ, ਕਾਰੋਬਾਰ ਹੀ ਅਜਿਹਾ ਏ। ਸਾਰਾ ਹਫ਼ਤਾ ਵਿਦੇਸ਼ਾਂ ਵਿਚ ਭਟਕਦਾ ਰਿਹਾਂ। ਖ਼ੈਰ, ਇਹ ਗੱਲ ਤੂੰ ਬੜੀ ਚੰਗੀ ਕੀਤੀ ਜੋ ਕਿਸੇ ਦਾ ਨਾਂ ਨਹੀਂ ਦੱਸਿਆ। ਕੱਲ੍ਹ ਫੇਰ ਤੈਥੋਂ ਪੁੱਛਿਆ ਜਾਏਗਾ। ਮੇਰੀ ਬੇਨਤੀ ਏ, ਮੇਰਾ ਨਾਂ ਨਾ ਦੱਸੀਂ ਤੂੰ...।"

ਨਾਦੀਆ ਚੁੱਪ ਬੈਠੀ ਰਹੀ। ਉਹਨੇ ਫੇਰ ਕਿਹਾ, "ਤੇਰੀ ਕਿਸਮਤ ਦਾ ਫ਼ੈਸਲਾ ਹੋ ਚੁੱਕਾ ਏ। ਆਪਣੇ ਨਾਲ ਦੂਜਿਆਂ ਨੂੰ ਡੋਬ ਦੇਣਾ ਇਨਸਾਨੀਅਤ ਵਾਲੀ ਗੱਲ ਨਹੀਂ ਹੁੰਦੀ ਨਾਦੀਆ। ਤੂੰ ਤੇ ਜਾਣਦੀ ਏਂ, ਮੇਰਾ ਕਿੱਡਾ ਵੱਡਾ ਕਾਰੋਬਾਰ ਏ...ਇੰਪੋਰਟ-ਐਕਸਪੋਰਟ ਦਾ ਮੈਂ ਬਾਦਸ਼ਾਹ ਹਾਂ। ਦੇਸ਼ਾਂ ਵਿਦੇਸ਼ਾਂ ਵਿਚ ਮੇਰੀ ਕੰਪਨੀ ਦੀਆਂ ਸ਼ਾਖਾਵਾਂ ਨੇ। ਇੱਜ਼ਤ ਏ, ਮਾਣ ਏ। ਬੱਸ ਇਕੋ ਬੇਨਤੀ ਏ ਮੇਰੀ, ਮੇਰਾ ਨਾਂ ਨਾ ਦੱਸੀਂ...ਨਹੀਂ ਤਾਂ ਸਭ ਕੁਝ ਮਿੱਟੀ 'ਚ ਮਿਲ ਜਾਏਗਾ। ਜਿੱਥੇ ਏਨੀ ਤਕਲੀਫ ਝੱਲੀ ਏ, ਥੋੜ੍ਹੀ ਹੋਰ ਸਹੀ। ਵੇਖ ਨਾਦੀਆ, ਜ਼ਿੰਦਗੀ ਵਿਚ ਕਿੰਨੀ ਐਸ਼ ਕਰਵਾਈ ਏ ਮੈਂ ਤੈਨੂੰ...। ਯਕੀਨ ਮੰਨੀ ਤੇਰੀ ਮੌਤ ਤੋਂ ਬਾਅਦ ਵੀ ਮੈਂ ਤੈਨੂੰ ਨਹੀਂ ਭੁੱਲਾਂਗਾ। ਆਹ ਰੌਲਾ-ਗੌਲਾ ਮੁੱਕ ਜਾਏ, ਮੈਂ ਤੇਰੀ ਸ਼ਾਨਦਾਰ ਯਾਦਗਾਰ ਬਣਵਾ ਦਿਆਂਗਾ। ਲੋਕ ਤੈਨੂੰ ਰਹਿੰਦੀ ਦੁਨੀਆਂ ਤਕ ਯਾਦ ਕਰਿਆ ਕਰਨਗੇ...ਹਾਂ ਨਾਦੀਆ! ਮੈਂ ਵਚਨ ਦਿੰਦਾ ਹਾਂ, ਵੱਧ ਤੋਂ ਵੱਧ ਖ਼ਰਚ ਕਰਕੇ ਮੈਂ ਤੇਰੀ ਯਾਦਗਾਰ ਬਣਵਾਵਾਂਗਾ ਪਰ ਮੇਰੀ ਅਰਜ਼ ਨਾ ਭੁੱਲੀਂ। ਤੈਥੋਂ ਕੱਲ੍ਹ ਫੇਰ ਪੁੱਛਿਆ ਜਾਏਗਾ, ਮੇਰਾ ਨਾਂ ਨਾ ਦੱਸੀਂ...।"

***

ਇਹ ਦੇਸ਼ ਛੋਟੇ ਜਿਹੇ ਟਾਪੂ ਉਤੇ ਸੀ। ਕੁਦਰਤੀ ਖ਼ਜ਼ਾਨਿਆਂ ਨਾਲ ਭਰਪੂਰ ਇਸ ਧਰਤੀ ਦੇ ਵਾਸੀ ਬੜੇ ਖ਼ੁਸ਼ਹਾਲ ਸਨ। ਦੇਸ਼ ਦਾ ਆਪਣਾ ਸੰਵਿਧਾਨ ਸੀ। ਮੁਕੱਦਮਿਆਂ ਦੇ ਫ਼ੈਸਲੇ ਪੰਚਾਇਤਾਂ ਕਰਦੀਆਂ ਸਨ। ਨਾਦੀਆ ਦੇ ਕੇਸ ਨੇ ਸਾਰੇ ਦੇਸ਼ ਵਿਚ ਹਾਹਾਕਾਰ ਮਚਾ ਛੱਡੀ ਸੀ। ਅਖ਼ਬਾਰਾਂ ਨੂੰ ਵੀ ਜਿਵੇਂ ਨਵਾਂ ਵਿਸ਼ਾ ਲੱਭ ਪਿਆ ਸੀ। ਗੱਲ ਨੂੰ ਖ਼ੂਬ ਉਛਾਲਿਆ ਗਿਆ। ਤੇ ਫੇਰ ਉਸ ਕੇਸ ਦਾ ਇਤਿਹਾਸਕ ਫ਼ੈਸਲਾ ਹੋਇਆ।

ਟਾਪੂ ਦੀ ਪੰਚਾਇਤ ਦੀ ਵਿਸ਼ੇਸ਼ ਮੀਟਿੰਗ ਬੁਲਾਈ ਗਈ। ਸਰਪੰਚ ਚੌਧਰੀ ਸਾਹਿਬ ਆਪਣੀ ਖ਼ਾਸ ਕੁਰਸੀ ਉਤੇ ਆਣ ਬੈਠੇ, ਉਨ੍ਹਾਂ ਤੋਂ ਜ਼ਰਾ ਨੀਵੀਂ ਥਾਂ ਪੰਚਾਇਤ ਦੇ ਹੋਰ ਮੈਂਬਰ ਬੈਠੇ ਹੋਏ ਸਨ। ਇਕ ਪਾਸੇ ਕਟਹਿਰੇ ਵਿਚ ਨਾਦੀਆ ਨੀਵੀਂ ਪਾਈ ਖੜ੍ਹੀ ਸੀ...ਉਸ ਦੇ ਨੇੜੇ ਹੀ ਸਥਾਨਕ ਪੁਲਿਸ ਦੇ ਕੁਝ ਅਫ਼ਸਰ ਖੜ੍ਹੇ ਸਨ। ਹਾਲ ਕਮਰਾ ਲੋਕਾਂ ਨਾਲ ਭਰਿਆ ਹੋਇਆ ਸੀ। ਮੁਕੱਦਮੇ ਦੀ ਕਾਰਵਾਈ ਸ਼ੁਰੂ ਹੋਣ ਸਾਰ ਕਮਰੇ ਵਿਚ ਚੁੱਪ ਵਰਤ ਗਈ। ਸਰਕਾਰੀ ਵਕੀਲ ਨੇ ਨਾਦੀਆ ਉਪਰ ਲਾਏ ਇਲਜ਼ਾਮਾਂ ਦੀ ਸੂਚੀ ਪੜ੍ਹ ਕੇ ਸੁਣਾਈ। ਉਸ ਉਤੇ ਇਲਜ਼ਾਮ ਸੀ ਕਿ ਉਸ ਨੇ ਦੇਸ਼, ਕੌਮ ਅਤੇ ਸਮਾਜ ਦੇ ਅਸੂਲ ਤੋੜਿਆ ਹੈ, ਜਿਸਮਫਰੋਸ਼ੀ ਵਰਗਾ ਮਾੜਾ ਜੁਰਮ ਕੀਤਾ ਹੈ ਤੇ ਇਸ ਦੇ ਨਤੀਜੇ ਵਜੋਂ ਆਪਣੇ ਪੇਟ ਵਿਚ ਪਲ ਰਹੀ ਮਾਸੂਮ ਜਿੰਦ ਦੀ ਹੱਤਿਆ ਕੀਤੀ ਹੈ। ਇੰਜ ਉਸ ਨੇ ਦੋ ਮਹਾ-ਅਪਰਾਧ ਕੀਤੇ ਸਨ। ਦੋਹਾਂ ਦੀ ਸਜ਼ਾ ਦੇਸ਼ ਦੇ ਸੰਵਿਧਾਨ ਅਨੁਸਾਰ ਸਿਰਫ ਮੌਤ ਸੀ ਪਰ ਦੇਸ਼ ਦੇ ਕਾਨੂੰਨ ਵਿਚ ਰਹਿਮ ਦੀ ਗੁੰਜਾਇਸ਼ ਵੀ ਸੀ। ਜੇ ਨਾਦੀਆ ਨੇ ਇਹ ਜੁਰਮ ਕਿਸੇ ਮਜਬੂਰੀ ਵਿਚ ਕੀਤੇ ਸਨ ਤਾਂ ਉਸ ਨੂੰ ਆਪਣੇ ਸਾਥੀ ਮੁਜਰਮ ਦਾ ਨਾਂ ਦੱਸਣਾ ਪੈਣਾ ਸੀ...ਤਾਂ ਕਿ ਉਸ ਨੂੰ ਸਜ਼ਾ ਸੁਣਾਉਣ ਤੋਂ ਪਹਿਲਾਂ ਰਿਆਇਤਦਿਲੀ ਤੋਂ ਕੰਮ ਲਿਆ ਜਾ ਸਕੇ।

ਸਰਕਾਰੀ ਵਕੀਲ ਨੇ ਪੁੱਛਿਆ, "ਨਾਦੀਆ, ਤੂੰ ਆਪਣੇ ਜੁਰਮ ਦੇ ਸਾਂਝੀਵਾਲ ਦਾ ਨਾਂ ਦੱਸ ਦੇਣ ਲਈ ਰਜ਼ਾਮੰਦ ਏਂ?"

ਨਾਦੀਆ ਨੇ ਆਪਣਾ ਝੁਕਿਆ ਹੋਇਆ ਸਿਰ 'ਨਾਂਹ' ਵਿਚ ਹਿਲਾ ਦਿੱਤਾ।

ਸਰਕਾਰੀ ਵਕੀਲ ਨੇ ਸਰਪੰਚ ਚੌਧਰੀ ਸਾਹਿਬ ਵੱਲ ਮੂੰਹ ਭੁਆ ਕੇ ਕਿਹਾ, "ਆਲੀ ਪਨਾਹ, ਮੁਲਜ਼ਿਮਾ ਆਪਣੇ ਜੁਰਮ ਦਾ ਇਕਬਾਲ ਤਾਂ ਕਰ ਰਹੀ ਹੈ ਪਰ ਆਪਣੇ ਸਾਥੀ ਗੁਨਾਹਗਾਰ ਦਾ ਨਾਂ ਦੱਸਣ ਲਈ ਤਿਆਰ ਨਹੀਂ। ਦੇਸ਼ ਦੇ ਕਾਨੂੰਨ ਅਨੁਸਾਰ ਮੈਂ ਚਾਹਾਂਗਾ ਕਿ ਇਸ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦਿੱਤੀ ਜਾਵੇ, ਤਾਂ ਕਿ ਲੋਕਾਂ ਨੂੰ ਅੱਗੇ ਵਾਸਤੇ ਨਸੀਹਤ ਹੋ ਜਾਵੇ।"

ਸਰਪੰਚ ਚੌਧਰੀ ਸਾਹਿਬ ਬੇਚੈਨੀ ਨਾਲ ਕੁਰਸੀ ਉਤੇ ਪਾਸਾ ਪਰਤਦੇ ਹੋਏ ਬੋਲੇ, "ਮੁਲਜ਼ਿਮਾ ਨਾਦੀਆ, ਤੈਨੂੰ ਪਤਾ ਈ ਹੋਏਗਾ ਕਿ ਜਿਹੜੇ ਗੁਨਾਹ ਤੂੰ ਕੀਤੇ ਨੇ, ਮੁਲਕ ਦੇ ਕਾਨੂੰਨ ਅਨੁਸਾਰ ਉਨ੍ਹਾਂ ਦੀ ਸਜ਼ਾ ਸਿਰਫ ਮੌਤ ਹੈ। ਤੈਨੂੰ ਪਤਾ ਏ ਨਾ? ਤੇ ਤੂੰ ਆਪਣੇ ਗੁਨਾਹਾਂ ਦਾ ਇਕਬਾਲ ਕਰ ਚੁੱਕੀ ਏਂ। ਇਹ ਸਮਾਜ ਵਿਰੋਧੀ ਅਤੇ ਦੇਸ਼ ਦੁਸ਼ਮਣ ਗੁਨਾਹ ਕਰਨ ਦਾ ਹੌਸਲਾ ਕਿੰਜ ਕੀਤਾ ਸੀ ਤੂੰ? ਯਕੀਨਨ, ਤੈਨੂੰ ਮੌਤ ਦੀ ਸਜ਼ਾ ਦਿੱਤੀ ਜਾਏਗੀ ਪਰ ਕਾਨੂੰਨ ਸਿਰਫ ਸਜ਼ਾ ਦੇਣਾ ਹੀ ਨਹੀਂ ਜਾਣਦਾ, ਤੈਨੂੰ ਆਪਣੀ ਸਫ਼ਾਈ ਪੇਸ਼ ਕਰਨ ਦਾ ਮੌਕਾ ਵੀ ਦਿੱਤਾ ਜਾਂਦਾ ਹੈ। ਜੇ ਤੂੰ ਉਸ ਆਦਮੀ ਦਾ ਨਾਂ ਦੱਸ ਦੇਵੇਂ ਜਿਸ ਨੇ ਤੈਨੂੰ ਇੰਜ ਕਰਨ ਲਈ ਮਜਬੂਰ ਕੀਤਾ ਤਾਂ ਤੇਰੀ ਸਜ਼ਾ ਬਦਲੀ ਵੀ ਜਾ ਸਕਦੀ ਏ। ਤੂੰ ਉਸ ਬੰਦੇ ਦਾ ਨਾਂ ਦੱਸਣਾ ਚਾਹੇਂਗੀ?"

> **"ਆਲੀ ਪਨਾਹ, ਮੁਲਜ਼ਿਮਾ ਆਪਣੇ ਜੁਰਮ ਦਾ ਇਕਬਾਲ ਤਾਂ ਕਰ ਰਹੀ ਹੈ ਪਰ ਆਪਣੇ ਸਾਥੀ ਗੁਨਾਹਗਾਰ ਦਾ ਨਾਂ ਦੱਸਣ ਲਈ ਤਿਆਰ ਨਹੀਂ। ਦੇਸ਼ ਦੇ ਕਾਨੂੰਨ ਅਨੁਸਾਰ ਮੈਂ ਚਾਹਾਂਗਾ ਕਿ ਇਸ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦਿੱਤੀ ਜਾਵੇ, ਤਾਂ ਕਿ ਲੋਕਾਂ ਨੂੰ ਅੱਗੇ ਵਾਸਤੇ ਨਸੀਹਤ ਹੋ ਜਾਵੇ।"**

ਨਾਦੀਆ ਬੁੱਤ ਵਾਂਗ ਖੜ੍ਹੀ ਰਹੀ। ਭੀੜ ਵਿਚ ਘੁਸਰ-ਮੁਸਰ ਹੋਣ ਲੱਗ ਪਈ। ਚੌਧਰੀ ਸਾਹਿਬ ਫੇਰ ਬੋਲੇ, "ਤੂੰ ਉਸ ਆਦਮੀ ਦਾ ਨਾਂ ਦੱਸਣਾ ਏਂ?"

ਝੁਕੇ ਹੋਏ ਸਿਰ ਨਾਲ ਇਕ ਵਾਰ ਫੇਰ ਨਾਦੀਆ ਨੇ ਇਨਕਾਰ ਕਰ ਦਿੱਤਾ। ਭੀੜ ਵਿਚਲੀ ਭਿਣਭਿਣਾਹਟ ਤੇਜ਼ ਹੋ ਗਈ।

ਤੇ ਫੇਰ ਚੌਧਰੀ ਸਾਹਿਬ ਨੇ ਫ਼ੈਸਲਾ ਸੁਣਾ ਦਿੱਤਾ: "ਮੁਲਜ਼ਿਮਾ ਨਾਦੀਆ ਨੇ ਮੁਲਕ ਦੇ ਕਾਨੂੰਨ ਅਨੁਸਾਰ ਇਕ ਨਹੀਂ, ਦੋ ਮਹਾ-ਅਪਰਾਧ ਕੀਤੇ ਨੇ, ਤੇ ਇਨ੍ਹਾਂ ਨੂੰ ਮੰਨ ਵੀ ਲਿਆ ਏ। ਨਾਲੇ ਆਪਣੇ ਸਾਥੀ ਗੁਨਾਹਗਾਰ ਦਾ ਨਾਂ ਵੀ ਨਹੀਂ ਦੱਸਿਆ। ਮੁਲਕ ਦੇ ਕਾਨੂੰਨ ਅਨੁਸਾਰ ਮੈਂ ਇਸ ਨੂੰ ਸੰਗਸਾਰੀ (ਪੱਥਰ ਮਾਰ-ਮਾਰ ਕੇ ਮਾਰ ਦੇਣ) ਦੇ ਜ਼ਰੀਏ ਸਜ਼ਾਏ ਮੌਤ ਦਾ ਹੁਕਮ ਦਿੰਦਾ ਹਾਂ ਪਰ ਪਥਰਾਅ ਸ਼ੁਰੂ ਕਰਨ ਤੋਂ ਪਹਿਲਾਂ ਸਵੇਰੇ ਮੁਲਜ਼ਿਮਾ ਨੂੰ ਇਕ ਮੌਕਾ ਹੋਰ ਦਿੱਤਾ ਜਾਏਗਾ। ਜੇ ਮੁਲਜ਼ਿਮਾ ਆਪਣੇ ਸਾਥੀ ਮੁਲਜ਼ਿਮ ਦਾ ਨਾਂ ਦੱਸ ਦਏਗੀ ਤਾਂ ਹੋ ਸਕਦਾ ਏ, ਇਹ ਸਜ਼ਾ ਟਲ ਜਾਏ। ਕੱਲ੍ਹ ਸਵੇਰੇ ਸੂਰਜ ਚੜ੍ਹਨ ਤੋਂ ਪਿੱਛੋਂ, ਸ਼ਹਿਰ ਦੇ ਬਾਹਰਲੇ ਵੱਡੇ ਮੈਦਾਨ ਵਿਚ ਮੁਲਜ਼ਿਮਾ ਨਾਦੀਆ ਉਤੇ ਆਵਾਮ ਦੇ ਸਾਹਮਣੇ ਪਥਰਾਅ ਕੀਤਾ ਜਾਏਗਾ।"

***

ਅੱਧੀ ਰਾਤ ਤੋਂ ਪਿੱਛੋਂ ਇਕ ਹੋਰ ਪਰਛਾਵਾਂ ਨਾਦੀਆ ਦੀ ਕੋਠੜੀ ਅੰਦਰ ਆਇਆ। ਉਸ ਨੂੰ ਇੱਥੇ ਪਹੁੰਚਣ ਵਾਸਤੇ ਰਿਸ਼ਵਤ ਨਹੀਂ ਦੇਣੀ ਪਈ ਸੀ। ਉਹ ਇਸ ਦੇਸ਼ ਦਾ ਸਿਰ ਕੱਢ ਸਿਆਸੀ ਨੇਤਾ ਸੀ। ਸਾਰੇ ਲੋਕ ਉਸ ਨੂੰ ਜਾਣਦੇ ਸਨ। ਜਦੋਂ ਉਹ ਕੋਠੜੀ ਦੇ ਦਰਵਾਜ਼ੇ ਨੇੜੇ ਪਹੁੰਚਿਆ ਸੀ, ਸੰਤਰੀ ਨੇ ਫ਼ੌਜੀਆਂ ਵਾਂਗ ਸਲੂਟ ਮਾਰਿਆ ਸੀ। ਨਾਦੀਆ ਅਜੇ ਜਾਗ ਰਹੀ ਸੀ। ਜਦੋਂ ਉਹ ਉਸ ਦੇ ਨੇੜੇ ਪਹੁੰਚਿਆ, ਉਹ ਉਠ ਕੇ ਬੈਠ ਗਈ।

"ਨਾਦੀਆ," ਉਹਨੇ ਬੜੀ ਹੌਲੀ ਜਿਹੀ ਕਿਹਾ। ਨਾਦੀਆ ਨੇ ਉਸ ਦੀ ਆਵਾਜ਼ ਵੀ ਪਛਾਣ ਲਈ।

"ਮੈਂ ਬੜੇ ਯਤਨ ਕੀਤੇ ਹਨ ਨਾਦੀਆ ਕਿ ਤੈਨੂੰ ਏਨੀ ਸਖ਼ਤ ਸਜ਼ਾ ਨਾ ਦਿੱਤੀ ਜਾਏ...ਪਰ ਉਨ੍ਹਾਂ ਮੇਰੀ ਇਕ ਨਹੀਂ ਸੁਣੀ। ਦੇਸ਼ ਦਾ ਕਾਨੂੰਨ ਬੜਾ ਸਖ਼ਤ ਏ। ਜ਼ਿਆਦਾ ਜ਼ੋਰ ਦਿੰਦਾ ਤਾਂ ਵਿਰੋਧੀ ਪਾਰਟੀ ਨੇ ਗੱਲ ਫੜ ਲੈਣੀ ਸੀ, ਤੇ ਇਸੇ ਗੱਲ ਨੂੰ ਉਛਾਲ ਕੇ ਮੈਨੂੰ ਬਦਨਾਮ ਕਰਨ ਲੱਗ ਪੈਣਾ ਸੀ। ਮੈਂ ਏਸ ਦੇਸ਼ ਦਾ ਸਿਰ ਕੱਢ ਸਿਆਸੀ ਨੇਤਾ ਹਾਂ। ਵਿਦੇਸ਼ਾਂ ਵਿਚ ਬੜਾ ਨਾਂ ਏ ਮੇਰਾ। ਕਈ ਦੇਸ਼ਾਂ ਦੇ ਨੇਤਾ ਮੈਥੋਂ ਸਲਾਹ-ਮਸ਼ਵਰੇ ਲੈਣ ਆਉਂਦੇ ਨੇ। ਮੇਰੀ ਸਿਆਸੀ ਸੂਝ-ਬੂਝ ਦਾ ਲੋਹਾ ਮੰਨਦੇ ਨੇ, ਪਰ...ਦੇਸ਼ ਦਾ ਕਾਨੂੰਨ ਆਖ਼ਰ ਕਾਨੂੰਨ ਹੁੰਦਾ ਏ, ਤੇ ਕਈ ਗੱਲਾਂ ਸਾਹਮਣੇ ਬੰਦਾ ਬੇਵੱਸ ਹੋ ਜਾਂਦਾ ਏ। ਤੂੰ ਆਪ ਸਿਆਣੀ ਏਂ...। ਪਰ ਨਾਦੀਆ, ਤੇਰੇ ਸਾਹਮਣੇ ਮੈਂ ਗੁਜ਼ਾਰਿਸ਼ ਕਰਨ ਆਇਆ ਹਾਂ। ਰੱਬ ਦਾ ਵਾਸਤਾ ਈ ਮੇਰਾ ਨਾਂ ਨਾ ਲਈਂ। ਨਹੀਂ ਤੇ ਗ਼ਜ਼ਬ ਹੋ ਜਾਏਗਾ। ਜੇ ਮੈਨੂੰ ਕੁਝ ਹੋ ਗਿਆ ਤਾਂ ਮੇਰੀਆਂ ਤਿੰਨ ਪਤਨੀਆਂ ਅਤੇ ਬਾਰਾਂ ਬੱਚਿਆ ਦਾ ਕੀ ਬਣੇਗਾ, ਨਾਦੀਆ...?"

ਉਹ ਗਿੜਗਿੜਾਉਂਦਾ ਰਿਹਾ ਤੇ ਨਾਦੀਆ ਨੀਵੀਂ ਪਾ ਕੇ ਚੁੱਪਚਾਪ ਬੈਠੀ ਰਹੀ।

***

ਅਜੇ ਸ਼ਹਿਰ ਦੀਆਂ ਮਸਜਿਦਾਂ ਵਿਚ ਅਜ਼ਾਨ ਨਹੀਂ ਸੀ ਹੋਈ। ਇਕ ਮੁਲਾਣਾ ਜੇਲ੍ਹ ਅੰਦਰ ਆਇਆ ਤੇ ਨਾਦੀਆ ਦੀ ਕੋਠੜੀ ਦੇ ਦਰਵਾਜ਼ੇ ਕੋਲ ਆ ਕੇ ਰੁਕਿਆ। ਉਸ ਨਾਲ ਜੇਲ੍ਹ ਦਾ ਹਾਕਮ ਵੀ ਆਇਆ ਸੀ। ਕੋਠੜੀ ਦੇ ਸਾਹਮਣੇ ਖਲੋਤੇ ਅਰਦਲੀ ਨੇ ਬੜੇ ਸਤਿਕਾਰ ਨਾਲ ਝੁਕ ਕੇ ਉਨ੍ਹਾਂ ਨੂੰ ਸਲਾਮ ਕੀਤੀ ਤੇ ਦਰਵਾਜ਼ਾ ਖੋਲ੍ਹ ਦਿੱਤਾ। ਉਹ ਹੌਲੀ ਹੌਲੀ ਤੁਰਦੇ ਹੋਏ ਅੰਦਰ ਲੰਘ ਗਏ। ਸਜ਼ਾ-ਏ-ਮੌਤ ਦੇ ਕੈਦੀਆਂ ਨੂੰ ਮੌਤ ਤੋਂ ਪਹਿਲਾਂ ਅਗਲੇਰੇ ਜੀਵਨ ਬਾਰੇ ਹਦਾਇਤਾਂ ਕਰਨਾ ਮੁਲਾਣੇ ਦੇ ਧਾਰਮਿਕ ਫਰਜ਼ ਵਿਚ ਸ਼ਾਮਿਲ ਸੀ।

"ਨਾਦੀਆ...", ਉਨ੍ਹਾਂ ਜ਼ਰਾ ਉਚੀ ਆਵਾਜ਼ ਵਿਚ ਕਹਿਣਾ ਸ਼ੁਰੂ ਕੀਤਾ, "ਮੌਤ ਹਰ ਇਨਸਾਨ ਨੂੰ ਆਉਂਦੀ ਹੈ। ਉਸ ਦੇ ਹੱਥੋਂ ਨਾ ਬਾਦਸ਼ਾਹ ਬਚ ਸਕਿਆ ਏ ਕਦੀ, ਨਾ ਭਿਖਾਰੀ। ਹਰ ਇਕ ਦੀ ਮੌਤ ਦਾ ਸਮਾਂ ਵੀ ਨਿਸ਼ਚਿਤ ਹੈ। ਸਾਨੂੰ ਹਰ ਵੇਲੇ ਸੱਚੇ ਮਾਲਕ ਸਾਹਮਣੇ ਪੇਸ਼ ਹੋਣ ਵਾਸਤੇ ਤਿਆਰ ਰਹਿਣਾ ਚਾਹੀਦਾ ਹੈ। ਉਹ ਹਰ ਭੁੱਲ ਬਖ਼ਸ਼ਣ ਵਾਲਾ ਹੈ...", ਤੇ ਫੇਰ ਅਚਾਨਕ ਉਸ ਦੀ ਆਵਾਜ਼ ਖ਼ਾਸੀ ਧੀਮੀ ਹੋ ਗਈ ਸੀ, "ਨਾਦੀਆ, ਮੇਰੇ ਉਪਰ ਰਹਿਮ ਕਰੀਂ! ਤੈਨੂੰ ਪਤਾ ਈ ਏ, ਮੈਂ ਇਸ ਸ਼ਹਿਰ ਦਾ ਵੱਡਾ ਮੌਲਵੀ ਹਾਂ। ਲੋਕ ਸਤਿਕਾਰ ਵਜੋਂ ਮੇਰੇ ਨਾਲ ਅੱਖ ਮਿਲਾ ਕੇ ਗੱਲ ਨਹੀਂ ਕਰਦੇ। ਇਥੋਂ ਦੇ ਈ ਨਹੀਂ, ਬਾਹਰਲੇ ਮੁਲਕਾਂ ਦੇ ਲੋਕ ਵੀ ਮੇਰੀ ਬੜੀ ਇੱਜ਼ਤ ਕਰਦੇ ਨੇ। ਸਭ ਕੁਝ ਮਿੱਟੀ 'ਚ ਮਿਲ ਜਾਏਗਾ ਨਾਦੀਆ, ਜੇ ਤੂੰ ਮੇਰਾ ਨਾਂ ਦੱਸ ਦਿੱਤਾ...ਥੋੜ੍ਹੀ ਜਿਹੀ ਤਕਲੀਫ ਝੱਲ ਲਵੀਂ। ਮੈਂ ਸਵੇਰੇ ਵੀ ਤੇਰੇ ਹੱਕ ਵਿਚ ਦੁਆ ਕਰਾਂਗਾ ਤਾਂ ਕਿ ਤੇਰੀ ਰੂਹ ਆਸਾਨੀ ਨਾਲ ਜਿਸਮ ਵਿਚੋਂ ਪਰਵਾਜ਼ ਕਰ ਜਾਏ, ਤੇ ਬਹੁਤੀ ਤਕਲੀਫ ਨਾ ਝੱਲਣੀ ਪਏ। ਨਾਦੀਆ ਸੋਚ, ਜ਼ਿੰਦਗੀ ਵਿਚ ਮੈਂ ਤੇਰੇ ਉਪਰ ਕਿੰਨੀਆਂ ਮਿਹਰਬਾਨੀਆਂ ਕੀਤੀਆਂ ਨੇ...ਸੱਚ ਜਾਣੀ ਤੇਰੀ ਮੌਤ ਤੋਂ ਬਾਅਦ ਵੀ ਮੈਂ ਤੈਨੂੰ ਨਹੀਂ ਭੁੱਲਾਂਗਾ, ਤੇਰੀ ਖ਼ਾਤਰ ਏਨਾ ਈਸਾਲੇ ਸਵਾਬ (ਆਤਮਕ ਸ਼ਾਂਤੀ ਲਈ ਪਾਠ) ਕਰਾਂਗਾ ਕਿ ਤੇਰੇ ਸਾਰੇ ਗੁਨਾਹ ਧੋਤੇ ਜਾਣਗੇ। ਪਰ ਮੇਰੀ ਇਹੀ ਅਰਜ਼ ਏ ਨਾਦੀਆ, ਵੇਖੀਂ ਮੇਰਾ ਨਾਂ ਨਾ ਦੱਸ ਦੇਵੀਂ...ਨਹੀਂ ਤੇ ਮੇਰੀਆਂ ਚਾਰ ਪਤਨੀਆਂ ਤੇ ਏਨੇ ਸਾਰੇ ਬੱਚਿਆਂ ਦਾ ਕੀ ਬਣੇਗਾ?" ਉਹ ਲਿਲਕੜੀਆਂ ਕਢਦਾ ਰਿਹਾ ਤੇ ਨਾਦੀਆ ਚੁੱਪਚਾਪ ਨੀਵੀਂ ਪਾ ਕੇ ਬੈਠੀ ਰਹੀ।

***

ਸੂਰਜ ਚੜ੍ਹਨ ਤੋਂ ਪਹਿਲਾਂ ਹੀ ਸ਼ਹਿਰ ਦੇ ਬਾਹਰਲੇ ਮੈਦਾਨ ਵਿਚ ਦਰਸ਼ਕਾਂ ਦੀ ਖ਼ਾਸੀ ਭੀੜ ਲੱਗ ਗਈ ਸੀ। ਮਿਥੇ ਸਮੇਂ ਅਨੁਸਾਰ ਸਰਪੰਚ ਚੌਧਰੀ ਸਾਹਿਬ, ਪੰਚਾਇਤ ਦੇ ਹੋਰ ਮੈਂਬਰ, ਪੁਲਿਸ ਅਫਸਰ ਅਤੇ ਅਮਾਮਦੀਨ ਵੀ ਆ ਪਹੁੰਚੇ। ਪੁਲਿਸ ਕਾਰ ਵਿਚ ਨਾਦੀਆ ਨੂੰ ਲਿਆਂਦਾ ਗਿਆ। ਮੈਦਾਨ ਦੇ ਐਨ ਵਿਚਕਾਰ ਤਿੰਨ ਚਾਰ ਫੁੱਟ ਡੂੰਘਾ ਟੋਇਆ ਪੁੱਟਿਆ ਹੋਇਆ ਸੀ, ਤੇ ਪੱਥਰਾਂ ਦਾ ਢੇਰ ਲਗਾ ਦਿੱਤਾ ਗਿਆ ਸੀ।

ਕਾਨੂੰਨ ਮੁਤਾਬਿਕ ਇਕ ਵਾਰ ਫੇਰ ਚੌਧਰੀ ਸਾਹਿਬ ਨੇ ਨਾਦੀਆ ਤੋਂ ਪੁੱਛਿਆ, "ਨਾਦੀਆ ਕਾਨੂੰਨ ਤੈਨੂੰ ਇਕ ਮੌਕਾ ਹੋਰ ਦਿੱਤਾ ਜਾ ਰਿਹਾ ਏ...ਜੇ ਤੂੰ ਉਸ ਆਦਮੀ ਦਾ ਨਾਂ ਦੱਸਣਾ ਚਾਹੁੰਦੀ ਏਂ ਤਾਂ ਦੱਸ ਸਕਦੀ ਏਂ ਜਿਸ ਨੇ ਤੈਨੂੰ ਇਹ ਗੁਨਾਹ ਕਰਨ ਵਾਸਤੇ ਮਜਬੂਰ ਕੀਤਾ ਸੀ...ਹੋ ਸਕਦਾ ਏ ਕਿ ਤੇਰੀ ਸਜ਼ਾ ਘਟ ਜਾਏ।"

ਜਦੋਂ ਸਾਰੇ ਇੰਤਜ਼ਾਮ ਪੂਰੇ ਹੋ ਗਏ ਤਾਂ ਨਾਦੀਆਂ ਨੂੰ ਟੋਏ ਵਿਚ ਖੜ੍ਹਾ ਕਰ ਕੇ ਲੱਕ-ਲੱਕ ਤੱਕ ਮਿੱਟੀ ਵਿਚ ਗੱਡ ਦਿੱਤਾ ਗਿਆ। ਪਥਰਾਅ ਕਰਨ ਵਾਸਤੇ ਲੋਕਾਂ ਨੇ ਪੱਥਰ ਚੁੱਕ ਲਏ।

ਰਿਵਾਜ਼ ਮੁਤਾਬਿਕ ਪਹਿਲਾ ਪੱਥਰ ਸਰਪੰਚ ਚੌਧਰੀ ਸਾਹਿਬ ਨੇ ਹੀ ਮਾਰਨਾ ਸੀ। ਸਭ ਦੀਆਂ ਨਜ਼ਰਾਂ ਉਨ੍ਹਾਂ ਵੱਲ ਭੌਂ ਗਈਆਂ। ਉਨ੍ਹਾਂ ਪੱਥਰ ਚੁੱਕਿਆ ਪਰ ਨਾਦੀਆ ਦੇ ਮਾਰਿਆ ਨਹੀਂ। ਕੁਝ ਚਿਰ ਬਾਅਦ ਲੋਕਾਂ ਨੂੰ ਪਥਰਾਅ ਕਰਨ ਦਾ ਇਸ਼ਾਰਾ ਕੀਤਾ...ਇਹ ਗੱਲ ਆਮ ਸੀ ਕਿ ਉਹ ਬੜੇ ਰਹਿਮ ਦਿਲ ਨੇ। ਸ਼ਾਇਦ ਇਸੇ ਕਰਕੇ ਉਨ੍ਹਾਂ ਆਪ ਪੱਥਰ ਨਹੀਂ ਸੀ ਮਾਰਿਆ...! ਇਸ਼ਾਰਾ ਮਿਲਣ ਸਾਰ ਲੋਕਾਂ ਨੇ ਜ਼ਮੀਨ ਵਿਚ ਅੱਧ-ਗੱਡੀ ਨਾਦੀਆ ਉਪਰ ਪਥਰਾਅ ਕਰਨਾ ਸ਼ੁਰੂ ਕਰ ਦਿੱਤਾ। ਦੂਰ ਹੋਣ ਕਰਕੇ ਕਈਆਂ ਦੇ ਨਿਸ਼ਾਨੇ ਠੀਕ ਨਹੀਂ ਸਨ ਲੱਗੇ, ਪਰ ਕਈ ਪੱਥਰ ਨਾਦੀਆਂ ਨੂੰ ਵੱਜੇ ਵੀ ਸਨ। ਉਹਨੇ ਆਪਣੇ ਦੋਹਾਂ ਹੱਥਾਂ ਨਾਲ ਸਿਰ ਅਤੇ ਚਿਹਰਾ ਬਚਾਉਣ ਦੀ ਕੋਸ਼ਿਸ਼ ਕੀਤੀ ਸੀ। ਕੁਝ ਲੋਕ ਤਾਂ ਇਕ ਇਕ ਪੱਥਰ ਮਾਰ ਕੇ ਪਿਛਾਂਹ ਹਟ ਗਏ ਸਨ ਪਰ ਜਿਹੜੇ ਜ਼ਿਆਦਾ ਸ਼ੌਕੀਨ ਅਤੇ ਪੱਥਰ ਦਿਲ ਸਨ, ਵਾਰੀ ਵਾਰੀ ਪੱਥਰ ਚੁੱਕ ਕੇ ਮਾਰਦੇ ਰਹੇ। ਨਾਦੀਆ ਦੇ ਸਰੀਰ ਦੇ ਕਈ ਹਿੱਸਿਆਂ ਵਿਚੋਂ ਲਹੂ ਵਗਣ ਲੱਗ ਪਿਆ ਸੀ।

ਜਿਵੇਂ ਜਿਵੇਂ ਪੱਥਰ ਵੱਜਦੇ ਰਹੇ, ਉਹ ਨਿਢਾਲ ਹੁੰਦੀ ਗਈ ਪਰ ਨਾ ਉਹ ਚੀਕੀ, ਨਾ ਰੋਈ। ਖ਼ਾਸੀ ਕਰੜਾਈ ਦਿਖਾਈ ਉਹਨੇ। ਕਈ ਪੱਥਰ ਉਸ ਦੇ ਸਿਰ ਵਿਚ ਵੱਜੇ ਅਤੇ ਖ਼ੂਨ ਨਾਲ ਉਹਦਾ ਚਿਹਰਾ ਲਾਲ ਹੋ ਗਿਆ। ਬਰਦਾਸ਼ਤ ਦੀ ਵੀ ਕੋਈ ਹੱਦ ਹੁੰਦੀ ਹੈ। ਜਦੋਂ ਪੱਥਰਾਂ ਦੀ ਵਾਛੜ ਤੇਜ਼ ਹੋ ਗਈ, ਉਸ ਨੇ ਅਗਾਂਹ ਵੱਲ ਹੱਥ ਹਿਲਾ ਹਿਲਾ ਕੇ ਚੀਕਣਾ ਸ਼ੁਰੂ ਕਰ ਦਿੱਤਾ। ਕੁਝ ਲੋਕਾਂ ਦੇ ਹੱਥ ਰੁਕ ਗਏ ਪਰ ਸਜ਼ਾ ਤਾਂ ਪੂਰੀ ਕਰਨੀ ਹੀ ਪੈਣੀ ਸੀ। ਸੋ, ਮੁੜ ਪਥਰਾਅ ਸ਼ੁਰੂ ਹੋ ਗਿਆ।

ਹੁਣ ਨਾਦੀਆ ਅੱਧਮੋਈ ਜਿਹੀ ਹੋ ਚੁੱਕੀ ਸੀ ਤੇ ਕੁਝ ਬੁੜਬੜਾ ਵੀ ਰਹੀ ਸੀ। ਭੀੜ ਵਿਚੋਂ ਕੋਈ ਕੂਕਿਆ, "ਰੁਕ ਜਾਓ, ਉਹ ਕੁਝ ਕਹਿ ਰਹੀ ਏ...।"

"ਸ਼ਾਇਦ ਉਹ ਨਾਂ ਦੱਸਣਾ ਚਾਹੁੰਦੀ ਏ...।"

ਲੋਕਾਂ ਦੇ ਹੱਥ ਰੁਕ ਗਏ। ਉਨ੍ਹਾਂ ਦੀਆਂ ਨਜ਼ਰਾਂ ਅਤੇ ਕੰਨ ਨਾਦੀਆ ਉਤੇ ਟਿਕੇ ਹੋਏ ਸਨ। ਹੁਣ ਕੋਈ ਵੀ ਪੱਥਰ ਨਹੀਂ ਸੀ ਮਾਰ ਰਿਹਾ। ਉਹਦਾ ਚਿਹਰਾ ਖ਼ੂਨ ਨਾਲ ਲੱਥ-ਪੱਥ ਹੋਇਆ ਪਿਆ ਸੀ...ਬੁੱਲ੍ਹ ਫਰਕ ਰਹੇ ਸਨ ਪਰ ਕੋਈ ਆਵਾਜ਼ ਨਹੀਂ ਸੀ ਸੁਣਾਈ ਦਿੰਦੀ।

"ਤੂੰ ਕਿਸੇ ਦਾ ਨਾਂ ਦੱਸਣਾ ਏਂ?" ਭੀੜ ਵਿਚੋਂ ਕਿਸੇ ਨੇ ਉਚੀ ਆਵਾਜ਼ ਵਿਚ ਪੁੱਛਿਆ।

ਨਾਦੀਆ ਨੇ ਲਾਲ ਲਾਲ ਅੱਖਾਂ ਨਾਲ ਪਹਿਲਾਂ ਭੀੜ ਵੱਲ ਤੇ ਫੇਰ ਅਸਮਾਨ ਵੱਲ ਤੱਕਿਆ, ਤੇ ਫੇਰ ਕੁਝ ਬਰੜਾਈ।

"ਉਹ ਕਿਸੇ ਦਾ ਨਾਂ ਦੱਸ ਰਹੀ ਏ ਸ਼ਾਇਦ...", ਕਿਸੇ ਨੇ ਕਿਹਾ। ਲੋਕ ਉਹਦੇ ਨੇੜੇ ਹੋਣ ਲੱਗ ਪਏ। ਸਭ ਦੇ ਕੰਨ ਉਸੇ ਵੱਲ ਸਨ।

ਜਦੋਂ ਨਾਦੀਆ ਨੇ ਭੀੜ ਵੱਲ ਮੂੰਹ ਕਰਕੇ ਕੁਝ ਬੋਲਣਾ ਚਾਹਿਆ,

"ਧੱਪ...", ਇਕ ਵੱਡਾ ਪੱਥਰ ਉਸ ਦੇ ਮੂੰਹ ਉਤੇ ਆ ਵੱਜਿਆ। ਇਸ ਦੇ ਨਾਲ ਹੀ ਨਾਦੀਆ ਦੇ ਕੁਝ ਦੰਦ ਵੀ ਹੇਠਾਂ ਆਣ ਡਿੱਗੇ। ਮੂੰਹ ਵਿਚੋਂ ਖ਼ੂਨ ਦੇ ਘਰਾਲੇ ਵਗ ਤੁਰੇ। ਜਿਸਮ ਨੂੰ ਝਟਕਾ ਜਿਹਾ ਵੱਜਾ ਤੇ ਉਹ ਮੁੱਕ ਗਈ। ਲੋਕਾਂ ਨੇ ਪਿਛਾਂਹ ਭੌਂ ਕੇ ਵੇਖਿਆ। ਚੌਧਰੀ ਸਾਹਿਬ ਖ਼ਾਲੀ ਹੱਥ ਖੜ੍ਹੇ ਸਨ। ਇਹ ਆਖ਼ਰੀ ਪੱਥਰ ਸਰਪੰਚ ਚੌਧਰੀ ਸਾਹਿਬ ਨੇ ਹੀ ਮਾਰਿਆ ਸੀ।

***ਅਨੁਵਾਦ: ਮਹਿੰਦਰ ਬੇਦੀ, ਜੈਤੋ***



## ਬੁਝਾਰਤਾਂ

**ਰਮਨ ਕੁਮਾਰ ਕੁਕਰੇਜਾ**

1. ਵੀਹ ਸੀਸ ਫੜ ਧੜੋਂ ਉਤਾਰੇ, ਕੀਤਾ ਖ਼ੂਨ ਨਾ ਜਾਣੋਂ ਮਰੇ।
2. ਹਰੀ-ਹਰੀ ਗੰਦਲ ਬੜੀਓ ਮਿੱਠੀ, ਆਉਂਦੀ ਹੈ ਪਰ ਕਿਸੇ ਨਾ ਡਿੱਠੀ।
3. ਪੈਰ ਬਿਨਾ ਚੌਕਾ ਚੜੇ, ਮੂੰਹ ਬਿਨ ਆਟਾ ਖਾਏ, ਮਾਰਨ 'ਤੇ ਉਹ ਜੀ ਉਠੇ, ਬਿਨ ਮਾਰੇ ਮਰ ਜਾਏ।
4. ਜੇ ਕੋਈ ਮੈਨੂੰ ਛੇੜੇ ਮੈਂ ਰੌਲਾ ਪਾਵਾਂ, ਮੈਨੂੰ ਨਾ ਕੋਈ ਛੇੜੇ ਮੈਂ ਚੁੱਪ ਕਰ ਜਾਵਾਂ।
5. ਸਾਉਣ-ਭਾਦੋਂ ਇੱਕ ਰੁੱਤ, ਦੋ ਬੁੱਢੀਆਂ ਇੱਕ ਗੁੱਤ।
6. ਇੰਨੀ ਕੁ ਡੱਡ, ਕਦੀ ਨਾਲ ਕਦੇ ਅੱਡ।
7. ਕਾਲਾ ਹੈ ਪਰ ਕਾਗ ਨਹੀਂ, ਲੰਮਾ ਹੈ ਪਰ ਨਾਗ ਨਹੀਂ।
8. ਫਿੱਟੇ ਮੂੰਹ ਉਸ ਵੱਡੀ ਦਾ ਜਿਸ ਵੱਖੋ-ਵੱਖ ਕਰਾਇਆ, ਸ਼ਾਬਾਸ਼ੇ ਉਸ ਛੋਟੀ ਦਾ ਜਿਸ ਵਿਛੜਿਆਂ ਨੂੰ ਫਿਰ ਮਿਲਾਇਆ।
9. ਦੱਸੋ ਕਿਹੜੀ ਚੀਜ਼ ਹੈ ਐਸੀ, ਜਿਹੜੀ ਆਪਣਾ ਜਿਸਮ ਆਪ ਹੈ ਖਾਂਦੀ, ਜਿਸਮ ਆਪਣਾ ਖਾ ਕੇ ਆਪਣੇ ਆਪ ਮਰ ਜਾਂਦੀ।
10. ਮਾਂ ਸਾਰੇ ਜਗਤ ਦੀ ਇਸ ਤੋਂ ਬਾਝ ਨਾ ਕੋਈ, ਬੁੱਢੀ ਮੈਂ ਲੱਖਾਂ ਵਰ੍ਹਿਆਂ ਦੀ ਪਰ ਅਜੇ ਵੀ ਨਵੀਂ ਨਰੋਈ।

**ਉਤਰ:** 1. ਨਹੁੰ, 2. ਨੀਂਦ, 3. ਤਬਲਾ, 4. ਢੋਲ, 5. ਪੀਂਘ, 6. ਕੁੰਜੀ, 7. ਗੁੱਤ, 8. ਸੂਈ ਅਤੇ ਕੈਂਚੀ, 9. ਮੋਮਬੱਤੀ, 10. ਧਰਤੀ

## ਤੁਹਾਡੀ ਰਾਏ

# ਮੇਲਿਆਂ ਦੀ ਭੇਡ ਚਾਲ

ਸਿਆਣੇ ਵੀ ਕਹਿੰਦੇ ਨੇ ਅਤੇ ਅਸੀਂ ਜ਼ਿੰਦਗੀ ਵਿਚ ਇਹ ਅਕਸਰ ਹੀ ਦੇਖਦੇ ਹਾਂ ਕਿ ਸੱਚ ਬੋਲਣਾ ਜਿੰਨਾ ਔਖਾ ਹੈ, ਉਸ ਤੋਂ ਵੀ ਔਖਾ ਹੈ ਸੱਚ ਸੁਣਨਾ। ਸਭ ਤੋਂ ਔਖਾ ਹੈ ਸੱਚ ਸੁਣ ਕੇ ਉਸ ਨੂੰ ਬਰਦਾਸ਼ਤ ਕਰਨਾ। ਮੈਂ ਅੱਜ ਪਾਠਕਾਂ ਨਾਲ ਕੁਝ ਸੱਚੀਆਂ ਗੱਲਾਂ ਕਰਨ ਲੱਗਾ ਹਾਂ ਅਤੇ ਮੈਂ ਇਹ ਦੇਖਣਾ ਚਾਹੁੰਦਾ ਹਾਂ ਕਿ ਕਿੰਨੇ ਕੁ ਲੋਕ ਇਨ੍ਹਾਂ ਗੱਲਾਂ ਨੂੰ ਪੜ੍ਹ ਕੇ, ਸਮਝ ਕੇ ਇਨ੍ਹਾਂ 'ਤੇ ਅਸਰ ਕਰਦੇ ਹਨ। ਇੱਥੇ ਦੱਸ ਦਿਆਂ ਕਿ ਮੈਂ ਇਕ ਆਮ ਇਨਸਾਨ ਹਾਂ, ਇਨਸਾਨੀਅਤ ਨੂੰ ਪਿਆਰ ਕਰਦਾ ਹਾਂ, ਮੇਰੀ ਕਿਸੇ ਨਾਲ ਕੋਈ ਜ਼ਾਤੀ ਦੁਸ਼ਮਣੀ ਜਾਂ ਕਿਸੇ ਵੀ ਤਰ੍ਹਾਂ ਦੀ ਕੋਈ ਰੰਜਿਸ਼ ਨਹੀਂ ਹੈ। ਕਿਸੇ ਵੀ ਧਰਮ ਨਾਲ ਮੈਨੂੰ ਕੋਈ ਨਫਰਤ ਨਹੀਂ ਹੈ, ਇਨਸਾਨੀਅਤ ਨੂੰ ਅਸੀਂ ਤਾਂ ਹੀ ਪਿਆਰ ਕਰ ਸਕਦੇ ਹਾਂ, ਜੇਕਰ ਅਸੀਂ ਧਰਮਾਂ ਤੋਂ ਉਪਰ ਉਠ ਕੇ ਗੱਲ ਕਰਾਂਗੇ। ਮੇਰਾ ਜਨਮ ਸਿੱਖ ਪਰਿਵਾਰ ਵਿਚ ਹੋਇਆ ਹੈ, ਸ਼ੁਰੂ ਤੋਂ ਜ਼ਿਆਦਾ ਜਾਣਕਾਰੀ ਸਿੱਖ ਧਰਮ ਬਾਰੇ ਹੀ ਮਿਲੀ ਹੈ। ਇਸ ਲਈ ਅੱਜ ਦੀਆਂ ਗੱਲਾਂ ਵੀ ਸਿੱਖ ਧਰਮ ਦੇ ਬੰਦਿਆਂ ਨਾਲ ਹੀ ਕਰਾਂਗੇ।

ਭੇਡ ਚਾਲ ਅਤੇ ਨਕਲ ਵਿਚ ਕੋਈ ਜ਼ਿਆਦਾ ਫਰਕ ਨਹੀਂ। ਭੇਡ ਚਾਲ ਦਾ ਮਤਲਬ ਹੈ, ਭੇਡਾਂ ਵਿਚੋਂ ਇਕ ਭੇਡ ਜਿੱਧਰ ਨੂੰ ਜਾਂਦੀ ਹੈ, ਸਾਰੀਆਂ ਹੀ ਭੇਡਾਂ ਉਸ ਦੇ ਪਿੱਛੇ ਜਾਂਦੀਆਂ ਹਨ। ਇਸੇ ਤਰ੍ਹਾਂ ਹੀ ਹੈ ਨਕਲ ਕਰਨ ਦਾ ਮਾਮਲਾ। ਜੇਕਰ ਕੋਈ ਬੰਦਾ ਕੋਈ ਕੰਮ ਕਰਦਾ ਹੈ, ਤਾਂ ਦੂਜਾ ਇਹ ਨਹੀਂ ਸੋਚਦਾ ਕਿ ਇਹ ਕੰਮ ਚੰਗਾ ਹੈ ਜਾਂ ਮਾੜਾ ਹੈ ਜਾਂ ਇਨਸਾਨੀਅਤ ਲਈ ਇਸ ਦਾ ਕੀ ਫਾਇਦਾ ਹੈ ਜਾਂ ਕੀ ਨੁਕਸਾਨ ਹੈ? ਕਾਫ਼ੀ ਚਿਰ ਪਹਿਲਾਂ ਪੰਜਾਬ ਵਿਚ ਆਲੂ ਬੀਜਣੇ ਸ਼ੁਰੂ ਹੋਏ ਸੀ। ਦੇਖਦੇ ਹੀ ਦੇਖਦੇ ਸਾਰਿਆਂ ਨੇ ਆਲੂ ਬੀਜਣੇ ਸ਼ੁਰੂ ਕਰ ਦਿਤੇ, ਤੇ ਇਕ ਦਿਨ ਐਸਾ ਆ ਗਿਆ ਕਿ ਆਲੂ ਸੁੱਟਣ ਨੂੰ ਕੋਈ ਜਗ੍ਹਾ ਨਹੀਂ ਸੀ ਮਿਲਦੀ, ਤੇ ਲੋਕਾਂ ਨੇ ਪੁਰਾਣੇ ਬੰਦ ਪਏ ਖੂਹਾਂ ਵਿਚ ਆਲੂ ਸੁੱਟਣੇ ਸ਼ੁਰੂ ਕਰ ਦਿੱਤੇ ਸਨ। ਇਸੇ ਤਰ੍ਹਾਂ ਜੇ ਇਕ ਨੇ ਕੋਲਡ ਸਟੋਰ ਜਾਂ ਮੈਰਿਜ ਪੈਲੇਸ ਲਿਆ, ਗੁਆਂਢੀ ਜਾਂ ਕਿਸੇ ਰਿਸ਼ਤੇਦਾਰ ਨੇ ਵੱਡਾ ਟਰੈਕਟਰ ਲਿਆ ਤਾਂ ਕਿਸ਼ਤ ਭਾਵੇਂ ਨਾ ਮੋੜੀ ਜਾਵੇ, ਅਖੀਰ ਭਾਵੇਂ ਸਲਫਾਸ ਹੀ ਖਾਣੀ ਪਵੇ ਤਾਂ ਟਰੈਕਟਰ ਜ਼ਰੂਰ ਵੱਡਾ ਲਿਆ ਖੜ੍ਹਾ ਕਰਨਾ। ਇਹੋ ਹਾਲ ਵਿਆਹਾਂ ਸ਼ਾਦੀਆਂ 'ਤੇ ਖਰਚ ਕਰਨ ਦਾ ਹੈ।

ਭੇਡ ਚਾਲ ਪੂਰੀ ਦੁਨੀਆਂ ਵਿਚ ਹੀ ਹੈ, ਪਰ ਪੰਜਾਬੀਆਂ ਜਾਂ ਸਿੱਖਾਂ ਵਿਚ ਦੂਜਿਆਂ ਦੇ ਮੁਕਾਬਲੇ ਕੁਝ ਜ਼ਿਆਦਾ ਹੀ ਹੈ, ਸਾੜਾ, ਹਉਮੈ ਸਾਡੇ ਵਿਚ ਕੁਝ ਜ਼ਿਆਦਾ ਹੀ ਹੈ। ਕਿਸੇ ਦਾ ਹੱਕ ਖੋਹਣਾ, ਆਪਣਾ ਹੱਕ ਸਮਝਦੇ ਹਾਂ। ਕੋਈ ਚੰਗਾ ਕੰਮ ਕਰੇ ਤਾਂ ਅਸੀਂ ਸਾਥ ਨਹੀਂ ਦਿੰਦੇ ਸਗੋਂ ਨਿੰਦਣ ਲਗਦੇ ਹਾਂ, ਉਸ ਨੂੰ ਭੰਡਦੇ ਹਾਂ, ਉਸ ਦੀ ਬਦਨਾਮੀ ਕਰਦੇ ਹਾਂ।

ਹੁਣ ਗੱਲ ਕਰੀਏ ਕਬੱਡੀ ਮੇਲਿਆਂ ਦੀ। ਸੋਚੋ ਕਿ ਅੱਜ ਤੱਕ ਜਿੰਨੇ ਵੀ ਕਬੱਡੀ ਮੇਲੇ ਹੋਏ ਹਨ, ਉਨ੍ਹਾਂ ਨਾਲ ਸਿੱਖ ਕੌਮ ਦਾ ਕਿੰਨਾ ਕੁ ਫਾਇਦਾ ਹੋਇਆ ਹੈ? ਜਨਵਰੀ ਤੋਂ ਮਾਰਚ ਦੌਰਾਨ ਮੈਂ ਇੰਡੀਆ ਸਾਂ। ਹਰ ਰੋਜ਼ ਹੀ ਕਿਸੇ ਨਾ ਕਿਸੇ ਪਿੰਡ ਵਿਚ ਕਬੱਡੀ ਟੂਰਨਾਮੈਂਟ ਹੁੰਦਾ। ਹਰ ਕਬੱਡੀ ਟੂਰਨਾਮੈਂਟ ਵਿਚ ਕੋਈ ਲਾ ਕੋਈ ਐਨ.ਆਰ.ਆਈ. ਜ਼ਰੂਰ ਹੀ ਹੁੰਦਾ ਅਤੇ ਕਬੱਡੀ ਖਿਡਾਰੀਆਂ ਨੂੰ ਕੀਮਤੀ ਗੱਡੀਆਂ, ਟਰੈਕਟਰ ਅਤੇ ਮੋਟਰਸਾਇਕਲ ਇਨਾਮ ਵਿਚ ਦਿੱਤੇ ਜਾਂਦੇ। ਜਿਸ ਤਰ੍ਹਾਂ ਹਿੰਦੋਸਤਾਨ ਦੀ ਜਨਤਾ ਨੂੰ ਕ੍ਰਿਕਟ ਤੋਂ ਅੱਗੇ ਹੋਰ ਕੋਈ ਖੇਡ ਨਜ਼ਰ ਨਹੀਂ ਆਉਂਦੀ, ਪੰਜਾਬੀਆਂ ਨੂੰ ਕਬੱਡੀ ਤੋਂ ਬਿਨਾਂ ਹੋਰ ਕੁਝ ਨਜ਼ਰ ਨਹੀਂ ਆਉਂਦਾ।

ਪਿੰਡ-ਪਿੰਡ ਜ਼ਿਦ ਨਾਲ ਕਬੱਡੀ ਟੂਰਨਾਮੈਂਟ ਕਰਾਉਣ ਨਾਲ ਪੰਜਾਬ ਵਿਚ ਵਗਦੇ ਨਸ਼ਿਆਂ ਦੇ 6ਵੇਂ ਦਰਿਆ ਨੂੰ ਕਤਰਾ ਭਰ ਵੀ ਠੱਲ੍ਹ ਪਈ ਹੈ? ਕੀ ਅਸੀਂ ਕਦੇ ਇਹ ਸੋਚਿਆ ਹੈ ਕਿ ਇਸ ਤਰ੍ਹਾਂ ਜ਼ਿਦਬਾਜ਼ੀ ਜਾਂ ਭੇਡ ਚਾਲ 'ਚ ਜੋ ਪੈਸਾ ਅਸੀਂ ਕਬੱਡੀ ਟੂਰਨਾਮੈਂਟਾਂ 'ਤੇ ਪਾਣੀ ਵਾਂਗ ਵਹਾ ਰਹੇ ਹਾਂ, ਉਸ ਨਾਲ ਕਬੱਡੀ, ਸਿੱਖ ਕੌਮ ਜਾਂ ਪੰਜਾਬੀਆਂ ਦਾ ਕੋਈ ਭਲਾ ਹੋ ਰਿਹਾ ਹੈ? ਪਰਵਾਸੀ ਪੰਜਾਬੀਆਂ ਨੂੰ ਬੇਨਤੀ ਹੈ ਕਿ ਉਹ ਆਪਣੀ ਮਿਹਨਤ ਦੀ ਕਮਾਈ ਇਸ ਤਰ੍ਹਾਂ ਨਾ ਰੋੜ੍ਹਨ। ਉਹ ਕੁਝ ਐਸਾ ਕਰਨ ਜਿਸ ਨਾਲ ਪੰਜਾਬ ਤੇ ਪੰਜਾਬੀਆਂ, ਇਨਸਾਨੀਅਤ ਦਾ ਭਲਾ ਹੋਵੇ।

ਹੁਣ ਗੱਲ ਕਰੀਏ ਅਮਰੀਕਾ-ਕੈਨੇਡਾ ਵਿਚ ਜਗ੍ਹਾ-ਜਗ੍ਹਾ ਹੋ ਰਹੇ ਕਬੱਡੀ ਟੂਰਨਾਮੈਂਟਾਂ ਦੀ। ਇਹ ਵੀ ਬਹੁਤ ਵੱਡੀ ਭੇਡ ਚਾਲ ਹੈ। ਹੁਣ ਤਾਂ ਹਰ ਸ਼ਹਿਰ ਵਿਚ ਦੋ-ਦੋ, ਤਿੰਨ-ਤਿੰਨ ਗਰੁਪ ਬਣ ਗਏ ਹਨ ਜੋ ਜ਼ਿਦ ਵਿਚ ਕਬੱਡੀ ਦੇ ਨਾਂ 'ਤੇ ਮੇਲੇ ਕਰਵਾ ਰਹੇ ਹਨ। ਕਈ ਵਾਰ ਤਾਂ ਇਕੋ ਦਿਨ ਜਾਂ ਫਿਰ ਇਕ ਦਿਨ ਦੇ ਫਰਕ ਨਾਲ ਉਤੋੜਿਤੀ ਮੇਲੇ ਜ਼ਿਦਬਾਜ਼ੀ ਵਿਚ ਰੱਖੇ ਜਾਂਦੇ ਹਨ ਅਤੇ ਲੱਖਾਂ ਡਾਲਰ ਰੋੜ੍ਹਿਆ ਜਾਂਦਾ ਹੈ। ਇਹ ਸਭ ਸਾਡੇ ਪੰਜਾਬੀਆਂ ਦੀ ਧੜੇਬੰਦੀ ਅਤੇ ਜ਼ਿਦਬਾਜ਼ੀ ਦਾ ਨਤੀਜਾ ਹੈ। ਪੇਸ਼ੇਵਰ ਲੋਕਾਂ ਵਿਚ ਸ਼ਾਇਦ ਇਹ ਗੱਲ ਘੱਟ ਹੈ ਪਰ ਜੋ ਸਾਧਾਰਣ ਕਾਰੋਬਾਰੀ ਲੋਕਾਂ ਵਿਚ ਇਹ ਕੁਝ ਜ਼ਿਆਦਾ ਹੀ ਹੈ। ਜਦੋਂ ਚਾਰ ਪੈਸੇ ਜੇਬ ਵਿਚ ਆ ਜਾਂਦੇ ਹਨ ਤਾਂ ਉਨ੍ਹਾਂ ਨੂੰ ਜਾਪਣ ਲੱਗ ਜਾਂਦਾ ਹੈ ਕਿ ਜ਼ਿੰਦਗੀ ਦਾ ਸਵਾਦ ਜਿਹਾ ਨਹੀਂ ਆਇਆ, ਸਲਾਮਾਂ ਨਹੀਂ ਵੱਜ ਰਹੀਆਂ, ਫਿਰ ਤੁਰ ਪੈਂਦੇ ਹਨ ਗੁਰਦੁਆਰਿਆਂ ਦੀ ਸਿਆਸਤ ਵੱਲ ਜਾਂ ਖੇਡ ਤੇ ਸਭਿਆਚਾਰਕ ਕਲੱਬਾਂ ਵੱਲ। ਇਹੋ ਗੱਲ ਹੈ ਕਿ ਛੋਟੇ ਛੋਟੇ ਸ਼ਹਿਰਾਂ ਵਿਚ ਵੀ ਦੋ ਦੋ, ਤਿੰਨ ਤਿੰਨ ਗੁਰਦੁਆਰੇ ਹਨ ਅਤੇ ਕਈ ਕਈ ਕਲੱਬਾਂ।



ਪਿੱਛੇ ਜਿਹੇ ਇਕ ਕਬੱਡੀ ਟੂਰਨਾਮੈਂਟ 'ਤੇ ਗਏ ਜਿੱਥੇ ਇਕ ਆਦਮੀ ਸਟੇਜ ਤੋਂ ਬੋਲ ਰਿਹਾ ਸੀ ਕਿ ਇਹ ਕਬੱਡੀ ਟੂਰਨਾਮੈਂਟ ਅਸੀਂ ਇਸ ਲਈ ਕਰਵਾ ਰਹੇ ਹਾਂ ਕਿ ਨੌਜਵਾਨਾਂ ਨੂੰ ਨਸ਼ਿਆਂ ਤੋਂ ਰੋਕਿਆ ਜਾਵੇ। ਮੇਲੇ ਦੀ ਗਰਾਊਂਡ ਤੋਂ ਬਾਹਰ ਥਾਂ ਥਾਂ ਦਾਰੂ ਦੀਆਂ ਛਬੀਲਾਂ ਚੱਲ ਰਹੀਆਂ ਸਨ। ਜਿੱਥੇ ਵੀ ਕਿਤੇ ਕਬੱਡੀ ਟੂਰਨਾਮੈਂਟ ਵੇਖਣ ਗਏ, ਹਰ ਥਾਂ ਹੀ ਇਹੋ ਹੀ ਦੇਖਿਆ। ਚੰਦ ਲੋਕ ਹੀ ਕਬੱਡੀ ਦੇਖ ਰਹੇ ਹੁੰਦੇ ਹਨ, ਬਾਕੀ ਸਭ ਗੱਡੀਆਂ ਦੇ ਟਰੰਕ ਖੋਲ੍ਹ ਕੇ ਸ਼ਰਾਬ ਪੀ ਰਹੇ ਹੁੰਦੇ ਹਨ, ਤੇ ਜੋ ਬੱਕਰੇ ਦਾ ਵੱਡਾ ਪਤੀਲਾ ਬਣਾ ਕੇ ਨਾਲ ਲਿਆਂਦਾ ਹੁੰਦਾ ਹੈ, ਉਹ ਖਾ ਕੇ ਹੱਡੀਆਂ ਤੇ ਨੈਪਕਿਨ ਪਾਰਕਿੰਗ ਲਾਟ ਵਿਚ ਸੁੱਟ ਕੇ ਗੰਦ ਪਾ ਰਹੇ ਹੁੰਦੇ ਹਨ। ਸ਼ਾਇਦ ਉਨ੍ਹਾਂ ਦੀ ਇਸ ਤਰ੍ਹਾਂ ਦੀ 'ਕਾਰ ਸੇਵਾ' ਬਿਨਾ ਮੇਲਾ ਦਾ ਸਵਾਦ ਹੀ ਨਹੀਂ ਆਉਂਦਾ। ਪਿਛੇ ਜਿਹੇ ਤਾਂ ਇਕ ਮੇਲੇ ਵਿਚ ਇਹ ਵੀ ਹੋਇਆ ਕਿ ਜਿਉਂ ਹੀ ਕਬੱਡੀ ਮੁੱਕੀ ਇਕ ਲਿਮੋਜ਼ੀਨ ਸ਼ਰਾਬ ਦੀ ਬਾਰ ਲੈ ਕੇ ਕਬੱਡੀ ਵਾਲੇ ਮੈਦਾਨ ਦੇ ਐਨ ਵਿਚ ਆ ਕੇ ਖੜ੍ਹੀ ਹੋ ਗਈ। ਫਿਰ ਝੁਰਮਟ ਪੈ ਗਿਆ ਇਸ ਦੁਆਲੇ ਦਾਰੂ ਪੀਣ ਵਾਲਿਆਂ ਦਾ।

ਮੇਲੇ ਦੇ ਪ੍ਰਬੰਧਕ ਲੋਕਾਂ ਨੂੰ ਖੁਸ਼ ਹੋ ਹੋ ਦੱਸਦੇ ਹਨ ਕਿ ਪਿਛਲੇ ਸਾਲ ਇਸ ਮੇਲੇ 'ਤੇ 40 ਹਜ਼ਾਰ ਡਾਲਰ ਖਰਚ ਆਇਆ ਸੀ, ਇਸ ਸਾਲ 90 ਹਜ਼ਾਰ ਡਾਲਰ ਆਇਆ ਹੈ। ਕਈ ਸ਼ਹਿਰਾਂ ਵਿਚ ਤਾਂ ਇਹ ਬਜਟ ਡੇਢ ਲੱਖ ਡਾਲਰ ਤੋਂ ਵੀ ਉਪਰ ਹੈ। ਬੜੇ ਚੌੜੇ ਹੋ ਹੋ ਕੇ ਮੇਲੇ ਵਿਚ ਆਪਣੇ ਜਾਣਕਾਰਾਂ ਨੂੰ ਪੁੱਛਦੇ ਹਨ, ਕਿੱਦਾਂ? ਬਹਿ ਜਾ-ਬਹਿ ਜਾ ਹੋ ਗਈ ਕਿ ਨਹੀਂ? ਪਰ ਉਨ੍ਹਾਂ ਵਿਚੋਂ ਕੋਈ ਇਹ ਨਹੀਂ ਸੋਚਦਾ ਕਿ ਇਸ ਸਭ ਦਾ ਨਤੀਜਾ ਕੀ ਨਿਕਲਿਆ? ਜੇ ਇਹੋ 90 ਹਜ਼ਾਰ ਡਾਲਰ ਪੰਜਾਬ ਵਿਚ ਕਿਤੇ ਕੈਂਸਰ ਪੀੜਤਾਂ ਲਈ ਹਸਤਪਾਲ ਖੋਲ੍ਹਣ 'ਤੇ ਲਾਇਆ ਹੁੰਦਾ ਤਾਂ ਸ਼ਾਇਦ ਪੰਜਾਬ ਦੀ ਧਰਤੀ ਅਸੀਸਾਂ ਦਿੰਦੀ। ਇਕ ਦਿਨ ਦੇ ਫਨ ਜਾਂ ਬੱਲੇ-ਬੱਲੇ ਜਾਂ ਸ਼ਾਮ ਨੂੰ ਛਿੱਤਰੋ ਛਿੱਤਰੀ ਹੋ ਕੇ ਅਸੀਂ ਕੀ ਸਿੱਧ ਕਰਨਾ ਚਾਹੁੰਦੇ ਹਾਂ? ਫਜ਼ੂਲ ਵਿਚ ਇਕ ਦਿਨ ਵਿਚ ਹੀ ਇੰਨਾ ਪੈਸਾ ਖਰਚ ਕਰ ਦਿੰਦੇ ਹਾਂ। ਕੁਝ ਲੋਕ ਇਹ ਬਹਾਨਾ ਵੀ ਲਾਉਂਦੇ ਹਨ ਕਿ ਅਸੀਂ ਨਵੀਂ ਪੀੜ੍ਹੀ ਨੂੰ ਆਪਣੀਆਂ ਖੇਡਾਂ ਨਾਲ ਜੋੜਦੇ ਹਾਂ। ਇਹ ਕੁਝ ਕੁ ਜਿਵੇਂ ਇਕ-ਦੋ ਫੀਸਦੀ ਹੀ ਹੈ, ਬਾਕੀ ਸਭ ਤਾਂ ਫਜ਼ੂਲ ਹੀ ਹੈ।

ਮੇਰੀ ਸਮੂਹ ਪਰਵਾਸੀ ਭਰਾਵਾਂ ਨੂੰ ਬੇਨਤੀ ਹੈ ਕਿ ਜੇ ਉਨ੍ਹਾਂ ਨੂੰ ਆਪਣੀ ਨਵੀਂ ਪੀੜ੍ਹੀ ਨਾਲ ਜ਼ਰਾ ਵੀ ਮੋਹ ਹੈ, ਪੰਜਾਬੀ ਸਭਿਆਚਾਰ ਨਾਲ ਲਗਾਓ ਹੈ ਤਾਂ ਸਭ ਤੋਂ ਪਹਿਲਾਂ ਧੜੇਬੰਦੀ ਤੋਂ ਉਪਰ ਉਠ ਕੇ ਨਿਰੋਲ ਖੇਡ ਲਈ ਜਾਂ ਸਭਿਆਚਾਰਕ ਸੰਭਾਲ ਲਈ ਚਾਰ ਚਾਰ ਨਹੀਂ ਇਕੋ ਹੀ ਸੰਸਥਾ ਬਹੁਤ ਹੋਵੇਗੀ। ਜੇ ਕਿਤੇ ਦੂਜੀ ਸੰਸਥਾ ਬਣਾਉਣੀ ਪਵੇ ਵੀ ਤਾਂ ਇਕ ਦੂਜੇ ਦੀਆਂ ਜੜ੍ਹਾਂ ਵੱਢਣ ਅਤੇ ਆਪਣੀ ਹਉਮੈ ਉਚੀ ਕਰਨ ਲਈ ਨਹੀਂ ਸਗੋਂ ਉਸਾਰੂ ਮੁਕਾਬਲਾ ਦੇ ਕੇ ਕੁਝ ਬਿਹਤਰ ਕਰਨ ਲਈ ਬਣਾਈ ਜਾਵੇ। ਵਰਨਾ ਨਾ ਸਾਡਾ ਆਪਣਾ ਸਭਿਆਚਾਰ ਸੰਭਾਲਿਆ ਜਾਵੇਗਾ ਨਾ ਅਸੀਂ ਅਗਲੀ ਪੀੜ੍ਹੀ ਨੂੰ ਆਪਣੇ ਨਾਲ ਜੋੜੀ ਰੱਖਣ ਵਿਚ ਸਫਲ ਹੋ ਸਕਾਂਗੇ।

ਅਸੀਂ ਜਿਸਮਾਨੀ ਤੌਰ 'ਤੇ ਜ਼ਰੂਰ ਆਜ਼ਾਦ ਹੋਏ ਹਾਂ ਪਰ ਸੋਚ ਸਾਡੀ ਅਜੇ ਵੀ ਗੁਲਾਮ ਹੈ, ਤੇ ਗੁਲਾਮ ਸੋਚ ਨਾਲ ਅਸੀਂ ਆਜ਼ਾਦ ਸੋਚ ਬਾਰੇ ਕਦੇ ਨਹੀਂ ਸੋਚ ਸਕਦੇ। ਗੁਲਾਮ ਸੋਚ ਵਾਲੇ ਸਿਰਫ਼ ਮਾੜੀ ਸੋਚ ਵਾਲੇ ਦੇ ਪਿੱਛੇ ਹੀ ਲੱਗ ਸਕਦੇ ਹਨ, ਚੰਗੀ ਸੋਚ ਵਾਲੇ ਦੇ ਨਹੀਂ।

*-ਬੌਬ ਖੈਹਰਾ, ਮਿਸ਼ੀਗਨ।*
*ਫੋਨ: 734-925-0177*

## ਆਜ਼ਾਦੀ ਦੇ ਪਰਵਾਨੇ

# ਬੱਬਰ ਕਰਮ ਸਿੰਘ ਦੌਲਤਪੁਰ

**ਜਸਮਿਤਰ ਸਿੰਘ ਮੁਜ਼ੱਫਰਪੁਰ***

ਬੱਬਰ ਕਰਮ ਸਿੰਘ ਦੌਲਤਪੁਰ ਨਵਾਂ ਸ਼ਹਿਰ ਤੋਂ ਚੜ੍ਹਦੇ ਵਾਲੇ ਪਾਸੇ ਤਕਰੀਬਨ 8 ਮੀਲ ਦੇ ਫਾਸਲੇ 'ਤੇ ਪਿੰਡ ਦੌਲਤਪੁਰ ਦੇ ਜੰਮ-ਪਲ ਸਨ। ਦੌਲਤਪੁਰ ਸਾਡੇ ਪਿੰਡ ਮੁਜੱਫਰਪੁਰ ਤੋਂ ਚਾਰ ਮੀਲ ਦੇ ਫਾਸਲੇ 'ਤੇ ਪੈਂਦਾ ਹੈ। ਬੱਬਰ ਕਰਮ ਸਿੰਘ ਦਾ ਜਨਮ 1880 ਈ. ਨੂੰ ਸਰਦਾਰ ਨੱਥਾ ਸਿੰਘ ਅਤੇ ਮਾਤਾ ਦੁੱਲੀ ਦੇ ਘਰ ਹੋਇਆ ਸੀ। ਬੱਬਰ ਕਰਮ ਸਿੰਘ ਪਹਿਲਾਂ ਕੈਨੇਡਾ ਵੀ ਗਏ, ਜਦੋਂ ਗਦਰ ਲਹਿਰ ਉਠੀ, ਫਿਰ ਗਦਰੀ ਬਾਬਿਆਂ ਦੇ ਨਾਲ ਹੀ ਪੰਜਾਬ ਆ ਗਏ। ਆਪ ਦਾ ਪਹਿਲਾ ਨਾਮ ਨਰੈਣ ਸਿੰਘ ਸੀ। ਫਿਰ ਆਪ ਨੇ ਅੰਮ੍ਰਿਤਸਰ ਜਾ ਕੇ ਅੰਮ੍ਰਿਤ ਛਕ ਲਿਆ ਤੇ ਨਾਮ ਬਦਲ ਕੇ ਕਰਮ ਸਿੰਘ ਰੱਖ ਲਿਆ। ਸ਼ਾਦੀ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਚਾਹਲ ਵਿਚ ਹੋਈ। ਆਪ ਦੀ ਪਤਨੀ ਜਲਦੀ ਅਕਾਲ ਚਲਾਣਾ ਕਰ ਗਈ ਪਰ ਆਪ ਨੇ ਦੂਸਰਾ ਵਿਆਹ ਨਾ ਕਰਵਾਇਆ।

ਉਸ ਸਮੇਂ ਅੰਗਰੇਜ਼ ਸਰਕਾਰ ਦੇ ਖ਼ਿਲਾਫ਼ ਅਕਾਲੀ ਲਹਿਰ ਜ਼ੋਰਾਂ 'ਤੇ ਸੀ। ਆਪ ਅਕਾਲੀ ਲਹਿਰ ਵਿਚ ਸ਼ਾਮਲ ਹੋ ਗਏ। ਆਪ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਆਸਰਾ ਲੈ ਕੇ ਹੀ ਸਾਰੇ ਕੰਮ ਕਰਦੇ ਸਨ। ਆਪ ਨੇ ਆਪਣੇ ਪਿੰਡ ਦੌਲਤਪੁਰ ਰੂੰਅ ਪਿੰਜਣ ਵਾਲੀ ਮਸ਼ੀਨ ਲਾ ਲਈ ਪਰ ਇਹ ਥਾਂ ਜਲਦੀ ਹੀ ਇਨਕਲਾਬੀਆਂ ਦਾ ਅੱਡਾ ਬਣ ਗਿਆ। ਬੱਬਰਾਂ ਦੀਆਂ ਮੀਟਿੰਗਾਂ ਵੀ ਇਸ ਜਗ੍ਹਾ ਹੋਇਆ ਕਰਦੀਆਂ ਸਨ। ਬੱਬਰਾਂ ਨੇ ਇੱਥੇ ਹੀ ਦੇਸੀ ਬੰਬ ਬਣਾਉਣੇ ਸ਼ੁਰੂ ਕਰ ਦਿੱਤੇ। ਕਿਸੇ ਚੁਗਲਖੋਰ ਨੇ ਚੁਗਲੀ ਕਰ ਕੇ ਪੁਲਿਸ ਨੂੰ ਇਸ ਬਾਰੇ ਦੱਸ ਦਿੱਤਾ। ਪੁਲਿਸ ਨੇ ਛਾਪਾ ਮਾਰਿਆ ਪਰ ਹੱਥ ਕੁਝ ਵੀ ਨਾ ਆਇਆ। ਆਪ ਨੂੰ 50 ਰੁਪਏ ਜੁਰਮਾਨਾ ਕਰਕੇ ਛੱਡ ਦਿੱਤਾ ਗਿਆ। ਅੰਗਰੇਜ਼ਾਂ ਖ਼ਿਲਾਫ਼ ਅਕਾਲੀ ਬੱਬਰ ਮੀਟਿੰਗਾਂ ਕਰਦੇ ਰਹਿੰਦੇ ਸਨ। ਇਕ ਵਾਰ ਉਨ੍ਹਾਂ ਨੇ ਆਪਣੇ ਹੀ ਪਿੰਡ ਦੌਲਤਪੁਰ ਵਿਚ ਕਾਨਫਰੰਸ ਰੱਖੀ ਪਰ ਸਰਕਾਰ ਨੇ ਦਫ਼ਾ 144 ਲਾ ਕੇ ਕਾਨਫਰੰਸ ਹੋਣ ਨਾ ਦਿੱਤੀ। ਬੱਬਰ ਕਰਮ ਸਿੰਘ ਨੇ ਲੋਕਾਂ ਨੂੰ ਰਾਤੋ-ਰਾਤ ਸੁਨੇਹੇ ਭੇਜ ਕੇ ਇਹ ਕਾਨਫਰੰਸ ਬਲਾਚੌਰ ਦੇ ਕੋਲ ਪਿੰਡ ਮਹਿਤਪੁਰ ਰੱਖ ਦਿੱਤੀ। ਉਸੇ ਹੀ ਦਿਨ ਅਗਲੀ ਕਾਨਫਰੰਸ ਦੀ ਤਰੀਕ ਮਿਥ ਲਈ। 8 ਮਾਰਚ 1921 ਨੂੰ ਮਾਹਲਪੁਰ ਵਿਚ ਬਹੁਤ ਭਾਰੀ ਕਾਨਫਰੰਸ ਹੋਈ। ਬੱਬਰ ਕਰਮ ਸਿੰਘ ਨੇ ਬਹੁਤ ਜ਼ਬਰਦਸਤ ਤਕਰੀਰ ਦਿੱਤੀ। ਉਸੇ ਹੀ ਦਿਨ ਪਿੰਡ ਹੋਠੀਆਂ, ਜ਼ਿਲ੍ਹਾ ਗੁਰਦਾਸਪੁਰ ਦਾ ਗੁਰਦੁਆਰਾ ਸਾਹਿਬ ਮਹੰਤਾਂ ਤੋਂ ਆਜ਼ਾਦ ਕਰਵਾਉਣ ਦਾ ਫੈਸਲਾ ਕੀਤਾ ਗਿਆ।

ਬੱਬਰ ਕਰਮ ਸਿੰਘ ਨੇ ਤਕਰੀਬਨ 50 ਕੁ ਸਿੰਘ ਇਕੱਠੇ ਕੀਤੇ ਅਤੇ ਹੋਠੀਆਂ ਵਾਲਾ ਗੁਰੂਘਰ ਮਹੰਤਾਂ ਤੋਂ ਆਜ਼ਾਦ ਕਰਵਾਇਆ। ਇਹ ਸਭ ਕੁਝ ਦੇਖ ਕੇ ਸਰਕਾਰ ਨੇ ਵਰੰਟ ਕੱਢ ਦਿੱਤੇ। ਉਨ੍ਹਾਂ ਕਰਮ ਸਿੰਘ ਝਿੰਗੜ, ਕਿਸ਼ਨ ਸਿੰਘ ਗੜਗੱਜ, ਸਰਦਾਰ ਆਸਾ ਸਿੰਘ, ਮਾਸਟਰ ਦਲੀਪ ਸਿੰਘ ਗੋਗਲਾਂ, ਧੰਨਾ ਸਿੰਘ ਬਹਿਬਲਪੁਰ, ਦਲੀਪ ਸਿੰਘ ਧਾਮੀਆਂ ਨਾਲ ਮਿਲ ਕੇ ਨਵਾਂ ਸ਼ਹਿਰ, ਬੰਗਾ, ਫਗਵਾੜਾ, ਗੜ੍ਹਸ਼ੰਕਰ ਅਤੇ ਬਲਾਚੌਰ ਦੇ ਇਲਾਕੇ ਵਿਚ ਕਾਨਫਰੰਸਾਂ ਕੀਤੀਆਂ ਅਤੇ ਜ਼ਬਰਦਸਤ ਤਕਰੀਰਾਂ ਕੀਤੀਆਂ। ਲੋਕਾਂ ਨੂੰ ਅੰਗਰੇਜ਼ਾਂ ਸਰਕਾਰ ਤੋਂ ਜਾਗ੍ਰਿਤ ਕੀਤਾ। ਕਾਫ਼ੀ ਸਿੰਘ ਜਥੇ ਵਿਚ ਸ਼ਾਮਲ ਹੋ ਗਏ। ਬੱਬਰ ਕਰਮ ਸਿੰਘ ਨੇ ਆਪਣੇ ਪਿੰਡ ਦੌਲਤਪੁਰ ਵਿਚ ਸਾਈਕਲੋਸਟਾਈਲ ਮਸ਼ੀਨ ਖਰੀਦ ਕੇ 'ਬੱਬਰ ਅਕਾਲੀ ਦੁਆਬਾ' ਨਾਂ ਦਾ ਅਖਬਾਰ ਕੱਢਣਾ ਸ਼ੁਰੂ ਕਰ ਦਿੱਤਾ ਜਿਸ ਵਿਚ ਦੇਸ਼ ਭਗਤੀ ਦੀਆਂ ਕਵਿਤਾਵਾਂ ਅਤੇ ਅੰਗਰੇਜ਼ ਸਰਕਾਰ ਖ਼ਿਲਾਫ਼ ਲੇਖ ਲਿਖੇ ਜਾਂਦੇ ਸਨ। ਬੱਬਰ ਪੈਦਲ ਚੱਲ ਕੇ ਪਿੰਡਾਂ ਵਿਚ ਆਪ ਅਖ਼ਬਾਰਾਂ ਵੰਡਦੇ। ਲੋਕਾਂ ਨੂੰ ਅੰਗਰੇਜ਼ ਸਰਕਾਰ ਦੀਆਂ ਜ਼ਿਆਦਤੀਆਂ ਬਾਰੇ ਦੱਸਦੇ। ਉਸ ਸਮੇਂ ਸਰਕਾਰ ਦੇ ਝੋਲੀ ਚੁੱਕ ਵੀ ਕਾਫ਼ੀ ਸਰਗਰਮ ਸਨ ਜੋ ਬੱਬਰਾਂ ਦੀਆਂ ਖਬਰਾਂ ਪੁਲਿਸ ਨੂੰ ਦਿੰਦੇ। ਬੱਬਰਾਂ ਨੇ ਮਿਲ ਕੇ ਅਡੀਟਰ ਕਰਮ ਸਿੰਘ ਦੀ ਡਿਊਟੀ ਲਾਈ ਕਿ ਨਵਾਂ ਸਹਿਰ, ਬੰਗਾ, ਫਗਵਾੜਾ, ਗੜ੍ਹਸ਼ੰਕਰ ਅਤੇ ਬਲਾਚੌਰ ਦੇ ਇਲਾਕੇ ਵਿਚ ਜਿਤਨੇ ਵੀ ਸਰਕਾਰ ਦੇ ਝੋਲੀ ਚੁੱਕ (ਚੁਗਲਖੋਰ) ਹਨ, ਉਨ੍ਹਾਂ ਦੀ ਲਿਸਟ ਤਿਆਰ ਕੀਤੀ ਜਾਵੇ, ਤੇ ਫਿਰ ਉਨ੍ਹਾਂ ਨੂੰ ਸੋਧਾ ਲਾਇਆ ਜਾਵੇ। ਸਭ ਤੋਂ ਪਹਿਲਾਂ ਇਨ੍ਹਾਂ ਨੇ ਜ਼ੈਲਦਾਰ ਬਿਸ਼ਨ ਸਿੰਘ ਰਾਣੀਪੁਰੀਆ, ਬੂਟਾ ਲੰਬੜਦਾਰ ਅਤੇ ਗੜ੍ਹਸ਼ੰਕਰ ਦਾ ਲਾਭ ਸਿੰਘ ਮਿਸਤਰੀ ਦਾ ਸੋਧਾ ਲਾਇਆ। ਇਹ ਤਿੰਨੇ ਹੀ ਪੁਲਿਸ ਦੇ ਟਾਊਟ ਸਨ। ਇਨ੍ਹਾਂ ਤਿੰਨਾਂ ਨੂੰ ਮਾਰਨ ਦੀ ਜ਼ਿੰਮੇਦਾਰੀ ਬੱਬਰ ਕਰਮ ਸਿੰਘ ਦੌਲਤਪੁਰ, ਧੰਨਾ ਸਿੰਘ ਬਹਿਬਲਪੁਰ ਅਤੇ ਉਦੈ ਸਿੰਘ ਰਾਮਗੜ੍ਹ ਝੁੰਗੀਆਂ ਨੇ ਲਈ।



*ਬੱਬਰ ਕਰਮ ਸਿੰਘ ਦੌਲਪੁਰ*

ਸਰਕਾਰ ਦੇ ਕੁੱਲ ਝੋਲੀ ਚੁੱਕ (ਟਾਊਟ) 179 ਸਨ ਜਿਨ੍ਹਾਂ ਦੀ ਲਿਸਟ ਬੱਬਰ ਕਰਮ ਸਿੰਘ ਦੌਲਤਪੁਰ ਕੋਲ ਸੀ। ਕਿਸ਼ਨ ਸਿੰਘ ਗੜਗੱਜ ਵੀ ਬਹੁਤ ਤਕੜਾ ਲੇਖਕ ਸੀ ਜਿਨ੍ਹਾਂ ਕਰਮ ਸਿੰਘ ਦਾ ਬਹੁਤ ਸਾਥ ਦਿੱਤਾ। ਕਿਸ਼ਨ ਸਿੰਘ ਗੜਗੱਜ ਨੇ ਵੀ ਦੇਸ਼ ਭਗਤੀ ਦੀਆਂ ਕਵਿਤਾਵਾਂ ਅਤੇ ਲੇਖ ਲਿਖ ਕੇ ਲੋਕਾਂ ਨੂੰ ਅੰਗਰੇਜ਼ ਸਰਕਾਰ ਖ਼ਿਲਾਫ਼ ਜਾਗ੍ਰਿਤ ਕੀਤਾ। ਉਸ ਸਮੇਂ ਬੱਬਰ ਕਰਮ ਸਿੰਘ, ਕਿਸ਼ਨ ਸਿੰਘ ਗੜਗੱਜ ਅਤੇ ਸਾਥੀ ਬੱਬਰਾਂ ਦੀ ਦੁਆਬੇ ਵਿਚ ਬਹੁਤ ਚੜ੍ਹਤ ਸੀ। ਲੰਡਨ ਪਾਰਲੀਮੈਂਟ ਵਿਚ ਬੈਠੇ ਗੋਰੇ ਇਨ੍ਹਾਂ ਦੇ ਨਾਮ ਤੋਂ ਕੰਬਦੇ ਸਨ।

ਪੂਰੇ ਪੰਜਾਬ ਵਿਚ ਬੱਬਰਾਂ ਦੀ ਦਹਿਸ਼ਤ ਫੈਲ ਗਈ। ਅੰਗਰੇਜ਼ ਵੀ ਘਰੋਂ ਡਰਦੇ ਬਾਹਰ ਨਹੀਂ ਸਨ ਨਿਕਲਦੇ। ਬੱਬਰਾਂ ਨੂੰ ਹਥਿਆਰ ਖਰੀਦਣ ਵਾਸਤੇ ਮਾਇਆ ਦੀ ਵੀ ਲੋੜ ਪੈ ਗਈ। ਸਭ ਤੋਂ ਪਹਿਲਾਂ ਬੱਬਰ ਕਰਮ ਸਿੰਘ ਨੇ ਉਦੈ ਸਿੰਘ, ਲਾਭ ਸਿੰਘ ਅਤੇ ਪਰੇਮ ਸਿੰਘ ਨੂੰ ਨਾਲ ਲੈ ਕੇ ਬਛੌੜੀ ਵਾਲੇ ਕਾਕੇ ਲੰਬੜਦਾਰ ਤੋਂ 570 ਰੁਪਏ ਦੋ ਆਨੇ ਖੋਹ ਲਏ। ਉਹ ਉਦੋਂ ਸਰਕਾਰ ਨੂੰ ਮਾਮਲਾ ਦੇਣ ਜਾ ਰਿਹਾ ਸੀ। ਇਹ ਮਾਇਆ ਤਿੰਨ ਜੁਲਾਈ 1922 ਨੂੰ ਖੋਹੀ ਗਈ। ਦੂਸਰੀ ਕਾਰਵਾਈ ਵਿਚ 2 ਫਰਵਰੀ 1923 ਨੂੰ ਜਾਡਲੇ ਵਾਲੇ ਮੁਣਸ਼ੀ ਰਾਮ ਦੇ ਘਰ ਡਾਕਾ ਮਾਰ ਕੇ ਮਾਇਆ ਲਿਆਂਦੀ ਗਈ। ਇਨ੍ਹਾਂ ਬੱਬਰਾਂ ਦੇ ਸਿਰ 'ਤੇ ਸਰਕਾਰ ਨੇ ਇਨਾਮ ਰੱਖ ਦਿੱਤਾ। ਬੱਬਰਾਂ ਨੇ ਸੋਚਿਆ ਕਿ ਹੁਣ ਐਵੇਂ ਗ੍ਰਿਫ਼ਤਾਰੀਆਂ ਨਹੀਂ ਦੇਣੀਆਂ। ਪੁਲਿਸ ਨਾਲ ਵੀ ਦੋ-ਦੋ ਹੱਥ ਕੀਤੇ ਜਾਣ। ਬੱਬਰ ਪੁਲਿਸ ਨਾਲ ਲੜ ਕੇ ਸ਼ਹੀਦੀਆਂ ਪਾਉਣ ਲੱਗ ਪਏ।

31 ਅਗਸਤ 1923 ਨੂੰ ਬੱਬਰ ਕਰਮ ਸਿੰਘ ਆਪਣੇ ਸਾਥੀਆਂ ਨਾਲ ਡੁਮੇਲੀ ਤੋਂ ਬਬੇਲੀ ਚਲੇ ਗਏ। ਉਨ੍ਹਾਂ ਦਾ ਆਪਣਾ ਹੀ ਇਕ ਸਾਥੀ ਅਨੂਪ ਸਿੰਘ ਆਪਣੀ ਘਰ ਵਾਲੀ ਅਤੇ ਉਸ ਦੇ ਚਾਚੇ ਦੇ ਮੋਹ-ਪਿਆਰ ਵਿਚ ਫਸ ਗਿਆ ਤੇ ਆਪਣੇ ਸਾਥੀਆਂ ਨੂੰ ਗ੍ਰਿਫ਼ਤਾਰ ਕਰਾਉਣ ਲਈ ਰਾਜ਼ੀ ਹੋ ਗਿਆ। ਉਸ ਨੇ ਆਪਣਾ ਇਕ ਸਾਥੀ ਪੁਲਿਸ ਕੋਲ ਭੇਜ ਦਿੱਤਾ। ਸਾਰੇ ਬੱਬਰ ਚੁਬਾਰੇ ਵਿਚ ਸੁੱਤੇ ਪਏ ਸਨ। ਅਨੂਪ ਸਿੰਘ ਨੇ ਤੇਲ ਪਾ ਕੇ ਬੰਬ ਨਕਾਰਾ ਕਰ ਦਿੱਤੇ। ਪੁਲਿਸ ਕਪਤਾਨ ਮਿਸਟਰ ਸਮਿਥ ਨੇ 2000 ਦੇ ਕਰੀਬ ਪੁਲਿਸ ਲੈ ਕੇ ਪਿੰਡ ਨੂੰ ਘੇਰਾ ਪਾ ਲਿਆ। ਜਦੋਂ ਬੱਬਰਾਂ ਨੂੰ ਪਤਾ ਲੱਗਿਆ ਕਿ ਅਨੂਪ ਸਿੰਘ ਗੱਦਾਰੀ ਕਰ ਗਿਆ ਤਾਂ ਰੋਹ ਵਿਚ ਆ ਗਏ। ਬੱਬਰ ਘਬਰਾਏ ਨਹੀਂ, ਸਗੋਂ ਉਨ੍ਹਾਂ ਤਲਵਾਰਾਂ ਧੂਹ ਲਈਆਂ ਅਤੇ ਚੁਬਾਰੇ ਤੋਂ ਛਾਲਾਂ ਮਾਰ ਕੇ ਸ਼ੇਰਾਂ ਵਾਂਗ ਪੁਲਿਸ 'ਤੇ ਪੈ ਗਏ। ਪੁਲਿਸ ਨੂੰ ਭਾਜੜਾਂ ਪੈ ਗਈਆਂ। ਬੱਬਰਾਂ ਨੇ ਇਕ ਪਾਸੇ ਵੱਲ ਵਧਣਾ ਸ਼ੁਰੂ ਕਰ ਦਿੱਤਾ। ਪੁਲਿਸ ਪਿੱਛੇ ਹਟਦੀ ਗਈ। ਅੱਗੇ ਵੇਈਂ ਆ ਗਈ। ਬੱਬਰਾਂ ਨੇ ਵੇਈਂ ਪਾਰ ਕੀਤੀ ਅਤੇ ਝੱਲ-ਬੂਝਿਆਂ ਵਿਚ ਓਟ ਲੈ ਕੇ ਬੈਠ ਗਏ। ਪੁਲਿਸ ਦੀ ਹਿੰਮਤ ਨਹੀਂ ਸੀ ਪੈ ਰਹੀ ਕਿ ਉਨ੍ਹਾਂ ਨੂੰ ਫੜ ਲੈਣ। ਜਦੋਂ ਬੱਬਰ ਗੁਰਦੁਆਰਾ ਚੌਂਤਾ ਸਾਹਿਬ ਵੱਲ ਜਾਣ ਲਈ ਵਧੇ ਤਾਂ ਪੁਲਿਸ ਦਾ ਜ਼ੋਰ ਪੈ ਗਿਆ। ਉਨ੍ਹਾਂ ਜ਼ਾਲਮਾਂ ਨੇ ਗੋਲੀਆਂ ਨਾਲ ਬੱਬਰਾਂ ਨੂੰ ਛਲਣੀ ਕਰ ਦਿੱਤਾ। ਕੌਮ ਦੇ ਮਹਾਨ ਹੀਰੇ ਜੂਝਦੇ ਹੋਏ ਸ਼ਹੀਦ ਹੋ ਗਏ। ਬੱਬਰ ਕਰਮ ਸਿੰਘ ਵੀ ਇਨ੍ਹਾਂ ਵਿਚ ਸ਼ਾਮਲ ਸਨ। ਬੱਬਰ ਕਰਮ ਸਿੰਘ ਕਿਹਾ ਕਰਦੇ ਸਨ ਕਿ ਆਜ਼ਾਦੀ ਗੋਰਿਆਂ ਤੋਂ ਲੈਣੀ ਔਖੀ ਨਹੀਂ। ਇਨ੍ਹਾਂ ਲਈ ਤਾਂ ਅਸੀਂ ਚਾਰ-ਪੰਜ ਹੀ ਕਾਫ਼ੀ ਹਾਂ ਪਰ ਆਪਣੇ ਹੀ ਸਿੱਖ, ਗੋਰਿਆਂ ਦੇ ਝੋਲੀ ਚੁੱਕ ਬਣੇ ਹੋਏ ਹਨ ਜੋ ਸਾਰਾ ਭੇਤ ਗੋਰਿਆਂ ਨੂੰ ਦਿੰਦੇ ਹਨ।

ਵੇਈਂ ਦੇ ਕੋਲ ਪਿੰਡ ਬਬੇਲੀ ਵਿਚ ਇਨ੍ਹਾਂ ਬੱਬਰਾਂ ਦੀ ਯਾਦਗਾਰ ਬਣੀ ਹੋਈ ਹੈ। ਬੱਬਰ ਕਰਮ ਸਿੰਘ ਦੇ ਪਿੰਡ ਦੌਲਤਪੁਰ ਵਿਚ ਵੀ ਉਨ੍ਹਾਂ ਦੀ ਯਾਦ ਵਿਚ ਸਟੇਡੀਅਮ ਅਤੇ ਸਕੂਲ ਬਣਾਇਆ ਗਿਆ ਹੈ। ਬੱਬਰ ਕਰਮ ਸਿੰਘ ਦੇਸ਼ ਭਗਤ, ਯੋਧਾ, ਅਣਖੀ, ਤਲਵਾਰ ਦਾ ਧਨੀ ਅਤੇ ਲਿਖਾਰੀ ਵੀ ਸੀ। ਅੱਜ ਦੇ ਅਕਾਲੀ ਜਦੋਂ ਆਪਣੀ ਕੁਰਸੀ ਕਾਇਮ ਰੱਖਣ ਦੀ ਖਾਤਰ ਪਿੰਡ-ਪਿੰਡ ਭੁੱਕੀ ਅਤੇ ਹੋਰ ਕਈ ਨਸ਼ੇ ਵੰਡਦੇ ਹਨ ਤਾਂ ਬੱਬਰ ਕਰਮ ਸਿੰਘ ਅਤੇ ਸਾਥੀਆਂ ਦੀ ਯਾਦ ਰਹਿ ਰਹਿ ਕੇ ਆਉਂਦੀ ਹੈ।

**ਕਾਰਟਰੇਟ, ਨਿਊ ਜਰਸੀ।*
*ਫੋਨ: 908-472-5367*

# ਹੱਥ ਕੰਗਣ ਨੂੰ ਆਰਸੀ ਕੀ

ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-454-4958

ਇਸ ਅਖਾਣ ਦਾ ਇਕ ਵਧਾਇਆ ਰੂਪ ਵੀ ਹੈ, ਹੱਥ ਕੰਗਣ ਨੂੰ ਆਰਸੀ ਕੀ, ਪੜ੍ਹੇ ਲਿਖੇ ਨੂੰ ਫਾਰਸੀ ਕੀ। ਅਖਾਣ ਦੇ ਦੂਜੇ, ਵਧਾਏ ਹੋਏ ਅੰਗ ਬਾਰੇ ਇਹੋ ਕਿਹਾ ਜਾ ਸਕਦਾ ਹੈ ਕਿ ਅੱਜ ਤਾਂ ਸ਼ਾਇਦ ਹੀ ਪੰਜਾਬ ਦਾ ਕੋਈ ਪੜ੍ਹਿਆ ਲਿਖਿਆ ਬੰਦਾ ਫਾਰਸੀ ਜਾਣਦਾ ਹੋਵੇ, ਫਾਰਸੀ ਤਾਂ ਕੀ ਉਹ ਪੰਜਾਬੀ ਦੀ ਬੀਮਾਰੀ ਤੋਂ ਵੀ ਦੂਰ ਰਹਿਣ ਦੀ ਹੀ ਕੋਸ਼ਿਸ਼ ਕਰਦਾ ਹੈ। ਖੈਰ, ਅੱਜ ਸਾਡਾ ਸਰੋਕਾਰ ਮੌਲਿਕ ਅਖਾਣ ਨਾਲ ਹੀ ਹੈ। ਇਸ ਦਾ ਮਤਲਬ ਸਭ ਜਾਣਦੇ ਹੀ ਹੋਣਗੇ, ਪ੍ਰਤਖ ਨੂੰ ਪ੍ਰਮਾਣ ਦੀ ਜ਼ਰੂਰਤ ਨਹੀਂ ਪੈਂਦੀ। ਬਹੁਤ ਸਾਰੇ ਪਾਠਕਾਂ ਨੂੰ ਪਤਾ ਹੋਵੇਗਾ ਕਿ ਆਰਸੀ ਦੇਖਣ ਵਾਲੇ ਸ਼ੀਸ਼ੇ ਨੂੰ ਆਖਦੇ ਹਨ। ਇਸ ਅਖਾਣ ਵਿਚ ਆਰਸੀ ਨੂੰ ਗਹਿਣੇ ਨਾਲ ਜੋੜਿਆ ਗਿਆ ਹੈ। ਗਹਿਣਿਆਂ ਵਿਚ ਇਸਤਰੀਆਂ ਦੀ ਵਿਸ਼ੇਸ਼ ਰੁਚੀ ਹੁੰਦੀ ਹੈ। ਇਹ ਉਨ੍ਹਾਂ ਦੇ ਹੁਸਨ ਨੂੰ ਚਾਰ ਚੰਨ ਲਾਉਂਦਿਆਂ ਆਪਣੀ ਚਮਕ ਦਮਕ ਕਾਰਨ ਮਰਦ ਨੂੰ ਚਕਾਚੌਂਧ ਕਰਦੇ ਹਨ। ਧਿਆਨ ਖਿੱਚਣ ਲਈ ਇਸਤਰੀਆਂ ਪਹਿਨੇ ਗਹਿਣਿਆਂ ਨੂੰ ਉਚੇਚ ਨਾਲ ਮਟਕਾਉਂਦੀਆਂ ਹਨ। ਉਹ ਵੰਗਾਂ/ਚੂੜੀਆਂ ਛਣਕਾਉਂਦੀਆਂ ਹਨ; ਕੰਨ ਹਿਲਾ ਹਿਲਾ ਕੇ ਵਾਲੀਆਂ ਨੂੰ ਝਟਕਾਉਂਦੀਆਂ ਹਨ; ਕੋਕੇ ਦਾ ਲਿਸ਼ਕਾਰਾ ਮਾਰਦੀਆਂ ਹਨ। ਇਕ ਆਮ ਜਿਹਾ ਚੁਟਕਲਾ ਹੈ ਕਿ ਇਕ ਇਸਤਰੀ ਸਬਜ਼ੀ ਵੇਚਣ ਵਾਲੇ ਭਾਈ ਨੂੰ ਆਪਣੀ ਉਂਗਲ ਵਿਚ ਪਾਈ ਮੁੰਦਰੀ ਨਾਲ ਪ੍ਰਭਾਵਤ ਕਰਨਾ ਚਾਹੁੰਦੀ ਸੀ। ਉਹ ਮੁੰਦਰੀ ਵਾਲੀ ਉਂਗਲ ਵੱਖ ਵੱਖ ਸਬਜ਼ੀਆਂ 'ਤੇ ਵਾਰ ਵਾਰ ਰੱਖ ਕੇ ਪੁਛੀ ਜਾਵੇ, "ਵੇ ਭਾਈ, ਆਹ ਕੀ ਭਾਅ ਏ, ਆਹ ਕੀ ਭਾਅ ਏ, ਆਹ ਕੀ ਭਾਅ ਏ?" ਭਾਈ ਸਮਝ ਗਿਆ ਕਿ ਰਕਾਨ ਬਹਾਨੇ ਨਾਲ ਮੁੰਦਰੀ ਦਖਾਲ ਰਹੀ ਹੈ। ਉਸ ਨੂੰ ਸ਼ਰਾਰਤ ਸੁਝੀ। ਉਸ ਨੇ ਆਪਣੇ ਇਕ ਪਾਸੇ ਵਾਲੇ ਦੰਦ 'ਤੇ ਸੋਨਾ ਮੜ੍ਹਾਇਆ ਹੋਇਆ ਸੀ। ਉਹ ਬੁਲ੍ਹਾਂ ਨੂੰ ਸੋਨੇ ਦੇ ਦੰਦ ਵਾਲੇ ਪਾਸਿਓਂ ਖੋਲ੍ਹਦਾ ਬੋਲਿਆ, "ਆਹ ਵੀ ਛੀ ਪੈਸੇ ਕਿਲੋ, ਆਹ ਵੀ ਛੀ ਪੈਸੇ ਕਿਲੋ।" ਇਸ ਚੁਟਕਲੇ ਨਾਲ ਆਰਸੀ ਸ਼ਬਦ ਦੀ ਮਹੱਤਤਾ ਹੋਰ ਉਜਾਗਰ ਹੁੰਦੀ ਹੈ।

ਆਰਸੀ ਨੂੰ ਪੰਜਾਬੀ ਦੀਆਂ ਕੁਝ ਉਪਬੋਲੀਆਂ ਵਿਚ 'ਆਰਹੀ' ਵੀ ਉਚਾਰਿਆ ਜਾਂਦਾ ਹੈ, ਖਾਸ ਤੌਰ 'ਤੇ ਲਹਿੰਦੇ ਵਿਚ। ਕੁਝ ਹੋਰ ਭਾਸ਼ਾਵਾਂ ਵਿਚ ਇਸ ਦੇ ਰੂਪ ਆਰਸੋ, ਆਰਸਾ, ਆਰਸਾਈ ਵੀ ਹਨ। ਪਾਲੀ ਵਿਚ ਆਦਾਸ ਅਤੇ ਪਰਾਕ੍ਰਿਤ ਵਿਚ ਅਦੰਸ ਹੈ। ਇਸ ਸ਼ਬਦ ਦਾ ਮੁਢਲਾ ਅਰਥ ਦੇਖਣ ਵਾਲਾ ਸ਼ੀਸ਼ਾ ਅਰਥਾਤ ਦਰਪਣ ਹੀ ਹੈ ਪਰ ਬਾਅਦ ਵਿਚ ਰੂੜ ਹੋ ਕੇ ਇਹ ਅੰਗੂਠੇ ਵਿਚ ਪਹਿਨੀ ਜਾਣ ਵਾਲੀ ਅਜਿਹੀ ਮੁੰਦਰੀ ਨੂੰ ਕਿਹਾ ਜਾਣ ਲੱਗਾ ਜਿਸ ਵਿਚ ਨਗ ਵਜੋਂ ਦੇਖਣ ਵਾਲੇ ਸ਼ੀਸ਼ੇ ਦਾ ਟੁਕੜਾ ਜੜਿਆ ਹੋਵੇ। ਜੜੇ ਹੋਏ ਨਗ ਨੂੰ ਵੀ ਆਰਸੀ ਹੀ ਆਖਿਆ ਜਾਂਦਾ ਹੈ। ਆਰਸੀ ਇਸਤਰੀਆਂ ਦੇ ਉਸ ਸ਼ਿੰਗਾਰਦਾਨ ਨੂੰ ਵੀ ਆਖਦੇ ਹਨ ਜਿਸ ਵਿਚ ਮੂੰਹ ਦੇਖਣ ਵਾਲੀ ਸ਼ੀਸ਼ਾ ਜੜਿਆ ਹੋਵੇ। ਚਰਖੇ ਅਤੇ ਸੰਦੂਕ 'ਤੇ ਵੀ ਆਰਸੀਆਂ ਚੜ੍ਹਾਈਆਂ ਜਾਂਦੀਆਂ ਸਨ। ਸਪਸ਼ਟ ਹੈ ਕਿ ਆਰਸੀ ਵਰਤਣਯੋਗ ਚੀਜ਼ ਦੇ ਨਾਲ ਨਾਲ ਇਕ ਸਜਾਵਟ ਵੀ ਹੈ। 'ਹੱਥ ਕੰਗਣ ਨੂੰ ਆਰਸੀ ਕੀ' ਅਖਾਣ ਤੋਂ ਇਹ ਗੱਲ ਸਪਸ਼ਟ ਹੁੰਦੀ ਹੈ ਕਿ ਕੰਗਣ ਨਾਂ ਦਾ ਗਹਿਣਾ ਆਕਾਰ ਵਿਚ ਵੱਡਾ ਤੇ ਉਂਜ ਵੀ ਏਨਾ ਸਾਖਿਆਤ ਹੁੰਦਾ ਹੈ ਕਿ ਇਸ ਵੱਲ ਦਰਸ਼ਕ ਦਾ ਧਿਆਨ ਖਿੱਚਣ ਲਈ ਲਿਸ਼ਕਦੀ ਆਰਸੀਨੁਮਾ ਬੈਟਰੀ ਲਾਉਣ ਦੀ ਜ਼ਰੂਰਤ ਨਹੀਂ। ਅਸਲ ਵਿਚ ਅਸੀਂ ਇਸ ਅਖਾਣ ਦੇ ਏਹੀ ਭਾਵ ਹੋਰ ਤਰ੍ਹਾਂ ਵੀ ਕਢ ਸਕਦੇ ਹਾਂ। ਔਰਤਾਂ ਆਪਣੇ ਪਾਏ ਹੋਏ ਗਹਿਣਿਆਂ ਨੂੰ ਖੁਦ ਵੀ ਨਿਹਾਰ ਨਿਹਾਰ ਕੇ ਖੀਵੀਆਂ ਹੁੰਦੀਆਂ ਰਹਿੰਦੀਆਂ ਹਨ ਪਰ ਕੁਦਰਤ ਦਾ ਕਹਿਰ ਦੇਖੋ ਕਿ ਉਹ ਆਪਣੇ ਸਿਰ, ਨੱਕ, ਕੰਨ ਆਦਿ 'ਤੇ ਪਹਿਨੇ ਗਹਿਣੇ ਆਪਣੀਆਂ ਅੱਖਾਂ ਨਾਲ ਦੇਖ ਨਹੀਂ ਸਕਦੀਆਂ, ਇਸ ਲਈ ਆਰਸੀ ਅਰਥਾਤ ਸ਼ੀਸ਼ੇ ਦੀ ਜ਼ਰੂਰਤ ਪੈਂਦੀ ਹੈ। ਇਸ ਦੇ ਟਾਕਰੇ 'ਤੇ ਕੰਗਣ ਏਨਾ ਮੂਹਰੇ ਹੈ ਕਿ ਇਸ ਨੂੰ ਦੇਖਣ ਲਈ ਆਰਸੀ ਦੀ ਕੋਈ ਲੋੜ ਨਹੀਂ।



ਗੁਰੂ ਸਾਹਿਬਾਂ ਨੇ ਆਰਸੀ ਸ਼ਬਦ ਦਰਪਣ ਦੇ ਅਰਥਾਂ ਵਿਚ ਵਰਤਿਆ ਹੈ:

ਕਹਾ ਸੁ ਖੇਲ ਤਬੇਲਾ ਘੋੜੇ
ਕਹਾ ਭੇਰੀ ਸਹਨਾਈ॥
ਕਹਾ ਸੁ ਤੇਗਬੰਦ ਗਾਡੇਰੜਿ
ਕਹਾ ਸੁ ਲਾਲ ਕਵਾਈ॥
ਕਹਾ ਸੁ ਆਰਸੀਆ ਮੁਹ ਬੰਕੇ
ਐਥੈ ਦਿਸਹਿ ਨਾਹੀ॥
(ਰਾਗ ਆਸਾ, ਗੁਰੂ ਨਾਨਕ)

ਭਾਈ ਗੁਰਦਾਸ ਨੇ ਆਪਣੀਆਂ ਵਾਰਾਂ ਵਿਚ ਸ਼ੀਸ਼ੇ ਦੇ ਅਰਥਾਂ ਵਿਚ ਆਰਸੀ ਸ਼ਬਦ ਦੀ ਕਈ ਵਾਰ ਵਰਤੋਂ ਕੀਤੀ ਹੈ:

ਅੰਨ੍ਹੇ ਅੱਗੇ ਆਰਸੀ
ਨਾਈ ਧਿਰ ਨਾ ਵਧਾਈ ਪਾਵੈ॥
***
ਜਿਉਂ ਕਰਿ ਨਿਰਮਲ ਆਰਸੀ
ਸਭਾ ਸੁਧ ਸਭ ਕੋਈ ਦੇਖੈ॥
ਗੋਰਾ ਗੋਰੇ ਦਿਸਦਾ
ਕਾਲਾ ਕਾਲੇ ਵੰਨੁ ਵਿਸੇਖੈ॥
***
ਦੇਖਿ ਦੁਭਿਤੀ ਆਰਸੀ
ਮਜਲਸ ਹਥੋ ਹੱਥੀ ਨੱਚੈ॥

ਅਰਥਾਤ ਤਿੜਕਿਆ ਸ਼ੀਸ਼ਾ ਲੋਕਾਂ ਦੇ ਹੱਥੋ ਹਥੀ ਘੁੰਮਦਾ ਰਹਿੰਦਾ ਹੈ ਕਿਉਂਕਿ ਇਸ ਨਾਲ ਕੋਈ ਆਪਣਾ ਮੂੰਹ ਠੀਕ ਤਰ੍ਹਾਂ ਨਹੀਂ ਦੇਖ ਸਕਦਾ। ਵਾਰਿਸ ਸ਼ਾਹ ਨੇ ਵੀ ਆਰਸੀ ਸ਼ਬਦ ਦੀ ਵਰਤੋਂ ਸ਼ੀਸ਼ੇ ਦੇ ਅਰਥਾਂ ਵਿਚ ਕੀਤੀ ਹੈ। ਭਾਬੀਆਂ ਰਾਂਝੇ ਨੂੰ ਖਿਝਾਉਂਦੀਆਂ ਹਨ:

ਪਿੰਡਾ ਚਤ ਕੇ ਆਰਸੀ ਨਾਲ ਦੇਖਣ,
ਤਿਨਾਂ ਵਾਹਨ ਕੇਹਾ ਹਲ ਵਾਹਣਾਂ ਏ।
ਪਿੰਡਾ ਪਾਲ ਕੇ ਪਟੇ ਚੋਪੜੇ,
ਕਿਸੇ ਰੰਨ ਕੀ ਉਨ੍ਹਾਂ ਤੋਂ ਚਾਹੁਣਾ ਏ।

ਹੀਰ ਦੇ ਵਿਆਹ ਸਮੇਂ ਸਿਆਲਾਂ ਦੇ ਮੇਲ ਦਾ ਵਰਣਨ ਕਰਦੇ ਹੋਏ ਕਿਹਾ ਹੈ:

ਪਰੀਜ਼ਾਦ ਜਟੇਟੀਆਂ ਨੈਣ ਖੂਨੀਂ,
ਨਾਲ ਹੇਕ ਮਹੀਨ ਦੇ ਗਾਉਂਦੀਆਂ ਨੇ।
ਨਾਲ ਆਰਸੀ ਮੁਖੜਾ ਵੇਖ ਸੁੰਦਰ,
ਕੋਲ ਆਸ਼ਕਾਂ ਨੂੰ ਤਰਸਾਉਂਦੀਆਂ ਨੇ।


ਉਪਰੋਕਤ ਮਿਸਾਲਾਂ ਤੋਂ ਸਪਸ਼ਟ ਹੁੰਦਾ ਹੈ ਕਿ ਮੂੰਹ ਦੇਖਣ ਵਾਲੇ ਸ਼ੀਸ਼ੇ ਲਈ ਆਰਸੀ ਇਕ ਪ੍ਰਚਲਿਤ ਸ਼ਬਦ ਰਿਹਾ ਹੈ। ਸ਼ਬਦ ਦੀ ਬਨਾਵਟ ਸੁਹਜਮਈ ਹੈ, ਫਿਰ ਵੀ ਇਹ ਸਮੇਂ ਦੇ ਕਦਮ ਨਾਲ ਕਦਮ ਨਹੀਂ ਮਿਲਾ ਸਕਿਆ। ਫਾਰਸੀ ਵਲੋਂ ਆਏ ਸ਼ੀਸ਼ੇ ਨੇ ਐਸੀ ਲਿਸ਼ਕੋਰ ਮਾਰੀ ਕਿ ਆਰਸੀ ਤੇ ਦਰਪਨ ਮਾਂਦੇ ਪੈ ਗਏ। ਭਾਸ਼ਾ ਦਾ ਵਤੀਰਾ ਬੜਾ ਵਚਿੱਤਰ ਹੁੰਦਾ ਹੈ, ਇਹ ਕਦੇ ਕਦਾਈਂ ਏਨੀ ਤੰਗ-ਦਿਲ ਹੁੰਦੀ ਹੈ ਕਿ ਢੁਕਵੇਂ ਤੇ ਚਾਹੀਦੇ ਸ਼ਬਦ ਵੀ ਨਹੀਂ ਅਪਨਾਉਂਦੀ ਤੇ ਕਦੇ ਅੰਨ੍ਹੇਵਾਹ ਹੀ ਸ਼ਬਦ ਹਜ਼ਮ ਕਰਦੀ ਜਾਂਦੀ ਹੈ। ਮੈਂ ਪਹਿਲਾਂ ਵੀ ਮਿਸਾਲ ਦੇ ਚੁਕਾ ਹਾਂ ਕਿ ਪੰਜਾਬੀ ਵਿਚ ਆਉਣ ਵਾਲੇ ਤੇ ਬੀਤੇ ਦਿਨ ਲਈ ਇਕੋ ਸ਼ਬਦ ਵਰਤਿਆ ਜਾਂਦਾ ਹੈ 'ਕਲ੍'; ਭਲਾ ਆਉਣ ਵਾਲੇ ਕਲ੍ ਲਈ ਭਲਕ ਸ਼ਬਦ ਕਿਉਂ ਨਹੀਂ ਪ੍ਰਚਲਤ ਹੁੰਦਾ? ਇਹੋ ਹਾਲ ਆਰਸੀ ਦਾ ਹੈ, 'ਮੂੰਹ ਦੇਖਣ ਵਾਲਾ ਸ਼ੀਸ਼ਾ' ਜਿਹੀ ਲੰਮੀ ਉਕਤੀ ਕਹਿਣਾ ਮਨਜ਼ੂਰ ਹੈ, ਪਰ ਇਕ ਸ਼ਬਦ 'ਆਰਸੀ' ਮੂੰਹ 'ਚੋਂ ਨਹੀਂ ਸਰਦਾ! ਇਸ ਸ਼ਬਦ ਨੂੰ ਜਿਉਂਦਾ ਰੱਖਣ ਲਈ 'ਆਰਸੀ' ਨਾਂ ਦਾ ਇਕ ਰਿਸਾਲਾ ਨਿਕਲਿਆ ਸੀ ਪਰ ਹੁਣ ਤਾਂ ਉਹ ਵੀ ਕਦੋਂ ਦਾ ਬੰਦ ਹੋ ਚੁੱਕਾ ਹੈ। ਹਾਂ, ਇਕ ਸਾਹਿਤਕ ਬਲਾਗ ਦਾ ਨਾਂ ਆਰਸੀ ਜ਼ਰੂਰ ਰੱਖਿਆ ਗਿਆ ਹੈ।

ਚਲੋ ਆਪਾਂ ਕੀ ਕਰ ਸਕਦੇ ਹਾਂ, ਵਿਹਲੇ ਆਰਸੀ ਦੇ ਕੱਚ ਹੀ ਤਿੜਕਾ ਕੇ ਦੇਖਦੇ ਹਾਂ। ਸੰਸਕ੍ਰਿਤ ਵਿਚ ਮੂੰਹ ਦੇਖਣ ਵਾਲੇ ਸ਼ੀਸ਼ੇ ਲਈ ਇਕ ਸ਼ਬਦ ਹੈ 'ਆਦਰਸ਼' ਜਿਸ ਦਾ ਮੁਢਲਾ ਅਰਥ ਦੇਖਣਾ, ਤੱਕਣਾ, ਨਿਹਾਰਨਾ ਹੈ। ਬਾਅਦ ਵਿਚ ਇਸ ਦਾ ਅਰਥ ਮੂੰਹ ਦੇਖਣ ਵਾਲਾ ਸ਼ੀਸ਼ਾ ਬਣਿਆ ਜੋ ਪੁਲਿੰਗ ਰੂਪ ਵਿਚ ਵਰਤਿਆ ਜਾਂਦਾ ਹੈ। ਸੰਸਕ੍ਰਿਤ ਵਿਚ ਇਹ ਸ਼ਬਦ ਕਿਸੇ ਲਿਖਤ ਦਾ ਟੀਕਾ ਜਾਂ ਵਿਆਖਿਆ ਲਈ ਵੀ ਵਰਤਿਆ ਜਾਂਦਾ ਹੈ ਅਰਥਾਤ ਉਹ ਰਚਨਾ ਜਿਸ ਨਾਲ ਗ੍ਰੰਥ ਦੇ ਭਾਵ ਦਿਸਣ ਜਾਂ ਝਲਕਣ ਲੱਗ ਪੈਣ। ਦਿਲਚਸਪ ਗੱਲ ਹੈ ਕਿ ਸੰਸਕ੍ਰਿਤ ਵਿਚ ਸ਼ੀਸ਼ੇ ਦੇ ਅਰਥਾਂ ਵਾਲਾ ਦਰਪਣ ਸ਼ਬਦ ਵੀ ਇਨ੍ਹਾਂ ਅਰਥਾਂ ਵਿਚ ਵਰਤਿਆ ਜਾਂਦਾ ਹੈ ਜੋ ਪੰਜਾਬੀ ਵਿਚ ਵੀ ਮੌਜੂਦ ਹੈ ਜਿਵੇਂ ਸਾਹਿਬ ਸਿੰਘ ਦਾ 'ਗੁਰੂ ਗ੍ਰੰਥ ਸਾਹਿਬ ਦਰਪਣ'। ਆਦਰਸ਼ ਦਾ ਅਰਥ ਉਹ ਮਹਾਪੁਰਖ ਵੀ ਹੈ ਜਿਸ ਦੇ ਰੂਪ ਜਾਂ ਗੁਣਾਂ ਦਾ ਅਨੁਕਰਣ ਕੀਤਾ ਜਾਏ ਅਰਥਾਤ ਇਕ ਨਮੂਨੇ ਦਾ ਪੁਰਸ਼। ਜ਼ਿੰਦਗੀ ਦੇ ਕਿਸੇ ਵਡੇਰੇ ਲਕਸ਼, ਜਿਸ ਦੀ ਖਾਤਿਰ ਸਾਰਾ ਤ੍ਰਾਣ ਲਾ ਦਿੱਤਾ ਜਾਏ, ਵੀ ਆਦਰਸ਼ ਹੈ। ਦੋਨੋਂ ਅਰਥਾਂ ਵਿਚ ਦੇਖਣ ਦਾ ਭਾਵ ਹੀ ਹੈ, ਮਾਨੋ ਅਸੀਂ ਕਿਸੇ ਮਹਾਪੁਰਸ਼ ਜਾਂ ਕਿਸੇ ਵੱਡੇ ਲਕਸ਼ ਵੱਲ ਤੱਕਦੇ ਆਪਣੀ ਜ਼ਿੰਦਗੀ ਉਸ ਪਾਸੇ ਤੋਰ ਦਿੰਦੇ ਹਾਂ। ਅਜਿਹੇ ਜਤਨ ਵਿਚ ਜੇ ਜਨੂੰਨ ਆ ਜਾਵੇ ਤਾਂ ਇਸ ਸਥਿਤੀ ਨੂੰ ਆਦਰਸ਼ਵਾਦ ਆਖਦੇ ਹਨ। ਆਦਰਸ਼ਵਾਦ ਸ਼ਬਦ ਪੰਜਾਬੀ ਦੀਆਂ ਕਈ ਰਚਨਾਵਾਂ ਵਿਚ ਫਿਲਾਸਫੀ ਦੇ ਇਕ ਹੋਰ ਸੰਕਲਪ ਜਿਸ ਅਨੁਸਾਰ ਪਦਾਰਥ ਨਾਲੋਂ ਵਿਚਾਰ ਨੂੰ ਪਹਿਲ ਦਿੱਤੀ ਜਾਂਦੀ ਹੈ, ਲਈ ਵੀ ਵਰਤਿਆ ਜਾਂਦਾ ਹੈ। ਭਾਵੇਂ ਅੰਗਰੇਜ਼ੀ ਵਿਚ ਦੋਵਾਂ ਲਈ ਆਡੀਅਲਿਜ਼ਮ (Idealism) ਸ਼ਬਦ ਪ੍ਰਚਲਿਤ ਹੈ ਪਰ ਪੰਜਾਬੀ ਵਿਚ ਇਸ ਲਈ ਵਿਚਾਰਵਾਦ ਕਹਿਣਾ ਵਧੇਰੇ ਉਪਯੁਕਤ ਹੈ ਕਿਉਂਕਿ 'ਆਦਰਸ਼' ਸ਼ਬਦ ਅਸੀਂ ਵਿਚਾਰ ਲਈ ਨਹੀਂ ਵਰਤਦੇ।

ਪੰਜਾਬੀ ਦਾ ਆਰਸੀ ਸ਼ਬਦ ਸੰਸਕ੍ਰਿਤ ਦੇ ਇਸ ਸ਼ੀਸ਼ੇ ਦੇ ਅਰਥਾਂ ਵਾਲੇ ਆਦਰਸ਼ ਨਾਲ ਜਾ ਜੁੜਦਾ ਹੈ ਪਰ ਬਣਿਆ ਇਹ ਆਦਰਸ਼ ਦੇ ਇਸਤਰੀ ਲਿੰਗ ਰੂਪੀ ਸ਼ਬਦ ਆਦਰਸ਼ੀ ਤੋਂ ਹੈ। ਸੰਸਕ੍ਰਿਤ ਵਿਚ ਆਦਰਸ਼ੀ ਸ਼ਬਦ ਨਹੀਂ ਹੈ। ਜਾਪਦਾ ਹੈ ਇਹ ਵਿਉਤਪਤੀ ਬਾਅਦ ਦਾ ਵਰਤਾਰਾ ਹੈ। ਹਿੰਦੀ ਵਿਚ ਸ਼ੀਸ਼ੇ ਦੇ ਅਰਥਾਂ ਵਿਚ ਆਦਰਸ਼ੀ ਸ਼ਬਦ ਹੈ ਜਾਂ ਘੱਟੋ ਘੱਟ ਸੀ। ਸਪਸ਼ਟ ਹੈ ਆਦਰਸ਼ੀ ਸ਼ਬਦ ਛੋਟੇ ਸ਼ੀਸ਼ੇ ਲਈ ਪ੍ਰਚਲਿਤ ਹੋਇਆ ਹੋਵੇਗਾ। ਆਦਰਸ਼ ਸ਼ਬਦ ਦੀ ਚੀਰ-ਫਾੜ ਕਰਨ ਤੋਂ ਪਤਾ ਲਗਦਾ ਹੈ ਕਿ ਇਹ ਬਣਿਆ ਹੈ ਆ+ਦਰਸ਼ ਤੋਂ। ਇਸ ਵਿਚ 'ਆ' ਇਕ ਅਗੇਤਰ ਹੈ ਜਿਸ ਦਾ ਏਥੇ ਅਰਥ 'ਵੱਲ' ਹੈ ਜਿਵੇਂ ਆਗਮਨ ਸ਼ਬਦ ਵਿਚ, ਜਿਸ ਦਾ ਅਰਥ ਬਣਦਾ ਹੈ, ਵੱਲ ਆਉਣਾ। ਦਰਸ਼ ਸ਼ਬਦ ਅੱਗੋਂ ਧਾਤੂ 'ਦ੍ਰਸ਼' ਤੋਂ ਵਿਕਸਿਤ ਹੋਇਆ ਹੈ ਜਿਸ ਦਾ ਅਰਥ ਦੇਖਣਾ, ਤੱਕਣਾ, ਨਿਹਾਰਨਾ ਹੈ।

ਸੋ, ਆਦਰਸ਼ ਦਾ ਸਿਧਾ ਜਿਹਾ ਭਾਵ ਹੋਇਆ 'ਜਿਸ ਵੱਲ ਤੱਕਿਆ ਜਾਵੇ'। 'ਦ੍ਰਸ਼' ਤੋਂ ਹੋਰ ਕਈ ਆਮ ਜਾਣੇ ਜਾਂਦੇ ਸ਼ਬਦ ਜਿਵੇਂ ਦੇਖਣਾ, ਦਿਖਣਾ, ਦਿਖ, ਦਰਸ਼ਨ, ਦਰਸ਼ੀ, ਦੂਰਦਰਸ਼ੀ, ਸਮਦਰਸ਼ੀ, ਦ੍ਰਿਸ਼, ਦਿਸਣਾ, ਦ੍ਰਿਸ਼ਟੀ, ਦ੍ਰਿਸ਼ਟਾਂਤ ਆਦਿ ਬਣੇ ਹਨ। ਪਾਠਕ ਆਪਣੀ ਆਮ ਸੂਝ ਨਾਲ ਇਨ੍ਹਾਂ ਸ਼ਬਦਾਂ ਦਾ ਦੇਖਣ ਨਾਲ ਸਬੰਧ ਜੋੜ ਸਕਦੇ ਹਨ। ਦਰਸਾਉਣਾ, ਜਿਸ ਦਾ ਮਤਲਬ ਦਿਖਾਲਣਾ ਜਾਂ ਸਮਝਾਉਣਾ ਹੁੰਦਾ ਹੈ, ਵੀ ਏਸੇ ਨਾਲ ਜਾ ਜੁੜਦਾ ਹੈ ਤੇ ਪੰਜਾਬੀ ਦਾ ਠੋਸ ਸ਼ਬਦ 'ਦੱਸਣਾ' ਵੀ। ਦੱਸਣ ਦੇ ਕਰਮ ਵਿਚ ਸਮਝੋ ਬੋਲ ਕੇ ਕੁਝ ਦਰਸਾਇਆ ਜਾਂ ਦਿਖਾਇਆ ਹੀ ਜਾਂਦਾ ਹੈ। ਲੁਤਫ਼ ਵਾਲੀ ਗੱਲ ਹੈ ਕਿ ਆਰਸੀ ਅਤੇ ਦੱਸਣਾ ਸ਼ਬਦਾਂ ਵਿਚ ਦ੍ਰਿਸ਼ ਛੁਪਿਆ ਪਿਆ ਹੈ। ਸਾਡੇ ਇਨ੍ਹਾਂ ਸ਼ਬਦਾਂ ਦੇ ਗਰੀਕ ਅਤੇ ਗਾਥਿਕ ਭਾਸ਼ਾਵਾਂ ਵਿਚ ਸੁਜਾਤੀ ਸ਼ਬਦ ਵੀ ਮਿਲਦੇ ਹਨ ਪਰ ਏਨੇ ਗੂੜ੍ਹ ਗਿਆਨ ਤੋਂ ਆਪਾਂ ਕੀ ਲੈਣਾ!

# ਪਹਿਲਵਾਨ ਜੱਬੋਵਾਲੀਆ ਦਰਸ਼ਨ



ਖੇਡ ਸੰਸਾਰ

ਇਕਬਾਲ ਜੱਬੋਵਾਲੀਆ
ਫੋਨ:917-375-6395

ਇਲਾਕਾ ਨਵਾਂ ਸ਼ਹਿਰ ਦਾ ਪ੍ਰਸਿੱਧ ਪਿੰਡ ਜੱਬੋਵਾਲ, ਜਿਥੇ ਵਧੀਆ ਪਹਿਲਵਾਨ, ਕਬੱਡੀ ਖਿਡਾਰੀ, ਫੁੱਟਬਾਲ ਖਿਡਾਰੀ ਅਤੇ ਹੋਰ ਖੇਡਾਂ ਨਾਲ ਸਬੰਧਤ ਖਿਡਾਰੀਆਂ ਨੇ ਜਨਮ ਲਿਆ। ਫੌਜ ਦੀ ਸੇਵਾ ਨਿਭਾਉਂਦਾ ਹੋਇਆ ਸੂਬੇਦਾਰ ਪੂਰਨ ਸਿੰਘ ਰਾਂਚੀ ਬਿਹਾਰ ਵਿਚ ਹੈਮਰ-ਥਰੋ, ਗੋਲਾ ਅਤੇ ਪਾਥੀ ਸੁੱਟਿਆ ਕਰਦਾ ਸੀ। ਫੁੱਟਬਾਲ ਅਤੇ ਅਥਲੈਟਿਕਸ ਵਿਚ ਡਾ. ਗੁਰਦੇਵ ਰਾਮ ਅਤੇ ਹੈਡ ਮਾਸਟਰ ਗਿਆਨ ਸਿੰਘ (ਲੇਖਕ ਦਾ ਵੱਡਾ ਵੀਰ) ਹੋਏ। ਬਲਿਹਾਰ ਸਿੰਘ ਬਿਹਾਰੀ, ਹਰਭਜਨ ਸਿੰਘ ਭੱਜੀ, ਬਿੰਦਰ ਨਾਗਰਾ, ਪ੍ਰੇਮ ਸਿੰਘ, ਸ਼ਿਵ ਨਾਥ ਅਤੇ ਸਤਪਾਲ (ਦੋਵੇਂ ਭਰਾ) ਹਰਪਾਲ ਸਿੰਘ ਪਾਲਾ, ਰਾਮ ਲੁਭਾਇਆ, ਜੋਗਿੰਦਰ ਸਿੰਘ ਨਿਊ ਜਰਸੀ, ਕੈਨੇਡਾ ਦਾ ਕਬੱਡੀ ਖਿਡਾਰੀ ਜੀਤਾ, ਚਰਨਜੀਤ ਚੋਪੜਾ, ਜੋਗਾ ਸਿੰਘ, ਗੁਦਾਵਰ, ਗੁਰਨੇਕ, ਜੱਸੀ, ਕਮਲ ਦੇਵ ਪੱਪੂ, ਮਾਹਣਾ, ਮੱਧੂ, ਮਲਕੀਤ ਸਿੰਘ ਮੀਕਾ ਤੇ ਗੁਰਨਾਦ ਸਿੰਘ 'ਦਾਨੀ' ਕਬੱਡੀ ਖਿਡਾਰੀ, ਜਦਕਿ ਗੋਲਾ ਸੁੱਟਣ ਅਤੇ ਰੱਸਾ-ਖਿੱਚਣ ਦਾ ਨਾਮਵਰ ਖਿਡਾਰੀ ਚੰਨਣ ਸਿੰਘ। ਕੈਨੇਡਾ ਦੀ ਨੁਮਾਇੰਦਗੀ ਕਰਨ ਵਾਲਾ ਆਸਟ੍ਰੇਲੀਅਨ ਗੋਲਡ ਮੈਡਲਿਸਟ ਵੇਟ ਲਿਫਟਰ ਜਸਵਿੰਦਰ ਸਿੰਘ ਨਾਗਰਾ। ਇਸੇ ਤਰ੍ਹਾਂ ਹੀ ਸ਼ਗਰਾ ਸਿੰਘ, ਬਲਵੀਰ ਸਿੰਘ ਫੌਜੀ ਅਤੇ ਦਰਸ਼ਨ ਸਿੰਘ ਇਸ ਪਿੰਡ ਦੇ ਪਹਿਲਵਾਨ ਹੋਏ ਹਨ।

ਪਹਿਲਵਾਨ ਦਰਸ਼ਨ ਸਿੰਘ ਦੀ 1965 ਦੇ ਲਗਪਗ ਨਵਾਂਸ਼ਹਿਰ ਨੇੜੇ ਮੇਹਰਦੀਨ ਨਾਲ ਪਕੜ ਹੋਈ। ਇਹ ਹੱਥ-ਜੋੜ ਹੁੰਦਾ ਬਰਾਬਰ ਰਹਿ ਗਿਆ ਸੀ। ਪਤੌਦੀ, ਅਲਵਰ, ਧੀਰਕਾ ਫਿਰੋਜ਼ਪੁਰ ਦੀਆਂ ਛੋਟੀਆਂ ਰਿਆਸਤਾਂ ਵਿਚ ਮੇਹਰਦੀਨ ਨਾਲ ਬਰਾਬਰ ਕੁਸ਼ਤੀਆਂ ਲੜੀਆਂ। ਜਲੰਧਰ, ਫਗਵਾੜਾ, ਲੁਧਿਆਣਾ ਅਤੇ ਹੋਰ ਸ਼ਹਿਰਾਂ ਵਿਚ ਕੁਸ਼ਤੀਆਂ ਕੀਤੀਆਂ। ਲੁਧਿਆਣਾ ਦੀਨਾ ਨਾਥ ਅਖਾੜੇ ਵਿਚ ਛੋਟੀ ਪਹਿਲਵਾਨਾਂ ਨੂੰ ਲਗਾਤਾਰ ਢਾਅ ਚੁੱਕੇ ਪਹਿਲਵਾਨ ਸੰਤ ਮਲੌਤ ਨੂੰ ਢਾਹਿਆ। ਲੁਧਿਆਣੇ ਕੁਸ਼ਤੀਆਂ ਵਿਚ ਹੀ ਰਾਮਾ ਖੇਲਾਂ ਵਾਲੇ ਸਰਬਣ ਨੂੰ ਹਰਾਇਆ। ਕੁਸ਼ਤੀਆਂ ਲੜਨ ਦੇ ਨਾਲ-ਨਾਲ ਪਹਿਲਵਾਨ ਦਰਸ਼ਨ ਸਿੰਘ ਹੋਰ ਵੀ ਜ਼ੋਰ ਅਜ਼ਮਾਈ ਕਰ ਲੈਂਦੇ ਸਨ। ਇਕ ਵਾਰ ਸਿੰਘਪੁਰ (ਨੇੜੇ ਰਾਜਣੀ) ਦੇ ਕਈ ਬੰਦੇ ਅੱਠ ਮਣ ਭਾਰੇ ਕਿਲਾਂ ਵਾਲੇ ਪੱਥਰ ਦਾ ਬਾਲਾ ਕੱਢ ਰਹੇ ਸਨ, ਕਿਸੇ ਤੋਂ ਵੀ ਨਹੀਂ ਸੀ ਚੁੱਕਿਆ ਜਾ ਰਿਹਾ। ਦਰਸ਼ਨ ਨੇ ਸੌਖਿਆਂ ਹੀ ਉਸ ਭਾਰੇ ਪੱਥਰ ਦਾ ਬਾਲਾ ਕੱਢ ਦਿਤਾ। ਕਣਕ ਦੀਆਂ ਬੋਰੀਆਂ ਚੁੱਕਣੀਆਂ ਤਾਂ ਮਾਮੂਲੀ ਜਿਹਾ ਕੰਮ ਸੀ। ਖੇਤੀਬਾੜੀ ਦਾ ਕੰਮ ਵੀ ਡੱਟ ਕੇ ਕੀਤਾ। ਚਾਰ ਭਰਾ-ਕਰਮ ਸਿੰਘ, ਸੋਹਣ ਸਿੰਘ, ਚੰਨਣ ਸਿੰਘ ਅਤੇ ਚੌਥਾ ਦਰਸ਼ਨ ਸਿੰਘ। ਸਾਰੇ ਭਰਾ ਸਮੇਤ ਪਿਤਾ ਛੇ-ਫੁੱਟ ਤੋਂ ਉਚੇ ਸਨ। ਇੰਗਲੈਂਡ ਰਹਿੰਦੇ ਭਰਾ ਚੰਨਣ ਸਿੰਘ ਦਾ ਰੱਸਾ-ਖਿਚਣ ਅਤੇ ਗੋਲਾ ਸੁੱਟਣ ਵਿਚ ਆਲੇ-ਦੁਆਲੇ ਕਾਫੀ ਨਾਂ ਸੀ।



ਪਹਿਲਵਾਨ ਦਰਸ਼ਨ ਜੱਬੋਵਾਲੀਆ

ਪਿਤਾ ਆਤਮਾ ਸਿੰਘ ਅਤੇ ਮਾਤਾ ਕਿਸ਼ਨ ਕੌਰ ਦੇ ਘਰ ਜੱਬੋਵਾਲ ਜਨਮੇ ਦਰਸ਼ਨ ਸਿੰਘ ਨੂੰ ਪਹਿਲਵਾਨੀ ਦਾ ਸ਼ੌਕ ਹੋਣ ਕਰਕੇ ਮਾਤਾ-ਪਿਤਾ ਅਤੇ ਭਰਾਵਾਂ ਨੇ ਹੌਸਲਾ ਅਤੇ ਹੱਲਾਸ਼ੇਰੀ ਦਿਤੀ। ਦਰਸ਼ਨ ਨੇ ਦੱਬ ਕੇ ਮਿਹਨਤ ਕੀਤੀ ਅਤੇ ਬਦਾਮ, ਦੁੱਧ, ਘਿਉ, ਮੀਟ-ਰੱਜ ਕੇ ਖੁਰਾਕ ਖਾਧੀ। ਪਾਈਆ ਬਦਾਮ ਰੋਜ਼ ਪੀਣੇ। ਉਨ੍ਹਾਂ ਸਮਿਆਂ 'ਚ ਵਧੀਆ ਪਸ਼ੌਰੀ ਬਦਾਮ ਡੇਢ ਰੁਪਏ ਕਿਲੋ ਅਤੇ ਮੀਟ ਇਕ ਰੁਪਏ ਕਿਲੋ ਸੀ। ਆਲੇ-ਦੁਆਲੇ ਦੇ ਸਾਰੇ ਝਟਕਈ ਵਾਕਫ਼ ਹੋਣ ਕਰਕੇ ਚਾਰ ਆਨੇ ਰਿਆਇਤ ਕਰਕੇ ਮੀਟ ਦੇ ਦਿੰਦੇ ਸਨ। ਚਾਰ ਕਿਲੋ ਰੋਜ਼ਾਨਾ ਦੁੱਧ ਪੀਣਾ। ਰੋਜ਼ਾਨਾ ਇਕ ਹਜ਼ਾਰ ਬੈਠਕ ਅਤੇ ਫਹੁੜੀਆਂ 'ਤੇ ਹੱਥ ਰੱਖ ਕੇ ਪੰਜ ਸੌ ਡੰਡ ਮਾਰ ਕੇ ਫਿਰ ਚਾਲੀ ਬੰਦ ਹੱਥੀਂ ਕੁਤਰਨੇ। ਪਹਿਲਵਾਨ ਦੇ ਦੱਸਣ ਅਨੁਸਾਰ ਜੱਬੋਵਾਲ ਤੋਂ ਕਾਹਮਾ, ਮੰਗੂਵਾਲ, ਕਰਨਾਣੇ ਪਿੰਡਾਂ ਵਿਚੀ ਤੁਰ ਕੇ ਰਾਏਪੁਰ ਡੱਬੇ ਰੁਸਤਮੇ-ਹਿੰਦ ਪਹਿਲਵਾਨ ਹਰਬੰਸ ਸਿੰਘ ਦੇ ਅਖਾੜੇ ਜਾ ਕੇ ਜ਼ੋਰ ਕਰਨਾ। ਇਹ ਵਾਟ ਦਸ-ਬਾਰਾਂ ਕਿਲੋਮੀਟਰ ਬਣ ਜਾਂਦੀ ਸੀ। ਉਦੋਂ ਸਾਈਕਲ ਘੱਟ ਹੁੰਦੇ ਸਨ। ਪਹਿਲਵਾਨ ਹਰਬੰਸ ਸਿੰਘ ਦੇ ਅਖਾੜੇ ਜਾਣ ਦੇ ਸਬੱਬ ਬਾਰੇ ਪੁੱਛੇ ਗਏ ਸਵਾਲ ਦੇ ਜਵਾਬ ਵਿਚ ਦਰਸ਼ਨ ਨੇ ਦੱਸਿਆ ਕਿ ਜੱਬੋਵਾਲ ਦੇ ਮਲੂਕ ਸਿੰਘ ਦੀ ਰਾਏਪੁਰ ਡੱਬੇ ਰਿਸ਼ਤੇਦਾਰੀ ਦੇ ਸਬੱਬ ਪਹਿਲਵਾਨ ਹਰਬੰਸ ਸਿੰਘ ਨਾਲ ਜਾਣ-ਪਛਾਣ ਹੋਣ ਕਰਕੇ ਉਹਨੇ ਮੇਰੇ ਬਾਰੇ ਹਰਬੰਸ ਸਿੰਘ ਨਾਲ ਗੱਲ ਕੀਤੀ। ਜਦੋਂ ਪਹਿਲੇ ਦਿਨ ਗਿਆ ਤਾਂ ਪਹਿਲਵਾਨ ਨੇ ਆਪਣੇ ਅਖਾੜੇ ਦੇ ਇਕ ਪਹਿਲਵਾਨ ਨੂੰ ਮੇਰੇ ਨਾਲ ਘੁਲਾਇਆ। ਫਿਰ ਛੁਡਾ ਦਿਤੇ। ਹਰਬੰਸ ਸਿੰਘ ਨੇ ਆਪਣੇ ਪਹਿਲਵਾਨ ਨੂੰ ਮੇਰੇ ਬਾਰੇ ਪੁੱਛਿਆ, ਕਿਵੇਂ ਆ? 'ਇਹ ਤਾਂ ਹੁਣੇ ਮੇਰੇ ਨਾਲੋਂ ਵਾਧੂ ਆ,' ਉਸ ਪਹਿਲਵਾਨ ਦਾ ਜਵਾਬ ਸੀ। ਪਹਿਲਵਾਨ ਦਾ ਬੇਟਾ ਕਸ਼ਮੀਰਾ ਸਿੰਘ, ਬੰਤਾ ਗੁਣਾਚੌਰ, ਜੈਲਾ ਲਾਲੋਮਜ਼ਾਰਾ, ਮਜ਼ਾਰੇ ਵਾਲਾ ਥੀਦੋ ਅਤੇ ਕਈ ਹੋਰ ਪਹਿਲਵਾਨ ਉਸ ਅਖਾੜੇ ਵਿਚ ਹੁੰਦੇ ਸਨ। ਰੋਜ਼ਾਨਾ ਵੱਖਰੇ-ਵੱਖਰੇ ਪਹਿਲਵਾਨਾਂ ਨਾਲ ਹੱਥ-ਜੋੜ ਹੁੰਦੇ। ਪਹਿਲਵਾਨ ਕਸ਼ਮੀਰਾ ਸਿੰਘ ਨਾਲ ਵੀ ਜ਼ੋਰ ਹੁੰਦਾ।

ਪਹਿਲਵਾਨ ਦਰਸ਼ਨ ਰਾਏਪੁਰ ਡੱਬੇ ਅਖਾੜੇ ਜਾਂਦਾ ਜ਼ਰੂਰ ਸੀ ਪਰ ਉਸਤਾਦ ਸੋਡੀਆਂ ਵਾਲੇ ਰਾਣੇ ਨੂੰ ਧਾਰਿਆ। ਕਿਸੇ ਨੇ ਰਾਣੇ ਨੂੰ ਦੱਸ ਦਿਤਾ ਕਿ ਦਰਸ਼ਨ ਵਧੀਆ ਪਹਿਲਵਾਨ ਬਣੇਗਾ। ਜਲਦੀ ਹੀ ਰਾਣੇ ਨੇ ਦਰਸ਼ਨ ਨੂੰ ਆਪਣਾ ਸ਼ਾਗਿਰਦ ਬਣਾ ਲਿਆ। ਇਕ ਵਾਰ ਚੰਦਗੀ ਰਾਮ ਦੇ ਅਖਾੜੇ ਦਿੱਲੀ ਵੀ ਗਿਆ। ਚੰਗਾ ਉਸਤਾਦ ਨਾ ਮਿਲਣ ਕਰਕੇ ਦਰਸ਼ਨ ਨਾਮਵਰ ਪਹਿਲਵਾਨ ਨਾ ਬਣ ਸਕਿਆ। ਰਾਮਾ ਖੇਲਾਂ ਵਾਲੇ ਸਰਵਣ ਨੇ ਕਿਸੇ ਕੋਲ ਕਿਹਾ ਸੀ ਅਗਰ ਦਰਸ਼ਨ ਮੇਰੇ ਕੋਲ ਹੁੰਦਾ ਤਾਂ ਉਹਨੂੰ ਤਕੜਾ ਪਹਿਲਵਾਨ ਬਣਾਉਂਦਾ।

(ਬਾਕੀ ਅਗਲੇ ਸਫੇ 'ਤੇ)

# ਵੱਡੇ-ਵੱਡੇ ਫਨਕਾਰ ਫਸ ਰਹੇ ਨੇ ਗੀਤ ਚੋਰੀ ਦੇ ਸ਼ਿਕੰਜੇ 'ਚ

## ਕੀ ਮੈਂ ਝੂਠ ਬੋਲਿਐ...



ਸਵਰਨ ਸਿੰਘ ਟਹਿਣਾ*

*ਫੋਨ: 91-98141-78883

ਖੇਤਰ ਕੋਈ ਵੀ ਹੋਵੇ, ਤਕੜਾ ਮਾੜੇ-ਧੀੜੇ ਦੇ ਹੱਕ 'ਤੇ ਡਾਕਾ ਮਾਰਨ 'ਚ ਕੋਈ ਕਸਰ ਨਹੀਂ ਛੱਡਦਾ। ਕਈ ਵਾਰ ਡਾਕਾ ਮਾਰਨ ਵਾਲਾ 'ਚੋਰ ਨਾਲੇ ਚਤੁਰ' ਬਣ ਬੈਠਦੈ ਤੇ ਕਈ ਵਾਰ ਉਹਦੇ ਨਾਲ 'ਸੌ ਸੁਨਿਆਰ ਦੀ ਤੇ ਇੱਕ ਲੁਹਾਰ ਦੀ' ਵਾਲੀ ਗੱਲ ਹੋ ਜਾਂਦੀ ਏ, ਕਿਉਂਕਿ ਗੁੱਸੇ 'ਚ ਆਇਆ ਅੜ੍ਹਿਆ-ਝੁੜ੍ਹਿਆ ਸਭ ਹੱਦਾਂ ਬੰਨ੍ਹੇ ਪਾਰ ਕਰ ਜਾਂਦੈ।

ਗੋਬਿੰਦਪੁਰਾ ਪਿੰਡ ਦੇ ਲੋਕਾਂ ਦੀ ਜ਼ਮੀਨ ਥਰਮਲ ਪਲਾਂਟ ਲਈ ਧੱਕੇ ਨਾਲ ਜ਼ਬਤ ਕਰਨ ਵਾਲੀ ਅਕਾਲੀ-ਭਾਜਪਾ ਸਰਕਾਰ ਵਾਂਗ ਕਲਾ ਖੇਤਰ ਵਿਚ ਵੀ ਸਮੇਂ-ਸਮੇਂ ਕਿਸੇ ਦੀ ਕਿਰਤ ਨੂੰ ਆਪਣੇ ਨਾਂ ਕਰਾਉਣ ਦਾ ਸਿਲਸਿਲਾ ਤੁਰਿਆ ਹੀ ਰਹਿੰਦੈ। ਕਦੇ-ਕਦਾਈਂ ਧੱਕਾ ਕਰਨ ਵਾਲਾ ਅੱਖਾਂ ਦਿਖਾ ਕੇ ਮਾੜੇ ਨੂੰ ਚੁੱਪ ਵੱਟੀ ਰੱਖਣ ਦੀ ਨਸੀਹਤ ਦੇ ਛੱਡਦੈ ਪਰ ਕਦੇ-ਕਦੇ ਲੈਣੇ ਦੇ ਦੇਣੇ ਵੀ ਪੈ ਜਾਂਦੇ ਨੇ।

ਪਿਛਲੇ ਕੁਝ ਸਮੇਂ ਤੋਂ ਗੀਤਾਂ ਦੀ ਚੋਰੀ ਵਾਲਾ ਮਾਮਲਾ ਕਲਾਕਾਰਾਂ ਦੀ ਥੋੜ੍ਹੀ-ਬਹੁਤ ਬਚੀ ਇੱਜ਼ਤ ਵੀ ਜਿਸ ਕਦਰ ਮਿੱਟੀ 'ਚ ਮਿਲਾ ਰਿਹੈ, ਉਸ ਬਾਰੇ ਜਾਣ-ਸੁਣ ਕੇ ਸਭ ਹੈਰਾਨ-ਪ੍ਰੇਸ਼ਾਨ ਨੇ। ਤੁਹਾਨੂੰ ਯਾਦ ਹੋਵੇਗਾ ਖੰਨੇ ਦੇ ਗੀਤਕਾਰ ਬਿੱਟੂ ਖੰਨੇਵਾਲਾ ਨੇ ਇੱਕ ਗਾਇਕ ਖਿਲਾਫ਼ ਸਾਲ ਕੁ ਪਹਿਲਾਂ ਜਲੰਧਰ ਦੇ ਪ੍ਰੈਸ ਕਲੱਬ ਵਿਚ ਪ੍ਰੈਸ ਕਾਨਫਰੰਸ ਕੀਤੀ ਸੀ ਕਿ ਉਹਨੇ ਮੇਰੇ ਗੀਤ 'ਤੇ ਆਪਣਾ ਨਾਂ ਫਿੱਟ ਕਰ ਦਿੱਤੈ।

ਏਸੇ ਤਰ੍ਹਾਂ ਕੁੱਝ ਸਾਲ ਪਹਿਲਾਂ ਗਾਇਕ ਕੁਲਵਿੰਦਰ ਕੈਲੀ ਨੇ ਪ੍ਰੈਸ ਕਾਨਫਰੰਸ ਕਰਕੇ ਕਿਹਾ ਸੀ ਕਿ ਮੇਰਾ ਗੀਤ 'ਸੋਹਣੀਏ ਜੇ ਤੇਰੇ ਨਾਲ ਦਗਾ ਮੈਂ ਕਮਾਵਾਂ, ਨੀਂ ਅੱਲ੍ਹਾ ਕਰੇ ਮੈਂ ਮਰ ਜਾਵਾਂ...', ਜਿਹੜਾ 'ਸ਼ਾਮ ਵਾਲੀ ਗੱਡੀ' ਕੈਸਿਟ 'ਚ ਸ਼ਾਮਲ ਸੀ, ਨੂੰ 'ਨਾਸਕੀ ਧੁਨੀ' ਵਾਲੇ ਗਾਇਕ ਹਿਮੇਸ਼ ਰੇਸ਼ਮੀਆ ਨੇ ਇੱਕ ਫ਼ਿਲਮ ਵਿਚ ਬਿਨਾ ਪੁੱਛੇ ਗਾ ਦਿੱਤੈ। ਕੁੱਝ ਦਿਨ ਇਸ ਮਾਮਲੇ ਦੀ ਚਰਚਾ ਹੋਈ ਸੀ ਪਰ ਬਾਅਦ ਵਿਚ ਨਾ ਕੈਲੀ ਦੀ ਮੁੰਬਈ ਤੱਕ ਪਹੁੰਚ ਬਣੀ ਤੇ ਨਾ ਹਿਮੇਸ਼ ਸਮੇਤ ਫ਼ਿਲਮ ਦੇ ਪ੍ਰੋਡਿਊਸਰ ਨੂੰ ਇਸ ਮਾਮਲੇ 'ਚ ਦਖ਼ਲ ਦੇਣ ਦੀ ਲੋੜ ਮਹਿਸੂਸ ਹੋਈ।

ਅਮਰੀਕਾ ਵਸਦੇ ਗੀਤਕਾਰ ਅਮਰਜੀਤ ਚੀਮਾ ਦਾ ਇੱਕ ਗੀਤ ਪੰਜਾਬ ਦੇ ਇੱਕ ਗੀਤਕਾਰ ਨੇ ਹੂਬਹੂ ਚੋਰੀ ਕਰਕੇ ਆਪਣੇ ਨਾਂ ਥੱਲੇ ਰਿਲੀਜ਼ ਕਰਾ ਲਿਆ ਸੀ, ਬਸ ਇੱਕ ਅੱਖਰ ਬਦਲਿਆ ਸੀ, ਉਹ ਇਹ ਕਿ 'ਚੀਮਾ' ਦੀ ਥਾਂ ਆਪਣਾ ਨਾਂ ਫਿੱਟ ਕਰ ਲਿਆ। ਚੀਮੇ ਨੇ ਉਹ ਨੂੰ ਫੋਨ ਕਰਕੇ ਕਾਫੀ ਕੁੱਝ ਕਿਹਾ ਪਰ ਉਹ ਨੇ ਪੈਰਾਂ 'ਤੇ ਪਾਣੀ ਨਾ ਪੈਣ ਦਿੱਤਾ, ਕਹਿੰਦਾ, 'ਤੁਹਾਨੂੰ ਭੁਲੇਖੈ, ਗੀਤ ਇਹ ਮੇਰਾ ਹੀ ਏ...।' ਚੋਰੀ ਕਰਨ ਵਾਲਾ ਵੀ ਜਾਣਦਾ ਸੀ ਕਿ ਵਿਦੇਸ਼ ਬੈਠੇ ਬੰਦਿਆਂ ਕੋਲ ਏਨਾ ਟਾਈਮ ਨਹੀਂ ਕਿ ਗੀਤ ਖ਼ਾਤਰ ਕੇਸ ਲੜਨ ਪੰਜਾਬ ਆਉਣ।

ਪੰਜਾਬ ਦੇ ਇੱਕ ਗੀਤਕਾਰ 'ਤੇ ਲੰਮਾ ਸਮਾਂ ਗੀਤ ਚੋਰੀ ਕਰਨ ਦਾ ਦੋਸ਼ ਲੱਗਦੈ ਰਿਹੈ। ਕਈ ਕਲਾਕਾਰਾਂ ਨੇ ਉਸ ਦੀ ਭੁਗਤ ਵੀ ਸੰਵਾਰੀ ਪਰ ਉਹਨੇ ਢੀਠਤਾਈ ਦੀ ਅਜਿਹੀ ਪੀ.ਐਚ.ਡੀ. ਕੀਤੀ ਹੋਈ ਏ ਕਿ ਪੁੱਛੋ ਕੁੱਝ ਨਾ। ਦਸ ਕੁ ਸਾਲ ਪਹਿਲਾਂ ਪੰਜਾਬ 'ਚ ਦੋ ਗੀਤਕਾਰਾਂ ਦੀ ਬੜੀ ਚੜ੍ਹਤ ਸੀ।



ਸੁਰਜੀਤ ਖਾਨ

ਉਨ੍ਹਾਂ ਦਿਨਾਂ 'ਚ ਉਨ੍ਹਾਂ ਦੀ ਪੇਸ਼ਕਸ਼ 'ਚ ਆਈਆਂ ਕੈਸਿਟਾਂ ਹੀ ਹਿੱਟ ਹੁੰਦੀਆਂ ਸਨ। ਹਰ ਕਲਾਕਾਰ ਉਨ੍ਹਾਂ ਕੋਲੋਂ ਗੀਤ ਲੈਣ ਲਈ ਕਾਹਲਾ ਹੁੰਦਾ ਸੀ ਪਰ ਗੀਤ ਲਿਖਣਾ ਪਸ਼ੂ ਦੇ ਜੁਗਾਲੀ ਕਰਨ ਵਾਂਗ ਤਾਂ ਹੁੰਦਾ ਨਹੀਂ ਕਿ ਜਦੋਂ ਮਰਜ਼ੀ ਲੱਗ ਜਾਵੇ। ਪਰ ਉਹ ਗੀਤਕਾਰ ਹੱਥ ਆਏ ਮੌਕੇ ਨੂੰ ਜਾਣ ਨਹੀਂ ਸਨ ਦਿੰਦੇ। ਨਵੇਂ ਗੀਤਕਾਰ ਉਨ੍ਹਾਂ ਕੋਲ ਗੀਤਾਂ ਵਾਲੀਆਂ ਕਾਪੀਆਂ ਲੈ ਕੇ ਪਹੁੰਚ ਜਾਂਦੇ ਕਿ ਸਾਡੇ ਗੀਤ ਰਿਕਾਰਡ ਕਰਾ ਦਿਓ। ਉਹ ਗੀਤਕਾਰ ਉਨ੍ਹਾਂ ਨਾਲ ਸੌਦਾ ਤੈਅ ਕਰ ਲੈਂਦੇ ਕਿ ਦਸ ਗੀਤ ਦੇ ਜਾਓ, ਦੋ ਵਿਚ ਤੁਹਾਡਾ ਨਾਂ ਪਾ ਦੇਵਾਂਗੇ ਪਰ ਅੱਠ ਸਾਡੇ ਨਾਂ 'ਤੇ ਰਿਲੀਜ਼ ਹੋਣਗੇ। ਨਵੇਂ ਗੀਤਕਾਰ ਸ਼ਰਤ ਮਨਜ਼ੂਰ ਕਰ ਲੈਂਦੇ ਸਨ ਕਿਉਂਕਿ ਜੇ ਉਹ ਨਾ ਮੰਨਦੇ ਤਾਂ ਉਨ੍ਹਾਂ ਦੇ ਦੋ ਵੀ ਰਿਲੀਜ਼ ਹੋਣ ਦੀ ਕੋਈ ਸੰਭਾਵਨਾ ਨਹੀਂ ਸੀ ਹੁੰਦੀ।

ਹੁਣ ਇੱਕ ਵਾਰ ਗੀਤ ਚੋਰੀ ਦਾ ਮਾਮਲਾ ਫੇਰ ਵੱਡੇ ਪੱਧਰ 'ਤੇ ਉਭਰ ਕੇ ਸਾਹਮਣੇ ਆਇਐ ਤੇ ਕਮਾਲ ਦੀ ਗੱਲ ਹੈ ਕਿ ਡੇਢ ਕੁ ਮਹੀਨੇ ਵਿਚ ਦੋ ਨਾਮਣੇ ਵਾਲੇ ਗਵੱਈਏ ਇਸ ਸ਼ਿਕੰਜੇ 'ਚ ਫਸੇ ਹਨ। ਜਿਹੜਾ ਸੁਰਜੀਤ ਖ਼ਾਨ ਹੁਣ ਤੱਕ ਗੀਤ ਗਾਉਂਦਾ ਰਿਹਾ ਕਿ 'ਸਾਡੀ ਕਿੰਨੀ ਕੁ ਚੜ੍ਹਾਈ ਸਾਰਾ ਜੱਗ ਜਾਣਦਾ', ਅਖ਼ਬਾਰਾਂ 'ਚ ਉਹਦੇ ਬਾਰੇ ਛਪੀਆਂ ਖ਼ਬਰਾਂ ਨੇ ਦੱਸ ਦਿੱਤੈ ਕਿ ਸੱਚੀਂ ਸਾਰਾ ਜਗ ਉਹਦੇ ਬਾਰੇ ਕੀ ਕੁੱਝ ਜਾਣਦਾ ਹੈ। ਉਹਨੇ ਹੀ ਗਾਇਆ ਸੀ ਕਿ 'ਮਿੱਤਰਾਂ ਦਾ ਰਹਿੰਦਾ ਏ ਸੁਰਖੀਆਂ 'ਚ ਨਾਂ' ਤੇ ਉਸ ਵੱਲੋਂ ਕੀਤੀ ਗੀਤ ਚੋਰੀ ਵਾਲੀਆਂ ਮੋਟੇ ਸਿਰਲੇਖਾਂ ਨਾਲ ਛਪੀਆਂ ਖ਼ਬਰਾਂ ਨੇ ਸਾਬਤ ਕਰ ਦਿੱਤਾ ਹੈ ਕਿ ਉਹਦਾ ਨਾਂ ਸੁਰਖੀਆਂ 'ਚ ਰਹਿਣ ਦੇ ਕੀ-ਕੀ ਕਾਰਨ ਹਨ?

ਸਾਡੀ ਜਾਚੇ ਅਦਾਲਤ ਨੇ ਪਹਿਲੀ ਵਾਰ ਕਿਸੇ ਕਲਾਕਾਰ ਨੂੰ ਇਸ ਕਦਰ ਲੰਮੇ ਹੱਥੀਂ ਲਿਆ ਹੋਵੇਗਾ। ਖ਼ਬਰਾਂ ਸਭ ਨੇ ਪੜ੍ਹੀਆਂ ਹੀ ਨੇ ਕਿ ਸੋਨੂੰ ਚੰਡੀਗੜ੍ਹੀਆ ਨਾਂ ਦੇ ਇੱਕ ਗੀਤਕਾਰ ਨੇ ਸਾਲ 2000 ਵਿਚ ਸੁਰਜੀਤ ਖਾਨ ਤੇ ਗੀਤਕਾਰ ਜਿੰਦ ਸਵਾੜਾ 'ਤੇ ਮੁਹਾਲੀ ਦੀ ਅਦਾਲਤ 'ਚ ਕੇਸ ਦਰਜ ਕੀਤਾ ਸੀ ਕਿ ਉਨ੍ਹਾਂ ਨੇ ਉਸ ਦਾ ਇੱਕ ਗੀਤ 'ਮਾਲਵੇ ਦੀ ਵੱਡ ਵੱਜਦੀ, ਸੁਣ ਜਾ ਪਤਲੀਏ ਨਾਰੇ' ਆਪਣੇ ਨਾਂ ਹੇਠ ਰਿਕਾਰਡ ਕਰਾ ਲਿਆ ਸੀ।

ਸੋਨੂੰ ਨੇ ਦਸ ਸਾਲ ਕੇਸ ਦੀ ਪੈਰਵੀ ਕੀਤੀ ਤਾਂ 2010 ਵਿਚ ਅਦਾਲਤ ਨੇ ਫ਼ੈਸਲਾ ਸੁਣਾਇਆ ਕਿ ਸੁਰਜੀਤ ਖ਼ਾਨ, ਸੋਨੂੰ ਚੰਡੀਗੜ੍ਹੀਏ ਨੂੰ 4 ਲੱਖ 59 ਹਜ਼ਾਰ ਰੁਪਏ ਜੁਰਮਾਨਾ ਅਦਾ ਕਰੇ। ਜਿਵੇਂ ਕਿ ਕਲਾਕਾਰ ਕਰਦੇ ਹੀ ਹੁੰਦੇ ਨੇ, ਉਹੀ ਹੋਇਆ। ਸੋਨੂੰ ਦੀ ਤਾਂ ਕੀ ਮੰਨਣੀ ਸੀ, ਅਦਾਲਤੀ ਹੁਕਮਾਂ ਨੂੰ ਵੀ ਟਿੱਚ ਸਮਝਿਆ ਗਿਆ ਤੇ ਅਖੀਰ ਪਿਛਲੇ ਦਿਨੀਂ ਅਦਾਲਤ ਨੇ ਸੁਰਜੀਤ ਖਾਨ ਦੀ ਮੁਹਾਲੀ ਸਥਿਤ ਕੋਠੀ ਕੁਰਕ ਕਰਨ ਲਈ ਕਹਿ ਦਿੱਤਾ, ਤਾਂ ਜੁ ਉਹ ਕੋਠੀ ਨੂੰ ਕਿਤੇ ਹੋਰ ਨਾ ਵੇਚ ਸਕੇ। ਅਦਾਲਤ ਨੇ ਇਹ ਵੀ ਕਿਹਾ ਕਿ ਜੇਕਰ ਹਾਲੇ ਵੀ ਸੁਰਜੀਤ ਨੇ ਸੋਨੂੰ ਨੂੰ 4 ਲੱਖ 59 ਹਜ਼ਾਰ ਨਾ ਦਿੱਤੇ ਤਾਂ ਉਸ ਦੀ ਕੋਠੀ ਨੀਲਾਮ ਕਰਕੇ ਗੀਤਕਾਰ ਨੂੰ ਪੈਸੇ ਦੇ ਦਿੱਤੇ ਜਾਣਗੇ।

ਗੀਤਾਂ ਦੀ ਚੋਰੀ ਨਾਲ ਜੁੜਿਆ ਇਹ ਫ਼ੈਸਲਾ ਉਨ੍ਹਾਂ ਗਾਇਕਾਂ ਤੇ ਗੀਤਕਾਰਾਂ ਨੂੰ ਝਟਕਾ ਲਾਉਣ ਵਾਲਾ ਹੈ, ਜਿਹੜੇ ਕਿਸੇ ਦੀ ਕਿਰਤ ਨੂੰ ਆਪਣੀ ਬਣਾਉਣ ਲੱਗੇ ਡਰ ਨੂੰ ਨੇੜੇ ਨਹੀਂ ਫਟਕਣ ਦਿੰਦੇ। ਆਮ ਰੀਤ ਇਹੀ ਹੈ ਕਿ ਕਿਸੇ ਚੰਗੇ ਜਿਹੇ ਗੀਤ ਦੀ ਸਥਾਈ ਚੁੱਕ ਲਵੋ ਤੇ ਬਾਕੀ ਗੀਤ ਕਿਸੇ ਹੋਰ ਕੋਲੋਂ ਪੂਰਾ ਕਰਵਾ ਲਵੋ। ਗੀਤ ਰਿਕਾਰਡ ਹੋਣ ਤੋਂ ਬਾਅਦ ਜਦੋਂ ਰੌਲਾ ਰੱਪਾ ਪੈਣ ਲੱਗਦੈ ਤਾਂ ਪੰਜ-ਸੱਤ ਹਜ਼ਾਰ ਦੇ ਕੇ ਰੌਲਾ ਪਾਉਣ ਵਾਲੇ ਨੂੰ ਚੁੱਪ ਕਰਾ ਲਓ। ਇਹੀ ਕਾਰਨ ਹੈ ਕਿ ਕਈ ਵੱਡੇ-ਵੱਡੇ ਗੀਤਕਾਰਾਂ ਦੇ ਗੀਤ ਚੋਰੀ ਵਾਲੇ ਕਿੱਸੇ ਸਾਹਮਣੇ ਨਹੀਂ ਆਉਂਦੇ ਕਿਉਂਕਿ ਉਹ ਜਾਣਦੇ ਨੇ ਕਿ ਗੀਤਕਾਰ ਕਿੰਨੇ ਕੁ ਜੋਗਾ ਹੁੰਦੈ ਤੇ ਜੇ ਉਹ ਰੌਲਾ ਪਾਵੇ ਤਾਂ ਕਿੰਨੇ ਕੁ ਪੈਸਿਆਂ ਨਾਲ ਉਹਦਾ ਮੂੰਹ ਬੰਦ ਹੋ ਸਕਦੈ।

ਥੋੜ੍ਹੀ ਦੇਰ ਪਹਿਲਾਂ ਹੀ 'ਸੂਫ਼ੀ ਗਾਇਕ' ਸਤਿੰਦਰ ਸਰਤਾਜ ਦੀ ਇਸੇ ਮਾਮਲੇ 'ਚ ਮਿੱਟੀ ਪੱਟੀ ਗਈ ਹੈ। ਹੈਰਾਨੀ ਦੀ ਗੱਲ ਹੈ ਕਿ ਬੰਦਾ ਏਸ ਮੁਕਾਮ 'ਤੇ ਪਹੁੰਚ ਕੇ ਵੀ ਉਹੀ ਕਾਰੇ ਕਰ ਬੈਠਦੈ, ਜਿਹੜਾ ਸ਼ੁਰੂਆਤ ਮੌਕੇ ਅਣਜਾਣਪੁਣੇ 'ਚ ਕਰਦਾ ਹੁੰਦੈ। ਜੇ ਸਤਿੰਦਰ ਗ਼ਲਤੀ ਕਰ ਹੀ ਬੈਠਾ ਸੀ ਤਾਂ ਵਿਰੋਧ ਦਾ ਪਤਾ ਲੱਗਣ ਦੇ ਅਗਲੇ



ਸਰਤਾਜ

ਹੀ ਦਿਨ ਫ਼ਿਰੋਜ਼ਪੁਰ ਜਾ ਕੇ ਤਰਲੋਕ ਸਿੰਘ ਜੱਜ ਕੋਲੋਂ ਮਾਫ਼ੀ ਮੰਗ ਲੈਂਦਾ, ਜਾਂ ਉਨ੍ਹਾਂ ਨੂੰ ਇਸ ਤਰ੍ਹਾਂ ਭਰੋਸੇ 'ਚ ਲੈਂਦਾ ਕਿ ਚੋਰੀ ਵਾਲੀ ਗੱਲ ਛੋਟੀ ਤੇ ਅਪਣੱਤ ਵਾਲੀ ਗੱਲ ਵੱਡੀ ਲੱਗਣ ਲੱਗਦੀ। ਪਰ ਕਿਉਂਕਿ ਸਰਤਾਜ 'ਸਟਾਰ' ਹੈ, ਇਸ ਕਰਕੇ ਉਹਨੂੰ ਵਕਤ ਹੀ ਨਾ ਮਿਲਿਆ।

ਜਦੋਂ ਤੱਕ ਉਹ ਜੱਜ ਕੋਲ ਗਿਆ, ਉਦੋਂ ਤੱਕ ਪੰਜਾਬੀ, ਹਿੰਦੀ, ਅੰਗਰੇਜ਼ੀ ਦੀ ਹਰ ਅਖ਼ਬਾਰ ਉਸ ਦਾ ਇਹ ਕਿੱਸਾ ਲੋਕਾਂ ਤੱਕ ਪੁਚਾ ਚੁੱਕੀ ਸੀ। ਸਿਆਣੇ ਲੋਕ ਤਾਂ ਇਹੀ ਕਹਿੰਦੇ ਨੇ ਕਿ ਜਦੋਂ ਮਾਮਲਾ ਸੁਲਝਣਾ ਹੀ ਮਾਫ਼ੀ ਮੰਗਿਆਂ ਹੋਵੇ ਤਾਂ ਦੇਰ ਕਿਉਂ ਲਾਈ ਜਾਵੇ। ਥੋੜ੍ਹੇ ਹਫ਼ਤੇ ਪਹਿਲਾਂ ਇੱਕ ਵਾਰ ਫਿਰ ਅਖ਼ਬਾਰਾਂ ਨੇ ਖ਼ਬਰਾਂ ਨਸ਼ਰ ਕੀਤੀਆਂ ਕਿ ਜੱਜ ਨੇ ਸਰਤਾਜ 'ਤੇ ਧੋਖਾਧੇਹੀ ਅਤੇ ਕਾਪੀਰਾਈਟ ਐਕਟ ਤਹਿਤ ਕੇਸ ਦਰਜ ਕਰਾ ਦਿੱਤਾ ਹੈ, ਕਿਉਂਕਿ ਜ਼ੁਬਾਨ ਕਰਨ ਦੇ ਬਾਵਜੂਦ ਸਰਤਾਜ ਨੇ ਮੁੜ ਉਸ ਦੀਆਂ ਗ਼ਜ਼ਲਾਂ ਦੀ ਵਰਤੋਂ ਕਰ ਲਈ।

ਜਵਾਬ 'ਚ ਭਾਵੇਂ ਸਰਤਾਜ ਦਾ ਇਹ ਕਹਿਣਾ ਹੈ ਕਿ ਉਸ ਨੇ ਚੈਨਲ 'ਤੇ ਰਿਕਾਰਡਿੰਗ ਮਾਫ਼ੀ ਮੰਗਣ ਤੋਂ ਪਹਿਲਾਂ ਦੀ ਕੀਤੀ ਹੋਈ ਸੀ ਪਰ ਟੈਲੀਕਾਸਟ ਮਾਫ਼ੀ ਮੰਗਣ ਤੋਂ ਬਾਅਦ ਹੋਈ। ਜੋ ਵੀ ਹੋਵੇ, ਬਦਨਾਮੀ ਸਿਰਫ਼ ਤੇ ਸਿਰਫ਼ ਸਰਤਾਜ ਦੀ ਹੋਈ, ਹੋਰ ਕਿਸੇ ਦੀ ਨਹੀਂ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਪੰਜਾਬ ਵਿਚ ਨਾ ਗੀਤ ਚੋਰੀ ਕਰਨ ਵਾਲੇ ਗਾਇਕਾਂ ਦੀ ਘਾਟ ਹੈ ਤੇ ਨਾ ਹੀ ਗੀਤਕਾਰਾਂ ਦੀ। ਬਹੁਤ ਮਸ਼ਹੂਰ ਕਈ ਗਾਣੇ ਇਹੋ ਜਿਹੇ ਵੀ ਹਨ, ਜਿਹੜੇ ਵੱਖ-ਵੱਖ ਗੀਤਕਾਰਾਂ ਨੇ ਪਾਕਿਸਤਾਨੀ ਗੀਤਾਂ ਦੇ ਮੁਖੜਿਆਂ ਤੋਂ ਪੂਰੇ ਕੀਤੇ ਨੇ। ਬਹੁਤੀ ਵਾਰ ਇਸ ਸਭ ਬਾਬਤ ਗਾਇਕ ਨੂੰ ਵੀ ਪਤਾ ਹੁੰਦੈ ਪਰ ਮਿਲ-ਮਿਲਾ ਕੇ ਸਭ ਕੁੱਝ ਸਿਰੇ ਚਾੜ੍ਹ ਲਿਆ ਜਾਂਦੈ।

ਪੰਜਾਬ ਦੇ ਇੱਕ ਨਾਮਣੇ ਵਾਲੇ ਗਾਇਕ ਦਾ ਪਿੱਛੇ ਜਿਹੇ ਇੱਕ ਗੀਤ ਬੜਾ ਮਸ਼ਹੂਰ ਹੋਇਆ ਤਾਂ ਇੱਕ ਗੀਤਕਾਰ ਨੇ ਗਾਇਕ, ਚੋਰੀ ਕਰਨ ਵਾਲੇ ਗੀਤਕਾਰ ਅਤੇ ਕੰਪਨੀ ਤਿੰਨਾਂ ਖਿਲਾਫ਼ ਕੇਸ ਦਰਜ ਕਰਾ ਦਿੱਤਾ ਸੀ। ਫਿਰ ਗਾਇਕ ਨੂੰ ਲੱਖ ਰੁਪਿਆ ਦੇ ਕੇ ਮਾਮਲਾ ਠੱਪ ਕਰਾਉਣਾ ਪਿਆ ਸੀ। ਏਸੇ ਤਰ੍ਹਾਂ ਇੱਕ ਗਾਇਕ ਦਾ ਜਦੋਂ ਚੈਨਲਾਂ 'ਤੇ ਗੀਤ ਵੱਜਣ ਲੱਗਾ ਤਾਂ ਇੱਕ ਗੀਤਕਾਰ ਨੇ ਸਟੇਅ ਲੈ ਲਿਆ ਤੇ ਚੈਨਲ ਨੇ ਗਾਇਕ ਦੇ ਕੰਨ ਖਿੱਚ ਦਿੱਤੇ ਕਿ ਸਾਥੋਂ ਇਹ ਕੀ ਕਰਾਈ ਜਾ ਰਿਹੈਂ, ਇਹ ਗਾਣਾ ਹੁਣ ਅਸੀਂ ਨਹੀਂ ਚਲਾ ਸਕਦੇ।

ਕਹਿਣ ਦਾ ਭਾਵ ਸੁਰਜੀਤ ਅਤੇ ਸਰਤਾਜ ਵਾਲੀ ਗੱਲ ਨਵੀਂ ਹੋਣ ਕਰਕੇ ਸਭ ਦੇ ਚੇਤੇ 'ਚ ਘੁੰਮ ਰਹੀ ਹੈ ਪਰ ਇਹੋ ਜਿਹੇ ਕਾਰੇ ਲਗਭਗ ਹਰ ਮਹੀਨੇ ਹੁੰਦੇ ਹੀ ਰਹਿੰਦੇ ਨੇ। ਜਿਹੜਾ ਫ਼ੈਸਲਾ ਅਦਾਲਤ ਨੇ ਹੁਣ ਸੁਰਜੀਤ ਖ਼ਾਨ ਖਿਲਾਫ਼ ਸੁਣਾਇਐ, ਉਸ ਨਾਲ ਬਹੁਤਾ ਲੰਮਾ ਸਮਾਂ ਭਾਵੇਂ ਨਾ ਸਹੀ ਪਰ ਕੁੱਝ ਮਹੀਨੇ ਗੀਤ ਚੋਰਾਂ ਦੇ ਹੌਸਲੇ ਜ਼ਰੂਰ ਪਸਤ ਰਹਿਣਗੇ।

# ਪਹਿਲਵਾਨ ਜੱਬੋਵਾਲੀਆ ਦਰਸ਼ਨ

ਰੁਸਤਮੇ-ਹਿੰਦ ਪਹਿਲਵਾਨ ਹਰਬੰਸ ਸਿੰਘ ਨੂੰ ਤਕੜਾ ਦਰਸ਼ਨੀ ਪਹਿਲਵਾਨ ਮੰਨਦਾ ਹੋਇਆ ਪਹਿਲਵਾਨ ਦਰਸ਼ਨ ਸਿੰਘ ਦੱਸ ਰਿਹਾ ਸੀ ਕਿ ਉਹ ਗਿਆਰਾਂ ਕੁ ਸਾਲ ਦਾ ਹੋਵੇਗਾ ਜਦੋਂ ਉਹ ਪਿੰਡ ਦੇ ਬਤਨ ਸੁੰਹ ਨਾਲ ਪਹਿਲਵਾਨ ਹਰਬੰਸ ਸਿੰਘ ਦੀ ਮਾਹਲਾਂ ਵਾਲੇ ਧੰਨੇ ਪਹਿਲਵਾਨ ਨਾਲ ਕਰਨਾਣੇ ਕੁਸ਼ਤੀ ਦੇਖਣ ਗਿਆ। ਦੋਨਾਂ ਦੀ ਜ਼ਬਰਦਸਤ ਕੁਸ਼ਤੀ ਬਰਾਬਰ ਰਹੀ ਸੀ। ਤਕਤੀਆਂ ਕੁਸ਼ਤੀਆਂ ਦੇਖਣ ਸਰਦਾਰ ਖਾਂ, ਗੁੱਤਾ, ਠਾਕਰ ਅੰਬਰਸਰੀਏ ਪਹਿਲਵਾਨ ਅਤੇ ਪਾਕਿਸਤਾਨੋਂ ਹੋਰ ਪਹਿਲਵਾਨ ਆ ਜਾਂਦੇ ਸਨ। ਮਾਹਲਾਂ ਵਾਲੇ ਧੰਨੇ ਪਹਿਲਵਾਨ ਦੀਆਂ ਸੰਕਰੀਏ ਗੁਰਦਾਵਰ ਨਾਲ 30-35 ਕੁਸ਼ਤੀਆਂ ਹੋਈਆਂ। ਗਿੱਲ ਪ੍ਰੀਤਾ, ਧਿਆਨਾ, ਕਰਮਾ ਕੋਟਵਾਲਾ, ਢਾਡੀ ਪਹਿਲਵਾਨ ਅਤੇ ਬਰਨੇ ਦਾ ਸਰਬਣ ਜਿਹੇ ਪਹਿਲਵਾਨ ਦਰਸ਼ਨ ਦੇ ਬਰਾਬਰ ਜੋੜ ਹੁੰਦੇ ਸਨ। ਬਰਨੇ ਦੇ ਸਰਬਣ ਨੂੰ ਇਕ ਵਾਰ ਮਜਾਰੀ ਦਾਹਿਆ ਅਤੇ ਗਿੱਲ ਪ੍ਰੀਤੇ ਨਾਲ ਬਰਾਬਰ ਰਿਹਾ। ਪਾਸਲੇ ਵਾਲਾ ਗੇਜਾ ਘੁਲਿਆ ਨਹੀਂ ਸੀ।

ਪੁਰਾਣੀਆਂ ਯਾਦਾਂ ਤਾਜ਼ਾ ਕਰਦਿਆਂ ਦਰਸ਼ਨ ਪਹਿਲਵਾਨ ਨੇ ਦੱਸਿਆ ਕਿ ਦੁਸ਼ਹਿਰੇ ਵਾਲੇ ਦਿਨ ਪਾਸਲੇ ਕੁਸ਼ਤੀਆਂ ਸਨ। ਪਾਸਲੇ ਦੇ ਨਾਲ ਦੰਦੂਆਲ ਉਸ ਦੇ ਗੁਰਭਾਈ ਦੇਵ ਸੰਘੇ ਪਹਿਲਵਾਨ ਦਾ ਪਿੰਡ ਸੀ। ਮੈਂ ਉਹਦੇ ਕੋਲ ਗਿਆ ਹੋਇਆ ਸੀ। ਕੁਸ਼ਤੀਆਂ ਤੋਂ ਪਹਿਲਾਂ ਢੋਲ ਨਾਲ ਛਿੰਝ ਬਾਰੇ ਮੁਨਾਦੀ ਕਰਾਈ ਜਾਂਦੀ ਸੀ। ਗੇਜੇ ਨੇ ਕਹਿ ਕੇ ਢੋਲ ਵਾਲੇ ਤੋਂ ਮੁਨਾਦੀ ਕਰਾਈ ਕਿ ਜਿਹੜਾ ਕੱਲ੍ਹ ਨੂੰ ਗੇਜੇ ਨੂੰ ਢਾਹ ਜਾਵੇ ਉਹਨੂੰ ਦੋ ਸੌ ਰੁਪਿਆ ਇਨਾਮ ਦਿਤਾ ਜਾਵੇਗਾ। ਦੇਵ ਸੰਘੇ ਨੇ ਢੋਲ ਵਾਲੇ ਨੂੰ 'ਵਾਜ਼ ਮਾਰ ਕੇ ਕਿਹਾ, 'ਦੋ ਸੌ ਨਹੀਂ, ਪੰਜ ਸੌ, ਨਾਲੇ 'ਖਾੜੇ 'ਚ ਰੈਫ਼ਰੀ ਤੋਂ ਇਲਾਵਾ ਹੋਰ ਕੋਈ ਨਹੀ ਹੋਵੇਗਾ।' ਚਲੋ ਜੀ ਰਾਤ ਪੈ ਗਈ। ਕੋਠਿਆਂ 'ਤੇ ਸੌਂ ਗਏ। ਰਾਤ ਨੂੰ ਕੱਚੀ ਕੰਧ ਟੱਪ ਕੇ ਗੇਜਾ ਕੋਠੇ ਆ ਚੜ੍ਹਿਆ ਤੇ ਦੇਵ ਨੂੰ ਕਹਿਣ ਲੱਗਾ, ਸੰਘਿਆ ਦੋ ਸੌ ਰੁਪਿਆ ਦੇਵਾਂਗਾ, ਜੇ ਕੱਲ੍ਹ ਨੂੰ ਮੇਰੇ ਕੋਲੋਂ ਦਰਸ਼ਨ ਪਿੱਠ ਲੁਆ ਲਵੇ। 'ਦਰਸ਼ਨ ਕਦੇ ਨੀ ਮੰਨੇਗਾ, ਉਹ ਰਲ ਕੇ ਘੁੱਲਣ ਵਾਲਾ ਨੀ, ਜੇ ਉਹਨੂੰ ਪਤਾ ਲੱਗ ਗਿਆ ਤਾਂ ਤੇਰੇ ਗਲ ਪੈ ਜੂ, ਉਨ੍ਹੇ ਕੱਲ੍ਹ ਨੂੰ ਘੋਲ ਕਰਨਾ ਈ ਕਰਨਾ।' ਜਵਾਬ ਸੁਣ ਕੇ ਗੇਜਾ ਚਲਾ ਗਿਆ ਤੇ ਸਵੇਰੇ ਮੂੰਹ 'ਨੇਰੇ ਹੀ ਕਿਤੇ ਨਿਕਲ ਗਿਆ। ਕਾਹਮੇ ਲੱਠੀਆਂ ਵਾਲੇ ਬਿਸ਼ਨੇ ਨੂੰ ਢਾਹ ਕੇ ਪਟਕਾ ਜਿਤਿਆ। ਦਰਸ਼ਨ ਨੇ ਇਹ ਵੀ ਦੱਸਿਆ ਰੂਪੋਵਾਲ ਛਿੰਝ ਪੈਣੀ ਸੀ। ਉਥੇ ਮੈਂ ਵੀ ਸੋਡੀਆਂ ਵਾਲੇ ਰਾਣੇ ਉਸਤਾਦ ਨਾਲ ਗਿਆ ਹੋਇਆ ਸੀ। ਰਾਮਾ ਖੇਲਾਂ ਵਾਲਾ ਸਰਬਣ ਵੀ ਉਥੇ ਪਹੁੰਚਿਆ ਹੋਇਆ ਸੀ। 'ਕਿੱਦਾਂ ਪਕੜ ਹੋਊ?' ਛੱਪੜ ਕੰਢੇ ਨਹਾਉਂਦਾ ਸਰਬਣ ਰਾਣੇ ਨੂੰ ਕਹਿਣ ਲੱਗਾ, 'ਹੁਣ ਮੈਂ ਨੀ, ਤੇਰੇ ਨਾਲ ਮੇਰਾ ਸ਼ਗਿਰਦ ਘੁੱਲਿਆ ਕਰੂ।' 'ਜਿੱਦਾਂ ਦੀ ਕੋਕੋ, ਉੱਦਾਂ ਦੇ ਕੋਕੋ ਦੇ ਬੱਚੇ,' ਉਸਤਾਦ ਰਾਣੇ ਨਾਲ ਮੈਨੂੰ ਦੇਖ ਕੇ ਸਰਬਣ ਨੇ ਟਿੱਚਰ ਕੀਤੀ। ਫਿਰ ਸੂਰਾਪੁਰ ਕੁਸ਼ਤੀਆਂ ਹੋਈਆਂ। ਸਰਬਣ ਦੀ ਪਕੜ ਮੇਰੇ ਨਾਲ ਹੋਈ। ਮੈਂ ਬੜੇ ਜ਼ੋਰ ਨਾਲ ਸਰਬਣ ਨੂੰ ਹਰਾਇਆ। 'ਦੇਖਿਆ ਫਿਰ ਕੋਕੋ ਦੇ ਬੱਚੇ' ਰਾਣੇ ਨੇ ਰੂਪੋਵਾਲ ਵਾਲੀ ਟਿੱਚਰ ਸਰਬਣ ਨੂੰ ਯਾਦ ਕਰਾਈ। ਦਰਸ਼ਨ ਵਿਰੋਧੀ ਪਹਿਲਵਾਨ ਨੂੰ ਖਿਚ ਮਾਰ ਕੇ ਪੱਟੀ ਲਾਉਣ ਦੇ ਦਾਅ ਦਾ ਮਾਹਰ ਹੁੰਦਾ ਸੀ।

ਛੇ ਫੁੱਟ ਤੋਂ ਉਚੇ ਗੋਰੇ ਰੰਗ ਵਾਲੇ ਪਹਿਲਵਾਨ ਦਰਸ਼ਨ ਸਿੰਘ ਨੇ ਅੱਸੀ ਕਿਲੋ ਤੋਂ ਵੱਧ ਕਦੇ ਭਾਰ ਨਹੀਂ ਸੀ ਵਧਣ ਦਿਤਾ। ਮਿਹਨਤ ਕਰ ਕੇ ਸਰੀਰ ਨੂੰ ਨਿੱਗਰ ਬਣਾਇਆ। ਵੀਹ ਸਾਲ ਦੀ ਉਮਰ ਤੋਂ ਅਠਾਈ ਸਾਲ ਤੱਕ ਪਹਿਲਵਾਨੀ ਕੀਤੀ। ਉਸ ਦੀ ਜ਼ਿੰਦਗੀ 'ਚ ਇਕ ਅਜਿਹਾ ਹਾਦਸਾ ਹੋਇਆ ਕਿ ਸਭ ਕੁਝ ਬਦਲ ਗਿਆ। ਕੁਸ਼ਤੀਆਂ ਛੱਡਣੀਆਂ ਪਈਆਂ। ਵੱਡਾ ਪਹਿਲਵਾਨ ਬਣਨ ਦਾ ਸੁਪਨਾ ਚਕਨਾਚੂਰ ਹੋ ਗਿਆ। ਕੁਸ਼ਤੀਆਂ ਛੱਡਣ ਤੋਂ ਬਾਅਦ ਇਕ ਵਾਰ ਦਰਸ਼ਨ, ਮੇਹਰਦੀਨ ਨੂੰ ਡੇਹਲੋਂ ਕੁਸ਼ਤੀਆਂ ਵਿਚ ਮਿਲਿਆ ਤਾਂ ਮੇਹਰਦੀਨ ਕਿਸੇ ਕੋਲ ਕਹਿਣ ਲੱਗਾ, 'ਆਹ ਇਲਾਕਾ ਮੈਂ ਦਰਸ਼ਨ ਕਰਕੇ ਛੱਡਿਆ ਸੀ, ਇਹਨੂੰ ਕੁਸ਼ਤੀਆਂ ਨਹੀਂ ਸੀ ਛੱਡਣੀਆਂ ਚਾਹੀਦੀਆਂ।'

ਦਰਸ਼ਨ ਦਾ ਭਤੀਜਾ ਭੱਜੀ ਵੀ ਘੁੱਲਣ ਦਾ ਸ਼ੌਕੀ ਸੀ। ਪਿਤਾ ਦੀ ਤਰ੍ਹਾਂ ਬੇਟਾ ਗੁਰਨਾਦ ਸਿੰਘ ਪਹਿਲਵਾਨ ਤਾਂ ਨਹੀਂ ਬਣ ਸਕਿਆ, ਕਬੱਡੀ ਖਿਡਾਰੀ ਜਰੂਰ ਬਣਿਆ। ਤਿੰਨ ਬੇਟੀਆਂ ਤੇ ਇਕ ਬੇਟੇ ਦਾ ਬਾਪ ਪਹਿਲਵਾਨ ਦਰਸ਼ਨ ਸਿੰਘ ਨਾਗਰਾ ਜ਼ਿੰਦਗੀ ਤੋਂ ਪੂਰਾ ਖੁਸ਼ ਹੈ। ਬੱਚੇ ਆਪੋ-ਆਪਣੇ ਥਾਂ ਸੈਟ ਹਨ। ਦੋ ਬੇਟੀਆਂ ਨਿਊਜ਼ੀਲੈਂਡ ਅਤੇ ਇਕ ਕੈਲੀਫੋਰਨੀਆ ਹੈ। ਖੇਡਾਂ ਦਾ ਸ਼ੌਕੀਨ ਭਤੀਜਾ ਇੰਦਰਜੀਤ ਸਿੰਘ (ਜੀਤਾ ਨਾਗਰਾ) ਵੀ ਫਰਿਜਨੋ ਕੈਲੀਫੋਰਨੀਆ ਪਰਿਵਾਰ ਸਮੇਤ ਰਹਿੰਦਾ ਹੈ। ਜੀਤੇ ਨੇ ਫਰਿਜਨੋ ਵਿਚ ਬਜ਼ੁਰਗਾਂ ਦੀ ਰੱਸਾ-ਕਸੀ ਟੀਮ ਬਣਾਈ ਹੋਈ ਹੈ। ਅੱਸੀਆਂ ਨੂੰ ਢੁੱਕ ਚੁੱਕਾ ਪਹਿਲਵਾਨ ਦਰਸ਼ਨ ਸਿੰਘ ਅਤੇ ਪਤਨੀ ਜੋਗਿੰਦਰ ਕੌਰ ਇਸ ਵਕਤ ਬੇਟੇ ਗੁਰਨਾਦ ਸਿੰਘ ਅਤੇ ਬੱਚਿਆਂ ਕੋਲ ਨਿਊਜ਼ੀਲੈਂਡ ਰਹਿੰਦੇ ਹਨ।

# ਪੰਜਾਬ 'ਚ ਹੜ੍ਹ: ਕੁਦਰਤੀ ਦੀ ਮਾਰ ਜਾਂ ਸਰਕਾਰੀ ਬਦਇੰਤਜ਼ਾਮੀ

(ਸਫਾ 14 ਦੀ ਬਾਕੀ)

ਦੀ ਘਾਟ ਦਾ ਸ਼ਿਕਾਰ ਹਨ। ਨਤੀਜੇ ਵਜੋਂ ਮਰੀਜ਼ਾਂ ਦੀ ਭੀੜ ਇਨ੍ਹਾਂ ਤੋਂ ਸਾਂਭੀ ਨਹੀਂ ਜਾਂਦੀ। ਹੜ੍ਹ ਵਰਗੀ ਹਾਲਤ ਵਿਚ ਦੂਜੇ ਇਲਾਕਿਆਂ ਵਿਚੋਂ ਅਮਲਾ ਲਿਆਉਣ ਦਾ ਮਤਲਬ ਹੈ ਕਿ ਰੋਜ਼ਾਨਾ ਦੀਆਂ ਸੇਵਾਵਾਂ ਬੰਦ ਕਰ ਦੇਣਾ। ਜੇ ਮਰੀਜ਼ਾਂ ਨੂੰ ਦੂਜੇ ਇਲਾਕਿਆਂ ਵਿਚ ਲਿਜਾਇਆ ਜਾਵੇਗਾ ਤਾਂ ਅਮਲੇ ਤੇ ਦਵਾਈਆਂ ਦੀ ਕਿੱਲਤ ਨਾਲ ਘੁਲ ਰਹੇ ਹਸਪਤਾਲਾਂ ਤੋਂ ਇਹ ਸਾਂਭੇ ਨਹੀਂ ਜਾਣੇ। ਇਸ ਹਾਲਤ ਵਿਚ ਸਿਆਸਤਦਾਨਾਂ ਦੇ ਦੌਰੇ ਅਤੇ ਪੱਤਰਕਾਰਾਂ ਦੀਆਂ ਟਕੋਰਾਂ ਹਾਜ਼ਰ ਅਮਲੇ ਉੱਤੇ ਦਬਾਅ ਤਾਂ ਵਧਾ ਸਕਦੀਆਂ ਹਨ ਪਰ ਰਾਹਤ ਨਹੀਂ ਪਹੁੰਚਾ ਸਕਦੀਆਂ।

ਬਿਪਤਾ ਸਮੇਂ ਯਾਦ ਆਉਣ ਵਾਲੀਆਂ ਸਹੂਲਤਾਂ ਨੂੰ ਸਰਕਾਰ ਨਿੱਜੀਕਰਨ ਦੀ ਨੀਤੀਆਂ ਤਹਿਤ ਹਰ ਰੋਜ਼ ਖੋਰਾ ਲਗਾ ਰਹੀ ਹੈ। ਇਸ ਲਈ ਜੇ ਬਿਪਤਾ ਸਮੇਂ ਸਹੂਲਤਾਂ ਲੋੜਾਂ ਤੋਂ ਊਣੀਆਂ ਰਹਿ ਜਾਂਦੀਆਂ ਹਨ ਤਾਂ ਇਸ ਦਾ ਕਾਰਨ ਬਦਇੰਤਜ਼ਾਮੀ ਦਾ ਉਹ ਆਲਮ ਹੈ ਜੋ ਖੁੱਲ੍ਹੀ ਮੰਡੀ ਦੇ ਆਪ-ਹੁਦਰੇਪਣ ਦੀ ਵਕਾਲਤ ਕਰਦਾ ਹੈ। ਜਦੋਂ ਮੁਲਕ ਸ਼ਹਿਰੀ ਨੂੰ ਖਪਤਕਾਰ ਵਜੋਂ ਦੇਖਣਗੇ ਅਤੇ ਨਿੱਜੀ ਕੰਪਨੀਆਂ ਦੇ ਮੁਨਾਫ਼ੇ ਨੂੰ ਯਕੀਨੀ ਬਣਾਉਣ ਲਈ ਹਰ ਦਖ਼ਲਅੰਦਾਜ਼ੀ ਲਈ ਤਿਆਰ ਰਹਿਣਗੇ ਤਾਂ ਬਦਇੰਤਜ਼ਾਮੀ ਦੇ ਨਤੀਜੇ ਵਜੋਂ 'ਕੁਦਰਤੀ ਆਫ਼ਤਾਂ' ਆਉਂਦੀਆਂ ਰਹਿਣਗੀਆਂ। ਰਾਹਤ ਕਾਰਜ ਲੋੜਾਂ ਤੋਂ ਬੌਣੇ ਹੀ ਰਹਿਣਗੇ। ਅਜਿਹੀ ਹਰ 'ਆਫ਼ਤ' ਤੋਂ ਲੋਕ ਕਲਿਆਣ ਦਾ ਢਾਂਚਾ ਹੋਰ ਖੁਰ ਜਾਂਦਾ ਹੈ ਜਿਸ ਦੀ ਮੁੜ ਬਹਾਲੀ ਨਹੀਂ ਕੀਤੀ ਜਾਂਦੀ। ਇਹ ਨਿੱਜੀ ਮੁਨਾਫ਼ੇ ਦਾ ਰਾਹ ਪੱਧਰਾ ਕਰਦਾ ਹੈ ਅਤੇ ਅਗਲੀ 'ਕੁਦਰਤੀ ਆਫ਼ਤ' ਦੀ ਉਡੀਕ ਸ਼ੁਰੂ ਹੋ ਜਾਂਦੀ ਹੈ। ਇਹ ਕੁਦਰਤੀ ਆਫ਼ਤਾਂ ਨੂੰ ਸਰਕਾਰੀ ਜਬਰ ਅਤੇ ਸਮਾਜਿਕ ਵਿਤਕਰੇ ਦੀ ਨੁਮਾਇੰਦਗੀ ਕਰਦੀਆਂ ਹਨ। ਲੋਕਾਂ ਦੇ ਘਰਾਂ ਵਿਚ ਪਈਆਂ ਤਰੇੜਾਂ ਤਾਂ ਭਰੀਆਂ ਨਹੀਂ ਜਾਂਦੀਆਂ ਪਰ ਸਰਕਾਰੀ ਹਸਪਤਾਲਾਂ ਦੇ ਗੁਆਂਢ ਵਿਚ ਸਿਆਸਤਦਾਨਾਂ ਦੀ ਸਰਪ੍ਰਸਤੀ ਹੇਠ ਆਲੀਸ਼ਾਨ ਸਹੂਲਤਾਂ ਦੀਆਂ ਦੁਕਾਨਾਂ ਖੁੱਲ੍ਹ ਜਾਂਦੀਆਂ ਹਨ। 'ਕੁਦਰਤੀ ਆਫ਼ਤਾਂ' ਮੌਕੇ ਸਰਕਾਰ ਦੀਆਂ ਦਹਿ-ਲੱਖੀ ਗੱਡੀਆਂ ਵਿਚ ਦੌਰੇ ਕਰਨ ਵਾਲੇ ਚਿੱਟ-ਕੱਪੜੀਏ ਇਨ੍ਹਾਂ ਦੇ ਉਦਘਾਟਨ ਕਰਨ ਪਹੁੰਚ ਜਾਂਦੇ ਹਨ। ਇਨ੍ਹਾਂ ਹਾਲਾਤ ਵਿਚ ਕੁਦਰਤੀ ਆਫ਼ਤਾਂ, ਪੇਸ਼ਬੰਦੀਆਂ ਅਤੇ ਹੰਗਾਮੀ ਬੰਦੋਬਸਤ ਦਾ ਜਾਇਜ਼ਾ ਲੈਣ ਵੇਲੇ ਸਰਕਾਰ ਦੇ ਅਪਰਾਧੀ ਖ਼ਾਸੇ ਨੂੰ ਨਜ਼ਰਅੰਦਾਜ਼ ਕਿਵੇਂ ਕੀਤਾ ਜਾ ਸਕਦਾ ਹੈ? ਮਨੁੱਖੀ ਤਜਰਬੇ ਵਿਚ ਮੀਂਹਾਂ ਅਤੇ ਕੁਦਰਤੀ ਵਹਿਣਾਂ ਦੀ ਤਰਤੀਬ ਛਪ ਚੁੱਕੀ ਹੈ। ਹੁਣ ਸਰਕਾਰੀ ਬਦਇੰਤਜ਼ਾਮੀ ਦੀ ਤਰਤੀਬ ਦਾ ਜ਼ਾਲਮਾਨਾ ਖ਼ਾਸਾ ਸਮਝਣ ਦਾ ਵਕਤ ਹੈ।

# ਕਸ਼ਮੀਰੀ 'ਪੰਜਾਬਣ' ਢੋਲ ਦੀ ਰਾਣੀ: ਰਾਣੀ ਤਾਜ



ਰਾਣੀ ਤਾਜ ਨੇ ਭਾਵੇਂ ਢੋਲ ਤਾਂ ਨੌਂ ਸਾਲ ਦੀ ਉਮਰ ਵਿਚ ਵਜਾਉਣਾ ਸ਼ੁਰੂ ਕਰ ਦਿੱਤਾ ਸੀ ਪਰ ਪਿਛਲੇ ਸਾਲ (2010) ਦੀਆਂ ਗਰਮੀਆਂ ਵਿਚ ਉਹ ਇਕ ਵਿਆਹ ਸਮਾਗਮ ਵਿਚ ਢੋਲ ਵਜਾ ਕੇ ਅਜੇ ਵਿਹਲੀ ਹੋਈ ਹੀ ਸੀ ਕਿ ਉਸ ਦੇ ਟੱਬਰ ਵਿਚੋਂ ਕਿਸੇ ਨੇ ਸਮਾਗਮ 'ਚੋਂ ਬਾਹਰ ਆਉਂਦਿਆਂ ਕਿਹਾ ਕਿ ਅੱਜ ਕਾਰ ਸਟੀਰੀਓ 'ਤੇ ਪਸੰਦੀਦਾ ਗੀਤ ਵਜਾਉਂਦੇ ਆਂ ਅਤੇ ਉਹ (ਰਾਣੀ ਤਾਜ) ਢੋਲ ਨਾਲ ਇਸ ਗੀਤ ਨਾਲ ਜੁਗਲਬੰਦੀ ਕਰੇ। ਗੱਲ ਸੌਖੀ ਅਤੇ ਸਾਧਾਰਨ ਹੀ ਸੀ; ਸੋ, ਕਾਰ ਸਟੀਰੀਓ ਚੱਲ ਪਿਆ। ਗੀਤ ਚੱਲਿਆ ਰਿਹਾਨਾ ਦਾ 'ਰੂਡੀ ਬੁਆਇ' ਨਾਂ ਦਾ ਬੇਹੱਦ ਮਕਬੂਲ ਗੀਤ। ਉੱਥੇ ਹੀ ਕਿਸੇ ਨੇ ਆਪਣੇ ਕੈਮਰੇ 'ਤੇ ਰਿਕਾਰਡਿੰਗ ਕਰ ਲਈ ਅਤੇ ਫਿਰ ਇਸ ਨੂੰ ਯੂਟਿਊਬ ਉਤੇ ਪਾ ਦਿੱਤਾ। ਸੰਗੀਤ ਦੇ ਇਸ ਅਨੋਖੇ ਸੁਮੇਲ (ਫਿਊਜ਼ਨ) ਨੂੰ ਸੁਣ ਕੇ ਸਭ ਦੰਗ ਹੀ ਰਹਿ ਗਏ। ਇਹ ਆਈਟਮ ਇੰਨੀ ਜ਼ਿਆਦਾ ਹਿੱਟ ਹੋ ਗਈ ਕਿ ਹਰ ਪਾਸੇ ਬੱਸ ਰਾਣੀ ਰਾਣੀ ਹੋ ਗਈ। ਢੋਲ ਵਜਾ ਰਹੀ ਕੁੜੀ ਦੇਖ ਕੇ ਲੋਕਾਂ ਨੂੰ ਰਸਕ ਹੋ ਰਿਹਾ ਸੀ। ਜਿਸ ਨੇ ਵੀ ਇਹ ਫਿਊਜ਼ਨ ਸੁਣਿਆ, ਸਭ ਦੀਆਂ ਉਂਗਲਾਂ ਮੂੰਹ ਵਿਚ ਪੈ ਗਈਆਂ।

ਰਾਣੀ ਤਾਜ ਦਾ ਜਨਮ ਇੰਗਲੈਂਡ ਦੇ ਸ਼ਹਿਰ ਬਰਮਿੰਘਮ ਵਿਚ ਹੋਇਆ। ਪਾਕਿਸਤਾਨ ਵਾਲੇ ਕਸ਼ਮੀਰ ਤੋਂ ਇਗਲੈਂਡ ਜਾ ਕੇ ਵਸੇ ਉਹਦੇ ਮਾਪਿਆਂ ਨੇ ਪਹਿਲਾਂ ਉਹਦਾ ਨਾਂ ਸ਼ਾਹਨਾਰਾ ਰੱਖਿਆ ਸੀ ਪਰ ਉਹਦੀ ਮਾਂ ਉਹਨੂੰ ਸਦਾ 'ਰਾਣੀ' ਕਹਿ ਕੇ ਖਿਡਾਉਂਦੀ, ਪਤਿਆਉਂਦੀ ਤੇ ਸੱਦਦੀ ਸੀ। ਹੌਲੀ ਹੌਲੀ ਉਹਦਾ ਨਾਂ ਰਾਣੀ ਹੀ ਪੈ ਗਿਆ। ਰਾਣੀ ਦੇ ਮਾਪੇ ਆਜ਼ਾਦ ਕਸ਼ਮੀਰ ਦੇ ਮੀਰ ਪੁਰ ਜ਼ਿਲ੍ਹੇ 'ਚ ਰਹਿੰਦੇ ਸਨ ਪਰ ਜਦੋਂ 1960ਵਿਆਂ ਵਿਚ ਉਸ ਇਲਾਕੇ 'ਚ ਮੰਗਲਾ ਡੈਮ ਬਣਾਇਆ ਗਿਆ ਤਾਂ ਹੋਰ ਲੋਕਾਂ ਲੋਕਾਂ ਵਾਂਗ ਉਨ੍ਹਾਂ ਨੂੰ ਵੀ ਉਜੜਨਾ ਪਿਆ। ਇਨ੍ਹਾਂ ਵਿਚੋਂ ਕਈਆਂ ਨੇ ਪਰਦੇਸਾਂ ਵੱਲ ਰੁਖ ਕੀਤਾ। ਪਰਦੇਸੀ ਬਣਨ ਵਾਲੇ ਇਨ੍ਹਾਂ ਲੋਕਾਂ ਵਿਚ ਰਾਣੀ ਦਾ ਨਾਨਾ ਵੀ ਸੀ। ਉਹ ਜਿਵੇਂ-ਕਿਵੇਂ ਬਰਮਿੰਘਮ ਪੁੱਜ ਗਿਆ। ਆਪ ਰਤਾ ਕੁ ਸੌਖਾ ਹੋਣ ਤੋਂ ਬਾਅਦ ਉਹਨੇ ਆਪਣੀ ਬੇਗਮ ਅਤੇ ਬੱਚਿਆਂ ਨੂੰ ਵੀ ਆਪਣੇ ਕੋਲ ਸੱਦ ਲਿਆ। ਰਾਣੀ ਦੀ ਮਾਂ ਉਦੋਂ ਚਾਰ ਸਾਲ ਦੀ ਨੰਨ੍ਹੀ ਜਾਨ ਸੀ ਜਦੋਂ ਉਹ ਇੰਗਲੈਂਡ ਆਪਣੇ ਅੱਬਾ (ਰਾਣੀ ਤਾਜ ਦਾ ਨਾਨਾ) ਕੋਲ ਪੁੱਜੀ। ਮਾਂ ਦਾ ਵਿਆਹ 1990 ਵਿਚ ਹੋਇਆ ਅਤੇ ਇਸ ਤੋਂ ਬਾਅਦ ਰਾਣੀ ਦਾ ਅੱਬਾ ਵੀ ਇੰਗਲੈਂਡ ਪੁੱਜ ਗਿਆ। ਇਸ ਜੋੜੀ ਦੇ ਘਰ ਰਾਣੀ ਨੇ 3 ਅਕਤੂਬਰ 1993 ਵਿਚ ਜਨਮ ਲਿਆ।

ਢੋਲ ਨਾਲ ਪੀਡੀ ਤੰਦ ਪੈਣ ਤੋਂ ਪਹਿਲਾਂ ਰਾਣੀ ਦਾ ਮੋਹ ਵਾਇਲਨ ਨਾਲ ਸੀ। ਇਹ ਉਦੋਂ ਦੀਆਂ ਗੱਲਾਂ ਹਨ, ਜਦੋਂ ਉਹ ਮਹਿਜ਼ ਛੇ ਸਾਲਾਂ ਦੀ ਸੀ। ਫਿਰ ਇਕ ਦਿਨ ਜਦੋਂ ਉਹਦੇ ਪ੍ਰਾਇਮਰੀ ਸਕੂਲ ਵਿਚ ਵਿਸਾਖੀ ਮੇਲਾ ਮਨਾਇਆ ਜਾ ਰਿਹਾ ਸੀ ਤਾਂ 'ਢੋਲ ਬਲਾਸਟਰਜ਼' ਵੱਲੋਂ ਵਜਾਇਆ ਢੋਲ ਉਹਦੇ ਮਨ ਵਿਚ ਕਿਤੇ ਬੈਠ ਗਿਆ। ਸੰਗੀਤ ਦੀਆਂ ਤਰਬਾਂ ਤਾਂ ਪਹਿਲਾਂ ਹੀ ਉਹਦੇ ਜ਼ਿਹਨ ਨੂੰ ਨਚਾ ਰਹੀਆਂ ਸਨ, ਢੋਲ ਉਤੇ ਪੈਂਦੇ ਡਗੇ ਨਾਲ ਉੱਠਦੀ ਆਵਾਜ਼ ਨਾਲ ਤਾਂ ਉੱਡਣ ਹੀ ਲੱਗ ਪਈ। ਉਹਨੇ ਘਰ ਆ ਕੇ ਆਪਣੀ ਮਾਂ ਨੂੰ ਢੋਲ ਖਰੀਦ ਨੇ ਲਿਆਉਣ ਲਈ ਕਿਹਾ। ਘਰੇ ਢੋਲ ਆ ਗਿਆ ਅਤੇ ਇਸ ਤੋਂ ਬਾਅਦ ਤਾਂ ਫਿਰ ਚੱਲ ਸੋ ਚੱਲ। ਇਸ ਦੇ ਨਾਲ ਹੀ ਉਸ ਨੇ ਕੁਝ ਕੁ ਮੁਢਲੇ ਸਾਲ 'ਢੋਲ ਬਲਾਸਟਰਜ਼' ਦੇ ਗੁਰਚਰਨ ਮੱਲ ਤੋਂ ਸਿਖਲਾਈ ਲਈ। ਗੁਰਚਰਨ ਮੱਲ 'ਆਪਣਾ ਸੰਗੀਤ' ਗਰੁੱਪ ਨਾਲ ਵੀ ਢੋਲ ਵਜਾਉਂਦਾ ਸੀ। ਰਾਣੀ ਨੇ ਮਗਰੋਂ 'ਆਜ਼ਾਦ ਢੋਲ' ਗਰੁੱਪ ਦੇ ਹਰਜੀਤ ਸਿੰਘ ਤੋਂ ਸਿੱਖਿਆ ਹਾਸਲ ਕੀਤੀ। ਹਰਜੀਤ ਸਿੰਘ 'ਆਜ਼ਾਦ ਢੋਲ' ਗਰੁੱਪ ਨਾਲ ਤਬਲਾ ਵਜਾਉਂਦਾ ਸੀ। ਦੋਹਾਂ ਦੀ ਭੰਗੜਾ ਸੰਗੀਤ ਵਿਚ ਬੜੀ ਚੜ੍ਹਾਈ ਸੀ। ਮਿਡਲੈਂਡਜ਼ ਵਿਚ ਤਾਂ ਇਨ੍ਹਾਂ ਦੀ ਵਾਹਵਾ ਹੀ ਬੱਲੇ ਬੱਲੇ ਸੀ। ਰਾਣੀ ਨੇ 'ਢੋਲ ਬਲਾਸਟਰਜ਼' ਤੋਂ ਸਿਖਲਾਈ ਲੈਣ ਦੌਰਾਨ ਭੰਗੜਾ ਪਾਉਣਾ ਵੀ ਸਿੱਖ ਲਿਆ।



ਢੋਲ ਅਤੇ ਭੰਗੜਾ ਸਿੱਖਣ ਦੀ ਦੇਰ ਸੀ ਕਿ ਰਾਣੀ ਨੇ ਮੇਲਿਆਂ, ਵਿਆਹਾਂ ਅਤੇ ਹੋਰ ਪਾਰਟੀਆਂ ਵਿਚ ਰੰਗ ਬੰਨ੍ਹਣਾ ਸ਼ੁਰੂ ਕਰ ਦਿੱਤਾ। ਫਿਰ ਕਿਸੇ ਇਕ ਦਿਨ ਵਿਆਹ ਸਮਾਗਮ ਤੋਂ ਬਾਅਦ ਉਸ ਦੇ ਕਿਸੇ ਰਿਸ਼ਤੇਦਾਰ ਮੁੰਡੇ ਨੇ ਉਸ ਲਈ ਕਾਰ ਸਟੀਰੀਓ ਲਾ ਦਿੱਤਾ ਅਤੇ ਉਸ ਨੇ ਰਿਹਾਨਾ ਦੇ ਗੀਤ 'ਰੂਡੀ ਬੁਆਇ' 'ਤੇ ਢੋਲ ਵਜਾ ਕੇ ਸਭ ਦਾ ਦਿਲ ਜਿੱਤ ਲਿਆ। ਹੁਣ ਢੋਲ ਰਾਣੀ ਦੀ ਜਿੰਦ-ਜਾਨ ਹੈ। ਉਹਨੇ ਲੋਕ ਸੇਵਾ ਲਈ ਢੋਲ ਖੂਬ ਵਜਾਇਆ ਹੈ। 2010 ਵਿਚ ਜਦੋਂ ਪਾਕਿਸਤਾਨ ਵਿਚ ਹੜ੍ਹ ਆਏ ਤਾਂ ਉਸ ਦਾ ਢੋਲ ਗੂੰਜਿਆ। ਇਸ ਗੂੰਜ ਦੇ ਪਿੱਛੇ ਹੜ੍ਹਾਂ ਦੀ ਮਾਰ ਹੇਠ ਆਏ ਲੋਕਾਂ ਦਾ ਦਰਦ ਲੁਕਿਆ ਹੋਇਆ ਸੀ। ਇਸ ਸਾਲ (2011) ਜਦੋਂ ਜਾਪਾਨ ਉਤੇ ਸੁਨਾਮੀ ਦਾ ਕਹਿਰ ਟੁੱਟਿਆ ਤਾਂ ਉਸ ਨੇ ਪੀੜਤਾਂ ਲਈ ਮਾਇਆ ਜੁਟਾਉਣ ਖਾਤਰ ਢੋਲ ਵਜਾਇਆ। ਉਹ ਇੰਗਲੈਂਡ, ਹਾਂਗ ਕਾਂਗ, ਨਾਰਵੇ ਅਤੇ ਡਬਲਿਨ ਦਾ ਗੇੜਾ ਕੱਢ ਚੁੱਕੀ ਹੈ। ਉਸ ਨੇ ਜਿੱਥੇ ਵੀ ਜਾ ਕੇ ਢੋਲ ਵਜਾਇਆ, ਉੱਥੋਂ ਦੇ ਲੋਕ ਉਸ ਦੇ ਹੀ ਹੋ ਗਏ। ਨਿੱਕੀ ਉਮਰ ਵਿਚ ਹੀ ਉਸ ਨੇ ਅੰਤਾਂ ਦੀ ਸ਼ੁਹਰਤ ਖੱਟੀ। ਇੰਟਰਨੈੱਟ ਉਤੇ ਯੂਟਿਊਬ ਰਾਹੀਂ ਪਤਾ ਨਹੀਂ ਕਿੰਨੇ ਲੱਖ-ਕਰੋੜ ਲੋਕ ਉਸ ਦਾ ਰਿਹਾਨਾ ਦੇ ਗੀਤ ਨਾਲ ਕੀਤੇ ਫਿਊਜ਼ਨ ਦਾ ਆਨੰਦ ਮਾਣ ਚੁੱਕੇ ਹਨ। ਜਿਸ ਪੈਸ਼ਨ ਨਾਲ ਉਹ ਢੋਲ ਵਜਾਉਂਦੀ ਹੈ, ਜਾਪਦਾ ਹੈ ਕਿ ਉਹ ਪੰਜਾਬ ਦੀ ਹੀ ਕੋਈ ਧੀ ਹੈ ਜੋ ਪਤਾ ਨਹੀਂ ਕਿਹੜੇ ਵੇਲੇ ਵਿਛੜ ਕੇ ਕਸ਼ਮੀਰ ਦੀ ਧੀ ਬਣ ਗਈ ਸੀ!! ਰਾਣੀ ਤਾਜ ਦੇ ਢੋਲ ਦਾ ਜਲੌਅ ਇੱਥੇ ਸੁਣਿਆ-ਦੇਖਿਆ ਜਾ ਸਕਦਾ ਹੈ: www.indyarocks.com/videos/rani-taj--dhol-mixing-live-to-rudeboy-rihanna-486446



***-ਪੰਜਾਬ ਟਾਈਮਜ਼ ਫੀਚਰਜ਼***

# ਖੁਸ਼ਦਿਲ ਅਦਾਕਾਰ ਸ਼ੰਮੀ ਕਪੂਰ



ਆਪਣੀ ਖਾਸ ਯਾਹੂ ਸ਼ੈਲੀ ਕਾਰਨ ਆਪਣੇ ਜ਼ਮਾਨੇ 'ਚ ਬੇਹੱਦ ਪ੍ਰਸਿੱਧੀ ਖੱਟਣ ਵਾਲੇ ਹਿੰਦੀ ਫ਼ਿਲਮਾਂ ਦੇ ਪਹਿਲੇ ਸਿੰਗਿੰਗ-ਡਾਂਸਿੰਗ ਸਟਾਰ ਸ਼ੰਮੀ ਕਪੂਰ ਇਸ ਦੁਨੀਆ ਨੂੰ ਅਲਵਿਦਾ ਕਹਿ ਗਏ ਹਨ। ਜ਼ਿੰਦਗੀ ਦੇ ਆਖਰੀ ਦਿਨਾਂ 'ਚ ਵੀ ਬੇਖੌਫ ਹੋ ਕੇ ਜ਼ਿੰਦਗੀ ਜਿਊਣ ਦੇ ਸ਼ੌਕੀਨ ਸ਼ੰਮੀ ਕਪੂਰ ਦੀ 14 ਅਗਸਤ 2011 ਨੂੰ 79 ਸਾਲ ਦੀ ਉਮਰ 'ਚ ਮੌਤ ਹੋ ਗਈ। ਪਿਛਲੇ ਕੁਝ ਦਿਨਾਂ ਤੋਂ ਉਨ੍ਹਾਂ ਦੀ ਸਿਹਤ ਠੀਕ ਨਹੀਂ ਸੀ। ਸ਼ੰਮੀ ਕਪੂਰ ਦਾ ਜਨਮ 21 ਅਕਤੂਬਰ 1931 ਨੂੰ ਮੁੰਬਈ 'ਚ ਹੋਇਆ। ਸ਼ੰਮੀ ਕਪੂਰ ਦਾ ਅਸਲੀ ਨਾਂ ਸ਼ਮਸ਼ੇਰ ਰਾਜਕਪੂਰ ਹੈ ਤੇ ਉਹ ਪ੍ਰਿਥਵੀ ਥਿਏਟਰ ਦੇ ਬਾਨੀ, ਸੰਚਾਲਕ ਪ੍ਰਿਥਵੀ ਰਾਜਕਪੂਰ ਦੇ ਦੂਜੇ ਪੁੱਤਰ ਸਨ। ਕਿਉਂਕਿ ਉਨ੍ਹਾਂ ਦੇ ਪਿਤਾ ਰੰਗਮੰਚ ਤੇ ਫ਼ਿਲਮਾਂ 'ਚ ਅਦਾਕਾਰੀ ਨਾਲ ਜੁੜੇ ਸਨ, ਇਸ ਲਈ ਸੁਭਾਵਿਕ ਸ਼ੰਮੀ ਕਪੂਰ ਨੂੰ ਵੀ ਅਦਾਕਾਰੀ ਦਾ ਖੇਤਰ ਵਿਰਸੇ 'ਚ ਮਿਲਿਆ। ਅਜਿਹੇ 'ਚ ਉਨ੍ਹਾਂ ਨੇ ਅਦਾਕਾਰੀ ਦੀ ਸ਼ੁਰੂਆਤ ਪ੍ਰਿਥਵੀ ਥਿਏਟਰ ਤੋਂ ਕੀਤੀ ਪਰ ਉਨ੍ਹਾਂ ਦੀ ਪਹਿਲੀ ਫ਼ਿਲਮ 'ਜੀਵਨ ਜਿਓਤੀ' ਸੀ ਜੋ ਸਾਲ 1953 'ਚ ਰਿਲੀਜ਼ ਹੋਈ ਤੇ ਅਸਫਲ ਰਹੀ। ਜਦਕਿ ਉਨ੍ਹਾਂ ਦੇ ਸ਼ੁਰੂਆਤੀ ਦੌਰ ਦੀਆਂ ਬਾਕੀ ਫ਼ਿਲਮਾਂ 'ਰੇਲ ਕਾ ਡਿੱਬਾ', 'ਲੈਲਾ ਮਜਨੂੰ', 'ਠੋਕਰ', 'ਸ਼ਮਾ', 'ਪਰਵਾਨਾ', 'ਹਮ ਸਬ ਚੋਰ ਹੈਂ', 'ਗੁਲ ਸਨੋਵਰ' ਵਰਗੀਆਂ ਫ਼ਿਲਮਾਂ ਵੀ ਫਲਾਪ ਸਿੱਧ ਹੋਈਆਂ। ਅਹਿਮ ਗੱਲ ਇਹ ਹੈ ਕਿ ਸ਼ੁਰੂਆਤੀ ਦੌਰ 'ਚ ਸ਼ੰਮੀ ਕਪੂਰ ਨੇ ਇਕ-ਦੋ ਨਹੀਂ ਸਗੋਂ ਲਗਾਤਾਰ 14 ਫਲਾਪ ਫ਼ਿਲਮ ਦਿੱਤੀਆਂ ਸਨ।



ਇੰਨੀ ਅਸਫਲਤਾ ਸਹਿਣ ਪਿੱਛੋਂ ਜਿਥੇ ਕੋਈ ਕਲਾਕਾਰ ਅਦਾਕਾਰੀ ਦੀ ਦੁਨੀਆ ਨੂੰ ਆਖਰੀ ਸਲਾਮ ਕਹਿਣ 'ਚ ਸਮਾਂ ਵੀ ਨਹੀਂ ਲਾਉਂਦਾ, ਉਥੇ ਸ਼ੰਮੀ ਕਪੂਰ 'ਅਸਫਲ ਕਲਾਕਾਰ' ਦਾ ਤਮਗਾ ਮਿਲਣ ਪਿੱਛੋਂ ਵੀ ਸਫਲਤਾ ਲਈ ਇਕਾਗਰਤਾ ਨਾਲ ਰੁੱਝੇ ਰਹੇ। ਖਾਸ ਗੱਲ ਇਹ ਹੈ ਕਿ ਸ਼ੰਮੀ ਕਪੂਰ ਨੇ ਆਪਣੀ ਅਸਫਲਤਾ ਦੇ ਦੌਰ 'ਚ ਹੀ ਭਾਵ ਸਾਲ 1955 'ਚ ਹੀ ਲੋਕਪ੍ਰਿਯ ਅਦਾਕਾਰਾ ਗੀਤਾ ਬਾਲੀ ਨਾਲ ਵਿਆਹ ਕਰ ਲਿਆ ਸੀ। ਗੀਤਾ ਬਾਲੀ ਨੇ ਸੰਘਰਸ਼ ਦੇ ਦੌਰ 'ਚ ਉਨ੍ਹਾਂ ਨੂੰ ਕਾਫੀ ਉਤਸ਼ਾਹਿਤ ਕੀਤਾ ਪਰ ਉਨ੍ਹਾਂ ਦੀ ਵਿਆਹੁਤਾ ਜ਼ਿੰਦਗੀ ਬਹੁਤੀ ਲੰਬੀ ਨਹੀਂ ਚੱਲ ਸਕੀ। ਵਿਆਹ ਤੋਂ ਸਿਰਫ ਦਸ ਸਾਲ ਪਿੱਛੋਂ ਹੀ 1966 'ਚ ਗੀਤਾ ਬਾਲੀ ਦੀ ਮੌਤ ਹੋ ਗਈ। ਉਸ ਪਿੱਛੋਂ ਸ਼ੰਮੀ ਕਪੂਰ ਨੇ ਦੂਜਾ ਵਿਆਹ ਕਰ ਲਿਆ। ਅਖੀਰ ਉਨ੍ਹਾਂ ਦੇ ਫ਼ਿਲਮੀ ਕਰੀਅਰ 'ਚ ਬੇਹਤਰੀਨ ਮੋੜ ਉਸ ਵੇਲੇ ਆਇਆ ਜਦੋਂ ਨਾਸਿਰ ਹੁਸੈਨ ਦੀ ਫ਼ਿਲਮ 'ਤੁਮਸਾ ਨਹੀਂ ਦੇਖਾ' ਆਈ। ਇਸ ਫ਼ਿਲਮ 'ਚ ਸ਼ੰਮੀ ਕਪੂਰ ਲੀਡ ਰੋਲ 'ਚ ਸਨ ਤੇ ਇਸ 'ਚ ਉਨ੍ਹਾਂ ਦੇ ਕੰਮ ਤੇ ਚੁਲਬੁਲੇ ਅੰਦਾਜ਼ ਨੂੰ ਲੋਕਾਂ ਨੇ ਭਰਪੂਰ ਸਲਾਹਿਆ ਸੀ। ਇਸ ਫ਼ਿਲਮ ਨੇ ਸ਼ੰਮੀ ਦੇ ਡਗਮਗਾਉਂਦੇ ਫ਼ਿਲਮੀ ਕਰੀਅਰ ਨੂੰ ਇਕ ਨਵੀਂ ਦਿਸ਼ਾ ਦੇ ਦਿੱਤੀ।

ਸ਼ੰਮੀ ਕਪੂਰ ਦੀ ਜ਼ਿੰਦਗੀ ਦਾ ਅਹਿਮ ਸਾਲ 1961 ਰਿਹਾ ਜਦੋਂ ਉਨ੍ਹਾਂ ਦੀ ਫ਼ਿਲਮ 'ਜੰਗਲੀ' ਰਿਲੀਜ਼ ਹੋਈ। ਉਨ੍ਹਾਂ ਦੀ ਇਹ ਪਹਿਲੀ ਕਲਰ ਫ਼ਿਲਮ ਸੀ। ਫ਼ਿਲਮ 'ਚ ਉਨ੍ਹਾਂ ਦੀ ਯਾਹੂ ਸ਼ੈਲੀ ਤੇ 'ਚਾਹੇ ਕੋਈ ਮੁਝੇ ਜੰਗਲੀ ਕਹੇ' ਗੀਤ ਨੇ ਉਨ੍ਹਾਂ ਨੂੰ ਰਾਤੋ-ਰਾਤ ਵੱਡਾ ਸਟਾਰ ਬਣਾ ਦਿੱਤਾ। ਇਸ ਪਿੱਛੋਂ ਉਨ੍ਹਾਂ ਨੇ 1960 ਦੇ ਦਹਾਕੇ 'ਚ 'ਪ੍ਰੋਫੈਸਰ', 'ਪਿਆਰ ਕੀਆ ਤੋ ਡਰਨਾ ਕਯਾ', 'ਕਸ਼ਮੀਰ ਕੀ ਕਲੀ', 'ਬਲੱਫ ਮਾਸਟਰ', 'ਜਾਨਵਰ', 'ਰਾਜਕੁਮਾਰ', 'ਤੀਸਰੀ ਮੰਜ਼ਿਲ', 'ਬਦਤਮੀਜ਼', 'ਐਨ ਈਵਨਿੰਗ ਇਨ ਪੈਰਿਸ', 'ਪ੍ਰਿੰਸ', 'ਸਵੇਰੇ ਵਾਲੀ ਗਾੜੀ', 'ਬ੍ਰਹਮਚਾਰੀ' ਵਰਗੀਆਂ ਕਈ ਸਫਲ ਫ਼ਿਲਮਾਂ ਦਿੱਤੀਆਂ। 1968 'ਚ ਤਾਂ ਉਨ੍ਹਾਂ ਨੂੰ 'ਬ੍ਰਹਮਚਾਰੀ' ਲਈ ਸਰਵਉੱਤਮ ਅਦਾਕਾਰੀ ਦਾ ਫ਼ਿਲਮ ਫੇਅਰ ਐਵਾਰਡ ਵੀ ਮਿਲਿਆ।

ਵਧਦੇ ਮੋਟਾਪੇ ਕਾਰਨ ਸ਼ੰਮੀ ਕਪੂਰ ਨੂੰ ਬਾਅਦ 'ਚ ਫ਼ਿਲਮਾਂ 'ਚ ਮੁੱਖ ਕਿਰਦਾਰਾਂ ਤੋਂ ਪਾਸੇ ਹੋਣਾ ਪਿਆ ਪਰ ਉਹ ਚਰਿੱਤਰ ਅਦਾਕਾਰ ਦੇ ਰੂਪ 'ਚ ਫ਼ਿਲਮਾਂ ਨਾਲ ਜੁੜੇ ਰਹੇ ਤੇ ਇਨ੍ਹਾਂ ਕਿਰਦਾਰਾਂ 'ਚ ਵੀ ਆਪਣੀ ਅਦਾਕਾਰੀ ਦੀ ਛਾਪ ਛੱਡਦੇ ਰਹੇ। ਚਰਿੱਤਰ ਅਦਾਕਾਰ ਦੇ ਰੂਪ 'ਚ ਵੀ ਸ਼ੰਮੀ ਕਪੂਰ ਨੂੰ 1982 'ਚ 'ਵਿਧਾਤਾ' ਫ਼ਿਲਮ ਲਈ ਸ੍ਰੇਸ਼ਠ ਸਹਾਇਕ ਅਦਾਕਾਰ ਦਾ ਐਵਾਰਡ ਮਿਲ ਚੁੱਕਾ ਸੀ ਜਦਕਿ ਚਰਿੱਤਰ ਅਦਾਕਾਰ ਦੇ ਰੂਪ 'ਚ ਉਨ੍ਹਾਂ ਦੀਆਂ ਬਾਕੀ ਫ਼ਿਲਮਾਂ 'ਚ 'ਹੀਰੋ', 'ਰੋਮਾਂਸ', ਇਜਾਜ਼ਤ', 'ਹੁਕੂਮਤ', 'ਬੰਟਵਾਰਾ', 'ਪ੍ਰੇਮਯੋਗ', 'ਪ੍ਰੇਮਰੋਗ', 'ਜਾਨਮ ਸਮਝਾ ਕਰੋ', ਤੇ 'ਸੈਂਸਰ' ਆਦਿ ਦਾ ਨਾਂ ਲਿਆ ਜਾ ਸਕਦਾ ਹੈ। ਸ਼ੰਮੀ ਕਪੂਰ ਦੀ ਆਖਰੀ ਫ਼ਿਲਮ ਸਾਲ 2006 'ਚ ਰਿਲੀਜ਼ ਫ਼ਿਲਮ 'ਸੈਂਡਵਿਚ' ਸੀ, ਜਦਕਿ ਇਸ ਵੇਲੇ ਉਹ ਰਣਬੀਰ ਕਪੂਰ-ਨਰਗਿਸ ਫਾਖਰੀ ਸਟਾਰਰ ਛੇਤੀ ਰਿਲੀਜ਼ ਹੋਣ ਵਾਲੀ ਇਮਤਿਆਜ਼ ਅਲੀ ਦੀ ਫ਼ਿਲਮ 'ਰੌਕ ਸਟਾਰ' 'ਚ ਵੀ ਅਹਿਮ ਕਿਰਦਾਰ ਨਿਭਾਅ ਰਹੇ ਸਨ।

ਸ਼ੰਮੀ ਕਪੂਰ ਨੂੰ ਫ਼ਿਲਮਾਂ 'ਚ ਰੋਮਾਂਸ ਨੂੰ ਨਵੀਂ ਪਰਿਭਾਸ਼ਾ ਦੇਣ ਵਾਲੇ ਅਦਾਕਾਰ ਦੇ ਰੂਪ 'ਚ ਵੀ ਯਾਦ ਕੀਤਾ ਜਾਂਦਾ ਹੈ। ਉਨ੍ਹਾਂ ਦੀਆਂ ਮਨਮੋਹਕ ਅਦਾਵਾਂ ਕਾਰਨ ਹੀ ਉਨ੍ਹਾਂ ਨੂੰ ਭਾਰਤ ਦਾ ਐਲਵਿਸ ਪ੍ਰੇਸਲੀ ਕਿਹਾ ਜਾਂਦਾ ਸੀ। ਜ਼ਿੰਦਗੀ ਦੀ ਆਪੋਧਾਪ 'ਚ ਉਸ ਦੇ ਗੀਤ ਦੂਰ ਤਕ ਹੋਰ ਦੂਰ ਤਕ ਸਕੂਨ ਦਿੰਦੇ ਸਨ। ਪ੍ਰਸਿੱਧ ਗਾਇਕ ਮੁਹੰਮਦ ਰਫੀ ਦੀ ਮਦਮਸਤ ਆਵਾਜ਼ ਤੇ ਸ਼ੰਮੀ ਦਾ ਚੁਲਬੁਲਾਪਣ ਦੋਵੇਂ ਜਿਵੇਂ ਇਕ-ਦੂਜੇ ਦੇ ਪੂਰਕ ਬਣ ਗਏ ਸਨ। ਸ਼ੰਮੀ ਕਪੂਰ ਬਾਰੇ ਬਹੁਤ ਘੱਟ ਲੋਕਾਂ ਨੂੰ ਪਤਾ ਹੋਵੇਗਾ ਕਿ ਉਨ੍ਹਾਂ ਨੂੰ ਡਾਂਸ ਕਰਨਾ ਨਹੀਂ ਆਉਂਦਾ ਸੀ। ਇਥੋਂ ਤਕ ਕਿ ਡਾਂਸ ਦੀ ਸਿਖਲਾਈ ਲੈਣ ਦੇ ਬਾਵਜੂਦ ਉਹ ਇਸ 'ਚ ਅਸਫਲ ਰਹੇ ਸਨ। ਇਸ ਦੇ ਬਾਵਜੂਦ ਉਨ੍ਹਾਂ ਨੇ 'ਐਨ ਈਵਨਿੰਗ ਇਨ ਪੈਰਿਸ', 'ਤੀਸਰੀ ਮੰਜ਼ਿਲ', 'ਤੁਮਸਾ ਨਹੀਂ ਦੇਖਾ' ਵਰਗੀਆਂ ਬੇਜੋੜ ਫ਼ਿਲਮਾਂ 'ਚ ਡਾਂਸ ਕੀਤਾ। ਉਹ ਆਪਣੇ ਹਾਵਾਂ-ਭਾਵਾਂ ਤੇ ਚਿਹਰੇ ਦੇ ਰੁਖ਼ ਨਾਲ ਤੇਜ਼ ਡਾਂਸ ਦੀ ਕਮੀ ਬੜੀ ਚਲਾਕੀ ਨਾਲ ਲੁਕੋ ਲੈਂਦੇ ਸਨ।


Vista
CCTV TECHNOLOGY
A leader of worldwide CCTV surveillance
Now buy Vista Product
www.eZchase.com
(Division of vista cctv tech.)
(14years old experience in cctv tech.)
WE INSTALL ANYWHERE IN USA
Your Personal Private Eye's
DIRECT ACCESS FROM iPHONE
SPECIAL OFFER
1VT-H26404 Pt DVR
1/3 sony super HAD ccd 40-45m
4Pcs Power adapters
8 BNC connectors
$949.00
INSTALLATION INCLUDED.
SPECIAL OFFER
Just@ $1749.00
8Cameras 4VT-111+
4VT-100 with 8Ch DVR
12 CAMERAS INSTALLATION $2249.00
Call Direct :- Sukhpal@661-586-5080
Customer Services :- 1-800-235-1391
Email :- sales@ezchase.com


ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25 2000 MINUTES*
* SOME RESTRICTIONS APPLY
✓ No Pin Needed
✓ No Connection Fee
✓ No Monthly Fee
USE FROM HOME OR CELL PHONE
GlobeTel Comm.
ਇਹ ਸਰਵਿਸ ਹਰ ਦੇਸ਼ ਲਈ ਵਰਤੋ।
ਪੰਜਾਬੀ, ਹਿੰਦੀ ਜਾਂ ਅੰਗਰੇਜ਼ੀ ਵਿਚ ਹੋਰ ਜਾਣਕਾਰੀ ਲਈ ਕਾਲ ਕਰੋ:
1.800.914.1013


WRONGFUL DEATH | AUTO | PEDESTRIAN | BICYCLE | DOG BITES | TRUCK ACCIDENTS
LAW OFFICES OF MARK COHEN
ਪਿਛਲੇ 27 ਸਾਲ ਤੋਂ ਫਰੀਮਾਂਟ, ਨਿਊਆਰਕ, ਯੂਨੀਅਨ ਸਿਟੀ ਅਤੇ ਬੇ-ਏਰੀਆ ਦੀ ਸੇਵਾ ਵਿਚ
"I take your accident personally"
Free initial consultation. No fee if no recovery.
ਮੁਢਲਾ ਸਲਾਹ ਮਸ਼ਵਰਾ ਬਿਲਕੁਲ ਮੁਫਤ, ਕੋਈ ਮੁਆਵਜ਼ਾ ਨਹੀਂ ਕੋਈ ਫੀਸ ਨਹੀਂ
Please visit our web site for more information
www.markcohenlaw.com or call us at 510.792.4008
ਕਾਨੂੰਨ ਪ੍ਰਤੀ ਸਮੁਚਿਤ ਪਹੁੰਚ ਵਾਲੀ ਪਰਸਨਲ ਇੰਜਰੀ ਲਾਅ ਪ੍ਰੈਕਟਿਸ। ਪਰਸਨਲ ਇੰਜਰੀ ਲਾਅ, ਫਾਰ ਪ੍ਰਾਫਿਟ, ਨਾਨ ਪ੍ਰਾਫਿਟ ਅਤੇ ਧਾਰਮਿਕ ਕਾਰਪੋਰੇਸ਼ਨਾਂ, ਅਤੇ ਭੂਮੀ ਦੀ ਵਰਤੋਂ 'ਤੇ ਜ਼ੋਨਿੰਗ ਲਾਅ ਵਿਚ 27 ਸਾਲ ਦਾ ਤਜ਼ਰਬਾ। "ਕਿਉਂਕਿ ਕਾਨੂੰਨ ਦੇ ਇਕ ਖੇਤਰ ਬਾਰੇ ਹੀ ਜਾਣਕਾਰੀ ਕਾਫੀ ਨਹੀਂ ਹੈ।"
STOP

# 3 Months of FREE Cricket
## with your favorite Punjabi Pack



**Hurry, before this offer ends!**

Not only you will get to watch your favorite Punjabi channels, you will also get Cricket Pack featuring Ten Cricket, Willow TV and Neo Cricket FREE for 3 months when you subscribe to the Punjabi Pack.

**Don't miss the top-notch cricket action!**

- England vs. India on Willow Cricket
- Australia vs. Sri Lanka on Ten Cricket
- England vs. India and West Indies vs. India coming this fall on Neo Cricket.

**Call 1-888-242-2276 to sign up for DISH today.**



**No** equipment to buy
**Free** Standard Professional Installation in up to 6 rooms.
**Free** DVR Upgrade ($6.00/mo. DVR Service fee applies)
**Free** Activation
**Over** 120 top channels including Disney for $29.99/mo. for 12 months (reg. price $44.99/mo.)

Offer requires a 24-month Agreement.

**Punjabi Pack** $24.99/mo.




Learn More

Visit www.FreeCricketOnDISH.com for more information.

Call 1-888-242-2276

Requires additional $10/mo International Basic package or any America's Top package.

Cricket Pack free for 3 months: customer must activate qualifying DISH Network service between 8/19/11 and 10/06/11 and subscribe to a Punjabi Pack. Must maintain Punjabi Pack for 3-month period to continue to receive Cricket Pack.

Digital Home Advantage plan requires 24-month agreement and credit qualification. Cancellation fee of $17.50/month remaining applies if service is terminated before end of agreement. American programming credits apply during first 12 months. $10/mo HD add-on fee waived for life of current account; requires 24-month agreement, continuous enrollment in AutoPay with Paperless Billing. Standard Professional Installation only. All equipment is leased and must be returned to DISH Network upon cancellation or unreturned equipment fees apply. Limit 6 leased tuners per account; upfront and monthly fees may apply based on type and number of receivers. HD programming requires HD television. Prices, packages and programming subject to change without notice. Offer available for new and qualified former customers, and subject to terms of applicable Promotional and Residential Customer agreements. Additional restrictions may apply. Offer ends 1/31/12.
© 2011, DISH Network L.L.C. All rights reserved.

dish NETWORK